ਐਤਵਾਰ, 27 ਅਪ੍ਰੈਲ, 2025
15 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 326

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 27 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਨਿਰਪੱਖ ਜਾਂਚ ਕਰਵਾ ਲਓ : ਸ਼ਾਹਬਾਜ਼



**ਪਿਸ਼ਾਵਰ** : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਪਹਿਲਗਾਮ ਹਮਲੇ ਦੀ ਨਿਰਪੱਖ, ਪਾਰਦਰਸ਼ੀ ਅਤੇ ਭਰੋਸੇਯੋਗ ਜਾਂਚ ਵਿੱਚ ਹਿੱਸਾ ਲੈਣ ਲਈ ਇਸਲਾਮਾਬਾਦ ਦੀ ਇੱਛਾ ਜ਼ਾਹਰ ਕੀਤੀ ਹੈ।

ਖ਼ੈਬਰ ਪਖਤੂਨਖਵਾ ਸੂਬੇ 'ਚ ਕਾਕੁਲ ਵਿਖੇ ਪਾਕਿਸਤਾਨ ਮਿਲਟਰੀ ਅਕੈਡਮੀ ਵਿੱਚ ਇੱਕ ਪਾਸਿੰਗ-ਆਊਟ ਪਰੇਡ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਸ਼ਾਹਬਾਜ਼ ਨੇ ਕਿਹਾ, 'ਇੱਕ ਜ਼ਿੰਮੇਵਾਰ ਮੁਲਕ ਵਜੋਂ ਆਪਣੀ ਭੂਮਿਕਾ ਨੂੰ ਜਾਰੀ ਰੱਖਦੇ ਹੋਏ ਪਾਕਿਸਤਾਨ ਕਿਸੇ ਵੀ ਨਿਰਪੱਖ, ਪਾਰਦਰਸ਼ੀ ਅਤੇ ਭਰੋਸੇਯੋਗ ਜਾਂਚ ਵਿੱਚ ਹਿੱਸਾ ਲੈਣ ਲਈ ਤਿਆਰ ਹੈ।' ਪਾਕਿਸਤਾਨ ਨੂੰ ਅੱਤਵਾਦ ਵਿਰੁੱਧ ਦੁਨੀਆ ਦਾ ਮੋਹਰੀ ਮੁਲਕ ਦੱਸਦਿਆਂ ਸ਼ਾਹਬਾਜ਼ ਸ਼ਰੀਫ ਨੇ ਦਾਅਵਾ ਕੀਤਾ ਕਿ ਦੇਸ਼ ਨੇ ਇਸ ਕਾਰਨ ਭਾਰੀ ਨੁਕਸਾਨ ਝੱਲਿਆ ਹੈ। ਸਰਕਰਦਾ ਪਾਕਿਸਤਾਨੀ ਅਖ਼ਬਾਰ 'ਡਾਨ' ਦੀ ਰਿਪੋਰਟ ਅਨੁਸਾਰ ਪ੍ਰਧਾਨ ਮੰਤਰੀ ਸ਼ਰੀਫ਼ ਨੇ ਕਿਹਾ, 'ਦਹਿਸ਼ਤਗਰਦੀ ਖਿਲਾਫ ਦੁਨੀਆ ਦੇ ਮੋਹਰੀ ਮੁਲਕ ਹੋਣ ਦੇ ਨਾਤੇ ਅਸੀਂ ਬਹੁਤ ਵੱਡਾ ਨੁਕਸਾਨ ਝੱਲਿਆ ਹੈ, ਜਿਵੇਂ 90,000 ਲੋਕਾਂ ਦਾ ਜਾਨੀ ਨੁਕਸਾਨ ਤੇ ਕਲਪਨਾ ਤੋਂ ਪਰੇ ਆਰਥਕ ਨੁਕਸਾਨ, ਜੋ 600 ਅਰਬ ਡਾਲਰ ਤੋਂ ਵੱਧ ਬਣਦਾ ਹੈ।'

ਇੱਕ ਦਿਨ ਪਹਿਲਾਂ ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਮੰਨਿਆ ਸੀ ਕਿ ਉਨ੍ਹਾ ਦਾ ਮੁਲਕ ਅੱਤਵਾਦੀ ਸਮੂਹਾਂ ਨੂੰ ਫੰਡਿੰਗ ਤੇ ਸਮਰਥਨ ਦੇ ਰਿਹਾ ਹੈ। ਵਾਇਰਲ ਹੋਈ ਇੱਕ ਵੀਡੀਓ ਕਲਿੱਪ ਵਿੱਚ ਪਾਕਿਸਤਾਨ ਦੇ ਰੱਖਿਆ ਮੰਤਰੀ ਸਕਾਈ ਨਿਊਜ਼ ਦੀ ਪੇਸ਼ਕਾਰ ਯਲਦਾ ਹਕੀਮ ਨਾਲ ਗੱਲਬਾਤ ਕਰ ਰਹੇ ਸਨ।

ਜਦੋਂ ਉਸ ਨੇ ਉਨ੍ਹਾ ਨੂੰ ਪੁੱਛਿਆ, 'ਤੁਸੀਂ ਮੰਨਦੇ ਹੋ, ਸਰ, ਕਿ ਪਾਕਿਸਤਾਨ ਦਾ ਇਨ੍ਹਾਂ ਅੱਤਵਾਦੀ ਸੰਗਠਨਾਂ ਦਾ ਸਮਰਥਨ ਅਤੇ ਸਿਖਲਾਈ ਤੇ ਫੰਡਿੰਗ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ?' ਤਾਂ ਖਵਾਜਾ ਆਸਿਫ਼ ਨੇ ਆਪਣੇ ਜਵਾਬ ਵਿੱਚ ਕਿਹਾ, 'ਅਸੀਂ ਲਗਭਗ ਤਿੰਨ ਦਹਾਕਿਆਂ ਤੋਂ ਅਮਰੀਕਾ ਲਈ ਇਹ ਗੰਦਾ ਕੰਮ ਕਰ ਰਹੇ ਹਾਂ ਅਤੇ ਨਾਲ ਹੀ ਪੱਛਮ ਲਈ, ਜਿਸ ਵਿੱਚ ਬ੍ਰਿਟੇਨ ਵੀ ਸ਼ਾਮਲ ਹੈ। ਇਹ ਇੱਕ ਗਲਤੀ ਸੀ ਅਤੇ ਅਸੀਂ ਇਸ ਦਾ ਦੁੱਖ ਝੱਲਿਆ ਅਤੇ ਇਸੇ ਲਈ ਤੁਸੀਂ ਮੈਨੂੰ ਇਹ ਕਹਿ ਰਹੇ ਹੋ। ਜੇ ਅਸੀਂ ਸੋਵੀਅਤ ਯੂਨੀਅਨ ਵਿਰੁੱਧ ਜੰਗ ਅਤੇ ਬਾਅਦ ਵਿੱਚ 9/11 ਤੋਂ ਬਾਅਦ ਜੰਗ ਵਿੱਚ ਸ਼ਾਮਲ ਨਾ ਹੁੰਦੇ ਤਾਂ ਪਾਕਿਸਤਾਨ ਦਾ ਟਰੈਕ ਰਿਕਾਰਡ ਨਿਰਦੋਸ਼ ਹੁੰਦਾ।' ਪਾਕਿਸਤਾਨੀ ਰੱਖਿਆ ਮੰਤਰੀ ਨੇ ਯਲਦਾ ਹਕੀਮ ਨਾਲ ਇੰਟਰਵਿਊ ਵਿੱਚ ਭਾਰਤ ਨਾਲ 'ਪੂਰੀ ਜੰਗ' ਦੀ ਚੇਤਾਵਨੀ ਵੀ ਦਿੱਤੀ।

## ਟਰੰਪ ਨੇ ਆਪਣਾ ਮਖ਼ੌਲ ਉਡਵਾਇਆ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਨੂੰ 'ਬਹੁਤ ਬੁਰਾ ਹਮਲਾ' ਦੱਸਿਆ ਹੈ। ਹਾਲਾਂਕਿ ਕਸ਼ਮੀਰ ਵਿਵਾਦ ਬਾਰੇ ਇਕ ਟਿੱਪਣੀ ਨੂੰ ਲੈ ਕੇ ਟਰੰਪ ਨੂੰ ਸੋਸ਼ਲ ਮੀਡੀਆ 'ਤੇ ਜੰਮ ਕੇ ਟਰੋਲ ਕੀਤਾ ਜਾ ਰਿਹਾ ਹੈ। ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਂ ਭਾਰਤ ਤੇ ਪਾਕਿਸਤਾਨ ਦੋਵਾਂ ਦੇ ਬਹੁਤ ਕਰੀਬ ਹਾਂ। ਕਸ਼ਮੀਰ ਨੂੰ ਲੈ ਕੇ ਦੋਵਾਂ ਦੇਸ਼ਾਂ ਦਰਮਿਆਨ ਹਜ਼ਾਰ ਸਾਲ ਤੋਂ ਵਿਵਾਦ ਜਾਰੀ ਹੈ, ਸ਼ਾਇਦ ਉਸ ਤੋਂ ਵੀ ਪਹਿਲਾਂ ਤੋਂ। ਤੇ ਇਹ (ਅੱਤਵਾਦੀ ਹਮਲਾ) ਬਹੁਤ ਹੀ ਬੁਰਾ ਸੀ, ਬਹੁਤ ਹੀ ਖਰਾਬ ਹਮਲਾ।' ਅਮਰੀਕੀ ਰਾਸ਼ਟਰਪਤੀ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਵਧਦੇ ਤਣਾਅ ਬਾਰੇ ਸਵਾਲ ਕੀਤਾ ਗਿਆ, ਤਾਂ ਉਨ੍ਹਾ ਕਿਹਾ, 'ਸਰਹੱਦ 'ਤੇ 1500 ਸਾਲਾਂ ਤੋਂ ਤਣਾਅ ਰਿਹਾ ਹੈ। ਇਸ ਲਈ ਇਹ ਨਵਾਂ ਨਹੀਂ ਹੈ, ਪਰ ਮੈਨੂੰ ਵਿਸ਼ਵਾਸ ਹੈ ਕਿ ਉਹ ਇਸ ਦਾ ਹੱਲ ਕੱਢ ਲੈਣਗੇ। ਮੈਂ ਦੋਵਾਂ ਆਗੂਆਂ ਨੂੰ ਜਾਣਦਾ ਹਾਂ, ਦੋਵਾਂ ਦੇਸ਼ਾਂ ਦਰਮਿਆਨ ਬਹੁਤ ਤਣਾਅ ਹੈ, ਪਰ ਅਜਿਹਾ ਹਮੇਸ਼ਾ ਤੋਂ ਰਿਹਾ ਹੈ।'

ਟਰੰਪ ਦੇ ਇਸ ਬਿਆਨ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਤਿੱਖਾ ਪ੍ਰਤੀਕਰਮ ਦੇਖਣ ਨੂੰ ਮਿਲਿਆ ਹੈ। ਬਹੁਤ ਸਾਰੇ ਲੋਕਾਂ ਨੇ ਟਰੰਪ ਦੇ ਇਤਿਹਾਸਕ ਗਿਆਨ 'ਤੇ ਸਵਾਲ ਉਠਾਏ ਹਨ। ਇੱਕ ਯੂਜ਼ਰ ਨੇ ਲਿਖਿਆ, '500 ਸਾਲ ਪਹਿਲਾਂ ਗੁਪਤ ਸਾਮਰਾਜ ਰਾਜ ਕਰਦਾ ਸੀ, ਉਸ ਸਮੇਂ ਇਸਲਾਮ ਅਤੇ ਪਾਕਿਸਤਾਨ ਮੌਜੂਦ ਨਹੀਂ ਸਨ।' ਇੱਕ ਹੋਰ ਨੇ ਮਜ਼ਾਕ ਉਡਾਇਆ, 'ਕੀ ਤੁਹਾਨੂੰ ਸੁਆਦ ਆਇਆ?' ਇਸ ਦਾ ਸਿੱਧਾ ਮਤਲਬ ਹੈ, 'ਭਾਰਤ ਅਤੇ ਪਾਕਿਸਤਾਨ ਦੋਵੇਂ ਮੇਰੇ ਦੋਸਤ ਹਨ, ਕਸ਼ਮੀਰ ਉਨ੍ਹਾਂ ਦਾ ਆਪਸੀ ਮਾਮਲਾ ਹੈ, ਅਮਰੀਕਾ ਕਿਸੇ ਵੀ ਪਾਸੇ ਨਹੀਂ ਹੈ।' 'ਹਾਂ, ਪਾਕਿਸਤਾਨ ਬਣਨ ਤੋਂ ਪਹਿਲਾਂ ਵੀ ਕਸ਼ਮੀਰ ਇੱਕ ਮੁੱਦਾ ਸੀ?'

## ਨਾਬਾਲਗਾ ਦੀਆਂ ਛਾਤੀਆਂ ਛੂਹਣ ਦੀ ਕੋਸ਼ਿਸ਼ ਗੰਭੀਰ ਜਿਨਸੀ ਛੇੜਛਾੜ : ਹਾਈ ਕੋਰਟ



**ਕੋਲਕਾਤਾ** : ਕਲਕੱਤਾ ਹਾਈ ਕੋਰਟ ਨੇ ਕਿਹਾ ਹੈ ਕਿ ਨਸ਼ੇ ਵਿੱਚ ਨਾਬਾਲਗ ਕੁੜੀ ਦੀਆਂ ਛਾਤੀਆਂ ਛੂਹਣ ਦੀ ਕੋਸ਼ਿਸ਼ ਕਰਨਾ ਬਾਲਾਂ ਨੂੰ ਜਿਨਸੀ ਹਮਲੇ ਤੋਂ ਬਚਾਉਣ ਵਾਲੇ ਕਾਨੂੰਨ (ਪੋਕਸੋ) ਤਹਿਤ ਬਲਾਤਕਾਰ ਦੀ ਕੋਸ਼ਿਸ਼ ਨਹੀਂ ਹੈ, ਇਸ ਨੂੰ ਗੰਭੀਰ ਜਿਨਸੀ ਛੇੜਛਾੜ ਦੀ ਕੋਸ਼ਿਸ਼ ਮੰਨਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕੋਰਟ ਨੇ ਮੁਲਜ਼ਮ ਨੂੰ ਜ਼ਮਾਨਤ ਦੇ ਦਿੱਤੀ।

ਕਲਕੱਤਾ ਹਾਈ ਕੋਰਟ ਦਾ ਇਹ ਫੈਸਲਾ ਉਦੋਂ ਆਇਆ ਹੈ, ਜਦੋਂ ਸੁਪਰੀਮ ਕੋਰਟ ਨੇ ਕੁਝ ਦਿਨ ਪਹਿਲਾਂ ਇਲਾਹਾਬਾਦ ਹਾਈ ਕੋਰਟ ਦੀ ਅਜਿਹੀ ਹੀ ਟਿੱਪਣੀ ਨੂੰ ਅਸੰਵੇਦਨਸ਼ੀਲ ਦੱਸਿਆ ਸੀ ਤੇ ਹਾਈ ਕੋਰਟ ਦੇ ਫੈਸਲੇ 'ਤੇ ਰੋਕ ਲਾ ਦਿੱਤੀ ਸੀ।

19 ਮਾਰਚ ਨੂੰ ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਰਾਮ ਮਨੋਹਰ ਨਾਰਾਇਣ ਮਿਸ਼ਰਾ ਨੇ ਕਿਹਾ ਸੀ ਕਿ ਨਾਬਾਲਗਾ ਦੀਆਂ ਛਾਤੀਆਂ ਫੜਨਾ, ਸਲਵਾਰ ਦਾ ਨਾਲਾ ਤੋੜਨਾ ਜਾਂ ਘਸੀਟ ਕੇ ਪੁਲੀ ਥੱਲੇ ਲਿਜਾਣ ਦੀ ਕੋਸ਼ਿਸ਼ ਬਲਾਤਕਾਰ ਨਹੀਂ ਹੈ। ਸੁਪਰੀਮ ਕੋਰਟ ਨੇ 26 ਮਾਰਚ ਨੂੰ ਕਿਹਾ ਸੀ ਕਿ ਇਹ ਬਹੁਤ ਗੰਭੀਰ ਮਾਮਲਾ ਹੈ। ਉਸ ਨੂੰ ਇਹ ਕਹਿੰਦਿਆਂ ਦੁੱਖ ਹੈ ਕਿ ਫੈਸਲਾ ਲਿਖਣ ਵਾਲੇ ਜੱਜ ਵਿੱਚ ਸੰਵੇਦਨਸ਼ੀਲਤਾ ਦੀ ਪੂਰੀ ਕਮੀ ਸੀ। ਇਸ ਕਰਕੇ ਉਹ ਫੈਸਲੇ 'ਤੇ ਰੋਕ ਲਾਉਂਦੀ ਹੈ।

ਟਰਾਇਲ ਕੋਰਟ ਨੇ ਮੁਲਜ਼ਮ ਨੂੰ ਪੋਕਸੋ ਕਾਨੂੰਨ ਦੀ ਧਾਰ 10 ਤੇ ਤਾਜ਼ੀਰਾਤੇ ਹਿੰਦ ਦੀ ਧਾਰਾ 448/376 (2) (ਸੀ) /511 ਤਹਿਤ ਦੋਸ਼ੀ ਠਹਿਰਾ ਕੇ 12 ਸਾਲ ਜੇਲ੍ਹ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਸੀ। ਇਸ ਦੇ ਖਿਲਾਫ ਦੋਸ਼ੀ ਨੇ ਕਲਕੱਤਾ ਹਾਈ ਕੋਰਟ ਵਿੱਚ ਅਪੀਲ ਕੀਤੀ ਸੀ। ਮੁਲਜ਼ਮ ਨੇ ਕਿਹਾ ਕਿ ਉਹ ਦੋ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਬੰਦ ਹੈ। ਇਸ ਮਾਮਲੇ ਵਿੱਚ ਛੇਤੀ ਫੈਸਲਾ ਆਉਣ ਦੀ ਉਮੀਦ ਨਹੀਂ ਹੈ, ਇਸ ਕਰਕੇ ਉਸ ਨੂੰ ਜ਼ਮਾਨਤ ਦਿੱਤੀ ਜਾਵੇ। ਉਸ ਨੇ ਇਹ ਵੀ ਕਿਹਾ ਸੀ ਕਿ ਭਲੇ ਪੀੜਤ, ਜਾਂਚ ਕਰਨ ਵਾਲੇ ਡਾਕਟਰ ਤੇ ਹੋਰਨਾਂ ਗਵਾਹਾਂ ਦੇ ਸਬੂਤਾਂ ਨੂੰ ਸੱਚ ਮੰਨਿਆ ਗਿਆ ਹੋਵੇ, ਪਰ ਦੋਸ਼ ਸਾਬਤ ਨਹੀਂ ਹੁੰਦੇ। ਕਲਕੱਤਾ ਹਾਈ ਕੋਰਟ ਦੇ ਜਸਟਿਸ ਅਰਿਜੀਤ ਬੈਨਰਜੀ ਤੇ ਜਸਟਿਸ ਬਿਸਵਰੂਪ ਚੌਧਰੀ ਦੀ ਡਵੀਜ਼ਨ ਬੈਂਚ ਦੀ ਸੁਣਵਾਈ ਦੌਰਾਨ ਮੁਲਜ਼ਮ ਦੇ ਵਕੀਲ ਨੇ ਦਲੀਲ ਦਿੱਤੀ ਕਿ ਸੰਭੋਗ ਦੇ ਬਿਨਾਂ ਤਾਜ਼ੀਰਾਤੇ ਹਿੰਦ ਦੀ ਧਾਰਾ 376 ਤਹਿਤ ਅਪਰਾਧ ਨਹੀਂ ਮੰਨਿਆ ਜਾ ਸਕਦਾ। ਵੱਧ ਤੋਂ ਵੱਧ ਪੋਕਸੋ ਕਾਨੂੰਨ ਦੀ ਧਾਰਾ 10 ਤਹਿਤ ਗੰਭੀਰ ਜਿਨਸੀ ਛੇੜਛਾੜ ਦਾ ਮਾਮਲਾ ਬਣ ਸਕਦਾ ਹੈ। ਇਸ ਲਈ ਨਿਰਧਾਰਤ ਸਜ਼ਾ 5 ਤੋਂ 7 ਸਾਲ ਹੈ। ਮੁਲਜ਼ਮ ਨੇ ਸਜ਼ਾ ਦਾ ਕਾਫੀ ਹਿੱਸਾ ਪੂਰਾ ਕਰ ਲਿਆ ਹੈ, ਇਸ ਲਈ ਉਸ ਨੂੰ ਜ਼ਮਾਨਤ ਮਿਲਣੀ ਚਾਹੀਦੀ ਹੈ।

ਇਸ 'ਤੇ ਕੋਰਟ ਨੇ ਮੰਨਿਆ ਕਿ ਪੀੜਤ ਦੇ ਦਿੱਤੇ ਸਬੂਤਾਂ ਵਿੱਚ ਸੰਭੋਗ ਦੇ ਸੰਕੇਤ ਨਹੀਂ ਹਨ। ਕੋਰਟ ਨੇ ਕਿਹਾ ਕਿ ਛਾਤੀਆਂ ਫੜਨਾ ਬਲਾਤਕਾਰ ਦੀ ਕੋਸ਼ਿਸ਼ ਦੀ ਥਾਂ ਗੰਭੀਰ ਜਿਨਸੀ ਛੇੜਛਾੜ ਦਾ ਮਾਮਲਾ ਹੋ ਸਕਦਾ ਹੈ।

## ਪਾਣੀ ਰੋਕਿਆ ਤਾਂ ਖ਼ੂਨ ਵਹੇਗਾ : ਬਿਲਾਵਲ ਭੁੱਟੋ



**ਇਸਲਾਮਾਬਾਦ** : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਫੈਸਲੇ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਧਮਕੀ ਦਿੱਤੀ ਹੈ ਕਿ ਜੇ ਪਾਣੀ ਰੋਕਿਆ ਗਿਆ ਤਾਂ ਦਰਿਆਵਾਂ ਵਿੱਚ ਖ਼ੂਨ ਵਹਿ ਜਾਵੇਗਾ। ਮੁਲਕ ਦੇ ਸਾਬਕਾ ਵਿਦੇਸ਼ ਮੰਤਰੀ ਦੇ ਹਵਾਲੇ ਨਾਲ ਸ਼ੁੱਕਰਵਾਰ ਨੂੰ 'ਦੀ ਨਿਊਜ਼' ਨੇ ਇਹ ਰਿਪੋਰਟ ਨਸ਼ਰ ਕੀਤੀ ਹੈ।

ਬਿਲਾਵਲ ਨੇ ਆਪਣੇ ਜੱਦੀ ਸਿੰਧ ਸੂਬੇ ਦੇ ਸੱਖਰ ਇਲਾਕੇ 'ਚ ਇਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, 'ਸਿੰਧ ਦਰਿਆ ਸਾਡਾ ਹੈ ਅਤੇ ਸਾਡਾ ਹੀ ਰਹੇਗਾ ਜਾਂ ਤਾਂ ਸਾਡਾ ਪਾਣੀ ਇਸ ਵਿੱਚੋਂ ਵਹੇਗਾ ਜਾਂ ਉਨ੍ਹਾਂ ਦਾ ਖ਼ੂਨ। ਸਿੰਧ ਦਰਿਆ ਸਿੰਧ ਸੂਬੇ ਵਿੱਚੋਂ ਵਗਦਾ ਹੈ ਅਤੇ ਸਿੰਧੂ ਘਾਟੀ ਸੱਭਿਅਤਾ ਦਾ ਸ਼ਹਿਰ ਮੋਹਿੰਜੋਦੜੋ ਇਸ ਦੇ ਕੰਢਿਆਂ 'ਤੇ ਵਧਿਆ-ਫੁੱਲਿਆ।' ਬਿਲਾਵਲ ਨੇ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਅਵਾ ਕੀਤਾ ਹੈ ਕਿ ਭਾਰਤ ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਦਾ ਵਾਰਿਸ ਹੈ, ਪਰ ਉਹ ਸੱਭਿਅਤਾ ਲੜਕਾਨਾ ਦੇ ਮੋਹਿੰਜੋਦੜੋ ਵਿੱਚ ਹੈ। ਅਸੀਂ ਇਸ ਦੇ ਸੱਚੇ ਰਖਵਾਲੇ ਹਾਂ ਅਤੇ ਅਸੀਂ ਇਸ ਦੀ ਰੱਖਿਆ ਕਰਾਂਗੇ।' ਬਿਲਾਵਲ ਨੇ ਕਿਹਾ ਕਿ ਮੋਦੀ ਸਿੰਧ ਦਰਿਆ ਅਤੇ ਸਿੰਧ ਸੂਬੇ ਦੇ ਲੋਕਾਂ ਵਿਚਕਾਰ ਯੁੱਗਾਂ ਪੁਰਾਣੇ ਰਿਸ਼ਤੇ ਨੂੰ ਤੋੜ ਨਹੀਂ ਸਕਦੇ। ਉਨ੍ਹਾ ਕਿਹਾ, 'ਭਾਰਤ ਸਰਕਾਰ ਨੇ ਆਪਣੀਆਂ ਅੱਖਾਂ ਪਾਕਿਸਤਾਨ ਦੇ ਪਾਣੀ 'ਤੇ ਰੱਖੀਆਂ ਹਨ ਅਤੇ ਸਥਿਤੀ ਚੌਹਾਂ ਸੂਬਿਆਂ ਵਿਚਾਲੇ ਏਕਤਾ ਦੀ ਮੰਗ ਕਰਦੀ ਹੈ, ਤਾਂ ਜੋ ਉਨ੍ਹਾਂ ਦੇ ਪਾਣੀ ਦੀ ਰੱਖਿਆ ਕੀਤੀ ਜਾ ਸਕੇ।' ਉਨ੍ਹਾ ਕਿਹਾ, 'ਨਾ ਤਾਂ ਪਾਕਿਸਤਾਨ ਦੇ ਲੋਕ ਅਤੇ ਨਾ ਹੀ ਕੌਮਾਂਤਰੀ ਭਾਈਚਾਰਾ ਮੋਦੀ ਦੀ ਸਿੰਧ ਦੇ ਪਾਣੀ ਨੂੰ ਪਾਕਿਸਤਾਨ ਤੋਂ ਦੂਰ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਕਰਨਗੇ। ਅਸੀਂ ਦੁਨੀਆ ਨੂੰ ਸੁਨੇਹਾ ਭੇਜਾਂਗੇ ਕਿ ਸਿੰਧ 'ਤੇ ਡਾਕਾ ਮਨਜ਼ੂਰ ਨਹੀਂ ਕੀਤਾ ਜਾਵੇਗਾ।'


ਉਨ੍ਹਾ ਆਪਣੇ ਸਮਰਥਕਾਂ ਨੂੰ ਭਾਰਤੀ ਹਮਲੇ ਤੋਂ ਆਪਣੇ ਦਰਿਆ ਦੀ ਰੱਖਿਆ ਲਈ ਦ੍ਰਿੜ੍ਹ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਬਿਲਾਵਲ, ਜੋ ਪਾਕਿਸਤਾਨ ਦੇ ਸਭ ਤੋਂ ਛੋਟੀ ਉਮਰ ਦੇ ਵਿਦੇਸ਼ ਮੰਤਰੀ ਵੀ ਰਹਿ ਚੁੱਕੇ ਹਨ, ਨੇ ਕਿਹਾ ਕਿ ਦੇਸ਼ ਅਤੇ ਇਸ ਦੇ ਲੋਕ ਭਾਰਤ ਵਿੱਚ ਹੋਏ ਹਾਲ ਹੀ ਦੇ ਅੱਤਵਾਦੀ ਹਮਲੇ ਦੀ ਨਿੰਦਾ ਕਰਦੇ ਹਨ, ਕਿਉਂਕਿ ਖੁਦ ਪਾਕਿਸਤਾਨੀ ਵੀ ਅੱਤਵਾਦ ਦਾ ਸ਼ਿਕਾਰ ਹਨ।

## ਪਾਕਿਸਤਾਨ ਵੱਲੋਂ ਫਾਇਰਿੰਗ ਜਾਰੀ

ਨਵੀਂ ਦਿੱਲੀ : ਪਾਕਿਸਤਾਨੀ ਫੌਜ ਵੱਲੋਂ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਲਗਾਤਾਰ ਦੂਜੇ ਦਿਨ ਸ਼ੁੱਕਰਵਾਰ ਵੀ ਜਾਰੀ ਰਹੀ।

ਮੰਗਲਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਦੌਰਾਨ ਪਾਕਿਸਤਾਨੀ ਫੌਜਾਂ ਨੇ ਵੀਰਵਾਰ ਰਾਤ ਭਾਰਤੀ ਚੌਕੀਆਂ 'ਤੇ ਗੋਲੀਬਾਰੀ ਕੀਤੀ ਸੀ, ਜਿਸ ਦਾ ਭਾਰਤੀ ਜਵਾਨਾਂ ਨੇ ਢੁੱਕਵਾਂ ਜਵਾਬ ਦਿੱਤਾ ਸੀ। ਇਕ ਸੂਤਰ ਨੇ ਕਿਹਾ, '25 ਅਤੇ 26 ਅਪਰੈਲ ਦੀ ਰਾਤ ਨੂੰ ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਪਾਰ ਵੱਖ-ਵੱਖ ਪਾਕਿਸਤਾਨੀ ਫੌਜ ਦੀਆਂ ਚੌਕੀਆਂ ਵੱਲੋਂ ਬਿਨਾਂ ਕਿਸੇ ਭੜਕਾਹਟ ਦੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ। ਭਾਰਤੀ ਫੌਜੀਆਂ ਨੇ ਵੀ ਛੋਟੇ ਹਥਿਆਰਾਂ ਨਾਲ ਢਕਵਾਂ ਜਵਾਬ ਦਿੱਤਾ। ਗੋਲੀਬਾਰੀ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।'

## ਈਰਾਨੀ ਬੰਦਰਗਾਹ 'ਚ ਧਮਾਕਾ, 4 ਮੌਤਾਂ, 500 ਤੋਂ ਵੱਧ ਜ਼ਖ਼ਮੀ



**ਤਹਿਰਾਨ** : ਈਰਾਨ ਦੀ ਬੰਦਰ ਅੱਬਾਸ ਬੰਦਰਗਾਹ ਕੋਲ ਸਨਿੱਚਰਵਾਰ ਧਮਾਕੇ ਨਾਲ 4 ਲੋਕਾਂ ਦੀ ਮੌਤ ਹੋ ਗਈ ਤੇ 500 ਤੋਂ ਵੱਧ ਜ਼ਖ਼ਮੀ ਹੋ ਗਏ। ਸ਼ੁਰੂਆਤੀ ਜਾਂਚ ਮੁਤਾਬਕ ਜਲਣਸ਼ੀਲ ਪਦਾਰਥਾਂ ਦੀ ਸਟੋਰੇਜ ਵਿੱਚ ਲਾਪਰਵਾਹੀ ਕਾਰਨ ਇਹ ਹਾਦਸਾ ਵਾਪਰਿਆ। ਧਮਾਕਾ ਬੰਦਰਗਾਹ ਦੇ ਠੀਕ ਬਾਹਰ ਸ਼ਾਹਿਦ ਰਾਜਾਈ ਪੋਰਟ ਦੇ ਸਿਨਾ ਕੰਟੇਨਰ ਯਾਰਡ ਵਿੱਚ ਹੋਇਆ। ਇੱਥੇ ਤੇਲ ਤੇ ਹੋਰ ਪੈਟਰੋ ਕੈਮੀਕਲ ਰੱਖੇ ਜਾਂਦੇ ਹਨ। ਬੰਦਰਗਾਹ ਰਾਜਧਾਨੀ ਤਹਿਰਾਨ ਤੋਂ ਇੱਕ ਹਜ਼ਾਰ ਕਿੱਲੋਮੀਟਰ ਦੂਰ ਹੈ। ਇਹ ਧਮਾਕਾ ਉਦੋਂ ਹੋਇਆ ਹੈ, ਜਦੋਂ ਈਰਾਨੀ ਅਧਿਕਾਰੀ ਨਵੇਂ ਪ੍ਰਮਾਣੂ ਸਮਝੌਤੇ ਲਈ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਕਰ ਰਹੇ ਹਨ।

## ਗੁਜਰਾਤ 'ਚ ਇੱਕ ਹਜ਼ਾਰ ਤੋਂ ਵੱਧ ਬੰਗਲਾਦੇਸ਼ੀ ਫੜੇ

**ਅਹਿਮਦਾਬਾਦ** : ਗੁਜਰਾਤ ਦੇ ਸ਼ਹਿਰਾਂ ਅਹਿਮਦਾਬਾਦ ਅਤੇ ਸੂਰਤ ਵਿੱਚ ਤਲਾਸ਼ੀ ਮੁਹਿੰਮ ਦੌਰਾਨ ਔਰਤਾਂ ਅਤੇ ਬੱਚਿਆਂ ਸਮੇਤ 1000 ਤੋਂ ਵੱਧ ਗੈਰ-ਕਾਨੂੰਨੀ ਬੰਗਲਾਦੇਸ਼ੀ ਪਰਵਾਸੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਗ੍ਰਹਿ ਰਾਜ ਮੰਤਰੀ ਹਰਸ਼ ਸਾਂਗਵੀ ਨੇ ਸਨਿੱਚਰਵਾਰ ਕਿਹਾ ਕਿ ਅਹਿਮਦਾਬਾਦ 'ਚ ਘੱਟੋ-ਘੱਟ 890 ਅਤੇ ਸੂਰਤ 'ਚ 134 ਬੰਗਲਾਦੇਸ਼ੀਆਂ ਨੂੰ ਹਿਰਾਸਤ ਵਿਚ ਲਿਆ ਗਿਆ, ਜੋ ਕਿ ਗੁਜਰਾਤ ਪੁਲਸ ਵੱਲੋਂ ਹੁਣ ਤੱਕ ਦੀ ਆਪਣੀ ਕਿਸਮ ਦੀ ਸਭ ਤੋਂ ਵੱਡੀ ਕਾਰਵਾਈ ਹੈ।

## ਪਿੱਕ-ਅੱਪ ਦੀ ਟੱਕਰ ਨਾਲ ਛੇ ਸਫਾਈ ਕਰਮਚਾਰੀਆਂ ਦੀ ਮੌਤ

**ਗੁਰੂਗ੍ਰਾਮ** : ਜ਼ਿਲ੍ਹਾ ਨੂਹ ਦੇ ਫਿਰੋਜ਼ਪੁਰ ਝਿਰਕਾ ਪੁਲਸ ਸਟੇਸ਼ਨ ਅਧੀਨ ਦਿੱਲੀ-ਮੁੰਬਈ ਐੱਕਸਪ੍ਰੈੱਸਵੇ 'ਤੇ ਇਬਰਾਹਿਮਬਾਸ ਪਿੰਡ ਨੇੜੇ ਸਨਿੱਚਰਵਾਰ ਸਵੇਰੇ ਕਰੀਬ 10 ਵਜੇ ਤੇਜ਼ ਰਫਤਾਰ ਪਿਕ-ਅੱਪ ਗੱਡੀ ਨੇ ਸਫਾਈ ਦੇ ਕੰਮ ਵਿੱਚ ਲੱਗੇ ਮਜ਼ਦੂਰਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਛੇ ਜਣਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ 5 ਹੋਰ ਗੰਭੀਰ ਜ਼ਖ਼ਮੀ ਹੋ ਗਏ। ਸਫਾਈ ਕਰਮਚਾਰੀ ਐੱਕਸਪ੍ਰੈੱਸਵੇ ਦੀ ਸਫਾਈ ਕਰ ਰਹੇ ਸਨ। ਪੰਜ ਮ੍ਰਿਤਕ ਖੇੜੀ ਕਲਾਂ ਪਿੰਡ ਦੇ ਅਤੇ ਇਕ ਸ਼ਿਮਰਾਵਤ ਪਿੰਡ ਦਾ ਦੱਸਿਆ ਜਾ ਰਿਹਾ ਹੈ। ਪਿਕਅੱਪ ਡਰਾਈਵਰ ਮੌਕੇ ਤੋਂ ਭੱਜ ਗਿਆ।

## ਅੱਤਵਾਦੀਆਂ ਦੇ 3 ਹੋਰ ਘਰ ਢਾਹੇ

**ਸ੍ਰੀਨਗਰ** : ਪਹਿਲਗਾਮ ਹਮਲੇ ਮਗਰੋਂ ਸਲਾਮਤੀ ਦਸਤਿਆਂ ਨੇ ਸ਼ੁੱਕਰਵਾਰ ਰਾਤ ਜੰਮੂ-ਕਸ਼ਮੀਰ ਦੇ ਵੱਖ-ਵੱਖ ਜ਼ਿਲ੍ਹਿਆਂ ਸ਼ੋਪੀਆਂ, ਕੁਲਗਾਮ ਤੇ ਪੁਲਵਾਮਾ ਵਿੱਚ ਅੱਤਵਾਦੀਆਂ ਦੇ ਤਿੰਨ ਹੋਰ ਘਰਾਂ ਨੂੰ ਤਬਾਹ ਕਰ ਦਿੱਤਾ। ਇਹ ਸਾਰੇ ਲਸ਼ਕਰ ਏ ਤਈਬਾ ਨਾਲ ਸੰਬੰਧਤ ਸਨ। ਸ਼ੋਪੀਆਂ ਵਿੱਚ ਲਸ਼ਕਰ ਦੇ ਟਾਪ ਕਮਾਂਡਰ ਸ਼ਾਹਿਦ ਅਹਿਮਦ ਕੁੱਟੇ ਦਾ ਘਰ ਢਾਹ ਦਿੱਤਾ ਗਿਆ। ਉਹ ਪਿਛਲੇ 3-4 ਸਾਲਾਂ ਤੋਂ ਦਹਿਸ਼ਤੀ ਸਰਗਰਮੀਆਂ ਵਿੱਚ ਸ਼ਾਮਲ ਹੈ। ਕੁਲਗਾਮ ਵਿੱਚ ਅੱਤਵਾਦੀ ਜ਼ਾਹਿਦ ਅਹਿਮਦ ਦਾ ਘਰ ਢਾਹ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀਰਵਾਰ ਨੂੰ ਦੋ ਦਹਿਸ਼ਤਗਰਦਾਂ ਆਦਿਲ ਹੁਸੈਨ ਅਤੇ ਆਸਿਫ ਸ਼ੇਖ ਦੇ ਘਰਾਂ ਨੂੰ ਵੀ ਵਿਸਫੋਟਕਾਂ ਨਾਲ ਉਡਾ ਦਿੱਤਾ ਗਿਆ ਸੀ। ਇਨ੍ਹਾਂ ਦੋਵਾਂ 'ਤੇ ਪਹਿਲਗਾਮ ਹਮਲੇ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ।

## ਵਿਆਹ ਦੇਖੇ ਬਿਨਾਂ ਪਾਕਿਸਤਾਨ ਪਰਤਣਾ ਪਿਆ

**ਚੰਡੀਗੜ੍ਹ** : 'ਪਹਿਲਗਾਮ ਅੱਤਵਾਦੀ ਹਮਲੇ ਦੇ ਦੋਸ਼ੀਆਂ ਲਈ ਮਿਸਾਲੀ ਸਜ਼ਾ ਯਕੀਨੀ ਬਣਾਓ, ਪਰ ਆਮ ਲੋਕਾਂ ਨੂੰ ਇਸ ਦਾ ਖਮਿਆਜ਼ਾ ਭੁਗਤਣ ਤੋਂ ਬਚਾਓ।' ਇਹ ਗੱਲ ਅਟਾਰੀ-ਵਾਹਗਾ ਸੜਕੀ ਰਸਤੇ 'ਤੇ ਪਾਕਿਸਤਾਨੀ ਸੈਲਾਨੀਆਂ ਨੇ ਕਹੀ, ਜੋ ਇੱਕ ਛੋਟੀ ਸਮਾਂ-ਸੀਮਾ ਤੋਂ ਪਹਿਲਾਂ ਭਾਰਤ ਤੋਂ ਬਾਹਰ ਨਿਕਲਣ ਲਈ ਮਜਬੂਰ ਸਨ। ਭਾਰਤ ਨੇ ਐਲਾਨ ਕੀਤਾ ਹੈ ਕਿ ਪਾਕਿਸਤਾਨੀ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਸਾਰੇ ਵੀਜ਼ੇ 27 ਅਪਰੈਲ ਤੋਂ ਰੱਦ ਕਰ ਦਿੱਤੇ ਜਾਣਗੇ ਅਤੇ ਪਾਕਿਸਤਾਨ ਵਿੱਚ ਰਹਿਣ ਵਾਲੇ ਭਾਰਤੀ ਜਲਦੀ ਤੋਂ ਜਲਦੀ ਘਰ ਪਰਤ ਆਉਣ। ਜ਼ਿਆਦਾਤਰ ਪਾਕਿਸਤਾਨੀ ਨਾਗਰਿਕਾਂ ਨੇ ਦੱਸਿਆ ਕਿ ਉਹ ਭਾਰਤ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਸਨ। ਕੁਝ ਇੱਥੇ ਵਿਆਹਾਂ ਵਿੱਚ ਸ਼ਾਮਲ ਹੋਣ ਲਈ ਆਏ ਸਨ, ਪਰ ਹੁਣ ਬਿਨਾਂ ਹਿੱਸਾ ਲਏ ਘਰ ਵਾਪਸ ਜਾਣਾ ਪੈ ਰਿਹਾ ਹੈ। ਕਰਾਚੀ ਦੀ ਰਹਿਣ ਵਾਲੀ ਬਾਸਕਰੀ ਨੇ ਕਿਹਾ, 'ਅੱਜ ਸਨਿੱਚਰਵਾਰ ਮੇਰੀ ਭਤੀਜੀ ਦਾ ਵਿਆਹ ਸੀ। ਮੈਂ 10 ਸਾਲਾਂ ਬਾਅਦ ਆਈ ਸੀ, ਪਰ ਫਿਰ ਵੀ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੀ। ਵਿਆਹ ਵਾਲੇ ਦਿਨ ਜਾਣਾ ਦੁਖਦਾਈ ਹੈ। ਪਹਿਲਗਾਮ ਵਿੱਚ ਜੋ ਵੀ ਹੋਇਆ, ਉਹ ਗਲਤ ਹੈ। ਇਸ ਲਈ ਜ਼ਿੰਮੇਵਾਰ ਲੋਕਾਂ ਨੂੰ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਪਰ ਆਮ ਲੋਕਾਂ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੀਦਾ।'

ਪਤਨੀ ਬਾਸਕਰੀ ਨਾਲ ਯੂ ਪੀ ਦੇ ਸਹਾਰਨਪੁਰ ਆਏ ਮੁਹੰਮਦ ਰਸ਼ੀਦ ਨੇ ਕਿਹਾ, 'ਅਸੀਂ 10 ਅਪਰੈਲ ਨੂੰ 45 ਦਿਨਾਂ ਦੇ ਵੀਜ਼ੇ 'ਤੇ ਭਾਰਤ ਆਏ ਸੀ। ਮੇਰੀ ਪਤਨੀ ਦਾ ਜਨਮ ਭਾਰਤ ਵਿੱਚ ਹੋਇਆ ਸੀ ਅਤੇ ਮੇਰੇ ਸਹੁਰੇ ਇੱਥੇ ਰਹਿੰਦੇ ਹਨ। ਪੁਲਸ ਸਾਡੇ ਰਿਸ਼ਤੇਦਾਰ ਦੇ ਘਰ ਆਈ ਅਤੇ ਸਾਨੂੰ ਫੌਰੀ ਚਲੇ ਜਾਣ ਲਈ ਕਿਹਾ। ਹਿੰਸਕ ਕਾਰਵਾਈਆਂ ਕਰਨ ਵਾਲੇ ਲੋਕਾਂ ਦਾ ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ। ਦੋਵਾਂ ਪਾਸਿਆਂ ਦੇ ਆਮ ਲੋਕ ਇੱਕ-ਦੂਜੇ ਨੂੰ ਪਿਆਰ ਕਰਦੇ ਹਨ। ਮੁੱਠੀ-ਭਰ ਅੱਤਵਾਦੀ ਮਾਹੌਲ ਖਰਾਬ ਕਰਦੇ ਹਨ।'

ਪਾਕਿਸਤਾਨ ਦੇ ਉੱਤਰੀ ਸਿੰਧ ਦੇ ਗ਼ੋਟਕੀ ਤੋਂ ਆਏ ਬਾਲੀ ਰਾਮ ਨੇ ਕਿਹਾ ਕਿ ਉਹ ਰਾਇਪੁਰ ਵਿੱਚ ਆਪਣੀਆਂ ਤਿੰਨ ਧੀਆਂ ਨੂੰ ਮਿਲਣ ਗਿਆ ਸੀ। ਉਸ ਨੇ ਕਿਹਾ, 'ਮੈਂ 5 ਅਪਰੈਲ ਨੂੰ ਆਇਆ ਸੀ, ਪਰ ਹੁਣ ਵਾਪਸ ਭੱਜਣਾ ਪੈ ਰਿਹਾ ਹੈ। ਜਿਨ੍ਹਾਂ ਨੇ ਇਹ ਕੰਮ ਕੀਤਾ, ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਮਾਸੂਮ ਸੈਲਾਨੀਆਂ ਦਾ ਕੀ ਕਸੂਰ ਹੈ?'

ਕਰਾਚੀ ਤੋਂ ਦੌਲਤ ਵਿਆਹ ਲਈ 45 ਦਿਨਾਂ ਦੇ ਵੀਜ਼ੇ 'ਤੇ ਜੋਧਪੁਰ ਵਿੱਚ ਸੀ। ਉਸ ਨੇ ਕੁਝ ਟਰਾਲੀ ਸੂਟਕੇਸ ਐਗਜ਼ਿਟ ਗੇਟ ਵੱਲ ਖਿੱਚਦਿਆਂ ਕਿਹਾ, 'ਜੋ ਕੁਝ ਵੀ ਹੋਇਆ (ਪਹਿਲਗਾਮ ਵਿੱਚ) ਚੰਗਾ ਨਹੀਂ ਹੈ। ਇਹ ਨਹੀਂ ਹੋਣਾ ਚਾਹੀਦਾ ਸੀ।' ਰਾਵਲਪਿੰਡੀ ਦੇ ਇੱਕ ਬਜ਼ੁਰਗ ਨੇ ਕਿਹਾ ਕਿ ਉਹ ਆਪਣੇ ਰਿਸ਼ਤੇਦਾਰ ਦੇ ਵਿਆਹ ਲਈ ਲਖਨਊ ਆਇਆ ਸੀ, ਪਰ ਹੁਣ ਯਾਤਰਾ ਨੂੰ ਅੱਧ-ਵਿਚਾਲੇ ਛੱਡਣਾ ਪਿਆ ਹੈ। ਕੇਂਦਰ ਵੱਲੋਂ ਸਮਾਂ-ਸੀਮਾ ਨਿਰਧਾਰਤ ਕਰਨ ਤੋਂ ਬਾਅਦ ਹੁਣ ਤੱਕ ਭਾਰਤ ਆਉਣ ਵਾਲੇ 229 ਪਾਕਿਸਤਾਨੀ ਨਾਗਰਿਕ ਅਟਾਰੀ-ਵਾਹਗਾ ਸੜਕ ਰਸਤੇ ਵਤਨ ਪਰਤ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਗੁਆਂਢੀ ਦੇਸ਼ ਦੀ ਯਾਤਰਾ ਕਰਨ ਵਾਲੇ ਕੁੱਲ 392 ਭਾਰਤੀ ਨਾਗਰਿਕ ਵੀ ਵਾਪਸ ਆ ਗਏ ਹਨ।

### ਸ਼ੈਤਾਨ ਸਿੰਘ ਦੀ ਬਰਾਤ ਨੂੰ ਅਟਾਰੀ 'ਚ ਬਰੇਕਾਂ



**ਜੈਪੁਰ** : ਰਾਜਸਥਾਨ ਦੇ ਸ਼ੈਤਾਨ ਸਿੰਘ ਨੂੰ ਵਿਆਹ ਲਈ ਹੁਣ ਮੁੜ ਉਡੀਕ ਕਰਨੀ ਪਵੇਗੀ, ਕਿਉਂਕਿ ਉਸ ਨੇ ਵਿਆਹ ਕਰਵਾਉਣ ਲਈ ਪਾਕਿਸਤਾਨ ਜਾਣਾ ਹੈ। ਸ਼ੈਤਾਨ ਸਿੰਘ ਦੀ ਮੰਗਣੀ ਚਾਰ ਸਾਲ ਪਹਿਲਾਂ ਪਾਕਿਸਤਾਨ ਦੇ ਸਿੰਧ ਸੂਬੇ ਦੀ ਕੇਸਰ ਕੰਵਰ ਨਾਲ ਹੋਈ ਸੀ। ਲਾੜੇ ਦੇ ਪਰਵਾਰ ਨੂੰ ਵੀਜ਼ਾ ਹਾਸਲ ਕਰਨ ਲਈ ਹੀ ਸਾਲਾਂ ਤੋਂ ਸੰਘਰਸ਼ ਕਰਨਾ ਪੈ ਰਿਹਾ ਸੀ, ਪਰ ਜਦੋਂ ਆਖ਼ਰ ਸਾਰਾ ਕੁਝ ਹੋ ਗਿਆ ਤਾਂ ਉਸ ਨੂੰ ਵਿਆਹ ਲਈ ਇੱਕ ਹੋਰ ਰੁਕਾਵਟ ਦਾ ਸਾਹਮਣਾ ਕਰਨਾ ਪਿਆ, ਜਦੋਂ ਸਰਕਾਰ ਨੇ ਅਟਾਰੀ ਸਰਹੱਦ ਬੰਦ ਕਰ ਦਿੱਤੀ। 30 ਅਪਰੈਲ ਨੂੰ ਪਾਕਿਸਤਾਨ ਦੇ ਸ਼ਹਿਰ ਅਮਰਕੋਟ ਵਿੱਚ ਵਿਆਹ ਦੇ ਬੰਧਨ ਵਿੱਚ ਬੱਝਣ ਲਈ ਪੂਰੀ ਤਰ੍ਹਾਂ ਤਿਆਰ ਸ਼ੈਤਾਨ ਸਿੰਘ ਆਪਣੇ ਪਰਵਾਰ ਅਤੇ ਬਰਾਤ ਨਾਲ ਮੰਗਲਵਾਰ ਨੂੰ ਬਾੜਮੇਰ ਜ਼ਿਲ੍ਹੇ ਤੋਂ ਅਟਾਰੀ ਸਰਹੱਦ ਲਈ ਰਵਾਨਾ ਹੋਇਆ, ਪਰ ਜਦੋਂ ਤੱਕ ਉਹ ਉੱਥੇ ਪਹੁੰਚੇ, ਅਧਿਕਾਰੀਆਂ ਨੇ ਉਨ੍ਹਾਂ ਨੂੰ ਸਰਹੱਦ ਪਾਰ ਜਾਣ ਤੋਂ ਰੋਕ ਦਿੱਤਾ, ਕਿਉਂਕਿ ਭਾਰਤ ਨੇ ਬੁੱਧਵਾਰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਜਵਾਬੀ ਕਾਰਵਾਈਆਂ ਦੀ ਲੜੀ ਦੇ ਹਿੱਸੇ ਵਜੋਂ ਅਟਾਰੀ-ਵਾਹਗਾ ਸਰਹੱਦ ਨੂੰ ਤੁਰੰਤ ਬੰਦ ਕਰਨ ਦਾ ਆਦੇਸ਼ ਦੇ ਦਿੱਤਾ ਹੈ।

ਸ਼ੈਤਾਨ ਸਿੰਘ ਨੇ ਕਿਹਾ, 'ਅਸੀਂ ਇਸ ਦਿਨ ਲਈ ਬਹੁਤ ਉਡੀਕ ਕੀਤੀ ਸੀ, ਸਾਡੇ ਸਾਲਾਂ ਦੇ ਯਤਨਾਂ ਤੋਂ ਬਾਅਦ ਹਾਲ ਹੀ ਵਿੱਚ 18 • ਬਾਕੀ ਸਫ਼ਾ 2 'ਤੇ

## ਦੇਸ਼ ਭਗਤ ਯਾਦਗਾਰ ਹਾਲ ਨੇ ਪੀੜਤ ਕਸ਼ਮੀਰੀ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ

**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਹਾਲ ਦੀ ਦੇਖ-ਰੇਖ ਕਮੇਟੀ ਅਤੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਸ਼ਨੀਵਾਰ ਕਮੇਟੀ ਤਰਫੋਂ ਲਿਖਤੀ ਬਿਆਨ ਜਾਰੀ ਕਰਦਿਆਂ ਆਪਣੇ ਜਾਰੀ ਕੀਤੇ ਫੋਨ ਨੰਬਰਾਂ ਉਪਰ ਨਿਰਦੋਸ਼ ਕਸ਼ਮੀਰੀ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਲਿੰਕ ਕਰਕੇ ਕਿਸੇ ਕਿਸਮ ਦੀ ਸਹਾਇਤਾ ਜਾਂ ਰਿਹਾਇਸ਼ ਦੀ ਜ਼ਰੂਰਤ ਪੂਰੀ ਕਰਨ ਦਾ ਵਿਸ਼ਵਾਸ ਦੁਆਇਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਦੇਸ਼ ਵਾਸੀਆਂ ਨੇ ਧਰਮ, ਫਿਰਕੇ, ਬੋਲੀ, ਰੰਗ ਅਤੇ ਇਲਾਕੇ ਦੇ ਭੇਦ ਭਾਵ ਤੋਂ ਉਪਰ ਉਠ ਕੇ ਆਜ਼ਾਦੀ ਜੱਦੋਜਹਿਦ ਲਈ ਪਰਚਮ ਉਠਾਇਆ। ਸਭਨਾਂ ਦੇ ਸਾਂਝੇ ਖ਼ੂਨ ਨਾਲ ਜਲ੍ਹਿਆਂ ਵਾਲਾ ਬਾਗ਼ ਦੀ ਧਰਤੀ ਸਿੰਜੀ ਗਈ। ਅੱਜ ਪਹਿਲਗਾਮ ਕਤਲ ਕਾਂਡ ਦੇ ਕਾਰਨਾਂ ਉਪਰ ਉਂਗਲ ਰੱਖਣ ਅਤੇ ਹਕੂਮਤ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਏ ਲੋਕਾਂ ਬੇਦੋਸ਼ਿਆਂ ਦੀਆਂ ਲੋਥਾਂ ਦੀ ਪੌੜੀ ਬਣਾ ਕੇ ਆਪਣੀ ਸੌੜੀ ਸਿਆਸਤ ਦੀਆਂ ਕੁਚਾਲਾਂ ਨਾਲ ਗਰਜ਼ਾਂ ਦੀ ਪੂਰਤੀ ਕਰਨ ਦਾ ਕੁਕਰਮ ਕਰ ਰਹੇ ਤੱਤਾਂ ਨੂੰ ਭਾਂਜ ਦੇਣ ਲਈ ਸਮਾਜਿਕ, ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਵੀ ਮਜ਼ਬੂਤ ਕਰਨ ਦੀ ਲੋੜ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਜਿਥੇ ਪਹਿਲਗਾਮ ਕਾਂਡ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੇ ਪਰਵਾਰਾਂ ਨਾਲ ਪਹਿਲਾਂ ਹੀ ਗਹਿਰੀ ਹਮਦਰਦੀ ਕੀਤੀ ਹੈ, ਓਥੇ ਕਸ਼ਮੀਰੀ ਕੁੜੀਆਂ, ਮੁੰਡਿਆਂ ਖ਼ਾਸ ਕਰਕੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਉਪਰ ਹਮਲੇ ਕਰਨ, ਧਮਕੀਆਂ ਦੇਣ ਅਤੇ ਇੱਥੋਂ ਫੌਰੀ ਚਲੇ ਜਾਣ ਦੀਆਂ ਧਮਕੀਆਂ ਦੇਣ ਦਾ ਗੰਭੀਰ ਨੋਟਿਸ ਲਿਆ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫਿਰਕੂ ਫਾਸ਼ੀ, ਸਮਾਜ ਦੋਖੀ ਤੱਤਾਂ ਵੱਲੋਂ ਹਕੂਮਤੀ ਥਾਪੜੇ ਸਦਕਾ ਵਿਸ਼ੇਸ਼ ਕਰਕੇ ਕਸ਼ਮੀਰੀ ਵਿਦਿਆਰਥਣਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਏ ਜਾਣ ਅਤੇ ਨਫ਼ਰਤੀ ਹਨੇਰੀ ਵਗਾਉਣ ਲਈ ਹਰ ਹਰਬਾ ਵਰਤੇ ਜਾਣ ਦਾ ਸ਼ਖਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਦੇਸ਼ ਭਗਤ, ਲੋਕ ਹਿਤੈਸ਼ੀ, ਧਰਮ ਨਿਰਪੱਖ ਅਤੇ ਅਮਨਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਪਰਖ਼ ਦੀ ਘੜੀ ਹਰ ਪ੍ਰਕਾਰ ਦੇ ਕੂੜ ਪ੍ਰਚਾਰ ਨੂੰ ਕਾਟ ਕਰਨ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨ ਲਈ ਅੱਗੇ ਆਉਣ।

**ਸੰਪਰਕ ਫੋਨ ਨੰਬਰ**

**ਪ੍ਰਧਾਨ ਅਜਮੇਰ ਸਿੰਘ** (98153-26645), **ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ** (98760-78731), **ਕਨਵੀਨਰ ਸੱਭਿਆਚਾਰਕ ਵਿੰਗ ਅਮੋਲਕ ਸਿੰਘ** (98778-68710), **ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ** (99156-64531)।

## ਸੰਗਰੂਰ ਨਗਰ ਕੌਂਸਲ 'ਤੇ ਵੀ 'ਆਪ' ਦਾ ਕਬਜ਼ਾ



**ਸੰਗਰੂਰ (ਪ੍ਰਵੀਨ ਸਿੰਘ)**-ਸੰਗਰੂਰ ਨਗਰ ਕੌਂਸਲ 'ਤੇ ਵੀ ਆਪ ਦਾ ਕਬਜ਼ਾ ਹੋ ਗਿਆ ਹੈ।ਸ਼ਨੀਵਾਰ ਨੂੰ 'ਆਪ' ਕੌਂਸਲਰ ਭੁਪਿੰਦਰ ਸਿੰਘ ਨੂੰ ਪੂਰਨ ਬਹੁਮੱਤ ਨਾਲ ਪ੍ਰਧਾਨ, ਪ੍ਰੀਤ ਜੈਨ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਕ੍ਰਿਸ਼ਨ ਲਾਲ ਨੂੰ ਮੀਤ ਪ੍ਰਧਾਨ ਚੁਣਿਆ ਗਿਆ।ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਤਿੰਨਾਂ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਮਾਨ ਸਰਕਾਰ ਸੰਗਰੂਰ ਦੇ ਵਿਕਾਸ ਲਈ ਵਚਨਬੱਧ ਹੈ।ਸਾਡੇ ਪ੍ਰਧਾਨ, ਮੀਤ ਪ੍ਰਧਾਨ ਸਮੇਤ ਸਾਰੇ ਕੌਂਸਲਰ ਸੰਗਰੂਰ ਦੇ ਵਿਕਾਸ ਲਈ ਦਿਨ-ਰਾਤ ਕੰਮ ਕਰਨਗੇ ਤੇ ਸਥਾਨਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।

## ਅੱਜ-ਨਾਮਾ

ਬਾਰਡਰ ਉੱਤੇ ਤਨਾਅ ਕੁਝ ਬਣਨ ਲੱਗਾ,
ਉਦਾਸੀ ਨੇੜਲੇ ਲੋਕਾਂ ਵਿੱਚ ਛਾਈ ਮੀਆਂ।
ਸਾਲਾਂ ਕਈਆਂ ਤੋਂ ਹੱਦਾਂ ਵੱਲ ਸੁੱਖ ਹੈ ਸੀ,
ਘੜੀ ਫਿਕਰ ਦੀ ਫੇਰ ਇਹ ਆਈ ਮੀਆਂ।
ਵਕਤ ਔਖੇ ਵਿੱਚ ਜਾਣਾ ਈ ਕੋਲ ਕੀਹਦੇ,
ਇਸ ਦੀ ਚਿੰਤਾ ਵੀ ਨੀਂਦ ਉਡਾਈ ਮੀਆਂ।
ਆਇਆ ਹੁਕਮ ਸੰਭਾਲੋ ਜੀ ਫਸਲ ਛੇਤੀ,
ਇਹਨੇ ਵੀ ਪਈ ਆ ਦੌੜ ਲਵਾਈ ਮੀਆਂ।
ਚੱਲਦੇ ਜਿੱਦਾਂ ਈ ਦਿੱਲੀ ਤੋਂ ਖਬਰ ਚੈਨਲ,
ਦੁਹਾਈ ਮਾਰਨ ਤੇ ਮਰਨ ਦੀ ਪਾਈ ਜਾਂਦੇ।
ਚਿੜੀਆਂ ਮਰਨ ਗੰਵਾਰਾਂ ਦਾ ਸ਼ੁਗਲ ਹੁੰਦਾ,
ਪਾੜ-ਪਾੜ ਸੰਘ ਹਨ ਖੇਹ ਉਡਾਈ ਜਾਂਦੇ।

-ਤੀਸ ਮਾਰ ਖਾਂ

## ਪੋਪ ਫਰਾਂਸਿਸ ਦੀ ਅੰਤਮ ਯਾਤਰਾ 'ਚ ਢਾਈ ਲੱਖ ਲੋਕ ਸ਼ਾਮਲ



**ਵੈਟੀਕਨ ਸਿਟੀ** : ਪੋਪ ਫਰਾਂਸਿਸ, ਜਿਨ੍ਹਾ ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ ਸੀ, ਦਾ ਅੰਤਮ ਸੰਸਕਾਰ ਸਨਿੱਚਰਵਾਰ ਨੂੰ ਸੇਂਟ ਪੀਟਰਜ਼ ਸਕੁਏਅਰ ਵਿਖੇ ਸੇਂਟ ਪੀਟਰਜ਼ ਬੇਸਿਲਿਕਾ ਦੀਆਂ ਘੰਟੀਆਂ ਵਜਾਉਣ ਨਾਲ ਸਮਾਪਤ ਹੋ ਗਿਆ। ਘੰਟੀਆਂ ਦੀ ਇਹ ਆਵਾਜ਼ 2 ਘੰਟੇ ਅਤੇ 10 ਮਿੰਟ ਲੰਮੀ ਸਰਵਿਸ ਦੇ ਅੰਤ ਦਾ ਸੰਕੇਤ ਸੀ। ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਦੇਣ ਲਈ ਰੋਮ ਦੀਆਂ ਸੜਕਾਂ 'ਤੇ ਵੱਡੀ ਭੀੜ ਕਤਾਰ ਵਿੱਚ ਖੜ੍ਹੀ ਸੀ, ਕਿਉਂਕਿ ਉਨ੍ਹਾ ਦਾ ਤਾਬੂਤ ਲੈ ਕੇ ਜਾਣ ਵਾਲਾ ਚਿੱਟਾ ਪੋਪਮੋਬਾਈਲ ਵੈਟੀਕਨ ਦੇ ਪਾਰ ਮੋਟਰਸਾਈਕਲਾਂ ਨਾਲ ਪੋਪ ਦੇ ਅੰਤਮ ਵਿਰਾਮ ਸਥਾਨ ਵੱਲ ਜਾ ਰਿਹਾ ਸੀ, ਜੋ ਉਨ੍ਹਾ ਦੀ ਪਸੰਦ ਦੀ ਜਗ੍ਹਾ ਸੀ। ਪੋਪ ਫਰਾਂਸਿਸ ਦੇ ਤਾਬੂਤ ਨੂੰ ਟਾਈਬਰ ਦਰਿਆ ਦੇ ਪਾਰ ਰੋਮ ਦੇ ਪੰਜਵੀਂ ਸਦੀ ਦੇ ਚਰਚ ਬੇਸਿਲਿਕਾ ਡੀ ਸਾਂਤਾ ਮਾਰੀਆ ਮੈਗੀਓਰ ਵਿੱਚ ਲਿਜਾਇਆ ਗਿਆ, ਜਿੱਥੇ ਪੋਪ ਦੀ ਦੇਹ ਦੇ ਆਉਣ ਤੋਂ ਪਹਿਲਾਂ ਘੰਟੀਆਂ ਵਜਾਈਆਂ ਗਈਆਂ। ਸੇਂਟ ਮੈਰੀ ਮੇਜਰ ਦੀ ਬੇਸਿਲਿਕਾ ਇੱਕ ਅਜਿਹੀ ਜਗ੍ਹਾ ਸੀ, ਜਿੱਥੇ ਪੋਪ ਆਪਣੇ 12 ਸਾਲਾਂ ਦੇ ਪੋਪ ਕਾਰਜਕਾਲ ਦੌਰਾਨ ਅਕਸਰ ਆਉਂਦੇ-ਜਾਂਦੇ ਸਨ। ਪੋਪ ਫਰਾਂਸਿਸ ਦਾ ਤਾਬੂਤ ਇਟਲੀ ਦੀ ਰਾਜਧਾਨੀ ਦੇ ਇਤਿਹਾਸਕ ਸਥਾਨਾਂ ਵਿੱਚੋਂ ਇੱਕ ਕੋਲੋਸੀਅਮ ਕੋਲੋਂ ਲੰਘਿਆ। ਉਪਰੋਂ ਖੁੱਲ੍ਹੇ ਤਾਬੂਤ ਨੂੰ ਪੋਪਮੋਬਾਈਲ ਵਿੱਚ ਲਿਜਾਇਆ ਗਿਆ ਸੀ, ਜਿਸ ਨੂੰ ਪੋਪ ਨੇ 2015 ਦੀ ਫਿਲਪੀਨਜ਼ ਦੀ ਆਪਣੀ ਯਾਤਰਾ ਦੌਰਾਨ ਵਰਤਿਆ ਸੀ।

ਵੈਟੀਕਨ ਨੇ ਇੱਕ ਬਿਆਨ ਵਿੱਚ ਕਿਹਾ, 'ਸਮਰੱਥ ਅਧਿਕਾਰੀ ਸਾਨੂੰ ਸੂਚਿਤ ਕਰਦਾ ਹੈ ਕਿ ਜਦੋਂ ਕਿ ਪੋਪ ਫਰਾਂਸਿਸ ਦਾ ਅੰਤਮ ਸੰਸਕਾਰ ਖਤਮ ਹੋ ਗਿਆ ਹੈ ਤੇ ਇਸ ਮੌਕੇ 2,50, 000 ਤੋਂ ਵੱਧ ਲੋਕ ਮੌਜੂਦ ਹਨ।' ਸਰਵਿਸ ਦਾ ਸਮਾਪਨ ਬਲੈੱਸਡ ਵਰਜਿਨ ਮੈਰੀ ਦੇ ਕੈਂਟੀਕਲ ਨਾਲ ਹੋਇਆ, ਜਿਸ ਨੂੰ ਮੈਗਨੀਫਿਕੇਟ ਵੀ ਕਿਹਾ ਜਾਂਦਾ ਹੈ। ਇਸ ਮੌਕੇ ਲੋਕ ਬਹੁਤ ਹੀ ਸੋਗ ਦੇ ਆਲਮ ਵਿੱਚ ਸਨ। ਕਾਰਡੀਨਲ ਬੈਟਿਸਟਾ ਰੇ ਨੇ ਕਿਹਾ, "ਮਨੁੱਖੀ ਨਿੱਘ ਨਾਲ ਭਰਪੂਰ ਅਤੇ ਅੱਜ ਦੀਆਂ ਚੁਣੌਤੀਆਂ ਪ੍ਰਤੀ ਡੂੰਘੇ ਸੰਵੇਦਨਸ਼ੀਲ ਪੋਪ ਫਰਾਂਸਿਸ ਨੇ ਸੱਚਮੁੱਚ ਇਸ ਸਮੇਂ ਦੀਆਂ ਚਿੰਤਾਵਾਂ, ਦੁੱਖਾਂ ਅਤੇ ਉਮੀਦਾਂ ਨੂੰ ਸਾਂਝਾ ਕੀਤਾ। ਉਨ੍ਹਾ ਇਹ ਵੀ ਕਿਹਾ ਕਿ ਮਰਹੂਮ ਪੋਪ ਨੇ ਸਿੱਧੇ ਅਤੇ ਤਰੀਕੇ ਨਾਲ ਲੋਕਾਂ ਦੇ ਦਿਲਾਂ ਨੂੰ ਛੂਹਿਆ ਤੇ ਉਹ 'ਲੋਕਾਂ ਦੇ ਪੋਪ' ਸਨ।"

## ਧਰਮ ਧਾਲੀਵਾਲ 'ਤੇ 30 ਲੱਖ ਦਾ ਇਨਾਮ

**ਵੈਨਕੂਵਰ** : ਉਂਟਾਰੀਓ ਦੀ ਪੀਲ ਪੁਲਸ ਨੇ ਢਾਈ ਸਾਲ ਪਹਿਲਾਂ ਮਿਸੀਸਾਗਾ ਦੇ ਗੈਸ ਸਟੇਸ਼ਨ (ਪੈਟਰੋਲ ਪੰਪ) 'ਤੇ ਕੰਮ ਕਰਦੀ ਪਤਨੀ ਦਾ ਕਤਲ ਕਰਕੇ ਭੱਜਣ ਵਾਲੇ ਵਿਅਕਤੀ ਦਾ ਥਹੁ-ਪਤਾ ਦੱਸਣ 'ਤੇ 3 ਜੂਨ ਤੱਕ ਉਸ ਨੂੰ ਫੜਾਉਣ ਬਦਲੇ 50 ਹਜ਼ਾਰ ਡਾਲਰ (30 ਲੱਖ ਰੁਪਏ) ਦੇਣ ਦਾ ਐਲਾਨ ਕੀਤਾ ਹੈ। ਧਰਮ ਧਾਲੀਵਾਲ (32) ਨਾਂਅ ਦੇ ਲੋੜੀਂਦੇ ਵਿਅਕਤੀ ਦੀ ਫੋਟੋ ਜਾਰੀ ਕਰਦਿਆਂ ਉਸ ਦਾ ਕੱਦ 5 ਫੁੱਟ ਸੱਤ ਇੰਚ ਅਤੇ ਭਾਰ 76 ਕਿੱਲੋ ਦੱਸਿਆ ਗਿਆ ਹੈ। ਸ਼ੱਕੀ ਦੋਸ਼ੀ ਦੇ ਦੋ ਰਿਸ਼ਤੇਦਾਰ ਅਮਰਜੀਤ ਧਾਲੀਵਾਲ (50) ਅਤੇ ਪ੍ਰਿਤਪਾਲ ਧਾਲੀਵਾਲ (25) ਵਾਰਦਾਤ ਨੂੰ ਅੰਜਾਮ ਦੇਣ ਵਿੱਚ ਸਹਿਯੋਗ ਕਰਨ ਅਤੇ ਦੋਸ਼ੀ ਨੂੰ ਪਨਾਹ ਦੇਣ ਦੇ ਜੁਰਮ ਵਿੱਚ ਕਾਫੀ ਦੇਰ ਤੋਂ ਅਦਾਲਤ ਵਿੱਚ ਪੇਸ਼ੀਆਂ ਭੁਗਤ ਰਹੇ ਹਨ। ਜੁਰਮ ਕਰਨ ਤੋਂ ਪਹਿਲਾਂ ਦੋਸ਼ੀ ਘਰੇਲੂ ਹਿੰਸਾ ਦੇ ਕਈ ਮਾਮਲਿਆਂ ਵਿੱਚ ਜ਼ਮਾਨਤ 'ਤੇ ਸੀ।

ਘਟਨਾ 3 ਦਸੰਬਰ 2022 ਦੀ ਹੈ, ਜਦੋਂ ਪਵਨਪ੍ਰੀਤ ਕੌਰ (21) ਮਿਸੀਸਾਗਾ ਦੀ ਬ੍ਰਿਟਾਨੀਆ ਰੋਡ ਅਤੇ ਕਰੈਡਿਟ ਵਿਊ ਰੋਡ ਦੇ ਚੌਕ ਨੇੜੇ ਪੈਟਰੋ ਕੈਨੇਡਾ ਦੇ ਗੈਸ ਸਟੇਸ਼ਨ 'ਤੇ ਰਾਤ ਦੀ ਡਿਊਟੀ ਕਰ ਰਹੀ ਸੀ। ਪੁਲਸ ਕੋਲ ਮੌਜੂਦ ਸੀ ਸੀ ਟੀ ਵੀ ਫੁਟੇਜ਼ ਮੁਤਾਬਕ ਦੋਸ਼ੀ ਨੇ ਕਾਰ ਪਾਰਕ ਕੀਤੀ ਤੇ ਬੰਦੂਕ ਲੈ ਕੇ ਅੰਦਰ ਗਿਆ ਅਤੇ 21 ਸਾਲਾ ਪਵਨਪ੍ਰੀਤ ਕੌਰ ਨੂੰ ਕਈ ਗੋਲੀਆਂ ਮਾਰਨ ਤੋਂ ਬਾਅਦ ਫਰਾਰ ਹੋ ਗਿਆ। ਪਤਨੀ ਨੂੰ ਮਾਰਨ ਤੋਂ ਪਹਿਲਾਂ ਦੋਸ਼ੀ ਨੇ ਆਪਣੀ ਖ਼ੁਦਕੁਸ਼ੀ ਦੀ ਮਨਘੜਤ ਕਹਾਣੀ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ, ਜੋ ਮਗਰੋਂ ਝੂਠੀ ਸਾਬਤ ਹੋਈ, ਜਿਸ ਕਾਰਨ ਉਸ 'ਤੇ ਪਹਿਲਾ ਦਰਜਾ ਕਤਲ (ਸਾਜ਼ਿਸ਼ ਤਹਿਤ ਮਾਰਨਾ) ਦਾ ਮਾਮਲਾ ਦਰਜ ਹੋਇਆ।

ਗੋਲੀਬਾਰੀ ਤੋਂ ਬਾਅਦ ਦੋਸ਼ੀ ਨੂੰ ਤੇਜ਼ੀ ਨਾਲ ਭੱਜਦੇ ਵੇਖ ਕੇ ਇੱਕ ਪੁਲਸ ਅਫਸਰ ਨੂੰ ਕੁਝ ਸ਼ੱਕ ਹੋਇਆ ਤਾਂ ਉਸ ਨੇ ਦੋਸ਼ੀ ਦਾ ਪਿੱਛਾ ਕਰਨ ਦੀ ਬਜਾਏ ਸਟੋਰ ਦੇ ਅੰਦਰ ਜਾ ਕੇ ਪੀੜਤ ਨੂੰ ਤੜਪਦੀ ਵੇਖਿਆ ਤੇ ਹੰਗਾਮੀ ਮਦਦ ਸੱਦ ਕੇ ਹਸਪਤਾਲ ਪਹੁੰਚਾਇਆ। ਹਾਲਾਂਕਿ ਪਵਨਪ੍ਰੀਤ ਕੌਰ ਜ਼ਖਮਾਂ ਦੀ ਤਾਬ ਨਾ ਸਹਿੰਦੇ ਹੋਏ ਦਮ ਤੋੜ ਗਈ। ਜਾਂਚ ਦੌਰਾਨ ਪੁਲਸ ਨੇ ਦੋਸ਼ੀ ਵਿਰੁੱਧ ਠੋਸ ਸਬੂਤ ਇਕੱਤਰ ਕਰ ਲਏ ਹਨ, ਪਰ ਹੁਣ ਤੱਕ ਉਹ ਫੜਿਆ ਨਹੀਂ ਗਿਆ।

CMYK

27-APRIL-PAGE-1.qxd 4/26/2025 10:39 PM Page 2



## ਲਾਲਾ ਕਸਤੂਰੀ ਲਾਲ ਸਕੂਲ 'ਚ ਪੋਸਟਰ ਮੁਕਾਬਲੇ ਕਰਾਏ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਧਰਤੀ ਦਿਵਸ ਮੌਕੇ 3 ਪੰਜਾਬ ਨਵਲ ਯੂਨਿਟ ਐੱਨਸੀਸੀ ਬਠਿੰਡਾ ਵੱਲੋਂ ਐੱਨਸੀਸੀ ਕੈਡਿਟਾਂ ਵਿਚਕਾਰ ਵਿਸ਼ੇਸ਼ ਪੋਸਟਰ ਮੁਕਾਬਲੇ ਦਾ ਆਯੋਜਨ ਕੀਤਾ ਗਿਆ।ਇਸ ਮੁਕਾਬਲੇ ਵਿੱਚ ਸਕੂਲ ਦੇ ਕਈ ਵਿਦਿਆਰਥੀਆਂ ਨੇ ਭਾਗ ਲਿਆ ਤੇ ਵਾਤਾਵਰਣ ਸੁਰੱਖਿਆ, ਹਰੇ-ਭਰੇ ਧਰਤੀ ਤੇ ਜੈਵਿਕ ਵਿਭਿੰਨਤਾ ਬਚਾਉਣ ਵੱਲ ਸਨੇਹਾ ਦੇਣ ਵਾਲੇ ਸੁੰਦਰ ਪੋਸਟਰ ਤਿਆਰ ਕੀਤੇ।ਐੱਨਸੀਸੀ ਇੰਚਾਰਜ ਅਧਿਆਪਕ ਮੋਹਦੀਪ ਸ਼ਰਮਾ ਨੇ ਕਿਹਾ ਕਿ ਇਹ ਮੁਕਾਬਲਾ ਵਿਦਿਆਰਥੀਆਂ ਵਿੱਚ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਕਰਵਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸਾਰਾਹਨਾ ਕਰਦਿਆਂ ਉਨ੍ਹਾਂ ਨੂੰ ਵਾਤਾਵਰਣ ਬਚਾਉਣ ਵੱਲ ਹੋਰ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

## ਡੀ ਟੀ ਐੱਫ ਬਲਾਕ ਸੰਗਰੂਰ-1 ਕਮੇਟੀ ਦੀ ਚੋਣ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ/ਪ੍ਰਵੀਨ ਸਿੰਘ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਬਲਾਕ ਸੰਗਰੂਰ-1 ਵੱਲੋਂ ਬਲਾਕ ਕਮੇਟੀ ਦੀ ਚੋਣ ਕੀਤੀ ਗਈ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਕਿਹਾ ਕਿ ਬਲਾਕ ਦੇ ਅਧਿਆਪਕਾਂ ਦੀ ਹਾਜ਼ਰੀ ਵਿੱਚ ਜਗਦੀਪ ਸਿੰਘ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਸੰਗਰੂਰ, ਸੁਖਜਿੰਦਰ ਸੰਗਰੂਰ ਈਟੀਟੀ ਸਰਕਾਰੀ ਪ੍ਰਾਇਮਰੀ ਸਕੂਲ ਘਾਬਦਾਂ, ਮੱਖਣ ਸਿੰਘ ਤੋਲਾਵਾਲ ਸਹਾਇਕ ਅਧਿਆਪਕ ਸਰਕਾਰੀ ਪ੍ਰਾਇਮਰੀ ਸਕੂਲ ਬਡਰੁੱਖਾਂ, ਸੰਜੀਵ ਭੀਖੀ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਕਿਸ਼ਨਪੁਰਾ ਅਤੇ ਰਣਬੀਰ ਸਿੰਘ ਸ਼ਾਹਪੁਰ ਮਾਸਟਰ ਸਰਕਾਰੀ (ਰਾਜ) ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਨੂੰ ਸਰਵਸੰਮਤੀ ਨਾਲ ਕ੍ਰਮਵਾਰ ਬਲਾਕ ਪ੍ਰਧਾਨ, ਬਲਾਕ ਸਕੱਤਰ, ਮੀਤ ਪ੍ਰਧਾਨ, ਵਿੱਤ ਸਕੱਤਰ ਅਤੇ ਪ੍ਰੈਸ ਸਕੱਤਰ ਚੁਣਿਆ ਗਿਆ।ਇਸ ਸਮੇਂ ਮੌਜੂਦ ਜਥੇਬੰਦੀ ਦੇ ਸੀਨੀਅਰ ਆਗੂ ਬਲਬੀਰ ਲੌਂਗੋਵਾਲ ਨੇ ਅਧਿਆਪਕ ਵਰਗ ਸਾਹਮਣੇ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਬਲਾਕ ਕਮੇਟੀ ਵੱਲੋਂ ਨਿੱਠ ਕੇ ਕੰਮ ਕੀਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ।ਕਮੇਟੀ ਵੱਲੋਂ ਪੂਰੀ ਤਨਦੇਹੀ ਨਾਲ ਅਧਿਆਪਕ ਤੇ ਜਨਤਕ ਸਿੱਖਿਆ ਦੇ ਹਿੱਤਾਂ ਲਈ ਕੰਮ ਕਰਨ ਦਾ ਅਹਿਦ ਕੀਤਾ ਗਿਆ।ਇਸ ਸਮੇਂ ਉਕਤ ਆਗੂਆਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਆਗੂ ਜੁਝਾਰ ਲੌਂਗੋਵਾਲ, ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਬੀਰ ਨਮੋਲ, ਰਵਿੰਦਰ ਸ਼ਾਰਦਾ, ਮਨਿੰਦਰ ਪਾਲ ਬਡਰੁੱਖਾਂ ਤੇ ਬਲਵਿੰਦਰ ਸਿੰਘ ਗੁਰਦਾਸਪੁਰਾ ਹਾਜ਼ਰ ਸਨ।

## ਪੈਨਸ਼ਨਰਜ਼ ਪਾਵਰਕਾਮ ਐਸੋਸੀਏਸ਼ਨ ਸਰਕਲ ਫਿਰੋਜ਼ਪੁਰ ਦੀ ਚੋਣ, ਸੁਰਿੰਦਰ ਸ਼ਰਮਾ ਸਰਬਸੰਮਤੀ ਨਾਲ ਪ੍ਰਧਾਨ ਨਿਯੁਕਤ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਲ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਸੁਰਿੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਅਜਲਾਸ ਕੀਤਾ ਗਿਆ, ਜਿਸ ਵਿੱਚ ਜ਼ੀਰਾ, ਜਲਾਲਾਬਾਦ, ਸ਼ਹਿਰ ਫਿਰੋਜ਼ਪੁਰ ਤੇ ਸਿਟੀ ਫਿਰੋਜ਼ਪੁਰ ਦੇ ਡੈਲੀਗੇਟ ਦੇ ਸਾਥੀਆਂ ਨੇ ਹਿੱਸਾ ਲਿਆ। ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਸ਼ਹੀਦ ਭਗਤ ਸਿੰਘ ਸੁਖਦੇਵ ਰਾਜਗੁਰੂ ਦੇ ਸ਼ਹੀਦੀ ਦਿਵਸ ਤੇ ਸ਼ਹੀਦ ਊਧਮ ਸਿੰਘ ਜਨਮ ਦਿਨ ਬਾਰੇ ਸਾਥੀ ਨਰੇਸ਼ ਸੈਣੀ ਨੇ ਵਿਸਥਾਰ ਸਹਿਤ ਰਿਪੋਰਟ ਪੇਸ਼ ਕੀਤੀ ਗਈ। ਰਿਪੋਰਟ ਦੇ ਡੈਲੀਗੇਟ ਸਾਥੀਆਂ ਨੇ ਵਧੀਆ ਤਰੀਕੇ ਨਾਲ ਪਾਸ ਕਰ ਦਿੱਤੀ। ਸਰਕਲ ਪ੍ਰਧਾਨ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਮੰਗਾਂ ਨੂੰ ਜਲਦੀ ਲਾਗੂ ਕਰਨ ਲਈ ਕਿਹਾ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਜਿਵੇਂ ਡੀ ਏ ਦਾ ਬਕਾਇਆ, ਮੈਡੀਕਲ ਕੈਸ਼ਲੈਸ ਸਹੂਲਤ, ਪੇ ਸਕੇਲਾਂ ਦਾ ਬਕਾਇਆ ਆਦਿ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਸਰਬਸੰਮਤੀ ਨਾਲ ਰਿਪੋਰਟ ਨੂੰ ਪਾਸ ਕੀਤਾ ਗਿਆ ਤੇ ਕਮੇਟੀ ਭੰਗ ਕਰਕੇ ਸਟੇਟ ਕਮੇਟੀ ਦੇ ਅਹੁਦੇਦਾਰਾਂ ਦੇ ਹਵਾਲੇ ਕੀਤੀ ਗਈ। ਪੰਜਾਬ ਦੇ ਜਨਰਲ ਸਕੱਤਰ ਧਨਵੰਤ ਭੱਠਲ, ਸੀਨੀਅਰ ਮੀਤ ਪ੍ਰਧਾਨ ਮੋਹਨ ਸਿੰਘ, ਜਗੀਰ ਸਿੰਘ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਸਰਕਲ ਫਿਰੋਜ਼ਪੁਰ ਦੀ ਚੋਣ ਪ੍ਰਕ੍ਰਿਆ ਸ਼ੁਰੂ ਕੀਤੀ ਗਈ, ਜਿਸ ਵਿੱਚ ਇਕ ਪੈਨਲ ਆਇਆ, ਜਿਸ 'ਚ ਸੁਰਿੰਦਰ ਸ਼ਰਮਾ ਪ੍ਰਧਾਨ, ਪ੍ਰਕਾਸ਼ ਬੱਤਰਾ ਸੀਨੀਅਰ ਮੀਤ ਪ੍ਰਧਾਨ, ਰਾਕੇਸ਼ ਸ਼ਰਮਾ ਮੀਤ ਪ੍ਰਧਾਨ, ਰਸ਼ਪਾਲ ਸਿੰਘ ਸਕੱਤਰ, ਬਿਸ਼ਨ ਸਿੰਘ ਚੋਹਾਨ ਸਹਾਇਕ ਸਕੱਤਰ, ਨਰੇਸ਼ ਸੈਣੀ ਵਿੱਤ ਸਕੱਤਰ, ਮੁਖਤਿਆਰ ਸਿੰਘ ਜ਼ੀਰਾ ਪ੍ਰੈਸ ਸਕੱਤਰ, ਸ਼ਾਮ ਸਿੰਘ ਆਰਗੇਨਾਈਜ਼ਰ, ਸੁਰਜਨ ਸਿੰਘ ਐਡੀਟਰ ਚੁਣੇ ਗਏ ਅਤੇ ਹੋਰ ਕੋਈ ਵੀ ਪੈਨਲ ਨਾ ਆਉਣ ਕਾਰਨ ਸੁਰਿੰਦਰ ਸ਼ਰਮਾ ਨੂੰ ਸਰਬਸੰਮਤੀ ਨਾਲ ਸਰਕਲ ਫਿਰੋਜ਼ਪੁਰ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।

## ਪੀ ਐੱਫ ਆਈ ਤੇ ਪੀ ਟੀ ਪੀ ਵੱਲੋਂ ਡੀ ਆਈ ਜੀ ਸਿੱਧੂ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪ੍ਰੈੱਸ ਫ਼ੈਡਰੇਸ਼ਨ ਆਫ਼ ਇੰਡੀਆਅਤੇ ਪ੍ਰੈੱਸ ਟਰੱਸਟ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਪਟਿਆਲਾ ਪੁਲਸ ਰੇਂਜ ਦੇ ਡੀ ਆਈ ਜੀ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਰਹੇ ਮਨਦੀਪ ਸਿੰਘ ਸਿੱਧੂ ਦਾ 'ਪ੍ਰਸੰਸਾ ਪੱਤਰ' ਨਾਲ ਸਨਮਾਨ ਕੀਤਾ ਗਿਆ।ਪੀਐੱਫਆਈ ਦੇ ਕੌਮੀ ਚੇਅਰਮੈਨ ਵਿਵੇਕ ਸਿੰਧਵਾਨੀ ਤੇ ਪੀਟੀਪੀ ਦੇ ਪ੍ਰਧਾਨ ਮਨੋਹਰ ਸਿੰਘ ਸੱਗੂ ਦੀ ਅਗਵਾਈ ਹੇਠ ਕਰਵਾਏ ਸਨਮਾਨ ਸਮਾਗਮ ਵਿੱਚ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ, ਕਪਤਾਨ ਪੁਲਸ ਦਿਲਪ੍ਰੀਤ ਸਿੰਘ ਆਈ.ਪੀ.ਐੱਸ. ਦਵਿੰਦਰ ਅੱਤਰੀ, ਡੀ.ਐੱਸ.ਪੀ. ਸੁਖਦੇਵ ਸਿੰਘ, ਡੀ.ਐੱਸ.ਪੀ. ਧੂਰੀ ਦਮਨਬੀਰ ਸਿੰਘ ਆਦਿ ਮੌਜੂਦ ਸਨ।ਇਸ ਮੌਕੇ ਪ੍ਰੈੱਸ ਜਥੇਬੰਦੀਆਂ ਵੱਲੋਂ ਮਿਲੇ ਸਨਮਾਨ ਬਦਲੇ ਧੰਨਵਾਦ ਕਰਦਿਆਂ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਧੰਨਵਾਦ ਤੇ ਮਾਣ ਦੇ ਪਲ 37 ਸਾਲਾਂ ਦੀ ਨਿਸ਼ਟਾਪੂਰਵਕ ਪੁਲਸ ਸੇਵਾ ਨੂੰ ਇੱਜਤ ਬਖ਼ਸ਼ਣ ਲਈ ਇਹ ਸਨਮਾਨ ਮੇਰੇ ਲਈ ਸਿਰਫ਼ ਮਾਣ ਨਹੀਂ, ਸੇਵਾ ਦੀ ਨਵੀਂ ਪ੍ਰੇਰਣਾ ਵੀ ਹੈ।ਭਵਿੱਖ ਵਿੱਚ ਵੀ ਜਨਤਾ ਦੀ ਭਲਾਈ ਤੇ ਸੁਰੱਖਿਆ ਲਈ ਹਮੇਸ਼ਾ ਤਤਪਰ ਰਹਾਂਗਾ।ਪ੍ਰੈੱਸ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ ਨੇ ਕਿਹਾ ਕਿ ਜਥੇਬੰਦੀ ਵੱਲੋਂ ਵੱਖ ਵੱਖ ਖ਼ੇਤਰਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰਨ ਵਾਲੇ ਸਮਾਜ ਸੇਵੀ ਤੇ ਅਧਿਕਾਰੀਆਂ ਦਾ ਸਨਮਾਨ ਕਰਨ ਦੀ ਲੜੀ ਸ਼ੁਰੂ ਕੀਤੀ ਗਈ ਹੈ ਅਤੇ ਸ੍ਰੀ ਸਿੱਧੂ ਵੱਲੋਂ ਪੁਲਸ ਸੇਵਾਵਾਂ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਨਿਭਾਈਆਂ ਸ਼ਲਾਘਾਯੋਗ ਸੇਵਾਵਾਂ ਬਦਲੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਹੈ।ਇਸ ਮੌਕੇ ਪੀਟੀਪੀ ਆਗੂ ਸੰਜੀਵ ਜੈਨ, ਅਮਨ ਗਰਗ ਤੇ ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਅਭਿਨਵ ਨਵੀ ਗੋਇਲ, ਧੂਰੀ ਵਿਕਾਸ ਮੰਚ ਦੇ ਜਨਰਲ ਸਕੱਤਰ ਹੰਸ ਰਾਜ ਬਜਾਜ ਹਾਜ਼ਰ ਸਨ।

## ਕਰਤਾਰ ਰਮਲਾ ਦੀ ਬਰਸੀ ਮੌਕੇ ਸੱਭਿਆਚਾਰਕ ਮੇਲਾ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਵ. ਲੋਕ ਗਾਇਕ ਕਰਤਾਰ ਰਮਲਾ ਦੀ 5ਵੀਂ ਬਰਸੀ ਮੌਕੇ ਸੱਭਿਆਚਾਰਕ ਮੇਲਾ ਕਰਵਾਇਆ ਗਿਆ, ਜਿਸ ਵਿੱਚ ਡਾ. ਮੋਹਨ ਕਟਾਰੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੇਲੇ ਦੌਰਾਨ ਲੋਕ ਗਾਇਕ ਸੁਨੀਲ ਕੁਮਾਰ ਕੁੱਕੜ ਫਾਜ਼ਿਲਕਾ, ਹਰਜੀਤ ਸਿੱਧੂ-ਪ੍ਰਵੀਨ ਦਰਦੀ, ਆਤਮਾ ਬੁੱਢੇਵਾਲ-ਐੱਸ ਕੌਰ ਲੁਧਿਆਣਾ ਵੱਲੋਂ ਆਪਣੇ ਗੀਤਾਂ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਡਾ. ਮੋਹਨ ਕਟਾਰੀਆ ਵੱਲੋਂ ਲੋਕ ਗਾਇਕਾਂ ਨੂੰ ਸਨਮਾਨ ਚਿੰਨ੍ਹ ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਸਟੇਜ ਸੈਕਟਰੀ ਦੀ ਭੂਮਿਕਾ ਗੁਰਮੇਲ ਸਿੰਘ ਮੇਲੀ ਲੁਧਿਆਣਾ ਨੇ ਖੂਬ ਨਿਭਾਈ। ਇਸ ਮੌਕੇ ਹਰਮਿੰਦਰ ਸਿੰਘ ਬਰਾੜ ਕੋਟਲਾ, ਮੁਕੰਦ ਕਮਲ, ਮੁਖਤਿਆਰ ਸਿੰਘ ਵੰਗੜ, ਸਵਰਨ ਸਿੰਘ ਵੰਗੜ, ਨਛੱਤਰ ਸਿੰਘ ਕਬੱਡੀ ਪ੍ਰਧਾਨ, ਗੁਲਾਬ ਸਿੰਘ ਭੱਟੀਵਾਲਾ, ਰੇਸ਼ਮ ਸਿੰਘ ਭੱਟੀਵਾਲਾ, ਜਸਵਿੰਦਰ ਸਿੰਘ ਬਾਠ, ਗੁਰਮੀਤ ਸਿੰਘ ਸੱਚਦੇਵਾ, ਹਰਭਜਨ ਸਿੰਘ ਭਜਨ, ਜਸਕਰਨ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

## ਪਹਿਲਗਾਮ ਦੇ ਮ੍ਰਿਤਕਾਂ ਨੂੰ ਦਿੱਤੀ ਸ਼ਰਧਾਂਜਲੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਹਿਲਗਾਮ ਵਿਖੇ ਅੱਤਵਾਦੀ ਹਮਲੇ ਦੇ ਮ੍ਰਿਤਕਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਮਾਛੀਵਾੜਾ ਦੇ ਵਿਦਿਆਰਥੀਆਂ ਤੇ ਸਟਾਫ਼ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਸ਼ੋਕ ਸਭਾ ਕੀਤੀ। ਸਭਾ ਦੀ ਸ਼ੁਰੂਆਤ ਦੋ ਮਿੰਟ ਦੇ ਮੌਨ ਨਾਲ ਹੋਈ, ਜੋ ਸਾਰੇ ਹਾਜ਼ਰੀਨ ਵੱਲੋਂ ਵਿਛੋੜੀਆਂ ਰੂਹਾਂ ਦੇ ਸਨਮਾਨ ਵਜੋਂ ਰੱਖਿਆ ਗਿਆ। ਵਿਦਿਆਰਥੀਆਂ ਨੇ ਸ਼ਾਂਤੀ ਤੇ ਇਕਜੁੱਟਤਾ ਦੇ ਸੰਦੇਸ਼ ਵਾਲੇ ਪੋਸਟਰ ਫੜੇ ਹੋਏ ਸਨ। ਸਕੂਲ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਇਸ ਦੁਖਦਾਈ ਘਟਨਾ 'ਤੇ ਸਕੂਲ ਦੀ ਡੂੰਘੀ ਪੀੜਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿਚ ਹੋਏ ਇਸ ਬੇਰਹਿਮ ਕਾਰੇ ਨੇ ਪੂਰੇ ਦੇਸ਼ ਦੀ ਜ਼ਮੀਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਅਸੀਂ ਉਨ੍ਹਾਂ ਪਰਿਵਾਰਾਂ ਨਾਲ ਇਕਜੁੱਟਤਾ ਨਾਲ ਖੜ੍ਹੇ ਹਾਂ, ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ ਹੈ ਤੇ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਲਈ ਅਰਦਾਸ ਕਰਦੇ ਹਾਂ। ਸ਼ਰਧਾਂਜਲੀ ਦੀ ਸਮਾਪਤੀ ਸ਼ਾਂਤੀ ਤੇ ਸਿਹਤਯਾਬੀ ਲਈ ਸਮੂਹਕ ਪ੍ਰਾਰਥਨਾ ਨਾਲ ਹੋਈ।

# ਪੰਚਾਇਤੀ ਜ਼ਮੀਨ 'ਤੇ ਨਜਾਇਜ਼ ਕਬਜ਼ਿਆਂ ਦੀ ਮੁੜ ਨਿਸ਼ਾਨਦੇਹੀ ਕਰਵਾਈ

- ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਨਹੀਂ ਹੋਈ ਨਿਸ਼ਾਨਦੇਹੀ : ਸਾਬਕਾ ਸਰਪੰਚ ਰਣਜੀਤ ਸਿੰਘ
- ਨਿਸ਼ਾਨਦੇਹੀ ਸਹੀ ਢੰਗ ਨਾਲ ਬਿਨਾਂ ਕਿਸੇ ਪੱਖਪਾਤ ਕੀਤੀ ਗਈ ਹੈ : ਤਹਿਸੀਲਦਾਰ ਅਹੀਰ



ਮਾਨਯੋਗ ਹਾਈਕੋਰਟ ਵੱਲੋਂ ਦਿੱਤੇ ਉਦੇਸ਼ਾਂ ਅਨੁਸਾਰ ਨਿਸ਼ਾਨਦੇਹੀ ਕਰਦੇ ਹੋਏ ਅਧਿਕਾਰੀ ਤੇ ਹਾਜ਼ਰ ਪਤਵੰਤੇ। (ਇਨਸੈਟ) ਰਣਜੀਤ ਸਿੰਘ ਸਾਬਕਾ ਸਰਪੰਚ ਸ਼ੇਰਪੁਰ

**ਸ਼ੇਰਪੁਰ (ਰਵੀ ਟਿੱਬਾ)**-ਆਮ ਆਦਮੀ ਪਾਰਟੀ ਨੇ ਬਦਲਾਅ ਦੇ ਨਾਮ ਹੇਠ 2022 ਵਿੱਚ ਪੰਜਾਬ ਵਿੱਚ ਵੱਡੀ ਲੀਡ ਨਾਲ ਸੱਤਾ ਸੰਭਾਲੀ, ਤਾਂ ਸਰਕਾਰ ਨੇ ਆਉਂਦੇ ਹੀ ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਛੁਡਵਾਉਣ ਦਾ ਫੈਸਲਾ ਲਿਆ।ਇਸ ਦੇ ਤਹਿਤ ਹੀ ਗ੍ਰਾਮ ਪੰਚਾਇਤ ਸ਼ੇਰਪੁਰ ਦੇ ਸਾਬਕਾ ਸਰਪੰਚ ਸ. ਰਣਜੀਤ ਸਿੰਘ ਨੇ ਪਿੰਡ ਦੀ ਪੰਚਾਇਤੀ ਜ਼ਮੀਨ 'ਤੇ ਨਜਾਇਜ਼ ਕਬਜ਼ੇ ਦਾ ਧਿਆਨ ਲੋਕ ਹਿੱਤ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੇ ਬਲਾਕ ਡਿਵੈਲਪਮੈਂਟ ਪੰਚਾਇਤ ਅਫਸਰ ਦੇ ਧਿਆਨ ਵਿੱਚ ਲਿਆਂਦਾ, ਜਿਸ ਦੇ ਉਲਟ ਰਣਜੀਤ ਸਿੰਘ ਨੇ ਕਿਹਾ ਕਿ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਹੀ ਟਾਰਗੇਟ ਬਣਾ ਲਿਆ।ਇਸ ਦਾ ਮੁੱਖ ਕਾਰਨ ਉਨ੍ਹਾਂ ਕਬਜ਼ਾਧਾਰਕਾਂ ਦਾ ਸੀ, ਜਿਸ ਥਾਂ 'ਤੇ ਸੱਤਾਧਾਰੀ ਧਿਰ ਦੇ ਇੱਕ ਵਿਧਾਇਕ ਦਾ ਦਫਤਰ ਬਣਾਇਆ ਹੋਇਆ ਦੱਸਿਆ ਜਾ ਰਿਹਾ ਹੈ।ਸਾਬਕਾ ਸਰਪੰਚ ਰਣਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਜ਼ਿਆਦਾ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਨੇ ਵਿਅਕਤੀਗਤ ਤੌਰ 'ਤੇ ਮਾਨਯੋਗ ਹਾਈਕੋਰਟ ਵੱਲ ਰੁੱਖ ਕੀਤਾ, ਉੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡੀ ਸੀ ਸੰਗਰੂਰ ਤੇ ਬੀਡੀਪੀਓ ਬਲਾਕ ਸ਼ੇਰਪੁਰ ਨੂੰ ਧਿਰ ਬਣਾ ਕੇ ਨਿਸ਼ਾਨਦੇਹੀ ਲਈ ਪਟੀਸ਼ਨ ਪਾਈ ਗਈ, ਜਿਸ ਦੇ ਫਲਸਰੂਪ ਮਾਨਯੋਗ ਹਾਈ ਕੋਰਟ ਵੱਲੋਂ ਪਟੀਸ਼ਨ ਵਿੱਚ ਦਰਜ 19 ਵਿਅਕਤੀਆਂ ਦੀ ਨਿਸ਼ਾਨਦੇਹੀ ਕਰਨ ਦਾ ਹੁਕਮ ਦਿੱਤਾ ਗਿਆ।ਸਾਬਕਾ ਸਰਪੰਚ ਰਣਜੀਤ ਸਿੰਘ ਨੇ ਕਿਹਾ ਕਿ ਫਿਰ ਵੀ ਇਨ੍ਹਾਂ ਕਬਜ਼ਾਕਾਰਾਂ ਦਾ ਕਬਜ਼ਾ ਬਹੁ-ਕੀਮਤੀ ਜ਼ਮੀਨ 'ਤੇ ਰਿਹਾ।ਸਾਬਕਾ ਸਰਪੰਚ ਰਣਜੀਤ ਸਿੰਘ ਨੇ ਕਿਹਾ ਕਿ ਉੱਚ ਅਧਿਕਾਰੀਆਂ ਵੱਲੋਂ ਸਿਆਸੀ ਦਬਾਅ ਹੇਠ ਸਿਆਸੀ ਰਸੂਖਵਾਨਾਂ ਨੂੰ ਨਿਸ਼ਾਨਦੇਹੀ ਤੋਂ ਬਾਹਰ ਰੱਖਿਆ ਗਿਆ ਤੇ ਅਧੂਰੀ ਨਿਸ਼ਾਨਦੇਹੀ ਕਰਵਾ ਕੇ ਹੰਝੂ ਪੂੰਝਣ ਵਾਲਾ ਕੰਮ ਕਰ ਦਿੱਤਾ ਗਿਆ, ਜਿਸ ਉਪਰੰਤ ਉਨ੍ਹਾਂ ਵੱਲੋਂ ਰੀਵਿਊ ਪਟੀਸ਼ਨ ਪਾਈ ਗਈ, ਜਿਸ ਵਿੱਚ ਇਹ ਜ਼ਿਕਰ ਕੀਤਾ ਗਿਆ ਕਿ ਸੀਰੀਅਲ ਨੰਬਰ 01 ਤੋਂ 19 ਤੱਕ ਦੇ ਕਬਜ਼ਾ ਧਾਰਕਾਂ ਵਿੱਚੋਂ 09 ਤੋਂ 19 ਤੱਕ ਦੇ ਕਬਜ਼ਾ ਧਾਰਕਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ ਗਈ।ਇਸ ਰੀਵਿਊ ਪਟੀਸ਼ਨ ਦੀ ਸੁਣਵਾਈ ਸਮੇਂ ਪ੍ਰਸ਼ਾਸਨ ਵੱਲੋਂ ਦੂਸਰੀ ਧਿਰ ਦਾ ਕੋਈ ਵੀ ਜ਼ਿੰਮੇਵਾਰ ਨੁਮਾਇੰਦਾ ਨਹੀਂ ਪਹੁੰਚਿਆ।ਇਸ 'ਤੇ ਮਾਨਯੋਗ ਹਾਈਕੋਰਟ ਵੱਲੋਂ ਅਗਲੀ ਪੇਸ਼ੀ 2 ਮਈ 2025 ਲਈ ਆਰਡਰ ਪਾਸ ਕੀਤਾ ਗਿਆ। ਇਸ ਆਰਡਰ ਵਿੱਚ ਹੁਕਮ ਦਿੱਤਾ ਗਿਆ ਕਿ ਸੀਨੀਅਰ ਪੁਲਸ ਕਪਤਾਨ ਸੰਗਰੂਰ ਜਮਾਨਤ ਯੋਗ ਵਰੰਟ ਤਾਮੀਲ ਕਰਵਾ ਕੇ ਅਗਲੀ ਪੇਸ਼ੀ ਤੇ ਦੂਜੀ ਧਿਰ ਨੂੰ ਹਾਜ਼ਰ ਹੋਣ ਲਈ ਯਕੀਨੀ ਬਣਾਵੇ, ਜਿਸ ਦੇ ਪ੍ਰਤੀਕਰਮ ਵਜੋਂ ਅੱਜ ਵਿਜੇ ਕੁਮਾਰ ਅਹੀਰ ਨਾਇਬ ਤਹਿਸੀਲਦਾਰ ਸ਼ੇਰਪੁਰ ਦੀ ਅਗਵਾਈ ਹੇਠ ਬੀ ਡੀ ਪੀਓ ਜਸਵਿੰਦਰ ਸਿੰਘ ਬੱਗਾ ਸ਼ੇਰਪੁਰ, ਸੁਖਵਿੰਦਰ ਸਿੰਘ ਕਨੂੰਨਗੋ ਮੂਲੋਵਾਲ, ਸਤਵਿੰਦਰ ਸਿੰਘ ਕਨੂੰਨਗੋ ਧੂਰੀ, ਰਾਜਵਿੰਦਰ ਸਿੰਘ ਕਨੂੰਨਗੋ ਸ਼ੇਰਪੁਰ, ਬਿਕਰ ਸਿੰਘ ਕਨੂੰਨਗੋ ਮੀਮਸਾ, ਕੇਵਲ ਕ੍ਰਿਸ਼ਨ ਸਮਤੀ ਪਟਵਾਰੀ, ਸੁਖਵਿੰਦਰ ਸਿੰਘ ਪਟਵਾਰੀ ਸ਼ੇਰਪੁਰ, ਜਗਦੇਵ ਸਿੰਘ ਪੰਚਾਇਤ ਸੈਕਟਰੀ ਸ਼ੇਰਪੁਰ ਵੱਲੋਂ ਸਮੇਤ ਪੁਲਸ ਪਾਰਟੀ ਦੇ ਡੀ ਜੀ ਪੀ ਐੱਸ ਨਾਲ ਮਿਣਤੀ ਕਰਵਾਈ ਗਈ।ਇਸ ਮੌਕੇ ਵੱਡੀ ਗਿਣਤੀ ਪਿੰਡ ਦੇ ਮੋਹਤਬਰ ਤੇ ਪਤਵੰਤੇ ਸਿਖ਼ਰ ਦੁਪਹਿਰ ਸਿਰ 'ਤੇ ਲੰਘਾ ਕੇ ਰਿਪੋਰਟ ਦੀ ਉਡੀਕ ਕਰਦੇ ਰਹੇ, ਪਰ ਕਿਸੇ ਨੂੰ ਵੀ ਮਿਣਤੀ ਅਧਿਕਾਰੀਆਂ ਵੱਲੋਂ ਲਗਾਏ ਜਾ ਰਹੇ ਨਿਸ਼ਾਨਾਂ ਬਾਰੇ ਕਿਸੇ ਗੱਲ ਦੀ ਸਮਝ ਨਹੀਂ ਲੱਗੀ।ਮਿਣਤੀ ਦੇ ਸਬੰਧ ਵਿੱਚ ਪੁੱਛੇ ਜਾਣ 'ਤੇ ਸ੍ਰੀ ਵਿਜੇ ਕੁਮਾਰ ਅਹੀਰ ਨਾਇਬ ਤਹਿਸੀਲਦਾਰ ਸ਼ੇਰਪੁਰ ਨੇ ਕਿਹਾ ਕਿ ਡੀਜੀਪੀਐਸ ਮਸ਼ੀਨ ਰਾਹੀਂ ਸਹੀ ਢੰਗ ਨਾਲ ਨਿਰਪੱਖ ਤੌਰ 'ਤੇ ਨਿਸ਼ਾਨਦੇਹੀ ਕਰਵਾਈ ਗਈ ਹੈ, ਜਿਸ ਵਿੱਚ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਗਿਆ, ਜਿਸ ਦੀ ਅਸੀਂ ਰਿਪੋਰਟ ਬਣਾ ਕੇ ਭੇਜਾਂਗੇ।ਜਦੋਂ ਮਿਣਤੀ ਸਬੰਧੀ ਸਾਬਕਾ ਸਰਪੰਚ ਰਣਜੀਤ ਸਿੰਘ ਧਾਲੀਵਾਲ ਨੂੰ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ ਕਿ ਮਾਨਯੋਗ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਜੋ ਨਿਸ਼ਾਨਦੇਹੀ ਕਾਰਵਉਣੀ ਸੀ, ਉਹ ਨਹੀਂ ਕੀਤੀ ਗਈ।

## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਮਲੇਰੀਆ ਦਿਵਸ ਮਨਾਇਆ



**ਬਠਿੰਡਾ (ਰਾਜੀਵ ਗੋਇਲ)**-ਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ।ਸਕੂਲ ਵਿੱਚ ਆਈ ਡਾਕਟਰਾਂ ਦੀ ਟੀਮ, ਜਿਸ ਵਿੱਚ ਡਾ. ਮਲਕੀਤ ਸਿੰਘ ਢਿੱਲੋਂ ਤੇ ਡਾ. ਸੁਖਮੰਦਰ ਸਿੰਘ ਕਾਂਗੜ ਸ਼ਾਮਲ ਸਨ, ਨੇ ਬੱਚਿਆਂ ਨੂੰ ਮੱਛਰ ਤੋਂ ਪੈਦਾ ਹੋਣ ਵਾਲੀਆਂ ਭਿਆਨਕ ਬਿਮਾਰੀਆਂ ਤੋਂ ਜਾਗਰੂਕ ਕਰਵਾਉਂਦੇ ਹੋਏ ਦੱਸਿਆ ਕਿ ਮਲੇਰੀਆ ਇੱਕ ਗੰਭੀਰ ਬਿਮਾਰੀ ਹੈ ਜੋ ਕਿ ਮੱਛਰ ਦੇ ਕੱਟਣ ਨਾਲ ਹੁੰਦੀ ਹੈ।ਡਾ. ਸਾਹਿਬ ਨੇ ਦੱਸਿਆ ਕਿ ਇਹ ਮੱਛਰ ਖੜ੍ਹੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ ਤੇ ਇਹ ਸਵੇਰੇ ਤੇ ਰਾਤ ਵੇਲੇ ਕੱਟਦਾ ਹੈ।ਜੇਕਰ ਮਲੇਰੀਏ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਘਾਤਕ ਸਿੱਧ ਹੁੰਦਾ ਹੈ।ਉਹਨਾਂ ਨੇ ਭਿਆਨਕ ਬਿਮਾਰੀਆਂ ਤੋਂ ਬਚਣ ਦੇ ਤਰੀਕੇ ਵੀ ਦੱਸੇ ਤੇ ਨਾਲ ਹੀ ਉਸ ਦੇ ਬਚਾਅ ਲਈ ਕੁਝ ਘਰੇਲੂ ਉਪਾਅ ਵੀ ਦੱਸੇ।ਸਕੂਲ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਬੱਚਿਆਂ ਨੂੰ ਇਸ ਬਿਮਾਰੀ ਬਾਰੇ ਦੱਸਦਿਆ ਕਿਹਾ ਕਿ ਸਾਨੂੰ ਡਾ. ਸਾਹਿਬ ਵੱਲੋਂ ਦੱਸੀਆਂ ਗੱਲਾਂ ਉੱਪਰ ਅਮਲ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਨੇ ਸਕੂਲ ਵਿੱਚ ਆਈ ਡਾਕਟਰਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗਗਨਦੀਪ ਕੌਰ, ਗੁਰਪ੍ਰੀਤ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਤਰਨਵੀਰ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਮਾਣੂੰਕੇ ਨੇ ਮਿੱਡ ਡੇ ਮੀਲ ਵਰਕਰਾਂ ਕੋਲੋਂ ਕਰਵਾਇਆ ਲੀਲ੍ਹਾਂ ਤੇ ਰਸੂਲਪੁਰ ਸਕੂਲਾਂ ਦੇ ਪ੍ਰੋਜੈਕਟਾਂ ਦਾ ਉਦਘਾਟਨ



**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਹਲਕੇ ਦੇ ਪਿੰਡ ਲੀਲ੍ਹਾਂ ਮੇਘ ਸਿੰਘ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ 3 ਲੱਖ 8 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਚਾਰਦੀਵਾਰੀ ਤੇ ਸਰਕਾਰੀ ਮਿਡਲ ਸਕੂਲ ਰਸੂਲਪੁਰ (ਢਾਹਾ) ਵਿਖੇ 2 ਲੱਖ 60 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਚਾਰਦੀਵਾਰੀ ਦਾ ਉਦਘਾਟਨ ਆਂਗਣਵਾੜੀ ਵਰਕਰਾਂ ਹਰਪ੍ਰੀਤ ਕੌਰ, ਪਰਵਿੰਦਰ ਕੌਰ ਤੇ ਕੁਲਵਿੰਦਰ ਕੌਰ ਕੋਲੋਂ ਕਰਵਾਇਆ ਗਿਆ ਤੇ ਵੱਖਰੀ ਮਿਸਾਲ ਪੈਦਾ ਕੀਤੀ ਗਈ। ਇਸ ਤੋਂ ਵਿਧਾਇਕਾ ਵੱਲੋਂ ਮਿੱਡ ਡੇ ਮੀਲ ਵਰਕਰਾਂ ਨੂੰ ਹਾਰ ਪਾ ਕੇ ਸਨਮਾਨਤ ਕੀਤਾ ਗਿਆ ਅਤੇ ਹਾਜ਼ਰ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਵੇਖੀ ਗਈ। ਇਨ੍ਹਾਂ ਸਕੂਲਾਂ ਦੇ ਹੋਏ ਉਦਘਾਟਨੀ ਸਮਾਰੋਹਾਂ ਦੌਰਾਨ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਸਿੱਖਿਆ ਕ੍ਰਾਂਤੀ' ਦਾ ਮੁੱਖ ਮਕਸਦ ਬੱਚਿਆਂ, ਅਧਿਆਪਕਾਂ ਤੇ ਮਾਪਿਆਂ ਨੂੰ ਇਕੱਠੇ ਬਿਠਾ ਕੇ ਸਰਕਾਰ ਵੱਲੋਂ ਮਿਲਦੀਆਂ ਸਹੂਲਤਾਂ ਬਾਰੇ ਜਾਣੂੰ ਕਰਵਾਉਣਾ ਅਤੇ ਸਿੱਖਿਆ ਦੇ ਮਿਆਰ ਨੂੰ ਕਿਵੇਂ ਉੱਚਾ ਚੁੱਕਣਾ ਤੇ ਬੱਚਿਆਂ ਦੇ ਬੌਧਿਕ ਵਿਕਾਸ ਨੂੰ ਕਿਵੇਂ ਵਿਕਸਤ ਕਰਨਾ ਹੈ, ਬਾਰੇ ਵਿਚਾਰ-ਚਰਚਾ ਕਰਨਾ ਹੈ। ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕਾਰਜ ਭਾਗ ਸੰਭਾਲਦਿਆਂ ਹੀ ਪਹਿਲਾਂ ਪੰਜਾਬ ਭਰ ਦੇ ਸਕੂਲਾਂ ਦਾ ਸਰਵੇ ਕਰਵਾਇਆ ਗਿਆ ਅਤੇ ਸਕੂਲਾਂ ਵਿੱਚ ਜਿਹੜੀ ਵੀ ਸਹੂਲਤ ਚਾਹੀਦੀ ਸੀ, ਉਸ ਲਈ ਸਰਕਾਰ ਵੱਲੋਂ ਗ੍ਰਾਂਟ ਜਾਰੀ ਕੀਤੀ ਗਈ ਅਤੇ ਪੰਜਾਬ ਭਰ ਦੇ ਸਕੂਲਾਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਕਲਾਸ ਰੂਮ, ਲੜਕੇ ਅਤੇ ਲੜਕੀਆਂ ਲਈ ਵੱਖ-ਵੱਖ ਪਖਾਨੇ ਅਤੇ ਸਕੂਲਾਂ ਦੀ ਚਾਰਦੀਵਾਰੀ ਆਦਿ ਤਿਆਰ ਕਰਵਾਈ ਗਈ। ਉਨ੍ਹਾ ਆਖਿਆ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਮੁਕੰਮਲ ਹੋਣ ਨਾਲ ਸਕੂਲਾਂ ਵਿੱਚ ਪੜ੍ਹਾਈ ਦਾ ਮਿਆਰ ਹੋਰ ਵਧੇਗਾ। ਇਨ੍ਹਾਂ ਸਮਾਗਮਾਂ ਦੌਰਾਨ ਐੱਸ.ਐੱਚ.ਓ. ਸਿੱਧਵਾਂ ਬੇਟ ਹੀਰਾ ਸਿੰਘ, ਕੋਆਰਡੀਨੇਟਰ ਪਰਮਿੰਦਰ ਸਿੰਘ ਗਿੱਦੜਵਿੰਡੀ, ਸੋਸ਼ਲ ਮੀਡੀਆ ਇੰਚਾਰਜ ਅਮਰਦੀਪ ਸਿੰਘ ਟੂਰੇ, ਬੀ.ਐੱਨ.ਓ. ਹਰਪ੍ਰੀਤ ਸਿੰਘ ਸਿੱਧਵਾਂ ਬੇਟ, ਬੀ.ਐੱਨ.ਓ. ਮਨਪ੍ਰੀਤ ਸਿੰਘ, ਡੀ.ਡੀ.ਓ. ਸੁਸ਼ੀਲ ਕੁਮਾਰ, ਸਰਪੰਚ ਚਰਨ ਸਿੰਘ ਲੀਲ੍ਹਾਂ, ਸਰਪੰਚ ਕੁਲਜੀਤ ਕੌਰ ਰਸੂਲਪੁਰ (ਢਾਹਾਂ), ਸਰਪੰਚ ਜਗਤਾਰ ਸਿੰਘ ਤਾਰੀ, ਲੈਕ: ਅਰਚਨਾ, ਸੁਰਿੰਦਰ ਕੌਰ, ਗੁਰਤੇਜ ਸਿੰਘ, ਸਾਬਕਾ ਸਰਪੰਚ ਜਸਦੇਵ ਸਿੰਘ, ਜਗਤਾਰ ਸਿੰਘ ਪੰਚ, ਮਲਕੀਤ ਸਿੰਘ ਕੀਪਾ ਸ਼ੇਖਦੌਲਤ, ਬਲਜਿੰਦਰ ਸਿੰਘ ਪੰਚ, ਮਨਪ੍ਰੀਤ ਸਿੰਘ, ਕੁਲਦੀਪ ਸਿੰਘ, ਲਵਲੀਨ ਕੌਰ ਓਰੇਨ ਜਗਰਾਉਂ ਆਦਿ ਨੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰ ਕੇ ਦਾ ਸਵਾਗਤ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਸਕੂਲਾਂ ਜੇ ਬੱਚੇ ਤੇ ਮਾਪੇ ਹਾਜ਼ਰ ਸਨ।

## ਅੱਤਵਾਦ ਖ਼ਿਲਾਫ ਗੂੰਜਿਆ ਸ਼ਹਿਰ, ਕੈਂਡਲ ਮਾਰਚ ਕਰ ਕੇ ਮ੍ਰਿਤਕਾਂ ਨੂੰ ਦਿੱਤੀ ਸ਼ਰਧਾਂਜਲੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਈਫ ਲਾਈਨ ਵੈੱਲਫੇਅਰ ਕਲੱਬ ਬਾਘਾ ਪੁਰਾਣਾ ਸਮੇਤ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਅੱਤਵਾਦ ਤੇ ਪਾਕਿਸਤਾਨ ਖ਼ਿਲਾਫ਼ ਜਿੱਥੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ, ਉਥੇ ਹੀ ਅੱਤਵਾਦ ਖ਼ਿਲਾਫ਼ ਸ਼ਹਿਰ ਅੰਦਰ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਕੈਂਡਲ ਮਾਰਚ ਕਰ ਕੇ ਮ੍ਰਿਤਕ ਸੈਲਾਨੀਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਇਸ ਦੌਰਾਨ ਲਾਈਫ ਲਾਈਨ ਵੈੱਲਫੇਅਰ ਕਲੱਬ ਦੇ ਮੈਂਬਰ ਦਵਿੰਦਰ ਬਾਂਸਲ ਬੱਲੂ, ਰਮਨ ਅਰੋੜਾ, ਵਿਜੇ ਮਿੱਤਲ, ਲੱਕੀ ਕੁਕਰੇਜਾ, ਰਵਿੰਦਰ ਸਿੰਘ, ਸ਼ਾਮ ਬਾਂਸਲ, ਹੇਮ ਰਾਜ ਫਰੰਡ, ਪ੍ਰਵੀਨ ਸੇਤੀਆ, ਬੀਰਬਲ ਰਾਏ ਸ਼ਰਮਾ, ਅਜੇ ਮਿੱਤਲ, ਕਮਲ ਗਰਗ, ਤੀਰਥ ਰਾਮ ਬਾਂਸਲ, ਤਰੁਣ ਮਿੱਤਲ, ਸੰਜੂ ਗਰਗ, ਮਦਨ ਗੋਪਾਲ ਨੇ ਸੰਬੋਧਨ ਕਰਦਿਆਂ ਨੇ ਕਿਹਾ ਕਿ ਜੰਮੂ ਕਸ਼ਮੀਰ ਵਿਚ ਅੱਤਵਾਦ ਦੇ ਵਿਰੋਧ ਵਿੱਚ ਸਖਤ ਕਦਮ ਚੁੱਕਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਅੱਤਵਾਦ ਤੇ ਪਾਕਿਸਤਾਨ ਖਿਲਾਫ ਸਰਜੀਕਲ ਸਟਰਾਈਕ ਜਿਹਾ ਕੋਈ ਸਖਤ ਕਦਮ ਚੁੱਕਣਾ ਚਾਹੀਦਾ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੱਥੇਦਾਰ ਤੀਰਥ ਸਿੰਘ ਮਾਹਲਾ, ਸੁਖਜੀਤ ਸਿੰਘ ਮਾਹਲਾ, ਪ੍ਰਧਾਨ ਬਲਵਿੰਦਰ ਗਰਗ, ਚੇਅਰਮੈਨ ਰਮਨ ਮਿੱਤਲ ਰਿੰਪੀ, ਪ੍ਰਧਾਨ ਪਵਨ ਗੁਪਤਾ, ਪ੍ਰਧਾਨ ਰਾਜ ਕੁਮਾਰ, ਪ੍ਰਧਾਨ ਦੀਪਕ ਗਰਗ ਬੋਬੀ, ਪ੍ਰਧਾਨ ਵਿਜੇ ਗੁਪਤਾ, ਪ੍ਰਧਾਨ ਪ੍ਰਵੀਨ ਗੋਇਲ, ਜਗਸੀਰ ਸਿੰਘ ਕਾਲੇਕੇ, ਸੁੱਖਾ ਲੰਘੇਆਣਾ, ਸੋਮ ਨਾਥ ਸੋਮੀ, ਰਾਮ ਸੇਵਕ ਬਾਬਾ, ਗੁਰਜੰਟ ਸਿੰਘ ਧਾਲੀਵਾਲ, ਦੀਪਕ ਭੱਲਾ, ਚਤੁਰਭੁਜ, ਸੁਭਮ ਸਿੰਗਲਾ, ਮੁਖਤਿਆਰ ਸਿੰਘ, ਗੁਰਜੰਟ ਸਿੰਘ ਧਾਲੀਵਾਲ, ਕੌਂਸਲਰ ਸੋਨੀਆ, ਪ੍ਰਧਾਨ ਸੁਖਜੀਵਨ ਭਗਤੂ, ਪ੍ਰਧਾਨ ਭੂਸ਼ਨ ਗੋਇਲ, ਪ੍ਰਧਾਨ ਸੰਜੀਵ ਕੁਮਾਰ, ਪ੍ਰਧਾਨ ਪਵਨ ਗੋਇਲ, ਪ੍ਰਧਾਨ ਦੀਪਕ ਤਲਵਾੜ, ਪ੍ਰਧਾਨ ਵਿਜੇ ਬਾਂਸਲ, ਸੁਖਦਰਸ਼ਨ ਸਿੰਗਲਾ, ਮਨਦੀਪ ਕੱਕੜ ਐੱਮ ਸੀ, ਕ੍ਰਿਸ਼ਨ ਗਰਗ, ਵਿਜੇ ਸ਼ਰਮਾ, ਰੋਸ਼ਨ ਲਾਲ ਰੋਸ਼ੀ, ਅਸ਼ਵਨੀ ਸ਼ਰਮਾ, ਕੁਲਦੀਪ ਸਿੰਘ ਬਰਾੜ , ਕੇਵਲ ਕ੍ਰਿਸ਼ਨ ਬਾਂਸਲ, ਸੰਦੀਪ ਗੋਇਲ ਠੰਡੂ, ਸੁਰਿੰਦਰ ਬਾਂਸਲ ਡੀ ਐੱਮ, ਪ੍ਰਦੀਪ ਤਲਵਾੜ, ਸਾਜਨ ਜੱਸੋਵਾਲ, ਐਡਵੋਕੇਟ ਅਮਿਤ ਅਗਰਵਾਲ, ਐਡਵੋਕੇਟ ਰਾਮ ਬਾਂਸਲ, ਪਵਨ ਸ਼ਰਮਾ, ਜਤਿਨ ਬੱਠਲਾ, ਮਨੋਹਰ ਲਾਲ ਪਾਂਧੀ, ਸੰਤ ਰਾਮ ਭੰਡਾਰੀ, ਸੰਦੀਪ ਮਹਿਤਾ, ਅੰਕੁਸ਼ ਗੋਇਲ ਤੇ ਹੋਰ ਹਾਜ਼ਰ ਸਨ।

## ਪਹਿਲਗਾਮ ਕਤਲਕਾਂਡ ਤੋਂ ਬਾਅਦ ਪੂਰੇ ਦੇਸ਼ 'ਚ ਸੋਗ ਦੀ ਲਹਿਰ : ਮਾਲਵਿਕਾ ਸੂਦ

- ਕਾਂਗਰਸ ਨੇ ਰੋਸ ਪ੍ਰਦਰਸ਼ਨ ਕਰਦਿਆਂ ਕੱਢਿਆ ਕੈਂਡਲ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਤੇ ਵਰਕਰਾਂ ਵੱਲੋਂ ਪਹਿਲਗਾਮ 'ਚ ਹੋਏ ਬੇਦੋਸ਼ੇ ਸੈਲਾਨੀਆਂ ਦੇ ਕਤਲੇਆਮ ਖਿਲਾਫ ਕਾਂਗਰਸ ਵੱਲੋਂ ਮੋਗਾ ਦੇ ਬਜ਼ਾਰਾਂ ਵਿੱਚ ਰੋਸ ਪ੍ਰਦਰਸ਼ਨ ਕਰਦਿਆਂ ਮੋਮਬੱਤੀ ਮਾਰਚ ਕੱਢਿਆ ਗਿਆ ਤੇ ਮੋਗਾ ਦੇ ਮੁੱਖ ਚੌਕ ਵਿਖੇ ਧਰਨਾ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਸਿੱਧ ਫਿਲਮ ਅਦਾਕਾਰ ਸੋਨੂ ਸੂਦ ਦੀ ਭੈਣ ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ ਨੇ ਕਿਹਾ ਕਿ ਜੋ ਪਿਛਲੇ ਦਿਨੀਂ ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀਆਂ ਨੇ ਨਾਮ 'ਤੇ ਜਾਤ ਪੁੱਛ ਕੇ ਜਿਹੜਾ ਦਿਲ ਕੰਬਾਉ ਘਿਨੌਣਾ ਅਪਰਾਧ ਕਰਦਿਆਂ ਚੁਣ ਚੁਣ ਕੇ ਗੋਲੀਆਂ ਮਾਰੀਆਂ, ਜਿਸ ਵਿੱਚ ਲਗਭਗ 28-29 ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰਿਆਂ ਕਈ ਸੈਲਾਨੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ। ਇਸ ਘਟਨਾ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੂਰੇ ਦੇਸ਼ ਵਾਸੀ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਮੰਗ ਕਰਦੇ ਹਨ ਜਿੱਥੇ ਕਾਤਲਾਂ ਦਾ ਸਫਾਇਆ ਕੀਤਾ ਜਾਵੇ, ਉਥੇ ਹੀ ਪਾਕਿਸਤਾਨ ਵਿੱਚ ਬੈਠੇ ਉਨ੍ਹਾਂ ਦੇ ਆਕਾਵਾਂ ਨੂੰ ਵੀ ਸਬਕ ਸਖਾਇਆ ਜਾਵੇ, ਤਾਂ ਜੋ ਮੁੜ ਉਹ ਅਜਿਹੀ ਘਟਨਾ ਨੂੰ ਅੰਜਾਮ ਨਾ ਦੇ ਸਕਣ। ਇਸ ਰੋਸ ਪ੍ਰਦਰਸ਼ਨ ਤੇ ਮੋਮਬੱਤੀ ਮਾਰਚ ਵਿੱਚ ਜਸਪਾਲ ਸਿੰਘ ਸੰਘਾ ਬਲਾਕ ਪ੍ਰਧਾਨ, ਮਿੱਕੀ ਹੁੰਦਲ ਸਿਟੀ ਪ੍ਰਧਾਨ, ਪੀਏ ਰਾਜਨ ਬਾਂਸਲ, ਵਿਕਰਮ ਪੱਤੋ ਚੇਅਰਮੈਨ ਓ.ਬੀ.ਸੀ. ਵਿੰਗ, ਲਖਵੀਰ ਲੱਖਾ ਕੌਂਸਲਰ ਪੱਪੂ ਦੁੱਨੇਕੇ, ਕ੍ਰਿਸ਼ਨ ਸੈਣੀ ਪੰਜਾਬ ਸਕੱਤਰ ਓ.ਬੀ.ਸੀ, ਸੰਨੀ ਗਿੱਲ, ਗੁੱਲੂ ਆਹਲੂਵਾਲੀਆ, ਹਰਜੀਤ ਸਿੰਘ ਸਰਾਂ ਕਾਲੀਏਵਾਲਾ, ਹਰਜੀਤ ਪ੍ਰਧਾਨ, ਹਰਜੀਤ ਨੰਬਰਦਾਰ, ਅਵਤਾਰ ਸਿੰਘ ਮੰਗੇਵਾਲਾ, ਹਾਕਮ ਸਿੰਘ ਮੰਗੇਵਾਲਾ, ਜੰਟਾ ਦੌਲਤਪੁਰਾ ਨੀਵਾਂ, ਗੁਰਮੀਤ ਸਰਪੰਚ ਦੌਲਤਪੁਰਾ ਨੀਵਾਂ, ਸਰਪੰਚ ਗੁਲਸ਼ਨ ਗਾਬਾ, ਸਰਪੰਚ ਚਰਨਜੀਤ ਸਿੰਘ, ਸਰਪੰਚ ਨਿਰਮਲ ਸਿੰਘ, ਹਨੀ ਸੋਢੀ, ਸਰਪੰਚ ਗੁਰਮੀਤ ਚੋਟੀਆਂ ਖੁਰਦ, ਵਰਿੰਦਰ ਚੋਟੀਆਂ ਖੁਰਦ, ਕੇਵਲ ਸਿੰਘ ਫੌਜੀ, ਸਰਪੰਚ ਸ਼ਿੰਦਾ ਵਿਰਕ, ਨਾਹਰ ਸਿੰਘ ਡਰੋਲੀ ਭਾਈ, ਜਗਮੀਤ ਸਿੰਘ ਫੌਜੀ ਡਰੋਲੀ ਭਾਈ, ਜਸ਼ਨ ਸਿੰਘ, ਮੋਹਿਤ ਸੂਦ, ਜਗਤਾਰ ਬਰਾੜ, ਓਮ ਪ੍ਰਕਾਸ਼ ਸੈਣੀ, ਜਤਿੰਦਰ ਕੁਮਾਰ ਜੌਨੀ, ਖੁਸ਼ਵਿੰਦਰ ਗੋਇਲ, ਸੁਖਜਿੰਦਰ ਸਿੰਘ ਡਗਰੂ, ਜੋਤੀ ਉੱਪਲ, ਸੁਖਦੇਵ ਸਿੰਘ ਸੈਂਭੀ, ਰਵਿੰਦਰ ਬਜਾਜ ਮਹਿਲਾ ਵਿੰਗ, ਗੁਰਦੇਵ ਕੌਰ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਪਵਨ ਪ੍ਰਧਾਨ ਸੈਨ ਸਮਾਜ ਗੁਰਮੀਤ ਝੰਡੇਵਾਲਾ, ਸੁਖਵੀਰ ਬੁੱਧਸਿੰਘਵਾਲਾ, ਸੰਦੀਪ ਸੰਧੂਵਾਲਾ, ਰੀਮਾ ਸੂਦ ਕੌਂਸਲਰ, ਡਾ. ਸਰਬਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸੀ ਆਗੂਆਂ ਤੇ ਵਰਕਰਾਂ ਸ਼ਮੂਲੀਅਤ ਕੀਤੀ।

## ਫ਼ਤਿਹ ਗਰੁੱਪ ਦੇ 52 ਸਿਖਿਆਰਥੀਆਂ ਪੀ ਐੱਸ ਟੈਟ 'ਚ ਇਤਿਹਾਸਕ ਸਫਲਤਾ ਪ੍ਰਾਪਤ ਕਰਕੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫ਼ਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ 52 ਸਿਖਿਆਰਥੀਆਂ ਨੇ ਪੰਜਾਬ ਅਧਿਆਪਕ ਯੋਗਤਾ ਪ੍ਰੀਖਿਆ (ਪੀ ਐੱਸ ਟੈਟ) ਵਿੱਚ ਇਤਿਹਾਸਕ ਸਫਲਤਾ ਪ੍ਰਾਪਤ ਕਰਕੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਹੈ।ਇਹ ਪੰਜਾਬ ਵਿੱਚ ਪਹਿਲਾ ਕਾਲਜ ਹੈ, ਜਿਸ ਦੇ ਸਭ ਤੋਂ ਵੱਧ ਵਿਦਿਆਰਥੀਆਂ ਨੇ ਇੱਕੋ ਸਾਲ ਵਿੱਚ ਇਹ ਪ੍ਰੀਖਿਆ ਪਾਸ ਕੀਤੀ ਹੈ ਤੇ ਅਧਿਆਪਕ ਬਣਨ ਲਈ ਯੋਗਤਾ ਹਾਸਲ ਕੀਤੀ ਹੈ।ਇਸ ਇਤਿਹਾਸਕ ਉਪਲੱਬਧੀ ਦੇ ਜਸ਼ਨ ਵਜੋਂ ਸੰਸਥਾ ਵੱਲੋਂ ਇੱਕ ਵਿਸ਼ਾਲ ਸਨਮਾਨ ਸਮਾਰੋਹ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਪੰਜਾਬ ਕੈਬਨਿਟ ਦੀ ਚੀਫ਼ ਵ੍ਹਿਪ ਪ੍ਰੋਫੈਸਰ ਬਲਜਿੰਦਰ ਕੌਰ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਦੇ ਸੁਆਗਤ ਭਾਸ਼ਣ ਨਾਲ ਹੋਈ।ਉਨ੍ਹਾਂ ਕਿਹਾ ਕਿ ਇਹ ਦਿਨ ਸਾਡੇ ਲਈ ਮਾਣ ਤੇ ਖੁਸ਼ੀ ਦਾ ਪਲ ਹੈ।ਸਾਡੇ ਵਿਦਿਆਰਥੀਆਂ ਦੀ ਮੇਹਨਤ ਤੇ ਸਟਾਫ਼ ਦੀ ਸਮਰਪਿਤਤਾ ਨੇ ਇਸ ਸਫਲਤਾ ਨੂੰ ਸਾਕਾਰ ਕੀਤਾ ਹੈ।ਪ੍ਰੋ. ਬਲਜਿੰਦਰ ਕੌਰ ਦੀ ਮੌਜੂਦਗੀ ਸਾਡੇ ਲਈ ਪ੍ਰੇਰਣਾ ਦਾ ਸਰੋਤ ਹੈ।ਉਨ੍ਹਾਂ ਏਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦਾ ਟੈਸਟ ਪਾਸ ਕਰਨ ਨੂੰ ਇਤਿਹਾਸਕ ਪਲ ਦੱਸਿਆ।ਪ੍ਰੋ. ਬਲਜਿੰਦਰ ਕੌਰ ਨੇ ਸਫਲ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸ਼ਾਬਾਸ਼ੀ ਦਿੱਤੀ।ਉਨ੍ਹਾਂ ਸੰਸਥਾ ਦੇ ਚੇਅਰਮੈਨ ਵੱਲੋਂ ਈਟੀਟੀ, ਬੀ ਐੱਡ ਬੇਰੁਜ਼ਗਾਰ ਨੌਜਵਾਨਾਂ ਬਾਰੇ ਉਠਾਏ ਸਵਾਲਾਂ ਨੂੰ ਮੁੱਖ ਮੰਤਰੀ ਸਾਹਿਬ ਦੇ ਧਿਆਨ 'ਚ ਲਿਆਉਣ ਦੀ ਗੱਲ ਆਖਦਿਆਂ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।

ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਅਧਿਆਪਕ ਬਣਨਾ ਸਿਰਫ਼ ਨੌਕਰੀ ਨਹੀਂ, ਸਗੋਂ ਸਮਾਜ ਨੂੰ ਸਿਰਜਣ ਦੀ ਜ਼ਿੰਮੇਵਾਰੀ ਹੈ।ਐੱਮ. ਡੀ. ਮਨਜੀਤ ਕੌਰ ਚੱਠਾ ਨੇ ਵਿਦਿਆਰਥੀਆਂ ਨੂੰ ਭਵਿੱਖ ਲਈ ਨੈਤਿਕਤਾ ਤੇ ਸਮਰਪਣ ਦੀ ਸਿੱਖਿਆ ਦੇਣ 'ਤੇ ਜ਼ੋਰ ਦਿੱਤਾ।ਸੰਸਥਾ ਦੇ ਸਹਾਇਕ ਡਾਇਰੈਕਟਰ, ਪਬਲਿਕ ਰਿਲੇਸ਼ਨ ਅਫਸਰ ਹਰਪ੍ਰੀਤ ਸ਼ਰਮਾ ਨੇ ਕਿਹਾ ਕਿ ਇਹ ਸਾਂਝੀ ਮੇਹਨਤ ਦਾ ਨਤੀਜਾ ਹੈ।ਕਾਲਜ ਪ੍ਰਿੰਸੀਪਲ ਬਘੇਲ ਸਿੰਘ ਨੇ ਕਿਹਾ ਕਿ ਇਹ ਸਾਡੇ ਲਈ ਇਤਿਹਾਸਕ ਪਲ ਹੈ। ਸਾਡਾ ਟੀਚਾ ਹੈ ਕਿ ਹਰ ਵਿਦਿਆਰਥੀ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਵੇ।ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਨੇ ਵੀ ਸਫਲ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਯਤਨਾਂ ਲਈ ਵਧਾਈ ਦਿੱਤੀ।ਇਸ ਮੌਕੇ ਸੋਨੀ ਢਿੱਲੋਂ ਵੱਲੋਂ ਨਿਰਦੇਸ਼ਤ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਾਟਕ 'ਇੱਕ ਸੀ ਰੰਗ ਸਫੈਦ' ਦਾ ਮੰਚਨ ਕੀਤਾ ਗਿਆ, ਜਿਸ ਨੂੰ ਦਰਸ਼ਕਾਂ ਨੇ ਖੂਬ ਸਰਾਹਿਆ।ਇਸ ਮੌਕੇ ਰਜਿਸਟਰਾਰ ਰਜਿੰਦਰ ਕੁਮਾਰ, ਐਜੂਕੇਸ਼ਨ ਵਿਭਾਗ ਦੇ ਪ੍ਰੋ. ਸੰਦੀਪ ਕੌਰ, ਪ੍ਰੋ. ਬੰਧਨਾ ਸ਼ਰਮਾ, ਪ੍ਰੋ. ਸੁਖਪ੍ਰੀਤ ਕੌਰ, ਆਰਟਸ ਵਿਭਾਗ ਮੁਖੀ ਕੁਮਾਰੀ ਸ਼ੈਲਜਾ, ਕੰਪਿਊਟਰ ਤੇ ਆਈ ਟੀ ਸੈੱਲ ਦੇ ਮੁਖੀ ਸੋਨਵਿੰਦਰ ਸਿੰਘ, ਡਾ. ਗੁਰਵਿੰਦਰ ਸਿੰਘ, ਪ੍ਰੋ. ਕਿਸ਼ਨ ਸਿੰਘ, ਪ੍ਰੋ. ਜੋਨੀ ਰਾਣੀ, ਪ੍ਰੋ. ਪੂਜਾ ਰਾਣੀ, ਪ੍ਰੋ. ਖੁਸ਼ਦੀਪ ਸੰਧੂ, ਸਾਇੰਸ ਵਿਭਾਗ ਮੁਖੀ ਕਰਮਜੀਤ ਕੌਰ, ਕਾਮਰਸ ਵਿਭਾਗ ਮੁਖੀ ਅਨੀਤਾ ਗਰਗ, ਆਰਟਸ ਸਕੂਲ ਮੁਖੀ ਗੌਬਿਨ ਮੰਗਲਾ, ਫੈਸ਼ਨ ਟੈਕਨਾਲੋਜੀ ਵਿਭਾਗ ਮੁਖੀ ਰਮਨਪ੍ਰੀਤ ਕੌਰ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਹੋਏ।

## ਦੇਸ਼ ਭਗਤ ਕਾਲਜ ਵਿਖੇ ਆਯੁਰਵੇਦ 'ਚ ਖੁਰਾਕ ਦੀ ਮਹੱਤਤਾ 'ਤੇ ਸੈਮੀਨਾਰ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਵੱਲੋਂ 'ਆਹਾਰ ਦ੍ਰਵਯ-ਉਨ੍ਹਾਂ ਦੀ ਖੁਰਾਕ ਦੀ ਮਹੱਤਤਾ 'ਤੇ ਅਧਾਰਤ' ਵਿਸ਼ੇ 'ਤੇ ਇੱਕ ਰਾਸ਼ਟਰੀ ਸੈਮੀਨਾਰ ਸਫਲਤਾਪੂਰਵਕ ਕਰਵਾਇਆ ਗਿਆ।ਇਹ ਸਮਾਗਮ ਡਾਇਰੈਕਟਰ ਡਾ. ਕੁਲਭੂਸ਼ਣ ਤੇ ਪ੍ਰਿੰਸੀਪਲ ਡਾ. ਸਨੇਹਮਈ ਮਿਸ਼ਰਾ ਦੀ ਅਗਵਾਈ ਹੇਠ ਕੀਤਾ ਗਿਆ।ਇਸ ਸੈਮੀਨਾਰ ਵਿੱਚ ਪੰਜਾਬ ਦੇ ਆਯੁਰਵੈਦਿਕ ਤੇ ਯੂਨਾਨੀ ਪ੍ਰਣਾਲੀ ਮੈਡੀਸਨ ਬੋਰਡ ਦੇ ਰਜਿਸਟਰਾਰ ਡਾ. ਸੰਜੀਵ ਗੋਇਲ ਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ, ਹੁਸ਼ਿਆਰਪੁਰ ਦੇ ਰਜਿਸਟਰਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਡਾ. ਗੋਇਲ ਨੇ ਸੈਮੀਨਾਰ ਦਾ ਉਦਘਾਟਨ ਕੀਤਾ ਤੇ ਸਮਕਾਲੀ ਸਿਹਤ ਸੰਭਾਲ ਵਿੱਚ ਆਯੁਰਵੈਦਿਕ ਗਿਆਨ ਨੂੰ ਉਤਸ਼ਾਹਤ ਕਰਨ ਲਈ ਕਾਲਜ ਦੇ ਸਮਰਪਣ ਦੀ ਸ਼ਲਾਘਾ ਕੀਤੀ।ਇਸ ਮੁੱਖ ਸੈਸ਼ਨ ਵਿੱਚ ਆਯੁਰਵੈਦਿਕ ਖੇਤਰ ਦੇ ਪ੍ਰਸਿੱਧ ਵਿਦਵਾਨ ਸ਼ਾਮਲ ਹੋਏ।ਇਨ੍ਹਾਂ ਵਿੱਚ ਡਾ. ਈਸ਼ ਸ਼ਰਮਾ, ਪ੍ਰੋਫੈਸਰ, ਰੋਗ ਨਿਦਾਨ ਵਿਭਾਗ, ਬਾਬੇ ਕੇ ਆਯੁਰਵੈਦਿਕ ਕਾਲਜ, ਮੋਗਾ; ਪ੍ਰੋਫੈਸਰ (ਡਾ.) ਅਨਿਲ ਸ਼ਰਮਾ, ਡੀਨ, ਫੈਕਲਟੀ ਆਫ਼ ਇੰਡੀਅਨ ਸਿਸਟਮਜ਼ ਆਫ਼ ਮੈਡੀਸਨ, ਐਸਜੀਟੀ ਯੂਨੀਵਰਸਿਟੀ, ਗੁਰੂਗ੍ਰਾਮ; ਗੁਰਮੁਖ ਸਿੰਘ, ਖੇਤੀ ਵਿਰਾਸਤ ਮਿਸ਼ਨ, ਪੰਜਾਬ ਦੇ ਪ੍ਰਤੀਨਿਧੀ ਤੇ ਡਾ. ਸੱਤਿਆ ਦਿਓ ਪਾਂਡੇ, ਡਾਇਰੈਕਟਰ ਆਫ਼ ਕਲੀਨਿਕਲ ਰਿਸਰਚ, ਦੇਸ਼ ਭਗਤ ਯੂਨੀਵਰਸਿਟੀ ਨੇ ਮਨੁੱਖੀ ਸਿਹਤ ਤੇ ਆਯੁਰਵੇਦ ਵਿੱਚ ਆਹਾਰ ਦ੍ਰਵਿਆ (ਖੁਰਾਕ ਪਦਾਰਥ) ਦੀ ਮਹੱਤਵਪੂਰਨ ਭੂਮਿਕਾ ਬਾਰੇ ਆਪਣੀ ਮੁਹਾਰਤ ਸਾਂਝੀ ਕੀਤੀ।ਇਸ ਸੈਮੀਨਾਰ ਵਿੱਚ 200 ਤੋਂ ਵੱਧ ਡੈਲੀਗੇਟਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਨ੍ਹਾਂ ਵਿੱਚ ਪੀ. ਐੱਚ.ਡੀ., ਐੱਮ.ਡੀ. ਤੇ ਬੀ.ਏ.ਐੱਮ.ਐੱਸ. ਵਿਦਵਾਨ ਸ਼ਾਮਲ ਸਨ, ਜੋ ਔਨਲਾਈਨ ਤੇ ਔਫਲਾਈਨ ਦੋਵੇਂ ਤਰ੍ਹਾਂ ਸ਼ਾਮਲ ਹੋਏ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਸ਼ਿਰਕਤ ਕੀਤੀ ਅਤੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।ਉਨ੍ਹਾਂ ਅਜਿਹੇ ਸੈਮੀਨਾਰਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਰਾਮਪੁਰਾ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਟੀਚਰਜ਼ ਹੋਮ ਰਾਮਪੁਰਾ ਫੂਲ ਵਿਖੇ ਡਾਕਟਰ ਨਿਰਮਲ ਸਿੰਘ ਚਾਉਕੇ ਬਲਾਕ ਪ੍ਰਧਾਨ ਦੀ ਅਗਵਾਈ ਹੇਠ ਹੋਈ।ਇਸ ਮੌਕੇ ਮੀਤ ਪ੍ਰਧਾਨ ਡਾਕਟਰ ਰਵੇਲ ਸਿੰਘ ਗੁਰੂਸਰ ਮਹਿਰਾਜ, ਡਾਕਟਰ ਰੇਸ਼ਮ ਸਿੰਘ ਫੂਲ, ਡਾਕਟਰ ਹਰਵਿੰਦਰ ਸਿੰਘ ਸਹਾਇਕ ਕੈਸ਼ੀਅਰ, ਡਾਕਟਰ ਹਰਜਿੰਦਰ ਸਿੰਘ ਭਾਈ ਰੂਪਾ, ਸੀਨੀਅਰ ਮੈਂਬਰ ਗੁਰਦੀਪ ਸਿੰਘ, ਡਾਕਟਰ ਵੇਦ ਵਿਆਸ ਚਾਉਕੇ ਸਟੇਜ 'ਤੇ ਮੌਜੂਦ ਸਨ। ਸਟੇਜ ਦੀ ਕਾਰਵਾਈ ਬਲਾਕ ਜਨਰਲ ਸ਼ਕੱਤਰ ਡਾਕਟਰ ਦੇਵਰਾਜ ਕੋਟੜੇ ਕੌੜਿਆਂ ਵਾਲੇ ਨੇ ਸੰਭਾਲੀ, ਅੱਜ ਦੀ ਮੀਟਿੰਗ ਵਿੱਚ ਜੋ ਪਿਛਲੇ ਦਿਨੀਂ ਐਸੋਸੀਏਸ਼ਨ ਦੇ ਮੈਂਬਰਾਂ ਦੀਆਂ ਰਿਸ਼ਤੇਦਾਰੀਆਂ ਵਿੱਚ ਪਰਿਵਾਰ ਵਿੱਛੜੇ ਸਨ ਤੇ ਦੂਸਰਾ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਜੋ ਅੱਤਵਾਦੀਆਂ ਵੱਲੋਂ ਅਟੈਕ ਕੀਤਾ ਗਿਆ ਸੀ, ਵਿੱਚ ਸਦੀਵੀ ਵਿਛੋੜਾ ਦੇ ਗਏ ਸਨ, ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਅਖੀਰ ਵਿੱਚ ਮੀਟਿੰਗ ਵਿੱਚ ਹਾਜ਼ਰ ਹੋਏ ਸਾਰੇ ਹੀ ਸਤਿਕਾਰਯੋਗ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

## ...ਸ.ਫ਼ਾ 1 ਦੇ ਬਾਕੀ

### ਸ਼ੈਤਾਨ ਸਿੰਘ ਦੀ...

ਫਰਵਰੀ ਨੂੰ ਵੀਜ਼ਾ ਦਿੱਤਾ ਗਿਆ ਸੀ।' ਲਾੜੇ ਦੇ ਚਚੇਰੇ ਭਰਾ ਸੁਰਿੰਦਰ ਸਿੰਘ ਨੇ ਕਿਹਾ ਕਿ ਸਥਿਤੀ ਨੇ ਦੋਵਾਂ ਪਰਵਾਰਾਂ ਨੂੰ ਨਿਰਾਸ਼ ਕਰ ਦਿੱਤਾ ਹੈ। ਉਸ ਨੇ ਕਿਹਾ, 'ਪਾਕਿਸਤਾਨ ਤੋਂ ਸਾਡੇ ਰਿਸ਼ਤੇਦਾਰ ਇੱਥੇ ਆਏ ਸਨ, ਪਰ ਉਨ੍ਹਾਂ ਨੂੰ ਵਾਪਸ ਜਾਣਾ ਪਿਆ। ਅਸੀਂ ਬਹੁਤ ਨਿਰਾਸ਼ ਹਾਂ। ਅੱਤਵਾਦੀ ਹਮਲਿਆਂ ਨਾਲ ਬਹੁਤ ਨੁਕਸਾਨ ਹੁੰਦਾ ਹੈ। ਰਿਸ਼ਤੇ ਵਿਗੜ ਜਾਂਦੇ ਹਨ। ਸਰਹੱਦ 'ਤੇ ਆਵਾਜਾਈ ਰੁਕ ਜਾਂਦੀ ਹੈ।'

ਬਾੜਮੇਰ ਜ਼ਿਲ੍ਹੇ ਦੇ ਇੰਦਰੋਈ ਪਿੰਡ ਦੇ ਵਸਨੀਕ ਸ਼ੈਤਾਨ ਸਿੰਘ ਦਾ ਵੀਜ਼ਾ 12 ਮਈ ਤੱਕ ਦਾ ਹੈ, ਜਿਸ ਨਾਲ ਪਰਵਾਰਾਂ ਨੂੰ ਉਮੀਦ ਦੀ ਕਿਰਨ ਬੱਝਦੀ ਹੈ ਕਿ ਜੇ ਸਰਹੱਦ ਸਮੇਂ ਸਿਰ ਖੁੱਲ੍ਹ ਜਾਂਦੀ ਹੈ ਤਾਂ ਵਿਆਹ ਅਜੇ ਵੀ ਹੋ ਸਕਦਾ ਹੈ। ਲਾੜੇ ਨੇ ਕਿਹਾ, 'ਅੱਤਵਾਦੀਆਂ ਨੇ ਜੋ ਵੀ ਕੀਤਾ, ਉਹ ਗਲਤ ਸੀ। ਵਿਆਹ ਵਿੱਚ ਵਿਘਨ ਪਿਆ ਹੈ। ਕੀ ਕਰੀਏ ? ਇਹ ਸਰਹੱਦਾਂ ਦਾ ਮਾਮਲਾ ਹੈ।' ਉਸ ਨੇ ਦੱਸਿਆ ਕਿ ਸਰਹੱਦ ਪਾਰ ਵਿਆਹ ਦਾ ਰਿਸ਼ਤਾ ਪਰਵਾਰਕ ਸੰਬੰਧਾਂ ਰਾਹੀਂ ਤੈਅ ਹੋਇਆ ਸੀ, ਜੋ ਕਿ ਸੋਢਾ ਰਾਜਪੂਤ ਭਾਈਚਾਰੇ ਵਿੱਚ ਇਕ ਆਮ ਪ੍ਰਥਾ ਹੈ। ਇਸ ਭਾਈਚਾਰੇ ਦੀ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਕਾਫੀ ਆਬਾਦੀ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਭਾਈਚਾਰੇ ਦੇ ਅੰਦਰ ਵਿਆਹ ਕਰਨਾ ਪਸੰਦ ਕਰਦੇ ਹਨ ਅਤੇ ਅਕਸਰ ਆਪਣੀਆਂ ਸੱਭਿਆਚਾਰਕ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਲਈ ਸਰਹੱਦ ਪਾਰ ਵਿਆਹ ਦੀ ਮੰਗ ਕਰਦੇ ਹਨ। ਸ਼ੈਤਾਨ ਸਿੰਘ, ਇਸ ਖੇਤਰ ਦੇ ਬਹੁਤ ਸਾਰੇ ਲੋਕਾਂ ਵਿੱਚੋਂ ਇੱਕ ਹੈ, ਜਿਨ੍ਹਾਂ ਦੇ ਰਿਸ਼ਤੇਦਾਰ ਪਾਕਿਸਤਾਨ ਵਿੱਚ ਹਨ।

## ਕਾਂਗਰਸ ਵੱਲੋਂ ਕੈਂਡਲ ਮਾਰਚ ਕੱਢ ਕੇ ਸ਼ਰਧਾਂਜਲੀ ਭੇਟ



**ਰਾਜਪੁਰਾ (ਰਮੇਸ਼ ਕਟਾਰੀਆ)**-ਰਾਜਪੁਰਾ ਦੇ ਸਾਬਕਾ ਵਿਧਇਕ ਹਰਦਿਆਲ ਸਿੰਘ ਕੰਬੋਜ ਅਤੇ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਅਤੇ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਸ਼ਾਸਤਰੀ ਦੀ ਅਗਵਾਈ ਹੇਠ (ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ 28 ਮਾਸੂਮ ਲੋਕਾਂ ਦੀ ਹੱਤਿਆ ਕਰ ਦਿੱਤੀ ਸੀ), ਦੇ ਵਿਰੋਧ ਵਿੱਚ ਕਾਂਗਰਸ ਨੇ ਕੈਂਡਲ ਮਾਰਚ ਕੱਢ ਕੇ ਅਤੇ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਪਾਰਟੀ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਆਤੰਕਵਾਦੀ ਮੁਰਦਾਬਾਦ, ਪਾਕਿਸਤਾਨ ਮੁਰਦਾਬਾਦ ਅਤੇ ਹਿੰਦੁਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਇਸ ਮੌਕੇ ਹਰਦਿਆਲ ਸਿੰਘ ਕੰਬੋਜ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਇਸ ਦਰਦਨਾਕ ਘਟਨਾ ਨੂੰ ਅੰਜਾਮ ਦੇਣ ਵਾਲੇ ਅੱਤਵਾਦੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

## ਏ ਐੱਸ ਆਈ ਸਰਬਜੀਤ ਸਿੰਘ ਡੀ ਜੀ ਪੀ ਡਿਸਕ ਨਾਲ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਪੁਲਸ ਵਿੱਚ ਜਦੋਂ ਵੀ ਕੋਈ ਮੁਲਾਜ਼ਮ ਆਪਣੀ ਡਿਊਟੀ ਨੂੰ ਵਧੀਆ ਤਰੀਕੇ ਨਾਲ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਾ ਹਾਂ ਤਾਂ ਉਸ ਨੂੰ ਮਹਿਕਮੇ ਵੱਲੋਂ ਹਮੇਸ਼ਾ ਸਨਮਾਨ ਦੇ ਕੇ ਨਿਵਾਜਿਆ ਜਾਂਦਾ ਹੈ, ਜਿਸ ਦੀ ਇੱਕ ਝਲਕ ਏ.ਐੱਸ.ਆਈ. ਸਰਬਜੀਤ ਸਿੰਘ ਨੂੰ ਮਹਿਕਮੇ ਵੱਲੋਂ ਵਧੀਆ ਡਿਊਟੀ ਨਿਭਾਉਣ ਬਦਲੇ ਡੀ.ਜੀ.ਪੀ. ਡਿਸਕ ਨਾਲ ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਮੋਗਾ ਵਿਖੇ ਸਨਮਾਨਤ ਕਰਨ ਮੌਕੇ ਮਿਲੀ।ਇਸ ਮੌਕੇ ਆਈ. ਜੀ. ਸ੍ਰੀ ਅਸ਼ਵਨੀ ਕਪੂਰਫਰੀਦਕੋਟ ਰੇਂਜ, ਸੁਰਿੰਦਰ ਸੇਤੀਆ ਡੀ. ਸੀ. ਮੋਗਾ, ਅਜੈ ਗਾਂਧੀ ਐੱਸ.ਐੱਸ.ਪੀ. ਮੋਗਾ ਵੀ ਹਾਜ਼ਰ ਸਨ।ਇਸ ਸਬੰਧੀ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਹਰੇਕ ਮੁਲਾਜ਼ਮ ਨੂੰ ਇਸ ਸਨਮਾਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਤੇ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਵਿਚ ਉਹ ਹਰ ਮੁਕਾਮ ਨੂੰ ਹਾਸਲ ਕਰ ਸਕਣ।ਸਰਬਜੀਤ ਸਿੰਘ ਨੇ ਡੀ.ਜੀ.ਪੀ. ਸਾਹਿਬ ਤੇ ਮਹਿਕਮੇ ਦੇ ਉੱਚ ਅਧਿਕਾਰੀਆਂ ਦਾ ਇਸ ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਏਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫ਼ਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

27 Apr Page-3.qxd 4/26/2025 10:51 PM Page 1



# ਜ਼ਿਲ੍ਹੇ ਦੀਆਂ ਮੰਡੀਆਂ 'ਚ ਹੁਣ ਤੱਕ 220082 ਮੀਟਰਿਕ ਟਨ ਕਣਕ ਖ਼ਰੀਦੀ : ਡਿਪਟੀ ਕਮਿਸ਼ਨਰ



**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 220082 ਮੀਟਰਿਕ ਟਨ ਕਣਕ ਦੀ ਖ਼ਰੀਦ ਕੀਤੀ ਗਈ ਹੈ। ਕਿਸਾਨਾਂ ਦੀ ਫ਼ਸਲ ਖ਼ਰੀਦਣ ਤੋਂ ਬਾਅਦ 24 ਘੰਟੇ ਦੇ ਅੰਦਰ-ਅੰਦਰ ਫ਼ਸਲ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 443.22 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਨੂੰ ਕੀਤਾ ਜਾ ਚੁੱਕਾ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 257508 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 220082 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 66733 ਮੀਟਰਿਕ ਟਨ, ਮਾਰਕਫੈੱਡ ਨੇ 62374 ਮੀਟਰਿਕ ਟਨ, ਪਨਸਪ ਨੇ 50680 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 30104 ਮੀਟਰਿਕ ਟਨ ਅਤੇ ਐੱਫ਼ਸੀਆਈ ਨੇ 9351 ਮੀਟਰਿਕ ਟਨ ਕਣਕ ਖ਼ਰੀਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 443.22 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ 56130 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ, ਜਦਕਿ 2 ਆਰਜ਼ੀ ਖ਼ਰੀਦ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਚੱਲ ਰਹੀ ਹੈ।

# ਸੇਂਟ ਕਬੀਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਨਸ਼ਾ ਛੁਡਾਊ ਜਾਗਰੂਕਤਾ ਰੈਲੀ ਕੱਢੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਦੇ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਅਤੇ ਮਾਣਯੋਗ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ (ਗੁਰਦਾਸਪੁਰ) ਦੇ ਸਾਂਝੇ ਯਤਨਾਂ ਸਦਕਾ ਕਰਵਾਈ ਗਈ ਨਸ਼ਾ ਛੁਡਾਊ ਜਾਗਰੂਕਤਾ ਰੈਲੀ ਵਿੱਚ ਹਿੱਸਾ ਲਿਆ, ਜਿਸ ਦਾ ਮਕਸਦ ਸਮਾਜ ਵਿੱਚ ਰਹਿ ਕੇ ਵਿਦਿਆਰਥੀਆਂ ਅਤੇ ਸਾਰੇ ਆਮ ਲੋਕਾਂ ਨੂੰ ਹਮੇਸ਼ਾ ਸਿਹਤਮੰਦ ਖ਼ੁਰਾਕ ਲੈਣ ਪਰਿਵਾਰ ਅਤੇ ਸਮਾਜ ਸਬੰਧੀ ਆਪਣੇ ਨੈਤਿਕ ਫ਼ਰਜ਼ਾਂ ਨੂੰ ਸਮਝਣ, ਸਾਫ-ਸੁਥਰਾ ਜੀਵਨ ਬਤੀਤ ਕਰਨ ਅਤੇ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰਹਿਣਾ ਲਈ ਪ੍ਰੇਰਿਤ ਕਰਨਾ ਸੀ।ਇਸ ਰੈਲੀ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਮੈਡਮ ਨਵਦੀਪ ਕੌਰ ਕੰਗ ਤੇ ਕੁਲਦੀਪ ਕੌਰ ਨੇ ਦੱਸਿਆ ਕਿ ਇਹ ਰੈਲੀ ਲਿਟਰ ਫਲਾਵਰ ਕਾਨਵੈਂਟ ਸਕੂਲ, ਗੁਰਦਾਸਪੁਰ ਤੋਂ ਸਵੇਰੇ 8:30 ਵਜੇ ਸ਼ੁਰੂ ਹੋਈ ਅਤੇ ਤਕਰੀਬਨ 11 ਵਜੇ ਗੌਰਮੈਂਟ ਕਾਲਜ, ਗੁਰਦਾਸਪੁਰ ਵਿਖੇ ਸਮਾਪਤ ਹੋਈ ਜਿਸ ਵਿੱਚ ਸੇਂਟ ਕਬੀਰ ਸਕੂਲ ਦੇ ਤਕਰੀਬਨ 200 ਵਿਦਿਆਰਥੀਆਂ ਸਮੇਤ ਅਧਿਆਪਕ ਭੈਅੰਤ ਸਿੰਘ (ਡੀ. ਪੀ. ਈ.), ਦਮਨਦੀਪ ਸਿੰਘ ਅਤੇ ਅਰੁਣ ਕੁਮਾਰ ਨੇ ਭਾਗੀਦਾਰੀ ਲਈ।ਇਸ ਰੈਲੀ ਵਿੱਚ ਸਾਰੇ ਸਕੂਲ ਦੇ ਵਿਦਿਆਰਥੀਆਂ ਦੁਆਰਾ ਵੱਖ-ਵੱਖ ਪੋਸਟਰਾਂ ਅਤੇ ਬੈਨਰਾਂ ਦੀ ਸਹਾਇਤਾ ਰਾਹੀਂ ਆਸ-ਪਾਸ ਦੇ ਲੋਕਾਂ ਨੂੰ ਨਸ਼ਾ ਰਹਿਤ ਸੁਰੱਖਿਅਤ ਸਮਾਜ ਸਿਰਜਣ ਅਤੇ ਨਸ਼ੇ ਵਿੱਚ ਗ੍ਰਸਤ ਨੌਜਵਾਨਾਂ ਨੂੰ ਆਪਣੀ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਨੂੰ ਸਲੀਕੇ ਨਾਲ ਜਿਊਣ ਦਾ ਸੰਦੇਸ਼ ਦਿੱਤਾ।ਸਮੁੱਚੇ ਰੂਪ ਵਿੱਚ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਉਲੀਕਿਆ ਇਹ ਜਾਗਰੂਕਤਾ ਰੈਲੀ ਪ੍ਰੋਗਰਾਮ ਸਫ਼ਲਤਾ ਪੂਰਵਕ ਸੰਪੰਨ ਹੋਇਆ।

# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ 15 ਵਿਦਿਆਰਥੀਆਂ ਨੂੰ ਗੋਲਡ ਮੈਡਲ



**ਪਠਾਨਕੋਟ (ਰਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਅਕਾਦਮਿਕ ਮਹਾਰਤ ਦਾ ਝੰਡਾ ਲਹਿਰਾਇਆ ਹੈ।ਸਕੂਲ ਦੇ 15 ਵਿਦਿਆਰਥੀਆਂ ਨੇ ਅੰਤਰਰਾਸ਼ਟਰੀ ਅੰਗਰੇਜ਼ੀ ਓਲੰਪੀਆਡ ਵਿੱਚ ਗੋਲਡ ਮੈਡਲ ਜਿੱਤ ਕੇ ਪੂਰੇ ਸਕੂਲ ਅਤੇ ਸ਼ਹਿਰ ਨੂੰ ਮਾਣ ਮਹਿਸੂਸ ਕਰਵਾਇਆ ਹੈ।ਇਹ ਮੁਕਾਬਲਾ ਸਾਇੰਸ ਓਲੰਪੀਆਡ ਫਾਊਂਡੇਸ਼ਨ ਦੁਆਰਾ ਕਰਵਾਇਆ ਜਾਂਦਾ ਹੈ।ਇਹ ਸ਼ਾਨਦਾਰ ਕਾਮਯਾਬੀ ਸਕੂਲ ਦੀ ਅਕਾਦਮਿਕ ਗਿਆਨ-ਪਿਆਸ, ਭਾਸ਼ਾ ਵਿੱਚ ਨਿਪੁੰਨਤਾ ਅਤੇ ਸਰਵਪੱਖੀ ਵਿਕਾਸ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ।ਅੰਤਰਰਾਸ਼ਟਰੀ ਅੰਗਰੇਜ਼ੀ ਓਲੰਪੀਆਡ ਕਲਾਸ 1 ਤੋਂ 12 ਤੱਕ ਦੇ ਵਿਦਿਆਰਥੀਆਂ ਲਈ ਹਰ ਸਾਲ ਕਰਵਾਇਆ ਜਾਂਦਾ ਹੈ।ਇਹ ਓਲੰਪੀਆਡ ਵਿਆਕਰਨ, ਸ਼ਬਦਾਵਲੀ ਅਤੇ ਸਮਝ (ਕੰਪਰੀਹੈਂਸ਼ਨ) ਤੇ ਕੇਂਦਰਿਤ ਹੁੰਦਾ ਹੈ, ਜਿਸਦਾ ਪਾਠਕ੍ਰਮ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦੇ ਅਨੁਸਾਰ ਤਿਆਰ ਕੀਤਾ ਗਿਆ ਹੈ, ਜੋ ਵਿਦਿਆਰਥੀਆਂ ਵਿੱਚ ਵਿਵੇਚਨਾਤਮਕ ਸੋਚ, ਹੁਨਰ ਅਤੇ ਸਮੱਸਿਆ-ਸੁਲਝਾਅ ਦੀ ਯੋਗਤਾ ਨੂੰ ਵਿਕਸਿਤ ਕਰਦਾ ਹੈ।ਗੋਲਡ ਮੈਡਲ ਹਾਸਲ ਕਰਨ ਵਾਲੇ ਵਿਦਿਆਰਥੀ ਅਯਾਨ, ਵੰਸ਼, ਮਾਧਵ, ਕ੍ਰਿਸ਼ਿਵ, ਪ੍ਰਾਣਵ, ਵੰਸ਼ਿਕਾ, ਸਤਾਂਜ਼ਿਨ, ਰਮੀਰਾ, ਅੰਜਲੀ, ਰਵਿਪਾਲ, ਪ੍ਰਗੁਣ, ਸ਼ਗੁਨ, ਸ਼ਿਵੇਨ, ਅਮਨ ਅਤੇ ਵੰਸ਼ਿਤ ਸ਼ਾਮਲ ਹਨ। ਸਕੂਲ ਇਨ੍ਹਾਂ ਸਾਰੇ ਜੇਤੂ ਵਿਦਿਆਰਥੀਆਂ, ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸਾਂਝੀ ਸਫਲਤਾ ਲਈ ਦਿਲੋਂ ਵਧਾਈ ਦਿੰਦਾ ਹੈ। ਇਸ ਮੌਕੇ ਸੰਨੀ ਮਹਾਜਨ, ਡਾਇਰੈਕਟਰ ਪ੍ਰਤਾਪ ਵਰਲਡ ਸਕੂਲ ਨੇ ਕਿਹਾ ਕਿ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਹੀ ਮਾਰਗਦਰਸ਼ਨ ਅਤੇ ਮਾਹੌਲ ਮਿਲਣ ਤੇ ਉਹ ਕਿਸੇ ਵੀ ਉਚਾਈ ਨੂੰ ਛੂਹ ਸਕਦੇ ਹਨ।ਇਹ ਗੋਲਡ ਮੈਡਲ ਮਾਪਦੰਡਾਂ ਪ੍ਰਤੀ ਸਾਡੀ ਪ੍ਰਤੀਬੱਧਤਾ ਦਾ ਸਬੂਤ ਹਨ।ਓਸ਼ਿਨ ਮਹਾਜਨ ਡਾਇਰੈਕਟਰ ਨੇ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਸਮੁੱਚੇ ਵਿਕਾਸ ਤੇ ਵਿਸ਼ਵਾਸ ਰੱਖਦੇ ਹਾਂ, ਅੰਤਰਰਾਸ਼ਟਰੀ ਅੰਗਰੇਜ਼ੀ ਓਲੰਪੀਆਡ ਵਿੱਚ ਇਹ ਸਫਲਤਾ ਸਾਡੇ ਅੰਗਰੇਜ਼ੀ ਪ੍ਰੋਗਰਾਮ ਦੀ ਮਜ਼ਬੂਤੀ ਅਤੇ ਸਾਡੇ ਵਿਦਿਆਰਥੀਆਂ ਦੀ ਮਿਹਨਤ ਨੂੰ ਦਰਸਾਉਂਦੀ ਹੈ।ਪ੍ਰਿੰਸੀਪਲ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਵੇਖਣਾ ਬਹੁਤ ਹੀ ਮਾਣ ਦੀ ਗੱਲ ਹੈ।

# ਨਸ਼ਾ ਵੇਚਣ ਵਾਲਿਆਂ ਦਾ ਵਿਰੋਧ ਕਰਨ 'ਤੇ ਚਲਾਈ ਗੋਲੀ, ਨੌਜਵਾਨ ਜ਼ਖ਼ਮੀ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਥੇ ਗੋਲੀ ਚੱਲਣ ਨਾਲ ਇਕ ਨੌਜਵਾਨ ਦੇ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਸੰਬੰਧੀ ਜ਼ੇਰੇ ਇਲਾਜ ਹਰਦੀਪ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਤਰਸਿੱਕਾ ਨੇ ਦੱਸਿਆ ਕਿ ਮੇਰਾ ਭਰਾ ਜੋ ਨਸ਼ੇ ਦਾ ਆਦੀ ਸੀ, ਜਿਸਨੂੰ ਸਾਰੇ ਪਰਿਵਾਰ ਵੱਲੋਂ ਸਮਝਾ ਕੇ ਉਸਨੂੰ ਨਸ਼ੇ ਤੋਂ ਹਟਾਇਆ ਗਿਆ ਅਤੇ ਉਸ ਸਾਡੇ ਕਾਰੋਬਾਰ 'ਚ ਸਾਡਾ ਪੂਰਾ ਸਾਥ ਦੇਣ ਲੱਗਾ ਜਿਸ ਤਹਿਤ ਸਾਡੇ ਪਿੰਡ ਦੇ ਹੀ ਕੁਝ ਨਸ਼ਾ ਸਪਲਾਈ ਕਰਨ ਵਾਲੇ ਉਸਨੂੰ ਘੇਰਦੇ ਸਨ।ਅੱਜ ਮੇਰੇ ਭਰਾ ਜੁਗਰਾਜ ਸਿੰਘ ਨੂੰ ਸਾਡੇ ਪਿੰਡ ਦੇ ਹੀ ਦੋ ਨੌਜਵਾਨਾਂ ਵਲੋਂ ਘੇਰਿਆ ਗਿਆ ਅਤੇ ਜਦ ਮੇਰੇ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਤਾਂ ਉਕਤ ਨੌਜਵਾਨਾਂ ਵੱਲੋਂ ਮੇਰੇ 'ਤੇ ਫਾਇਰ ਕੀਤਾ ਜੋ ਮੇਰੇ ਪੇਟ 'ਚ ਲੱਗਾ। ਮੇਰੇ ਪਰਿਵਾਰਕ ਮੈਂਬਰਾਂ ਵੱਲੋਂ ਤੁਰੰਤ ਮੈਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ।ਇਸ ਸੰਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਪ੍ਰਧਾਨ ਬਲਜੀਤ ਸਿੰਘ ਤਰਸਿੱਕਾ ਨੇ ਕਿਹਾ ਕਿ ਅੱਜ ਜੋ ਇਹ ਘਟਨਾ ਵਾਪਰੀ ਹੈ ਇਹ ਨਸ਼ੇ ਦਾ ਵਿਰੋਧ ਕਰਨ 'ਤੇ ਹਰਦੀਪ ਸਿੰਘ ਨੂੰ ਗੋਲੀ ਮਾਰੀ ਗਈ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਵਲੋਂ ਨਸ਼ਾ ਤਸਕਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਨਾ ਕੀਤਾ ਤਾਂ ਸਾਨੂੰ ਮਜਬੂਰਨ ਥਾਣਾ ਤਰਸਿੱਕਾ ਦਾ ਘਿਰਾਓ ਕਰਨਾ ਪਵੇਗਾ ਜਿਸਦਾ ਜ਼ਿੰਮੇਵਾਰ ਪੁਲਸ ਪ੍ਰਸ਼ਾਸਨ ਹੋਵੇਗਾ।ਇਸ ਸੰਬੰਧੀ ਥਾਣਾ ਤਰਸਿੱਕਾ ਦੇ ਐੱਸਐੱਚਓ ਨਾਲ ਜਦੋਂ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਜਲਦ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਪਹਿਲਗਾਮ ਕਤਲਕਾਂਡ ਦੇ ਰੋਸ ਵਜੋਂ ਵਿਦਿਆਰਥਣਾਂ ਨੇ ਕੱਢਿਆ ਕੈਂਡਲ ਮਾਰਚ

**ਅੰਮ੍ਰਿਤਸਰ (ਅਰੋੜਾ)**: ਪਹਿਲਗਾਮ ਵਿਖੇ 28 ਹਿੰਦੂਆਂ ਦੀ ਹੱਤਿਆ ਨੂੰ ਲੈ ਕੇ ਏਆਈਸੀਈ ਸੋਸਾਇਟੀ ਰਜਿ. ਦੀਆਂ ਵਿਦਿਆਰਥਣਾਂ ਨੇ ਪੈਟਰਨ ਰਸਜੀਤ ਸਿੰਘ ਖੇੜਾ ਅਤੇ ਮੁੱਖ ਅਧਿਆਪਕ ਕਮਲਦੀਪ ਕੌਰ, ਅਧਿਆਪਕ ਪੂਨੀਤ ਕੌਰ ਅਤੇ ਮੈਡਮ ਪ੍ਰੀਤੀ ਦੀ ਦੇਖ ਰੇਖ ਵਿੱਚ ਸੈਂਟਰ ਦੇ ਪਰਸਰ ਵਿਚ ਕੈਂਡਲ ਜਲਾ ਕੇ ਮਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਤੇ ਰੋਟਰੀ ਕਲੱਬ ਨਾਰਥ ਦੇ ਆਉਣ ਵਾਲੇ ਸਕੱਤਰ ਇੰਜੀ. ਪਰਮੀਤ ਸਿੰਘ ਖੇੜਾ ਖਾਸ ਤੌਰ ਤੇ ਸ਼ਾਮਿਲ ਹੋਏ।ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿੱਚ ਇਸ ਹੱਤਿਆ ਦੀ ਆਲੋਚਨਾ ਕੀਤੀ।ਮੁੱਖ ਅਧਿਆਪਕ ਕਮਲਦੀਪ ਕੌਰ ਨੇ ਕਿਹਾ ਕਿ ਇਸ ਕਾਇਰਾਨਾ ਹਰਕਤ ਦੇ ਪਿੱਛੇ ਪਾਕਿਸਤਾਨ ਦੀਆਂ ਖੁਫ਼ੀਆਂ ਏਜੰਸੀਆਂ ਦਾ ਹੱਥ ਹੈ।ਇਸ ਦੇ ਲਈ ਪੂਰੀ ਤਰ੍ਹਾਂ ਨਾਲ ਪਾਕਿਸਤਾਨ ਦੇ ਹੁਕਮਰਾਨ ਹੀ ਜ਼ਿੰਮੇਦਾਰ ਹਨ।ਪੈਟਰਨ ਰਸਜੀਤ ਸਿੰਘ ਨੇ ਕਿਹਾ ਕਿ ਹੁਣ ਸਾਨੂੰ ਪਾਕਿਸਤਾਨ ਨੂੰ ਹੋਰ ਜ਼ਿਆਦਾ ਸਮਾਂ ਨਹੀਂ ਦੇਣਾ ਚਾਹੀਦਾ ਉਸਦਾ ਨਾਮੋ ਨਿਸ਼ਾਨ ਵਿਸ਼ਵ ਦੇ ਨਕਸ਼ੇ ਤੋਂ ਖਤਮ ਕਰ ਦੇਣਾ ਚਾਹੀਦਾ ਹੈ।ਇਸ ਮੌਕੇ ਤੇ ਵੀਰਪਾਲ ਕੌਰ, ਆਸ਼ੂ, ਅਮਨਪ੍ਰੀਤ ਕੌਰ, ਮਨਪ੍ਰੀਤ ਕੌਰ ਨੇਹਾ ਆਦਿ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹਾਕੀ ਦਾ ਮੈਚ ਕਰਵਾਇਆ; ਘੁੰਮਣ ਕਲਾਂ ਦੀ ਟੀਮ ਜੇਤੂ ਰਹੀ



**ਬਟਾਲਾ (ਡਾ. ਮਲਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵਿਰੁੱਧ ਜਾਗਰੂਕ ਕਰਨ ਲਈ ਮੁਹਿੰਮ ਵਿੱਢੀ ਗਈ, ਜਿਸਦੇ ਚੱਲਦਿਆਂ ਖੇਡ ਵਿਭਾਗ ਵੱਲੋਂ ਹਾਕੀ ਸੈਂਟਰ ਘੁੰਮਣ ਕਲਾਂ ਵਿੱਚ ਅੰਡਰ-19 ਮੈਚ ਕਰਵਾਇਆ ਗਿਆ।ਪਿੰਡ ਘੁੰਮਣ ਕਲਾਂ ਅਤੇ ਜੌਹਲ ਨੰਗਲ ਦੀਆਂ ਟੀਮਾਂ ਵਿੱਚ ਮੈਚ ਕਰਵਾਇਆ ਗਿਆ, ਜਿਸ ਵਿੱਚ ਘੁੰਮਣ ਕਲਾਂ ਦੀ ਟੀਮ ਜੇਤੂ ਰਹੀ।ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਖੇਡ ਵਿਭਾਗ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨ ਲਈ ਹਾਕੀ ਦਾ ਮੈਚ ਕਰਵਾਇਆ ਗਿਆ, ਜਿਸ ਵਿੱਚ ਖਿਡਾਰੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਮੁੱਖ ਅਧਿਆਪਕ ਦਲਜੀਤ ਸਿੰਘ ਅਤੇ ਹਾਕੀ ਕੋਚ ਕੁਲਵਿੰਦਰ ਸਿੰਘ ਵੀ ਮੌਜੂਦ ਸਨ।ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸਦੇ ਇਲਾਜ ਲਈ ਆਪਣੇ ਨੇੜੇ ਦੇ ਓਟ ਕੇਂਦਰ ਜਾਂ ਬਟਾਲਾ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਡੇਵਿਡ ਗਿੱਲ ਦੇ ਨੰਬਰ 98760-73836 ਉਪਰ ਜਾਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਰਾਹੁਲ ਦੇ ਮੋਬਾਈਲ ਨੰਬਰ 98783-64398 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਹਰਸਿਮਰਤ ਕੌਰ ਰੰਧਾਵਾ ਦਾ ਸੇਜਲ ਅੱਖਾਂ ਨਾਲ ਅੰਤਿਮ ਸਸਕਾਰ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਤਰਨ ਤਾਰਨ ਜ਼ਿਲ੍ਹੇ ਦੇ ਧੂੰਦਾ ਪਿੰਡ ਦੇ ਸਾਬਕਾ ਸਰਪੰਚ ਜਗੀਰਦਾਰ ਸੁਖਵਿੰਦਰ ਸਿੰਘ ਦੀ ਇਕਲੌਤੀ ਪੋਤਰੀ ਹਰਸਿਮਰਤ ਕੌਰ (21) ਰੰਧਾਵਾ ਦੀ ਕੈਨੇਡਾ ਦੇ ਹੈਮਿਲਟਨ ਸ਼ਹਿਰ 'ਚ ਦੋ ਗੁੱਟਾਂ ਵਿਚਾਲੇ ਹੋਈ ਗੋਲੀਬਾਰੀ 'ਚ ਦਰਦਨਾਕ ਮੌਤ ਹੋ ਗਈ ਸੀ ਜਿਸ ਦੀ ਮ੍ਰਿਤਕ ਦੇਹ ਉਨ੍ਹਾਂ ਦੇ ਪਿੰਡ ਧੂੰਦਾ ਵਿਖੇ ਲਿਆਉਣ ਤੋਂ ਬਾਅਦ ਉਨ੍ਹਾਂ ਦੇ ਪਿੰਡ ਧੂੰਦਾ ਵਿਖੇ ਬੜੇ ਹੀ ਗਮਗੀਨ ਮਾਹੌਲ ਵਿਚ ਅੰਤਿਮ ਸਸਕਾਰ ਕੀਤਾ ਗਿਆ।ਇਸ ਮੌਕੇ ਇਲਾਕੇ ਭਰ 'ਚੋਂ ਵੱਡੀ ਗਿਣਤੀ 'ਚ ਲੋਕ ਹਾਜ਼ਰ ਹੋਏ।ਹੈਰਾਨੀ ਦੀ ਗੱਲ ਹੈ ਕਿ ਜੇਕਰ ਕੈਨੇਡਾ ਵਰਗੇ ਮੁਲਕ ਵਿਚ ਕਿਸੇ ਇਨਸਾਨ ਦੀ ਜਾਨ ਦੀ ਕੋਈ ਕਦਰ ਨਹੀਂ ਤਾਂ ਫਿਰ ਅਜਿਹੇ ਮੁਲਕਾਂ ਵਿਚ ਬੱਚਿਆਂ ਨੂੰ ਭੇਜਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ ਧੂੰਦਾ, ਸਵਰਨ ਸਿੰਘ ਸਾਬਕਾ ਸਰਪੰਚ ਧੂੰਦਾ, ਜਗਤਾਰ ਸਿੰਘ ਧੂੰਦਾ, ਭਗਵਾਨ ਸਿੰਘ ਧੂੰਦਾ, ਕਾਰਜ ਸਿੰਘ ਭੈਲ, ਸਵਰਨ ਸਿੰਘ ਕਾਨੂੰਗੋ, ਪ੍ਰਿਥੀਪਾਲ ਸਿੰਘ, ਮਾਸਟਰ ਤੀਰਥ ਸਿੰਘ, ਚਮਕੌਰ ਸਿੰਘ, ਬਲਕਾਰ ਸਿੰਘ, ਹਰਪਾਲ ਸਿੰਘ ਖਵਾਸਪੁਰ, ਭਗਵਾਨ ਸਿੰਘ ਧੂੰਦਾ ਅਤੇ ਯਾਦਵਿੰਦਰ ਸਿੰਘ ਧੂੰਦਾ ਆਦਿ ਹਾਜ਼ਰ ਸਨ।



# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਰਲਡ ਮਲੇਰੀਆ ਦਿਵਸ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**–ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਜਰ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ 25 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ 'ਵਰਲਡ ਮਲੇਰੀਆ ਦਿਵਸ' ਮਨਾਇਆ ਗਿਆ। ਮੈਡਮ ਰਾਜਵਿੰਦਰ ਕੌਰ (ਨਰਸ) ਵੱਲੋਂ ਵਿਦਿਆਰਥੀਆਂ ਨੂੰ ਮਲੇਰੀਆ ਦਿਵਸ ਮਨਾਉਣ ਦੇ ਮਹੱਤਵ, ਮਲੇਰੀਆ ਦੇ ਖਤਰਨਾਕ ਪ੍ਰਭਾਵ ਅਤੇ ਇਨ੍ਹਾਂ ਤੋਂ ਬਚਣ ਦੇ ਲਈ ਸੁਚੇਤ ਕੀਤਾ ਗਿਆ।ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਮਲੇਰੀਆ ਤੋਂ ਬਚਣ ਲਈ ਆਪਣੇ ਆਲੇ ਦੁਆਲੇ ਦੀ ਸਫਾਈ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਅਤੇ ਹਮੇਸ਼ਾ ਸੰਤੁਲਿਤ ਭੋਜਨ ਖਾਣਾ ਚਾਹੀਦਾ ਹੈ ਤਾਂ ਜੋ ਅਸੀਂ ਭਿਆਨਕ ਬਿਮਾਰੀਆਂ ਤੋਂ ਆਪਣੇ-ਆਪ ਨੂੰ ਬਚਾ ਸਕੀਏ।



# ਸੀ. ਐੱਚ. ਸੀ. ਝਬਾਲ ਵਿਖੇ ਮਨਾਇਆ ਵਿਸ਼ਵ ਮਲੇਰੀਆ ਦਿਵਸ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜਿਲ੍ਹਾ ਐਪੀਡੀਮੋਲੋਜਿਸਟ ਡਾ. ਸੁਖਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਡਾ. ਮਨਜੀਤ ਸਿੰਘ ਰਟੌਲ ਦੀ ਯੋਗ ਅਗਵਾਈ ਹੇਠ ਸੀ. ਐੱਚ. ਸੀ. ਝਬਾਲ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਡਾ. ਰਟੌਲ ਨੇ ਸੀ. ਐੱਚ. ਸੀ. ਝਬਾਲ ਵਿਖੇ ਲੋਕਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮਲੇਰੀਆ ਮਾਦਾ ਮੱਛਰ ਫੀਮੇਲ ਐਨਫਲੀਜ਼ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਹ ਮੱਛਰ ਗੰਦੇ ਪਾਣੀ ਉਪਰ ਪੈਦਾ ਹੁੰਦਾ ਹੈ।ਇਸਦੇ ਲੱਛਣ ਜਿਵੇਂ ਕਿ ਕਾਂਬੇ ਨਾਲ ਤੇਜ਼ ਬੁਖਾਰ ਹੋਣਾ, ਸਿਰ ਦਰਦ, ਅੱਖਾਂ ਦੇ ਪਿੱਛਲੇ ਪਾਸੇ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਬਹੁਤ ਜ਼ਿਆਦਾ ਥਕਾਵਟ ਜਾਂ ਕਮਜ਼ੋਰੀ ਮਹਿਸੂਸ ਹੋਣਾ ਅਤੇ ਪਸੀਨਾ ਆਉਣਾ ਆਦਿ ਹੁੰਦੇ ਹਨ ਅਤੇ ਅਜਿਹੇ ਲੱਛਣ ਦਿਖਾਈ ਦੇਣ ਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿਖੇ ਜਾ ਕੇ ਡਾਕਟਰੀ ਸਲਾਹ ਅਨੁਸਾਰ ਖੂਨ ਦੀ ਜਾਂਚ ਕਰਵਾ ਕੇ ਸਮੇਂ ਸਿਰ ਇਲਾਜ ਕਰਵਾਉਣਾ ਚਾਹੀਦਾ ਹੈ।



# ਮਲੇਰੀਆ ਅਫਸਰ ਕੁਲਬੀਰ ਸਿੰਘ ਨੂੰ ਵਿਦਾਇਗੀ ਪਾਰਟੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੀਐੱਚਸੀ ਲੋਪੋਕੇ ਦੇ ਸਮੂਹ ਸਟਾਫ ਵੱਲੋਂ ਕੁਲਬੀਰ ਸਿੰਘ ਮੁਹਾਵਾ ਸਹਾਇਕ ਮਲੇਰੀਆ ਅਫਸਰ ਦੀ ਰਿਟਾਇਰਮੈਂਟ ਪਾਰਟੀ ਕੀਤੀ ਗਈ।ਇਸ ਵਿਦਾਇਗੀ ਸਮਾਰੋਹ ਵਿਚ ਸਮੂਹ ਮਲਟੀਪਰਪਜ਼ ਹੈਲਥ ਵਰਕਰ ਮੇਲ ਅਤੇ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ ਹਾਜ਼ਰ ਸਨ।ਰਮਨਦੀਪ ਸਿੰਘ ਐੱਸਐੱਮਆਈ ਨੇ ਕੁਲਬੀਰ ਸਿੰਘ ਦੇ ਸਿਹਤ ਵਿਭਾਗ ਵਿੱਚ ਸਾਲ 1987 ਤੋਂ ਸਾਲ 2025 ਤੱਕ ਦੀ ਸਰਵਿਸ ਦੌਰਾਨ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਲਈ ਸਾਰਿਆਂ ਨੂੰ ਪ੍ਰੇਰਿਤ ਕੀਤਾ।ਸਮੂਹ ਸਟਾਫ ਵੱਲੋਂ ਕੁਲਬੀਰ ਸਿੰਘ ਮਹਾਵਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਐੱਸਆਈ ਸਾਹਿਲ ਮੱਟੂ, ਰਾਜਿੰਦਰ ਬੁੱਟਰ, ਅਜੈਪਾਲ ਗਿੱਲ ਅਤੇ ਹਰਮਿੰਦਰ ਭੱਟੀ ਆਦਿ ਹਾਜ਼ਰ ਸਨ।

# ਰੰਧਾਵਾ ਨੇ ਤਲਵੰਡੀ ਰਾਮਾ ਤੇ ਕੋਟਲੀ ਸੂਰਤ ਮੱਲ੍ਹੀ ਦੇ ਸਕੂਲਾਂ 'ਚ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਲਵੰਡੀ ਰਾਮਾ, ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਰਾਮਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕੋਟਲੀ ਸੂਰਤ ਮੱਲ੍ਹੀ ਵਿੱਚ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਨ੍ਹਾਂ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਤਹਿਤ ਸਮਾਰਟ ਕਲਾਸ ਰੂਮ ਤਿਆਰ ਕੀਤੇ ਗਏ ਹਨ।ਇਸ ਮੌਕੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਉਹ ਹਰੇਕ ਅਜਿਹੇ ਖੇਤਰ ਵਿੱਚ ਮਿਸਾਲੀ ਕੰਮ ਰਹੀ ਹੈ ਜਿਸ ਨਾਲ ਆਮ ਲੋਕਾਂ ਨੂੰ ਵੱਧ ਤੋਂ ਵੱਧ ਫ਼ਾਇਦਾ ਹੋ ਸਕੇ।ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਦੀ ਦਸ਼ਾ ਸੁਧਾਰਨ ਲਈ ਪੰਜਾਬ ਸਰਕਾਰ ਦ੍ਰਿੜ੍ਹ ਸੰਕਲਪ ਹੈ। ਉਨ੍ਹਾਂ ਦੱਸਿਆ ਕਿ ਪਹਿਲੀਆਂ ਸਰਕਾਰਾਂ ਵੱਲੋਂ ਸਕੂਲਾਂ ਨੂੰ ਆਧੁਨਿਕ ਦਿਸ਼ਾ ਵੱਲ ਤਾਂ ਕੀ ਲਿਜਾਣਾ ਸੀ ਸਗੋਂ ਸਕੂਲ ਦੀਆਂ ਚਾਰਦੀਵਾਰੀਆਂ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਸਕੂਲਾਂ ਦੀਆਂ ਚਾਰਦੀਵਾਰੀਆਂ ਤੋਂ ਲੈ ਕੇ ਸਕੂਲ ਦੇ ਹਰ ਉਹ ਵਿਕਾਸ ਕਾਰਜ ਕਰ ਰਹੀ ਹੈ ਜਿਸ ਨਾਲ ਸਕੂਲ ਅਤਿ ਆਧੁਨਿਕ ਸ਼੍ਰੇਣੀ ਵਿੱਚ ਆ ਸਕਣ।ਉਨ੍ਹਾਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਸਰਕਾਰ ਸਿੱਖਿਆ ਖੇਤਰ ਵਿੱਚ ਮਿਸਾਲੀ ਕ੍ਰਾਂਤੀਆਂ ਲਿਆ ਰਹੀ ਹੈ ਅਤੇ ਉਹ ਵੀ ਆਪਣੀ ਨਿੱਜੀ ਜ਼ਿੰਮੇਵਾਰੀ ਸਮਝ ਕੇ ਸਿੱਖਿਆ ਦੇ ਖੇਤਰ ਨੂੰ ਹੋਰ ਬੁਲੰਦੀਆਂ ਵੱਲ ਲਿਜਾਣ ਲਈ ਪੰਜਾਬ ਸਰਕਾਰ ਦਾ ਸਾਥ ਦੇਣ।ਵਿਧਾਇਕ ਰੰਧਾਵਾ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਦਾਖ਼ਲੇ ਦਾ ਗਰਾਫ਼ ਵੀ ਦਿਨ ਪ੍ਰਤੀ ਦਿਨ ਵਧ ਰਿਹਾ ਹੈ, ਕਿਉਂਕਿ ਉੱਚ ਦਰਜੇ ਦੀਆਂ ਸਹੂਲਤਾਂ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।ਇਸ ਮੌਕੇ ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਆਪ ਆਗੂ ਮਹਿੰਦਰ ਸਿੰਘ ਨਿੱਕੋਸਰਾ, ਪੀਏ ਲਵਪ੍ਰੀਤ ਸਿੰਘ, ਮਾਸਟਰ ਸੰਜੀਵ ਕੁਮਾਰ ਸਰਨਾ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਕੋਟ ਟੋਡਰ ਮੱਲ ਵਿਖੇ ਰਾਸ਼ਟਰੀ ਮਲੇਰੀਆ ਦਿਵਸ ਮਨਾਇਆ




**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ ਨਿਰਦੇਸਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ ਐਚ ਸੀ ਕਾਹਨੂੰਵਾਨ ਡਾਕਟਰ ਨੀਲਮ ਦੀ ਅਗਵਾਈ ਹੇਠ ਹੈਲਥ ਐਂਡ ਵੈਲਨੈਸ ਸੈਂਟਰ ਕੋਟ ਟੋਡਰ ਮੱਲ ਵਲੋਂ ਰਾਸ਼ਟਰੀ ਮਲੇਰੀਆਂ ਦਿਵਸ ਮਨਾਇਆ ਗਿਆ। ਇਸ ਮੌਕੇ ਸੈਂਟਰ ਦੇ ਸਿਹਤ ਕਰਮਚਾਰੀਆਂ ਵਲੋਂ ਪਿੰਡ ਕੋਟ ਟੋਡਰ ਮੱਲ ਦੀਆਂ ਵੱਖ ਵੱਖ ਪਬਲਿਕ ਥਾਵਾਂ ਅਤੇ ਸਕੂਲਾਂ ਅਤੇ ਮਾਇਗ੍ਰੇਟਰੀ ਅਬਾਦੀ ਵਿੱਚ ਲੋਕਾਂ ਨੂੰ ਮਲੇਗੀਆ ਬੁਖਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਇਹ ਬੁਖਾਰ ਐਨਾ ਫਲੀਜ ਮੱਛਰ ਦੇ ਕੱਟਣ ਦੇ ਨਾਲ ਹੁੰਦਾ ਹੈ। ਬਹੁਤ ਤੇਜ਼ ਬੁਖਾਰ, ਸਿਰ ਦਰਦ, ਬੁਖਾਰ ਲੱਥਣ 'ਤੇ ਤਰੇਲੀਆਂ ਆਉਣਾ ਅਤੇ ਫਿਰ ਕੰਬ ਕੰਬ ਕੇ ਬੁਖਾਰ ਚੜ੍ਹ ਜਾਣਾ ਆਦਿ ਇਸ ਦੀਆਂ ਨਿਸ਼ਾਨੀਆਂ ਹਨ। ਇਸ ਸਮੇਂ ਡਾਕਟਰ ਸੁਰਿੰਦਰ ਪਾਲ, ਮਨਜੀਤ ਰਾਜ ਹੈਲਥ ਇਸਪੈਕਟਰ, ਰਣਜੀਤ ਸਿੰਘ ਸਿਹਤ ਕਰਮਚਾਰੀ ਆਦਿ ਹਾਜ਼ਰ ਸਨ।

# ਨਿਊ ਲਾਈਫ ਪਬਲਿਕ ਸਕੂਲ 'ਚ ਧਰਤੀ ਦਿਵਸ ਮਨਾਇਆ

**ਚੋਹਲਾ ਸਾਹਿਬ (ਰਮਨ ਚੱਢਾ)**- ਨਿਊ ਲਾਈਫ ਪਬਲਿਕ ਸਕੂਲ 'ਚ ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਧਰਤੀ ਦਿਵਸ ਮਨਾਇਆ ਗਿਆ ਜਿਸਦਾ ਮਕਸਦ ਧਰਤੀ ਦੀ ਮਨੁੱਖ ਦੀ ਜ਼ਿੰਦਗੀ 'ਚ ਕੀ ਮਹੱਤਤਾ ਹੈ, ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਸੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਰੁੱਖ ਲਗਾਏ ਗਏ। ਮਾਡਲ ਤਿਆਰ ਕੀਤੇ ਗਏ ਅਤੇ ਮੈਡੀਸੀਨੀਅਲ ਪੌਦਿਆਂ ਤੋਂ ਤਿਆਰ ਹੋਣ ਵਾਲੀਆਂ ਦਵਾਈਆਂ ਦੀ ਜਾਣਕਾਰੀ ਦੇਣ ਲਈ ਸਰੋਜ ਬਾਲਾ ਨੇ ਵਿਦਿਆਰਥੀਆਂ ਨੂੰ ਦੱਸਿਆ। ਮੈਡਮ ਨੇ ਦੱਸਿਆ ਕਿ ਸਾਡੀ ਧਰਤੀ ਦੀ ਗੋਦ ਬਹੁਤ ਵੱਡੀਆਂ ਸੌਗਾਤਾਂ ਨਾਲ ਭਰੀ ਪਈ ਹੈ ਬਸ਼ਰਤੇ ਸਾਨੂੰ ਪਛਾਨਣ ਦੀ ਜਾਚ ਆਉਂਦੀ ਹੋਵੇ। ਅਸੀਂ ਧਰਤੀ ਮਾਤਾ ਦੇ ਰਿਣੀ ਹਾਂ ਅਤੇ ਸਦਾ ਰਹਾਂਗੇ।



# ਆਰਐੱਮਪੀਆਈ ਵੱਲੋਂ ਪਹਿਲਗਾਮ ਹਮਲੇ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਪੱਖੋਕੇ 'ਚ ਇਕ ਇਕੱਤਰਤਾ ਕਰਕੇ ਜੰਮੂ ਕਸ਼ਮੀਰ ਦੇ ਪਹਿਲਗਾਮ ਚ ਅੱਤਵਾਦੀਆਂ ਵੱਲੋਂ ਨਿਰਦੋਸ਼ ਲੋਕਾਂ ਦੇ ਕੀਤੇ ਕਤਲ ਦੀ ਜ਼ੋਰਦਾਰ ਨਿੰਦਾ ਕੀਤੀ ਅਤੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਦਹਿਸ਼ਤਗਰਦ ਕਿਸੇ ਵੀ ਧਰਮ ਨੂੰ ਮੰਨਣ ਵਾਲੇ ਲੋਕਾਂ ਦੇ ਮਿੱਤਰ ਨਹੀਂ ਹੋ ਸਕਦੇ, ਉਹ ਹਮੇਸ਼ਾ ਬੇਦੋਸ਼ੇ ਲੋਕਾਂ ਦਾ ਖ਼ੂਨ ਵਹਾ ਕੇ ਫਿਰਕੂ ਨਫਰਤ ਪੈਦਾ ਕਰਨ ਦਾ ਯਤਨ ਕਰਦੇ ਹਨ। ਉਨ੍ਹਾਂ ਨੇ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਖਿਲਾਫ ਸਖਤ ਐਕਸ਼ਨ ਲੈਣ ਦੀ ਮੰਗ ਕੀਤੀ।ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਆਪਸੀ ਪ੍ਰੇਮ ਪਿਆਰ ਅਤੇ ਮਿਲਜੁਲ ਕੇ ਰਹਿਣ ਦੀ ਅਪੀਲ ਕੀਤੀ।ਉਨ੍ਹਾਂ ਕਸ਼ਮੀਰ ਦੇ ਲੋਕਾਂ ਅਤੇ ਮੁਸਲਮਾਨ ਨੌਜਵਾਨਾਂ ਵੱਲੋਂ ਕੀਤੀ ਮਦਦ ਅਤੇ ਬਚਾਓ ਕਾਰਜਾਂ ਵਿੱਚ ਨਿਭਾਏ ਰੋਲ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਰਕਾਰ ਤਰਫੋਂ ਸੁਰੱਖਿਆ 'ਚ ਹੋਈ ਕੁਤਾਹੀ ਦੀ ਨਿੰਦਾ ਕੀਤੀ।ਇਸ ਮੌਕੇ ਕਰਮ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੋਲ, ਕੁਲਦੀਪ ਸਿੰਘ ਰਟੋਲ, ਤਰਸੇਮ ਸਿੰਘ, ਗੁਰਮੀਤ ਕੌਰ, ਹਰਜੀਤ ਕੌਰ, ਮਨਜੀਤ ਕੌਰ ਆਦਿ ਵੀ ਹਾਜ਼ਰ ਸਨ।



# ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਠੱਠਾ ਵਿਖੇ ਐੱਨਸੀਸੀ ਕੈਂਪ ਆਯੋਜਿਤ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਚਾਰ ਸਾਲ ਦੀ ਸਖ਼ਤ ਮਿਹਨਤ ਸਦਕਾ ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਨੂੰ ਐੱਨਸੀਸੀ ਦੀ ਮਾਨਤਾ ਮਿਲ ਚੁੱਕੀ ਹੈ ਜਿਸ ਦੇ ਮੱਦੇਨਜ਼ਰ ਸਕੂਲ ਵਿਖੇ ਐਨਸੀਸੀ ਵਨ ਪੰਜਾਬ ਬਟਾਲੀਅਨ ਦੇ ਕਰਨਲ ਪਵਨਦੀਪ ਸਿੰਘ ਬੱਲ ਅਤੇ ਹੌਲਦਾਰ ਸਰਦਾਰ ਮਲਕੀਤ ਸਿੰਘ ਵੱਲੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਗਈ।ਉਨ੍ਹਾਂ ਵੱਲੋਂ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ ,ਜਿਸ ਵਿੱਚ ਉਨ੍ਹਾਂ ਨੇ ਕੈਂਪ ਵਿੱਚ ਭਾਗ ਲੈ ਰਹੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕੈਂਪ ਦੀ ਮਹੱਤਤਾ ਬਾਰੇ ਸਮਝਾਇਆ।ਉਨਾਂ ਨੇ ਅਨੁਸ਼ਾਸਨ, ਪੜ੍ਹਾਈ ਤੇ ਸਫ਼ਾਈ ਆਦਿ ਦੀ ਮਹੱਤਤਾ ਬਾਰੇ ਭਰਪੂਰ ਜਾਣਕਾਰੀ ਦਿੱਤੀ।ਇਸ ਮੌਕੇ ਹਾਵਰਡ ਲੇਨ ਸੀਨੀ ਸੈਕੰਡਰੀ ਸਕੂਲ ਠੱਠਾ ਝਬਾਲ ਦੇ ਚੇਅਰਮੈਨ ਮਖ਼ਤੂਲ ਸਿੰਘ ਔਲਖ, ਡਾਇਰੈਕਟਰ ਮਨਜਿੰਦਰ ਸਿੰਘ ਵਿਰਕ ਅਤੇ ਪ੍ਰਿੰਸੀਪਲ ਬਲਰਾਜ ਸਿੰਘ ਬਾਠ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕਰਦਿਆਂ ਧੰਨਵਾਦ ਕੀਤਾ ਗਿਆ ਜਦਕਿ ਇਸ ਸਮੇਂ ਸਕੂਲ ਦਾ ਸਮੁੱਚਾ ਸਟਾਫ ਤੇ ਵਿਦਿਆਰਥੀ ਵੀ ਹਾਜ਼ਰ ਸਨ।



# ਬ੍ਰਹਮ ਗਿਆਨੀ ਬਹਾਦਰ ਬਿਧੀ ਚੰਦ ਜੀ ਦਾ ਜਨਮ ਦਿਹਾੜਾ ਮਨਾਇਆ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਸ਼ੁੱਕਰਵਾਰ ਨੂੰ ਭਾਰਤ ਪਾਕਿਸਤਾਨ ਸਰਹੱਦ 'ਤੇ ਵਸੇ ਪਿੰਡ ਛੀਨਾ ਬਿਧੀ ਚੰਦ ਦੇ ਗੁਰਦੁਆਰਾ ਜਨਮ ਅਸਥਾਨ ਪਿੰਡ ਛੀਨਾ ਬਿਧੀ ਚੰਦ ਵਿਖੇ ਬ੍ਰਹਮ ਗਿਆਨੀ ਬਹਾਦਰ ਬਿਧੀ ਚੰਦ ਜੀ ਦਾ ਜਨਮ ਦਿਹਾੜਾ ਸਮੂਹ ਪਿੰਡ ਵਾਸੀਆਂ ਤੇ ਜਥੇਦਾਰ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਦੀ ਅਗਵਾਈ ਹੇਠ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਤੇ ਦੀਵਾਨ ਸਜਾਏ ਗਏ ਜਿਸ ਵਿੱਚ ਪੰਥ ਦੇ ਮਹਾਨ ਢਾਡੀ ਤੇ ਰਾਖੀ ਜਥਿਆਂ ਨੇ ਸੰਗਤਾਂ ਗੁਰੂ ਇਤਿਹਾਸ ਸਰਵਣ ਕਰਵਾਇਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਆਜ਼ਾਦ ਗਰੁੱਪ ਦੇ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ ਤੇ ਸਮੂਹ ਸਾਧ ਸੰਗਤ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਪਰੰਤ ਜਥੇਦਾਰ ਬਾਬਾ ਅਵਤਾਰ ਸਿੰਘ ਜੀ ਸੁਰਸਿੰਘ ਵਾਲਿਆਂ ਕੋਲੋਂ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਸਮੇਂ ਸਾਬਕਾ ਸਰਪੰਚ ਜਸਵਿੰਦਰ ਸਿੰਘ ਬਾਊ ਨੇ ਆਜ਼ਾਦ ਗਰੁੱਪ ਦੇ ਸਾਬਕਾ ਸਰਪੰਚ ਪਰਮਜੀਤ ਸਿੰਘ ਗੱਗੋਬੂਆ, ਪੂਰਨ ਸਿੰਘ ਅੱਡਾ ਝਬਾਲ, ਸਰਪੰਚ ਸੋਨੂੰ ਬਰਾੜ ਦੋਦੇ, ਸਾਬਕਾ ਸਰਪੰਚ ਜੱਗਾ ਸਵਰਗਾਪੁਰੀ, ਰਾਮ ਸਿੰਘ ਨਾਮਧਾਰੀ, ਸਾਬਕਾ ਸਰਪੰਚ ਅਜਮੇਰ ਸਿੰਘ ਕਾਕਾ ਛਾਪਾ, ਸਰਪੰਚ ਮਹਾਵੀਰ ਸਿੰਘ ਚੀਮਾ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਚੰਨਪ੍ਰੀਤ ਸਿੰਘ, ਬਾਬਾ ਮਿਲਖਾ ਸਿੰਘ, ਡਾ. ਹਰਜਿੰਦਰ ਸਿੰਘ, ਸਵਰਾਜਬੀਰ ਸਿੰਘ, ਭੁਪਿੰਦਰ ਸਿੰਘ, ਗੁਰਭੇਜ ਸਿੰਘ, ਚਮਕੌਰ ਸਿੰਘ, ਜੈਮਲ ਸਿੰਘ, ਬਾਬਾ ਹੀਰਾ ਸਿੰਘ, ਗੁਰਭੇਜ ਸਿੰਘ ਅਤੇ ਅੰਗਰੇਜ਼ ਸਿੰਘ ਆਦਿ ਹਾਜ਼ਰ ਸਨ।

# ਥਾਣਾ ਕਾਹਨੂੰਵਾਨ ਪੁਲਸ ਵੱਲੋਂ ਧੋਖਾਧੜੀ ਕਰਨ ਵਾਲਿਆਂ ਖਿਲਾਫ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਕਾਹਨੂੰਵਾਨ ਪੁਲਸ ਨੂੰ ਕੀਤੀ ਸ਼ਿਕਾਇਤ 'ਤੇ ਜਾਂਚ ਪੜਤਾਲ ਕਰਨ ਤੋਂ ਬਾਅਦ ਉਪ ਕਪਤਾਨ ਪੁਲਿਸ ਦਿਹਾਤੀ ਗੁਰਦਾਸਪੁਰ ਨੇ ਪਾਇਆ ਕਿ ਹਰਬੰਸ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਭਿੱਟੇਵੱਡ ਦੇ ਲੜਕੇ ਰੋਬਨਪ੍ਰੀਤ ਸਿੰਘ ਦੀ ਵਿਆਹ 24 ਮਾਰਚ 2022 ਨੂੰ ਕੋਮਲਪ੍ਰੀਤ ਕੌਰ ਪੁੱਤਰੀ ਬਲਵੰਤ ਸਿੰਘ ਵਾਸੀ ਰਾਊਵਾਲ ਨਾਲ ਕੰਟਰੈਕਟ ਬੇਸ 'ਤੇ ਹੋਈ ਸੀ ਕਿ ਪੀੜਤ ਦਾ ਲੜਕਾ ਰੋਬਨਪ੍ਰੀਤ ਸਿੰਘ ਜੋ ਬਲਵੰਤ ਸਿੰਘ ਦੀ ਲੜਕੀ ਕੋਮਲਪ੍ਰੀਤ ਕੌਰ ਨੂੰ ਵਿਦੇਸ਼ ਭੇਜਣ ਵਾਸਤੇ ਪੈਸੇ ਖਰਚ ਕਰੇਗਾ ਅਤੇ ਕੋਮਲਪ੍ਰੀਤ ਕੌਰ ਵਿਦੇਸ਼ ਜਾ ਕੇ ਰੋਬਨਪ੍ਰੀਤ ਸਿੰਘ ਦੇ ਵੀਜੇ ਦਾ ਪ੍ਰਬੰਧ ਕਰੇਗੀ। ਪੀੜਤ ਵਲੋਂ ਆਪਣਾ ਵਾਅਦਾ ਪੂਰਾ ਕਰਦੇ ਹੋਏ ਕੋਮਲਪ੍ਰੀਤ ਕੌਰ ਨੂੰ 24,58,100 ਰੁਪਏ ਖਰਚ ਕਰਕੇ ਵਿਦੇਸ਼ ਕੈਨੇਡਾ ਭੇਜ ਦਿੱਤਾ ਸੀ ਪਰ ਕੋਮਲਪ੍ਰੀਤ ਕੌਰ ਵਿਦੇਸ਼ ਜਾ ਕੇ ਆਪਣੇ ਕੀਤੇ ਹੋਏ ਵਾਅਦੇ ਤੋਂ ਮੁੱਕਰ ਗਈ ਅਤੇ ਪੀੜਤ ਦੇ ਲੜਕੇ ਨੂੰ ਵਿਦੇਸ਼ ਨਹੀ ਬੁਲਾਇਆ ਅਤੇ ਨਾ ਹੀ ਕੋਈ ਵੀਜਾ ਅਪਲਾਈ ਕੀਤਾ ਹੈ। ਥਾਣਾ ਕਾਹਨੂੰਵਾਨ ਪੁਲਸ ਨੇ ਬਲਵੰਤ ਸਿੰਘ ਪੁੱਤਰ ਦਰਸ਼ਨ ਸਿੰਘ, ਕੋਮਲਪ੍ਰੀਤ ਕੌਰ ਪੁੱਤਰੀ ਬਲਵੰਤ ਸਿੰਘ ਅਤੇ ਗੁਰਬਖਸ਼ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਰਾਊਵਾਲ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।


# ਚੇਅਰਮੈਨ ਪਨੂੰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਵਿਕਾਸ ਕੰਮਾਂ ਦਾ ਉਦਘਾਟਨ

**ਬਟਾਲਾ (ਡਾ. ਮਲਵਿੰਦਰ ਸਿੰਘ)**- 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਬਲਬੀਰ ਸਿੰਘ ਪਨੂੰ,



ਚੇਅਰਮੈਨ ਪਨਸਪ ਪੰਜਾਬ ਵਲੋਂ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਗਏ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਗਿਆ।ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਪਿੰਡ ਕਿਲਾ ਲਾਲ ਸਿੰਘ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਲਾਗਤ 7 ਲੱਖ 51 ਹਜ਼ਾਰ ਰੁਪਏ ਦੀ ਲਾਗਤ ਨਾਲ, ਪਿੰਡ ਦਾਲਮ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ 9 ਲੱਖ 10 ਹਜ਼ਾਰ ਰੁਪਏ ਅਤੇ ਪਿੰਡ ਉਗਰੇਵਾਲ ਦੇ ਸਰਕਾਰੀ ਮਿਡਲ ਸਕੂਲ ਵਿਖੇ 10 ਲੱਖ 6 ਹਜ਼ਾਰ ਰੁਪਏ ਦੀਲਾਗਤ ਨਾਲ ਸਕੂਲ ਵਿੱਚ ਬਣੇ ਨਵੇਂ ਕਮਰੇ ਅਤੇ ਚਾਰਦੀਵਾਰੀ ਸਮੇਤ ਵੱਖ-ਵੱਖ ਵਿਕਾਸ ਕਾਰਜ ਲੋਕ ਅਰਪਨ ਕੀਤੇ ਗਏ।ਇਸ ਮੌਕੇ ਬਲਵਿੰਦਰ ਸਿੰਘ ਬੀਪੀਈਓ, ਸਰਪੰਚ ਜਸਬੀਰ ਕੌਰ ਕਿਲਾ ਲਾਲ ਸਿੰਘ, ਗੁਰਦਿੱਤ ਸਿੰਘ ਪਿੰਡ ਦਲਾਮ, ਜਸਬੀਰ ਕੌਰ ਅਮਨਪ੍ਰੀਤ ਸਿੰਘ ਪਿੰਡ ਉਗਰਵਾਲ, ਕੁਲਬੀਰ ਕੌਰ, ਬੀਐੱਨਓ ਨਵਦੀਪ ਸਿੰਘ, ਸੀਐੱਚਟੀ ਕੁਲਵਿੰਦਰ ਕੌਰ, ਕਿਲਾ ਲਾਲ ਸਿੰਘ ਦੇ ਇੰਚਾਰਜ ਰਾਜਵੰਤ ਕੌਰ, ਮੈਡਮ ਰਵਿੰਦਰ ਕੌਰ, ਮੈਡਮ ਸ਼ਰਨਜੀਤ ਕੌਰ, ਸੀਐੱਚਟੀ ਹਰਪ੍ਰੀਤ ਕੌਰ ਦਾਲਮ, ਗੁਰਪ੍ਰੀਤ ਸਿੰਘ, ਗੁਰਜਿੰਦਰ ਕੌਰ, ਰਣਜੀਤ ਕੌਰ, ਨਿਰਮਲ ਕੌਰ, ਰੂਪ ਚੰਦ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਹਲਕਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ ਦੇ ਹਲਕਾ ਕੋਆਰਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ , ਕਰਨ ਬਾਠ, ਗੁਰ ਪ੍ਰਤਾਪ ਸਿੰਘ ਅਤੇ ਗੁਰਦੇਵ ਸਿੰਘ ਔਜਲਾ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਪਿੰਡ ਰਜ਼ਾਦਾ ਵਿਖੇ ਲਿੰਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ



**ਬਟਾਲਾ (ਡਾ. ਮਲਵਿੰਦਰ ਸਿੰਘ)**- ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਦੀ ਲੜੀ ਤਹਿਤ ਪਿੰਡ ਰਜ਼ਾਦਾ ਵਿਖੇ ਲਿੰਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ।ਉਨ੍ਹਾਂ ਕਿਹਾ ਕਿ ਸੜਕ ਨੂੰ 18 ਫੁੱਟ ਚੌੜੀ ਤੇ ਮਜ਼ਬੂਤ ਬਣਾਇਆ ਜਾਵੇਗਾ। ਇਸ ਮੌਕੇ ਪ੍ਰਧਾਨ ਮਨਦੀਪ ਸਿੰਘ ਗਿੱਲ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਦੱਸਿਆ ਕਿ ਬਟਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਅੰਦਰ ਵਿਕਾਸ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਪਿੰਡਾਂ ਅੰਦਰ ਲੋਕਾਂ ਦੀ ਸਮੱਸਿਆਵਾਂ ਹੱਲ ਕੀਤੀਆਂ ਜਾ ਰਹੀਆਂ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਸਫਲ ਯਤਨ ਕਰ ਰਹੀ ਹੈ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਹਰੇਕ ਖੇਤਰ ਵਿੱਚ ਚਹੁਪੱਖੀ ਵਿਕਾਸ ਕੰਮ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਰਿਕਾਰਡ ਵਿਕਾਸ ਕੰਮ ਕੀਤੇ ਹਨ ਅਤੇ ਲੋਕ ਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ।

# ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ : ਰਾਜਾ ਵੜਿੰਗ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪਹਿਲਗਾਮ'ਚ ਹੋਏ ਅੱਤਵਾਦੀ ਹਮਲੇ ਵਿੱਚ ਗੋਲੀਬਾਰੀ ਵਿੱਚ ਮੌਤ ਦੇ ਘਾਟ ਉਤਾਰੇ ਗਏ ਬੇਦੋਸ਼ਿਆਂ ਦੀ ਮੌਤ ਤੇ ਡੂੰਘੀ ਚਿੰਤਾ ਤੇ ਅਫਸੋਸ ਪ੍ਰਗਟ ਕਰਦਿਆਂ ਮੈਂਬਰ ਪਾਰਲੀਮੈਂਟ ਤੇ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣਾ ਬੇਹੱਦ ਜ਼ਰੂਰੀ ਹੈ ਤੇ ਇਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਬਣਦੀ ਹੈ। ਭਰੇ ਮਨ ਨਾਲ ਗੱਲਬਾਤ ਕਰਦਿਆਂ ਵੜਿੰਗ ਨੇ ਕਿਹਾ ਕਿ ਭਾਵੇ 28 ਦੇ ਕਰੀਬ ਬੇਗੁਨਾਹਾਂ ਨੂੰ ਗੋਲੀਆਂ ਮਾਰ ਕੇ ਸਦਾ ਦੀ ਨੀਂਦ ਸੁਆ ਦਿੱਤਾ ਤੇ ਬਹੁਤ ਸਾਰੇ ਘਰਾਂ ਦੇ ਚਿਰਾਗ਼ ਬੁੱਝ ਗਏ ਪਰ ਮੀਡੀਆ ਰਾਹੀਂ ਵੇਖੀਆਂ ਗਈਆਂ ਤਸਵੀਰਾਂ ਤੇ ਵੀਡੀਓ ਨਾਲ ਇੱਕ ਵਾਰ ਤਾਂ ਦਿਲ ਦਹਿਲ ਗਿਆ ਕਿ 16 ਅਪ੍ਰੈਲ ਨੂੰ ਹੀ ਨਵਵਿਆਹੀ ਹੱਥਾਂ ਵਿੱਚ ਚੂੜਾ ਪਹਿਨੀ ਇੱਕ ਸਾਡੀ ਬੱਚੀ ਜਦ ਆਪਣੇ ਕਰਨਾਲ ਨਿਵਾਸੀ ਪਤੀ ਜਲ ਸੈਨਾ ਅਧਿਕਾਰੀ ਲੈਫ਼ਟੀਨੈਂਟ ਵਿਨੈ ਨਰਵਾਲ ਕੋਲ ਵਿਰਲਾਪ ਕਰ ਰਹੀ ਸੀ ਤਾਂ ਯਕੀਨ ਕਰਿਓ ਕਿ ਪਤਾ ਨਹੀਂ ਕਿਉਂ ਲੱਗਦਾ ਸੀ ਕਿ ਜਿਵੇਂ ਇਹ ਸਾਡੀ ਹੀ ਧੀ ਤੇ ਸਾਡੇ ਪਰਿਵਾਰ ਦੀ ਮੈਂਬਰ ਹੋਵੇ। ਉਨ੍ਹਾਂ ਕਿਹਾ ਕਿ ਕੋਈ ਵੀ ਧਰਮ ਇਸ ਤਰਾਂ ਬੇਗੁਨਾਹਾਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੰਦਾ,ਇੱਕ ਵਾਰ ਤਾਂ ਮਨ ਵਿੱਚ ਆਇਆ ਕਿ ਰੱਬ ਨੂੰ ਉਲਾਮਾ ਦਿਆਂ ਕਿ ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ਪਰ ਫਿਰ ਅਗਲੇ ਹੀ ਪਲ ਮਨ ਨੂੰ ਸਮਝਾਇਆ ਕਿ ਨਹੀਂ ਸਾਡੇ ਧਰਮ ਤੇ ਗੁਰੂ ਸਾਹਿਬਾਨ ਨੇ ਸਮਝਾਇਆ ਹੀ ਇਹ ਹੈ ਕਿ ਕਿੰਨਾ ਵੀ ਅਸਿਹ ਤੇ ਅਕਿਹ ਭਾਣਾ ਕਿਉਂ ਨਾ ਹੋਵੇ ਉਸਨੂੰ ਉਸਦੀ ਰਜ਼ਾ ਵਿੱਚ ਹੀ ਰਹਿ ਕੇ ਮੰਨਣਾ ਹੈ। ਪਰ ਪਤਾ ਨਹੀਂ ਇਸ ਸਾਰੇ ਕਾਂਡ ਦੇ ਪਿੱਛੇ ਗੁਆਂਢੀ ਮੁਲਕ ਦੀ ਕਿਹੜੀ ਕੋਝੀ ਚਾਲ ਹੋ ਸਕਦੀ ਹੈ ਜਿਸਨੂੰ ਬੜੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਸ ਨੂੰ ਸਿਰਫ ਇਕੱਲੇ ਰਾਜਨੀਤੀ ਨਾਲ ਹੀ ਜੋੜ ਕੇ ਨਾ ਵੇਖਿਆ ਜਾਵੇ ਬਲਕਿ ਸਾਰੇ ਪਹਿਲੂਆਂ ਤੋਂ ਬਰੀਕੀ ਨਾਲ ਜਾਂਚ ਕਰਨੀ ਚਾਹੀਦੀ ਹੈ। ਅਖੀਰ ਵਿੱਚ ਮੈਂ ਇਸ ਦੁੱਖ ਦੀ ਘੜੀ ਵਿੱਚ ਸਾਰੇ ਹੀ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕਰਦਾਂ ਤੇ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਾਂ ਕਿ ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਸਾਬਕਾ ਮੰਤਰੀ ਤੇ ਵਿਧਾਇਕ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ, ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਤੇ ਹੋਰ ਵੀ ਆਗੂ ਨਾਲ ਸਨ ।



## ਦਾਸ ਤੇ ਬ੍ਰਾਊਨ ਦੇ ਤਿੰਨ ਵਿਦਿਆਰਥੀਆਂ ਦੀ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਲਈ ਚੋਣ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੇ ਤਿੰਨ ਵਿਦਿਆਰਥੀਆਂ ਨੂੰ ਦੱਖਣੀ ਕੋਰੀਆ ਵਿੱਚ ਹੋਣ ਵਾਲੀ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ 2025 ਲਈ ਚੁਣਿਆ ਗਿਆ ਹੈ। ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਅਸ਼ੋਕ ਮਦਾਨ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਲਈ 12ਵੀਂ ਜਮਾਤ ਦੇ ਭਾਵਿਕ ਜੈਨ, 11ਵੀਂ ਜਮਾਤ ਦੇ ਹਰਨਵ ਸਿੰਘ ਅਤੇ ਹਰਸ਼ਿਕਾ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਤਿੰਨ ਖਿਡਾਰੀ ਇੰਨੀ ਛੋਟੀ ਉਮਰ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਉਕਤ ਖਿਡਾਰੀਆਂ ਦੀ ਟਰੇਨਿੰਗ ਮੋਹਾਲੀ ਵਿੱਚ ਹੋਏ ਸਨ, ਜਿਸ ਵਿੱਚ ਦੇਸ਼ ਭਰ ਦੇ ਹੋਣਹਾਰ ਸਕੇਟਰਾਂ ਨੇ ਹਿੱਸਾ ਲਿਆ। ਉਪਰੋਕਤ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਖੇਡਣ ਵਿੱਚ ਆਪਣੀ ਜਗ੍ਹਾ ਬਣਾਈ ਹੈ। ਅਸ਼ਿਕ ਮਦਾਨ ਨੇ ਦੱਸਿਆ ਕਿ ਫਿਰੋਜ਼ਪੁਰ ਪਹੁੰਚਣ 'ਤੇ ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਵੱਲੋਂ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਨਿਰੁਧ ਗੁਪਤਾ ਨੇ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰੀਆਂ ਨੇ ਪੂਰੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ ਤੇ ਭਵਿੱਖ ਵਿੱਚ ਜ਼ਿਲ੍ਹੇ ਦਾ ਨਾਮ ਦੁਨੀਆ ਵਿੱਚ ਰੌਸ਼ਨ ਕਰਨਗੇ। ਡਾ. ਗੁਪਤਾ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਇਨ੍ਹਾਂ ਖਿਡਾਰੀਆਂ ਨੂੰ ਚੰਗੀ ਕੋਚਿੰਗ ਪ੍ਰਦਾਨ ਕਰਨ ਲਈ ਬਿਹਤਰ ਯਤਨ ਕੀਤੇ ਜਾਣਗੇ। ਜਨਰਲ ਸਕੱਤਰ ਮਨਜੀਤ ਸਿੰਘ ਢਿੱਲੋਂ, ਪਰਮਿੰਦਰ ਢਿੱਲ, ਰੰਜਨ ਸ਼ਰਮਾ, ਵਿਪੁਲ ਨਾਰੰਗ, ਪਵਨ ਮਦਾਨ, ਅਕਸ਼ਤ ਕੁਮਾਰ, ਵਿਕਰਮਾਦਿੱਤਿਆ ਸ਼ਰਮਾ, ਮਨਰੀਤ ਸਿੰਘ, ਦੀਪਕ ਮੱਗਾ, ਅਜੀਤ ਕੁਮਾਰ ਤੇ ਸੁਮਿਤ ਸ਼ਰਮਾ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਬਾਬਾ ਫ਼ਰੀਦ ਪਬਲਿਕ ਸਕੂਲ 'ਚ ਫੁੱਟਬਾਲ ਟੂਰਨਾਮੈਂਟ ਕਰਵਾਇਆ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਪਬਲਿਕ ਸਕੂਲ ਦੇ ਖ਼ੂਬਸੂਰਤ ਵੀ. ਐੱਮ ਖੇਡ ਸਟੇਡੀਅਮ ਵਿੱਚ ਚਾਰ ਰੋਜ਼ਾ ਅੰਤਰ-ਸਦਨ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ।ਬੱਚਿਆਂ ਦੀ ਸਰਵਪੱਖੀ ਸ਼ਖਸੀਅਤ ਦੇ ਵਿਕਾਸ ਕਰਨ ਤੇ ਨਸ਼ੇ ਵਿਰੁੱਧ ਯੁੱਧ ਮੁਹਿੰਮ ਦੇ ਹਿੱਤ ਸਕੂਲ ਦੇ ਵਾਇਸ ਪ੍ਰਿੰਸੀਪਲ ਮੈਡਮ ਤੇ ਸਰੀਰਕ ਸਿੱਖਿਆ ਵਿਭਾਗ ਦੇ ਅਧਿਆਪਕ ਸਾਹਿਬਾਨ ਦੀ ਯੋਗ ਅਗਵਾਈ ਸਦਕਾ ਇਹ ਅੰਤਰ ਸਦਨ ਫੁੱਟਬਾਲ ਟੂਰਨਾਮੈਂਟ ਬੇਹੱਦ ਕਾਮਯਾਬ ਰਿਹਾ।ਇਸ ਫੁੱਟਬਾਲ ਟੂਰਨਾਮੈਂਟ ਵਿੱਚ ਚਾਰ ਸਦਨ ਦੇ ਵੱਖ-ਵੱਖ ਉਮਰ ਵਰਗ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲੈਂਦੇ ਹੋਏ ਆਪਣੀ ਖੇਡ ਕਲਾ ਦਾ ਬਾਖੂਬੀ ਪ੍ਰਦਰਸ਼ਨ ਕੀਤਾ।ਇਸ ਟੂਰਨਾਮੈਂਟ ਦੌਰਾਨ ਅੰਡਰ-14 ਮੁੰਡਿਆਂ ਦੀ ਟੀਮ ਵਿਚ ਕ੍ਰਮਵਾਰ ਪਹਿਲਾ ਸਥਾਨ ਸਤਲੁਜ ਸਦਨ, ਦੂਸਰਾ ਸਥਾਨ ਚਨਾਬ ਤੇ ਤੀਸਰਾ ਸਥਾਨ ਬਿਆਸ ਸਦਨ ਦੇ ਵਿਦਿਆਰਥੀਆਂ ਨੇ ਹਾਸਲ ਕੀਤਾ।ਇਸੇ ਤਰ੍ਹਾਂ ਅੰਡਰ-17 ਟੀਮ (ਮੁੰਡੇ) ਦੇ ਅੰਤਰਗਤ ਚਨਾਬ ਸਦਨ ਪਹਿਲੇ, ਸਤਲੁਜ ਸਦਨ ਦੂਜੇ ਤੇ ਬਿਆਸ ਸਦਨ ਤੀਸਰੇ ਸਥਾਨ 'ਤੇ ਰਿਹਾ।ਇਸ ਤੋਂ ਇਲਾਵਾ ਅੰਡਰ-19 (ਮੁੰਡੇ) 'ਚ ਰਾਵੀ ਸਦਨ ਦੀ ਟੀਮ ਨੇ ਪਹਿਲਾ, ਬਿਆਸ ਸਦਨ ਨੇ ਦੂਜਾ ਤੇ ਸਤਲੁਜ ਸਦਨ ਦੀ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਇਸ ਫੁੱਟਬਾਲ ਟੂਰਨਾਮੈਂਟ ਨੂੰ ਯਾਦਗਾਰੀ ਬਣਾਇਆ।ਸਕੂਲ ਪ੍ਰਿੰਸੀਪਲ ਵੱਲੋਂ ਸਰੀਰਕ ਵਿਭਾਗ ਦੇ ਅਜਿਹੇ ਖੇਡ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਪ੍ਰਿੰਸੀਪਲ ਤੇ ਸੰਸਥਾ ਦੇ ਉੱਚ-ਪ੍ਰਸ਼ਾਸਕ ਅਧਿਕਾਰੀਆਂ ਵੱਲੋਂ ਜੇਤੂ ਟੀਮਾਂ ਦੇ ਖਿਡਾਰੀ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨ ਹਿੱਤ ਉਨ੍ਹਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।

## ਸ੍ਰੀ ਦੁਰਗਾ ਮੰਦਰ ਦੇ ਨਵ-ਨਿਰਮਾਣ ਨੂੰ ਲੈ ਕੇ ਪ੍ਰਬੰਧਕ ਕਮੇਟੀ ਦੀ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਕਾਲੇਕੇ ਰੋਡ 'ਤੇ ਸਥਿਤ ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮਨ ਮਿੱਤਲ ਰਿਪੀ ਦੀ ਅਗਵਾਈ ਵਿੱਚ ਸ੍ਰੀ ਦੁਰਗਾ ਮੰਦਰ ਵਿਖੇ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਮੰਦਰ ਦੇ ਨਵ-ਨਿਰਮਾਣ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮੰਦਰ ਦੇ ਨਿਰਮਾਣ ਦਾ ਕੰਮ ਬਹੁਤ ਹੀ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਮੰਦਰ ਬਹੁਤ ਹੀ ਜਲਦੀ ਤਿਆਰ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਮੰਦਰ ਦੇ ਨਵ ਨਿਰਮਾਣ ਲਈ ਕੋਈ ਵੀ ਦਾਨੀ ਸੱਜਣ ਕਿਸੇ ਵੀ ਕਿਸਮ ਦਾ ਦਾਨ ਦੇਣਾ ਚਾਹੁੰਦਾ ਹੈ ਤਾਂ ਮੰਦਰ ਕਮੇਟੀ ਦੇ ਮੈਂਬਰਾਂ ਨਾਲ ਸੰਪਰਕ ਕਰ ਸਕਦਾ ਹੈ।ਇਸ ਮੌਕੇ ਕੈਸ਼ੀਅਰ ਸੰਜੀਵ ਸਿੰਗਲਾ ਪਿੰਕਾ ਤੇ ਸੈਕਟਰੀ ਦੀਕਸ਼ਤ ਗਰਗ ਨੇ ਦੱਸਿਆ ਕਿ ਸ੍ਰੀ ਦੁਰਗਾ ਮੰਦਰ ਵਿੱਚ ਹਰ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਸ੍ਰੀ ਰਾਮਾਇਣ ਦਾ ਪਾਠ ਰੱਖਿਆ ਜਾਵੇਗਾ ਤੇ ਐਤਵਾਰ ਨੂੰ ਸਵੇਰੇ ਭੋਗ ਪਵੇਗਾ।ਬਾਅਦ ਵਿੱਚ ਸੰਕੀਰਤਨ ਵੀ ਹੋਵੇਗਾ।ਉਨ੍ਹਾਂ ਕਿਹਾ ਕਿ ਕੋਈ ਵੀ ਪਰਿਵਾਰ ਸ੍ਰੀ ਰਾਮਾਇਣ ਦਾ ਪਾਠ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ।ਇਸ ਮੌਕੇ ਡਾ. ਦੇਵਰਾਜ, ਅਸ਼ੋਕ ਬਾਂਸਲ, ਸੁਖਦਰਸ਼ਨ ਸਿੰਗਲਾ, ਦਰਸ਼ਨ ਮਿੱਤਲ, ਵਿਜੇ ਬਾਂਸਲ, ਪ੍ਰਵੀਨ ਗੋਇਲ, ਠਾਕੁਰ ਦਾਸ ਮਿੱਤਲ, ਸੁਸ਼ੀਲ ਗਰਗ, ਭਗਵਾਨ ਦਾਸ, ਗੌਤਮ ਬਾਂਸਲ, ਅਸ਼ਵਨੀ ਮਿੱਤਲ, ਲਵ ਕੁਮਾਰ ਸਿੰਗਲਾ, ਜਸਵਿੰਦਰ, ਕੇਵਲ ਗੋਇਲ, ਵਿਜੇ ਮੋਹਨ ਗਰਗ, ਪਿਆਰੇ ਲਾਲ, ਸੁਭਾਸ਼ ਗੋਇਲ, ਸੰਦੀਪ ਮਿੱਤਲ, ਅਜੇ ਮਿੱਤਲ, ਹਨੀ ਗਰਗ, ਰਿਪੀ ਬਾਂਸਲ, ਮਨੋਜ ਕੁਮਾਰ ਲਾਰੈਂਸ ਸਕੂਲ, ਗੌਰਵ ਗਰਗ, ਅਮਿਤ ਬਾਂਸਲ, ਯਸ਼ਪਾਲ ਗੋਇਲ ਤੇ ਹੋਰ ਸ਼ਾਮਲ ਸਨ।

## ਅੱਤਵਾਦੀ ਹਮਲੇ 'ਚ ਮਰਨ ਵਾਲੇ ਯਾਤਰੀਆਂ ਨੂੰ ਦਿੱਤੀ ਸ਼ਰਧਾਂਜਲੀ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸਵੇਰ ਦੀ ਸਭਾ ਵਿੱਚ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਮਰਨ ਵਾਲੇ ਯਾਤਰੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਘਟਨਾ ਨੇ ਦੇਸ਼ ਭਰ ਦੇ ਲੋਕਾਂ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਰਲ ਕੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ।ਇਸ ਮੌਕੇ ਸਕੂਲ ਚੇਅਰਮੈਨ ਸ਼ੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੀਮਾ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਵੱਲੋਂ ਵੀ ਇਸ ਦੁੱਖ ਦੀ ਘੜੀ ਵਿੱਚ ਦੋ ਮਿੰਟ ਦਾ ਮੌਨ ਵਰਤ ਧਾਰਨ ਕੀਤਾ ਗਿਆ।

## ਸ਼ਹੀਦ ਜੈਮਲ ਸਿੰਘ ਸਕੂਲ 'ਚ ਵਿਸ਼ਵ ਮਲੇਰੀਆ ਡੇਅ ਮਨਾਇਆ



**ਕੋਟ ਈਸੇ ਖਾਂ (ਅਰੋੜਾ)**-ਮਾਣਯੋਗ ਸੀਨੀਅਰ ਮੈਡੀਕਲ ਅਫਸਰ ਡਾਕਟਰ ਰਿਪੁਦਮਨ ਕੌਰ ਦੀ ਯੋਗ ਅਗਵਾਈ ਹੇਠ ਸੀਐੱਚਸੀ ਕੋਟ ਈਸੇ ਖਾਂ ਸਰਕਾਰੀ ਹਸਪਤਾਲ ਵੱਲੋਂ ਪਿੰਡ ਗਲੋਟੀ ਦੇ ਸ਼ਹੀਦ ਜੈਮਲ ਸਿੰਘ ਸਕੂਲ ਵਿਖੇ ਵਿਸ਼ਵ ਮਲੇਰੀਆ ਡੇਅ ਮਨਾਇਆ ਗਿਆ, ਜਿਸ ਵਿੱਚ ਰਿਟਾਇਰਡ ਅਸਿਸਟੈਂਟ ਮਲੇਰੀਆ ਅਫ਼ਸਰ ਡਾਕਟਰ ਰਾਜਵਿੰਦਰ ਸਿੰਘ ਗਿੱਲ ਮਾਨ ਨੇ ਖਾਸ ਤੌਰ 'ਤੇ ਸ਼ਮੂਲੀਅਤ ਕੀਤੀ।ਮਾਣਯੋਗ ਪ੍ਰਿੰਸੀਪਲ ਸਾਹਿਬਾਨ ਨੇ ਬੱਚਿਆਂ ਤੇ ਮੈਡੀਕਲ ਟੀਮ ਦੇ ਆਉਣ 'ਤੇ ਜੀ ਆਇਆਂ ਕਿਹਾ।ਪ੍ਰੋਗਰਾਮ ਦੀ ਸ਼ੁਰੂਆਤ ਜਗਮੀਤ ਸਿੰਘ ਆਈਡੀਐੱਸਪੀ ਬਰਾਂਚ ਕੋਟ ਈਸੇ ਖਾਂ ਵੱਲੋਂ ਕਰਵਾਈ ਗਈ। ਉਪਰੰਤ ਡਾਕਟਰ ਰਾਜਵਿੰਦਰ ਗਿੱਲ ਨੇ ਮਲੇਰੀਏ ਬਾਰੇ ਬੱਚਿਆਂ ਨੂੰ ਜਾਗਰੂਕ ਕੀਤਾ।ਇਸ ਮੌਕੇ ਸਕੂਲ ਵੱਲੋਂ ਸਿਹਤ ਟੀਮ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰ ਵਿਕਰਮਜੀਤ ਸਿੰਘ ਤੇ ਰਜੇਸ਼ ਗਾਬਾ ਆਦਿ ਸਿਹਤ ਕਰਮੀ ਹਾਜ਼ਰ ਸਨ।

## ਝਾੜ ਸਾਹਿਬ ਕਾਲਜ 'ਚ ਫ਼ੈਸ਼ਨ ਡਿਜ਼ਾਇਨਿੰਗ ਵਿਭਾਗ ਵੱਲੋਂ ਵਰਕਸ਼ਾਪ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਨਿਰਦੇਸ਼ਾਂ ਹੇਠ ਫ਼ੈਸ਼ਨ ਡਿਜ਼ਾਇਨਿੰਗ ਵਿਭਾਗ ਦੇ ਪ੍ਰੋਫੈਸਰ ਹਰਪ੍ਰੀਤ ਕੌਰ ਤੇ ਸੁਖਪ੍ਰੀਤ ਕੌਰ ਦੀ ਅਗਵਾਈ ਹੇਠ ਮਸ਼ੀਨ ਨੀਟਿੰਗ ਦੀ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਰਿਸ਼ੀ ਸ਼ਾਹ (ਸੀ.ਈ.ਓ ਵਾਈਟ ਟਾਈਗਰ ਨਿੱਟ) ਤੇ ਤਰਸੇਮ ਲਾਲ ਨੂੰ ਬਤੌਰ ਐਕਸਪਰਟ ਬੁਲਾਇਆ ਗਿਆ, ਜਿਸ ਵਿੱਚ ਉਨ੍ਹਾਂ ਨੇ ਨੀਟਿੰਗ ਮਸ਼ੀਨ ਦੀਆਂ ਅਟੈਚਮੈਂਟਾਂ ਬਾਰੇ ਜਾਣਕਾਰੀ ਦੇ ਕੇ ਨੀਟਿੰਗ ਦੀਆਂ ਵੱਖ-ਵੱਖ ਵੰਨਗੀਆਂ ਤਕਨੀਕਾਂ ਜਿਵੇਂ ਰਿੱਬ, ਸਰਮੀ, ਕੇਬਲ, ਲੇਸ ਆਦਿ ਡਿਜ਼ਾਇਨਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਨੀਟਿੰਗ ਮਸ਼ੀਨ ਉੱਤੇ ਕੰਮ ਕਰਕੇ ਵੀ ਦਿਖਾਇਆ ਗਿਆ।ਇਸ ਮੌਕੇ ਵਿਦਿਆਰਥਣਾਂ ਨੇ ਆਪ ਵੀ ਮਸ਼ੀਨ ਦੀ ਵਰਤੋਂ ਕਰਕੇ ਵੱਖ-ਵੱਖ ਡਿਜ਼ਾਇਨ ਪਾਉਣ ਦੀ ਕੋਸ਼ਿਸ਼ ਕੀਤੀ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਲਈ ਇਹ ਵਰਕਸ਼ਾਪ ਬਹੁਤ ਸਹਾਇਕ ਸਿੱਧ ਹੋਵੇਗੀ।ਅਜਿਹੇ ਕੋਰਸਾਂ ਨਾਲ ਵਿਦਿਆਰਥਣਾਂ ਆਪਣੇ ਪੈਰਾਂ 'ਤੇ ਖੜ੍ਹੇ ਕੇ ਲਘੂ ਉਦਯੋਗ ਵੀ ਸ਼ੁਰੂ ਕਰ ਸਕਦੀਆਂ ਹਨ ਤੇ ਆਤਮ ਨਿਰਭਰ ਹੋ ਸਕਦੀਆਂ ਹਨ।ਇਸ ਵਰਕਸ਼ਾਪ ਲਈ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ, ਮੈਂਬਰ ਸਾਹਿਬਾਨਾਂ ਨੇ ਸ਼ਲਾਘਾ ਕੀਤੀ ਗਈ।ਵਰਨਣਯੋਗ ਹੈ ਕਿ ਬੀ.ਐੱਸ.ਸੀ. ਫੈਸ਼ਨ ਡਿਜ਼ਾਇਨਿੰਗ ਦੀ ਵਿਦਿਆਰਥਣ ਰਾਜਦੀਪ ਕੌਰ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀਆਂ ਪ੍ਰੀਖਿਆਵਾਂ ਵਿੱਚੋਂ ਪਹਿਲੀ ਪੁਜ਼ੀਸ਼ਨ 'ਤੇ ਰਹੀ ਹੈ।

# ਫਲਾਈਓਵਰ ਦੇ ਥੱਲੇ ਪਾਰਕ ਬਣਾ ਕੇ ਅਮਨ ਅਰੋੜਾ ਨੇ ਸ਼ਹਿਰ ਨੂੰ ਦਿੱਤਾ ਖ਼ੂਬਸੂਰਤ ਤੋਹਫ਼ਾ




**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤੇ ਹਲਕਾ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਵੱਲੋਂ ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਵਾਸੀਆਂ ਨੂੰ ਆਧੁਨਿਕ ਪਾਰਕ ਦੇ ਰੂਪ ਵਿੱਚ ਇੱਕ ਹੋਰ ਖ਼ੂਬਸੂਰਤ ਤੋਹਫ਼ਾ ਦਿੱਤਾ ਗਿਆ।ਸੁਨਾਮ ਊਧਮ ਸਿੰਘ ਵਾਲਾ ਸ਼ਹਿਰ ਵਿੱਚ ਨਗਰ ਕੌਂਸਲ ਦਫ਼ਤਰ ਦੇ ਕੋਲ ਬਠਿੰਡਾ ਫਲਾਈਓਵਰ ਦੇ ਥੱਲੇ ਖਾਲੀ ਪਈ ਜਗ੍ਹਾ ਦੀ ਲੈਂਡਸਕੇਪਿੰਗ ਕਰਵਾ ਕੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਸ਼ਹਿਰ ਦੀ ਖ਼ੂਬਸੂਰਤੀ ਵਿੱਚ ਹੋਰ ਵਾਧਾ ਕਰਵਾਇਆ ਗਿਆ ਹੈ।

ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਰਹਿਣ-ਸਹਿਣ ਲਈ ਚੰਗਾ ਵਾਤਾਵਰਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਤਹਿਤ ਸੁਨਾਮ ਹਲਕੇ ਵਿੱਚ ਵੀ ਲੋੜੀਂਦੇ ਵਿਕਾਸ ਕਾਰਜ ਕਰਵਾਉਣੇ ਯਕੀਨੀ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਿਹੜੀਆਂ ਥਾਂਵਾਂ ਦੀ ਅੱਜ ਤੱਤ ਕਿਸੇ ਨੇ ਸਾਰ ਨਹੀਂ ਸੀ ਲਈ ਉਨ੍ਹਾਂ ਥਾਂਵਾਂ ਨੂੰ ਵੀ ਖ਼ੂਬਸੂਰਤ ਤਰੀਕੇ ਨਾਲ ਵਿਕਸਿਤ ਕਰਨਾ ਯਕੀਨੀ ਬਣਾਇਆ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਜਿਹੜੀ ਥਾਂ 'ਤੇ ਪਾਰਕ ਵਿਕਸਿਤ ਕੀਤਾ ਗਿਆ ਹੈ, ਉਸ ਥਾਂ 'ਤੇ ਅਵਾਰਾ ਪਸ਼ੂਆਂ ਦੀ ਭਰਮਾਰ ਰਹਿੰਦੀ ਸੀ ਤੇ ਕੁਝ ਗੱਡੀਆਂ ਦੀ ਨਾਜਾਇਜ਼ ਪਾਰਕਿੰਗ ਸੀ।ਉਨ੍ਹਾਂ ਕਿਹਾ ਕਿ ਹੁਣ ਇਸ ਜਗ੍ਹਾ ਉੱਪਰ ਜਿੰਮ, ਯੋਗਾ ਕਰਨ ਲਈ ਵੱਖਰੀ ਜਗ੍ਹਾ, ਬੱਚਿਆਂ ਦੇ ਖੇਡਣ ਲਈ ਝੂਲਿਆਂ ਆਦਿ ਦਾ ਪ੍ਰਬੰਧ ਕਰਵਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਸੁਨਾਮ ਹਲਕਾ ਵਾਸੀਆਂ ਨੂੰ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਵਾਉਣ ਲਈ ਉਹ ਪੂਰੀ ਤਰ੍ਹਾਂ ਵਚਨਬੱਧ ਹਨ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਸੌਗਾਤਾਂ ਹਲਕਾ ਵਾਸੀਆਂ ਨੂੰ ਸਮਰਪਤ ਕੀਤੀਆਂ ਜਾਣਗੀਆਂ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਾਰਕਿਟ ਕਮੇਟੀ ਮੁਕੇਸ਼ ਜੁਨੇਜਾ, ਈ.ਓ. ਬਾਲਕ੍ਰਿਸ਼ਨ, ਐੱਮ.ਸੀ. ਆਸ਼ਾ ਬਜਾਜ, ਜਤਿੰਦਰ ਜੈਨ, ਮਨੀ ਸਰਾਓ, ਚਮਕੌਰ ਹਾਂਡਾ, ਗੁਰਤੇਗ ਨਿੱਕਾ, ਰਵੀ ਕਮਲ ਗੋਇਲ, ਬਲਾਕ ਪ੍ਰਧਾਨ ਸਾਹਿਬ ਸਿੰਘ, ਸੰਦੀਪ ਜਿੰਦਲ, ਹਰਵਿੰਦਰ ਸਿੰਘ ਨਾਮਧਾਰੀ, ਸਾਹਿਲ ਗਿੱਲ, ਅਮਰੀਕ ਧਾਲੀਵਾਲ, ਆਸ਼ੀਸ਼ ਜੈਨ ਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਤਰਕਸ਼ੀਲ ਸੁਸਾਇਟੀ ਵੱਲੋਂ ਪਹਿਲਗਾਮ ਘਟਨਾ ਦੀ ਸਖ਼ਤ ਨਿਖੇਧੀ

**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨੇ ਕਸ਼ਮੀਰ ਵਾਦੀ ਦੇ ਕਸਬੇ ਪਹਿਲਗਾਮ ਵਿੱਚ 27 ਸੈਲਾਨੀਆਂ ਨੂੰ ਕਤਲ ਕਰਨ ਦੀ ਦਹਿਸ਼ਤੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰਦਿਆਂ, ਇਸ ਨੂੰ ਭਾਈਚਾਰਕ ਸਾਂਝ ਤੋੜਨ ਦੀ ਇਕ ਗਹਿਰੀ ਸਿਆਸੀ ਸਾਜ਼ਿਸ਼ ਕਰਾਰ ਦਿੱਤਾ ਹੈ।ਸੁਪਰੀਮ ਕੋਰਟ ਦੇ ਜੱਜ ਤੋਂ ਨਿਆਂਇਕ ਜਾਂਚ ਕਰਵਾਉਣ ਦੀ ਜ਼ੋਰਦਾਰ ਮੰਗ ਕੀਤੀ ਹੈ।ਸੁਸਾਇਟੀ ਨੇ ਸੈਲਾਨੀਆਂ ਦੀ ਸੁਰੱਖਿਆ 'ਚ ਵੱਡੀ ਕੋਤਾਹੀ ਲਈ ਕੇਂਦਰ ਸਰਕਾਰ ਤੇ ਇਸ ਦੀਆਂ ਖੁਫ਼ੀਆ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ ਬਾਲਦ ਕਲਾਂ, ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ, ਪ੍ਰਗਟ ਸਿੰਘ ਬਾਲੀਆਂ ਨੇ ਇਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਫਿਰਕੂ ਕਤਲੇਆਮ ਮਹਿਜ ਅੱਤਵਾਦ ਦੀ ਘਟਨਾ ਨਹੀਂ ਬਲਕਿ ਕਸ਼ਮੀਰ ਦੇ ਲੋਕਾਂ ਦੀ ਆਰਥਿਕਤਾ ਤੇ ਅਮਨ ਸ਼ਾਂਤੀ ਦੇ ਮਾਹੌਲ ਨੂੰ ਬਰਬਾਦ ਕਰਨ ਤੇ ਦੇਸ਼ ਵਿੱਚ ਵੱਡੀ ਪੱਧਰ ਤੇ ਹਿੰਦੂ ਮੁਸਲਿਮ ਫਿਰਕੂ ਦੰਗੇ ਫ਼ਸਾਦ ਕਰਵਾਉਣ ਦੀ ਇਕ ਗਿਣੀ ਮਿੱਥੀ ਸਾਜ਼ਿਸ਼ ਹੈ, ਜਿਸਦਾ ਪਰਦਾਫਾਸ਼ ਕਰਕੇ ਵੱਡੇ ਪੱਧਰ 'ਤੇ ਵਿਰੋਧ ਕਰਨ ਦੀ ਲੋੜ ਹੈ।ਤਰਕਸ਼ੀਲ ਆਗੂਆਂ ਨੇ ਪੀੜਤ ਪਰਵਾਰਾਂ ਦੇ ਡੂੰਘੇ ਦੁੱਖ ਵਿੱਚ ਸ਼ਮੂਲੀਅਤ ਕਰਦਿਆਂ ਲੋਕਾਂ ਨੂੰ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਜ਼ੋਰਦਾਰ ਅਪੀਲ ਕੀਤੀ।

## ਹੋਟਲ ਬਣਦੇ ਜਾ ਰਹੇ ਹਨ ਦੇਹ ਵਪਾਰ ਦੇ ਅੱਡੇ !

**ਦੋਰਾਹਾ (ਹਰਮਿੰਦਰ ਸੇਠ)**-ਅਕਸਰ ਹੀ ਪਹਿਲਾ ਯਾਤਰੀਆਂ ਦੇ ਰੁਕਣ ਲਈ ਸ਼ਹਿਰ ਵਿੱਚ ਆਰਾਮ ਘਰ ਬਣੇ ਹੁੰਦੇ ਸਨ ਜੇਕਰ ਕੋਈ ਯਾਤਰੀ ਬਾਹਰ ਘੁਮਣ ਆਉਦੇ ਸਨ ਤਾਂ ਰਾਸਤੇ ਵਿੱਚ ਕਿਸੇ ਵੀ ਆਰਾਮ ਘਰ ਵਿੱਚ ਰੁਕ ਜਾਂਦੇ ਸਨ, ਪਰ ਸਮੇਂ ਦੇ ਨਾਲ ਨਾਲ ਅਰਾਮ ਘਰਾਂ ਦੇ ਨਾਲ ਨਾਲ ਹੋਟਲ ਬਣ ਗਏ।ਦੋਰਾਹਾ ਵਿਖੇ ਬਣੇ ਹੋਟਲਾਂ ਵਿੱਚ ਗਲਤ ਕੰਮ ਚੱਲਣ ਦਾ ਖਦਸ਼ਾ ਲਗਾਇਆ ਜਾ ਰਿਹਾ ਹੈ।ਸ਼ਹਿਰ ਦੇ ਸਮਾਜ ਸੇਵੀ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਹੋਟਲ ਆਦਿ ਅਕਸਰ ਹੀ ਯਾਤਰੀਆਂ ਦੇ ਰੁਕਣ ਲਈ ਬਣਾਏ ਜਾਂਦੇ ਹਨ, ਪਰ ਦੋਰਾਹਾ ਵਿਖੇ ਹੋਟਲਾਂ ਵਿੱਚ ਗਲਤ ਕੰਮ ਚੱਲ ਰਹੇ ਹਨ।ਸਭ ਤੋਂ ਪਹਿਲਾਂ ਪ੍ਰਸ਼ਾਸਨ ਵੱਲੋਂ ਇਨ੍ਹਾਂ ਹੋਟਲਾਂ ਦੀ ਜਾਂਚ ਕਰਨੀ ਚਾਹੀਦੀ ਹੈ, ਜੋ ਯਾਤਰੀ ਕਮਰਾ ਰੁਕਣ ਲਈ ਲੈ ਰਹੇ ਹਨ, ਉਹ ਲੋਕਲ ਹਨ ਜਾਂ ਕਿਸੇ ਬਾਹਰ ਸ਼ਹਿਰ ਜਾਂ ਪਿੰਡ ਦੇ ਹਨ।ਖਾਸਕਰ ਬੱਸ ਸਟੈਂਡ ਨਜ਼ਦੀਕ ਬਣੇ ਹੋਟਲਾਂ ਦੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਸਮਾਜ ਵਿੱਚ ਚੱਲ ਰਹੀਆਂ ਸਮਾਜ ਵਿਰੋਧੀ ਕੁਰੀਤੀਆਂ ਨੂੰ ਰੋਕਿਆ ਜਾ ਸਕੇ।ਹੋਟਲਾਂ ਵਿੱਚ ਰੁਕਣ ਸਮੇਂ ਦਿੱਤੇ ਜਾਣ ਵਾਲੇ ਆਧਾਰ ਕਾਰਡ ਦੀ ਵੀ ਜਾਂਚ ਹੋਣੀ ਚਾਹੀਦੀ ਹੈ।ਸ਼ਹਿਰ ਵਾਸੀਆਂ ਦੀ ਮੰਗ ਕਿ ਇਨ੍ਹਾਂ ਹੋਟਲਾਂ ਵਿੱਚ ਚੱਲ ਰਹੇ ਗਲਤ ਕੰਮ ਬੰਦ ਹੋਣੇ ਚਾਹੀਦੇ ਹਨ।


# ਵਪਾਰੀ ਵਰਗ ਵੱਲੋਂ ਪਾਕਿਸਤਾਨ ਖਿਲਾਫ ਰੋਸ ਮਾਰਚ ਤੇ ਨਾਅਰੇਬਾਜ਼ੀ



**ਨਾਭਾ (ਵਰਿੰਦਰ ਵਰਮਾ)**-ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਦੇਸ਼ ਭਰ ਵਿੱਚ ਪਾਕਿਸਤਾਨ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।ਇਸੇ ਤਹਿਤ ਨਾਭਾ ਵਿਖੇ ਵਪਾਰੀ ਵਰਗ ਵੱਲੋਂ ਪਾਕਿਸਤਾਨ ਖਿਲਾਫ ਰੋਸ ਮਾਰਚ ਕੱਢਿਆ ਗਿਆ ਅਤੇ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਵਿਵੇਕ ਸਿੰਗਲਾ, ਪ੍ਰਵੀਨ ਮਿੱਤਲ ਗੋਗੀ, ਸਲੀਮ ਮੁਹੰਮਦ, ਅਵਤਾਰ ਸਿੰਘ ਸ਼ੇਰਗਿੱਲ, ਕੁਲਵਿੰਦਰ ਸਿੰਘ ਰਾਜੂ ਨੇ ਕਿਹਾ ਕਿ ਜਿਵੇਂ ਅੱਤਵਾਦੀਆਂ ਨੇ ਬੇਕਸੂਰ ਲੋਕਾਂ ਨੂੰ ਮਾਰਿਆ, ਉਸੇ ਤਰ੍ਹਾਂ ਹੀ ਸਰਕਾਰ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਵੇ ਤਾਂ ਜੋ ਅੱਗੇ ਤੋਂ ਪਾਕਿਸਤਾਨ ਅਜਿਹੀ ਹਰਕਤ ਨਾ ਕਰ ਸਕੇ।ਉਨ੍ਹਾਂ ਕਿਹਾ ਕਿ ਪਹਿਲਗਾਮ ਵਿਖੇ ਅੱਤਵਾਦੀ ਹਮਲੇ ਨੂੰ ਲੈ ਕੇ ਜਿੱਥੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਤੇ ਹੁਣ ਅੱਤਵਾਦੀਆਂ ਦੇ ਖਿਲਾਫ ਸਾਰਾ ਹੀ ਦੇਸ਼ ਇੱਕਜੁੱਟ ਹੋ ਕੇ ਮੂੰਹ ਤੋੜ ਜਵਾਬ ਦੇਣ ਦੀ ਗੱਲ ਕਰ ਰਿਹਾ ਹੈ, ਕਿਉਂਕਿ ਇਸ ਹਮਲੇ ਵਿੱਚ ਲੈਫਟੀਨੈਂਟ ਵਿਨੈ ਨਰਵਾਲ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਹੋਰ ਵੀ ਨਿਹੱਥੇ ਲੋਕਾਂ ਨੂੰ ਜਾਨ ਗਵਾਉਣੀ ਪਈ, ਜਿਸ ਦੇ ਰੋਸ ਵਜੋਂ ਅੱਜ ਦੇਸ਼ ਭਰ ਵਿੱਚ ਪਾਕਿਸਤਾਨ ਅੱਤਵਾਦੀ ਹਮਲੇ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵਪਾਰੀ ਅਸੀਂ ਭਾਈਚਾਰਕ ਸਾਂਝ ਨੂੰ ਕਾਇਮ ਕਰਨ ਲਈ ਅਸੀਂ ਇੱਕਜੁੱਟ ਹਾਂ ਤੇ ਜੋ ਪਹਿਲਗਾਮ ਵਿਖੇ ਅੱਤਵਾਦੀ ਹਮਲਾ ਹੋਇਆ ਹੈ, ਸਾਨੂੰ ਯਕੀਨ ਹੈ ਸਰਕਾਰ ਉਸ ਦਾ ਮੂੰਹ ਤੋੜ ਜਵਾਬ ਦੇਵੇਗੀ।ਇਸ ਮੌਕੇ ਵਿਸ਼ਾਲ ਸ਼ਰਮਾ, ਨਰੇਸ਼ ਗਰਗ, ਅਸ਼ਵਨੀ ਚੋਪੜਾ, ਰਿਸ਼ੂ ਵਰਮਾ, ਲਲਿਤ ਮਿੰਟੂ, ਵਿਕਾਸ ਚੋਪੜਾ, ਰਾਜੀਵ ਵਰਮਾ, ਰਾਜੇਸ਼ ਗੁਪਤਾ, ਜਤਿੰਦਰ ਸ਼ਰਮਾ, ਨਰਿੰਦਰ ਢੀਂਗਰਾ, ਬਲਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਵਰਗ ਹਾਜ਼ਰ ਸੀ।

# ਝੱਖੜ ਨਾਲ ਹੋਏ ਨੁਕਸਾਨ ਦਾ ਧੂਰੀ ਵਪਾਰ ਮੰਡਲ ਨੇ ਮੰਗਿਆ ਮੁਆਵਜ਼ਾ

### ਹਲਕੇ ਦੇ ਲੋਕਾਂ ਦੀ ਬਾਂਹ ਫੜਨ ਭਗਵੰਤ ਮਾਨ : ਆਗੂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਲੰਘੀ 18 ਅਪ੍ਰੈਲ ਦੀ ਸ਼ਾਮ ਨੂੰ ਆਏ ਤੇਜ਼ ਝੱਖੜ, ਹਨੇਰੀ ਕਾਰਨ ਇਲਾਕੇ ਵਿੱਚ ਵਪਾਰੀਆਂ, ਉਦਯੋਗਪਤੀਆਂ ਅਤੇ ਹੋਰ ਆਮ ਲੋਕਾਂ ਦੇ ਹੋਏ ਭਾਰੀ ਨੁਕਸਾਨ ਨੂੰ ਲੈ ਕੇ ਕੱਲ੍ਹ ਦੇਰ ਸ਼ਾਮ ਧੂਰੀ ਵਪਾਰ ਮੰਡਲ ਧੂਰੀ ਦੇ ਪ੍ਰਧਾਨ ਵਿਕਾਸ ਜੈਨ, ਇੰਡਸਟਰੀ ਚੈਂਬਰ ਬਲਾਕ ਧੂਰੀ ਦੇ ਪ੍ਰਧਾਨ ਮੁਕੇਸ਼ ਬੰਟੀ ਸਿੰਗਲਾ, ਵਪਾਰ ਮੰਡਲ ਦੇ ਜ਼ਿਲ੍ਹਾ ਜਨਰਲ ਸਕੱਤਰ ਹੰਸ ਰਾਜ ਬਜਾਜ ਤੇ ਸੀਨੀਅਰ ਵਾਇਸ ਪ੍ਰਧਾਨ ਨਰੇਸ਼ ਕੁਮਾਰ ਮੰਗੀ ਨੇ ਸੱਦੀ ਪ੍ਰੈੱਸ ਵਾਰਤਾ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਝੱਖੜ ਨੇ ਹਲਕੇ ਵਿੱਚ ਬਹੁਤ ਤਬਾਹੀ ਮਚਾਈ ਹੈ, ਜਿਸ ਨਾਲ ਵੱਖ ਵੱਖ ਉਦਯੋਗਾਂ ਤੇ ਹੋਰ ਵਪਾਰਕ ਅਦਾਰਿਆਂ ਦਾ ਕਰੋੜਾਂ ਦਾ ਨੁਕਸਾਨ ਹੋਇਆ ਹੈ, ਪਰ ਅੱਜ ਤੱਕ ਸ੍ਰੀ ਭਗਵੰਤ ਮਾਨ ਨੂੰ 'ਹਰਾ ਪੈਨ' ਬਖ਼ਸ਼ਣ ਵਾਲੇ ਧੂਰੀ ਹਲਕੇ ਦੇ ਲੋਕਾਂ ਦੀ ਨਾ ਹੀ ਹਲਕਾ ਵਿਧਾਨਕਾਰ ਤੇ ਨਾ ਹੀ ਉਨ੍ਹਾਂ ਦੇ ਕਿਸੇ ਨੁਮਾਇੰਦੇ ਨੇ ਸਾਰ ਲੈਣੀ ਮੁਨਾਸਿਬ ਸਮਝੀ ਹੈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਵਪਾਰੀਆਂ ਦੀ ਬਾਂਹ ਫੜਦੇ ਹੋਏ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਤੁਰੰਤ ਮੁਆਵਜ਼ੇ ਦਾ ਐਲਾਨ ਕਰਨ।

ਉਨ੍ਹਾ ਕਿਹਾ ਕਿ ਵਪਾਰੀ ਸਰਕਾਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ।ਉਨ੍ਹਾ ਕਿਹਾ ਕਿ ਵਪਾਰੀ ਬਹੁਤ ਲੋਕਾ ਨੂੰ ਰੁਜ਼ਗਾਰ ਦਿੰਦਾ ਹੈ।ਬਾਹਰਲੇ ਸੂਬਿਆਂ ਦੀਆਂ ਸਰਕਾਰਾਂ ਉਦਯੋਗਾਂ ਨੂੰ ਵੱਡੀਆਂ ਰਿਆਇਤਾਂ ਦਿੰਦੀਆਂ ਹਨ, ਕਿਉਂਕਿ ਬੇਰੁਜ਼ਗਾਰੀ ਨੂੰ ਠੱਲ੍ਹਣ ਲਈ ਵਪਾਰੀ ਹੀ ਸਰਕਾਰ ਦੀ ਮਦਦ ਕਰ ਸਕਦਾ ਹੈ, ਪਰ ਜੇਕਰ ਵਪਾਰੀ ਹੀ ਨਹੀਂ ਬਚੇਗਾ ਤਾਂ ਸਰਕਾਰ ਦਾ ਖਜ਼ਾਨਾ ਕੌਣ ਭਰੇਗਾ? ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਜਲਦੀ ਤੋਂ ਜਲਦੀ ਧੂਰੀ ਵਿੱਚ ਆ ਕੇ ਵਪਾਰੀਆਂ ਨੂੰ ਮਿਲਣ ਤੇ ਉਨ੍ਹਾਂ ਦੀ ਬਾਂਹ ਫੜਨ ਦੀ ਅਪੀਲ ਵੀ ਕੀਤੀ ਗਈ।ਇਸ ਮੌਕੇ ਸਮਾਜ ਸੇਵੀ ਸੁਰੇਸ਼ ਬਾਂਸਲ, ਸਰਪ੍ਰਸਤ ਵੇਦ ਪ੍ਰਕਾਸ਼, ਕੈਸ਼ੀਅਰ ਪ੍ਰਦੀਪ ਖੰਨਾ, ਵਾਇਸ ਪ੍ਰਧਾਨ ਦਰਸ਼ਨ ਕੁਮਾਰ ਦਰਸ਼ੀ ਹਾਜ਼ਰ ਸਨ।

## ਪਹਿਲਗਾਮ ਹਮਲਾ ਨਫ਼ਰਤੀ ਤੇ ਕਾਇਰਤਾਪੂਰਵਕ : ਪੀ ਕੇ ਯੂ

**ਮਾਨਸਾ (ਆਤਮਾ ਸਿੰਘ ਪਮਾਰ)** : ਜੰਮੂ-ਕਸ਼ਮੀਰ ਦੇ ਪਹਿਲਗਾਮ ਦੀ ਬੈਸਾਰਨ ਘਾਟੀ 'ਚ ਸੈਲਾਨੀਆਂ 'ਤੇ ਹੋਏ ਕਾਤਲਾਨਾ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਨੇ ਪੀੜਤ ਪਰਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਜਥੇਬੰਦੀ ਦੇ ਸੂਬਾਈ ਪ੍ਰਧਾਨ ਰੁਲਦੂ ਸਿੰਘ ਮਾਨਸਾ, ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੁੰਦਾ, ਅਜਿਹਾ ਵਰਤਾਰਾ ਸਮੁੱਚੀ ਮਾਨਵਤਾ 'ਚ ਵੰਡੀਆਂ ਪਾਉਣ ਤੇ ਲੋਕਾਂ ਦਾ ਘਾਣ ਕਰਨ ਵਾਲਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਇਨਸਾਨੀਅਤ ਪ੍ਰਤੀ ਨਫ਼ਰਤ ਤੇ ਕਾਇਰਤਾ ਭਰੇ ਹਮਲੇ ਦੇਸ਼ ਦੇ ਸੱਭਿਆਚਾਰ, ਆਪਸੀ ਭਾਈਚਾਰੇ ਨੂੰ ਖਿੰਡਾਉਣ ਤੇ ਦੇਸ਼ ਦੀ ਸ਼ਾਂਤੀ ਭੰਗ ਕਰਨ ਲਈ ਅਤਿ ਘਾਤਕ ਹੁੰਦੇ ਹਨ। ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਇਸ ਘਟਨਾ ਦੀ ਤੱਥ ਅਧਾਰਤ ਨਿਰਪੱਖ ਜਾਂਚ ਕਰਦਿਆਂ ਕਤਲ ਹੋਏ ਤੇ ਜ਼ਖ਼ਮੀ ਨਿਰਦੋਸ਼ ਵਿਅਕਤੀਆਂ ਨੂੰ ਇਨਸਾਫ਼ ਦਿੱਤਾ ਜਾਵੇ।

## ਪਹਿਲਗਾਮ 'ਚ ਮਾਰੇ ਗਏ ਸੈਲਾਨੀਆਂ ਦੀ ਆਤਮਿਕ ਸ਼ਾਂਤੀ ਲਈ ਧਾਰਿਆ ਦੋ ਮਿੰਟ ਦਾ ਮੌਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਸੰਸਥਾ ਦੇ ਬਾਨੀ ਪਿੰਸੀਪਲ ਸ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਅਗਵਾਈ ਵਿੱਚ ਪੜ੍ਹਾਈ ਦੇ ਨਾਲ-ਨਾਲ ਸਮਾਜਿਕ ਗਤੀਵਿਧੀਆਂ ਵਿੱਚ ਵੀ ਆਪਣਾ ਯੋਗਦਾਨ ਨਿਭਾਅ ਰਹੀ ਹੈ, ਦੇ ਵਿਦਿਆਰਥੀਆਂ ਤੇ ਸਟਾਫ ਵੱਲੋਂ ਬੀਤੇ ਦਿਨੀਂ ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਤੇ ਆਮ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ।ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਧਰਮ ਦੇ ਨਾਂਅ 'ਤੇ ਸੈਲਾਨੀਆਂ ਦੀ ਕੀਤੀ ਗਈ ਹੱਤਿਆ, ਜਿਸ ਵਿੱਚ ਕੁਝ ਸਥਾਨਕ ਲੋਕ ਵੀ ਸ਼ਾਮਲ ਸਨ, ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਹਮਲੇ ਵਿੱਚ ਮਾਸੂਮ ਨਿਹੱਥੇ ਲੋਕਾਂ 'ਤੇ ਹਮਲਾ ਮਨੁੱਖਤਾ 'ਤੇ ਹਮਲਾ ਹੈ। ਸੈਲਾਨੀਆਂ 'ਤੇ ਹੋਇਆਂ ਇਹ ਹਮਲਾ ਬਹੁਤ ਕਾਇਰਤਾ ਭਰਿਆ ਹੈ।ਕੋਆਰਡੀਨੇਟਰ ਮੁਕੇਸ਼ ਅਰੋੜਾ ਨੇ ਇਸ ਸਮੇਂ ਮਾਰੇ ਗਏ ਨਿਰਦੋਸ਼ ਲੋਕਾਂ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਅਜਿਹੀਆਂ ਧਰਮ ਦੇ ਨਾਂ 'ਤੇ ਚਲਾਈਆ ਕੋਝੀਆਂ ਚਾਲਾਂ ਤੋਂ ਦੂਰ ਰਹਿ ਕੇ ਭਾਈਚਾਰਕ ਸਾਂਝ ਕਾਇਮ ਰੱਖਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ, ਮੈਡਮ ਖੁਸ਼ਪ੍ਰੀਤ ਕੌਰ ਤੇ ਸਕੂਲ ਦਾ ਸਮੁੱਚਾ ਸਟਾਫ਼ ਸ਼ਾਮਲ ਸੀ।

# ਗੁਰੂ ਨਾਨਕ ਕਾਲਜ ਵਿਖੇ ਸੂਚਨਾ ਤਕਨਾਲੋਜੀ ਲੈਬ ਤੇ ਸੋਲਰ ਪੈਨਲ ਦਾ ਉਦਘਾਟਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਐੱਚ ਡੀ ਐੱਫ ਸੀ (ਸੀ ਐੱਸ ਆਰ) ਬੈਂਕ ਦੇ ਸਹਿਯੋਗ ਨਾਲ ਸਥਾਪਤ ਕੀਤੀ ਗਈ ਸੂਚਨਾ ਤੇ ਸੰਚਾਰ ਤਕਨਾਲੋਜੀ ਲੈਬ, ਜਿਸ ਵਿੱਚ 25 ਕੰਪਿਊਟਰ, 86 ਇੰਚ ਸਮਾਰਟ ਬੋਰਡ, ਇੱਕ ਪ੍ਰਿੰਟਰ, 26 ਹੈੱਡ ਫੋਨ, 25 ਕੁਰਸੀਆਂ ਤੇ 2 ਏ ਸੀ ਸ਼ਾਮਲ ਹਨ ਦਾ ਉਦਘਾਟਨ ਬੀਬੀ ਹਰਜਿੰਦਰ ਕੌਰ, ਕੋ-ਆਰਡੀਨੇਟਰ ਹਾਇਰ ਐਜੂਕੇਸ਼ਨ (ਐੱਸ ਜੀ ਪੀ ਸੀ) ਨੇ ਇੰਜੀਨੀਅਰ ਸੁਖਮਿੰਦਰ ਸਿੰਘ, ਸਕੱਤਰ (ਵਿੱਦਿਆ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਡਾ. ਰਜਿੰਦਰ ਕੌਰ ਡਿਪਟੀ ਡਾਇਰੈਕਟਰ ਨਿਸ਼ਚੈ ਅਕੈਡਮੀ, ਚੰਡੀਗੜ੍ਹ ਦੀ ਮੌਜੂਦਗੀ ਵਿੱਚ, ਆਪਣੇ ਕਰ ਕਮਲਾਂ ਨਾਲ ਕੀਤਾ।

ਇਸ ਮੌਕੇ ਸਥਾਨਕ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਪ੍ਰਿੰਸੀਪਲ ਡਾਕਟਰ ਸਰਬਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ।ਬੀਬੀ ਹਰਜਿੰਦਰ ਕੌਰ ਨੇ ਆਪਣੇ ਉਦਘਾਟਨੀ ਸੰਬੋਧਨ ਵਿੱਚ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਅਤਿ-ਆਧੁਨਿਕ ਸੂਚਨਾ ਤੇ ਸੰਚਾਰ ਟੈਕਨੋਲੋਜੀ ਲੈਬ ਸਾਡੇ ਡਿਜੀਟਲ ਸਿੱਖਣ ਦੇ ਮਾਹੌਲ ਨੂੰ ਵਧਾਉਣ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਿਤ ਹੋਵੇਗੀ।ਇੰਜੀਨੀਅਰ ਸੁਖਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਡਾਇਰੈਕਟਰੇਟ ਆਫ ਐਜੂਕੇਸ਼ਨ ਵੱਲੋਂ ਉੱਚ ਸਿੱਖਿਆ ਅਦਾਰਿਆਂ ਵੱਲੋਂ ਕੀਤੇ ਯਤਨਾਂ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ।ਡਾਕਟਰ ਰਜਿੰਦਰ ਕੌਰ ਨੇ

### ਅਨੁਦੀਪ ਫਾਊਂਡੇਸ਼ਨ ਵੱਲੋਂ ਸਕਿੱਲ ਡਿਵੈਲਪਮੈਂਟ ਤੇ ਪਲੇਸਮੈਂਟ ਵਰਕਸ਼ਾਪ



ਆਪਣੇ ਸੰਬੋਧਨ ਵਿੱਚ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਨੂੰ ਨਿਸ਼ਚੇ ਅਕੈਡਮੀ ਦੇ ਉਦੇਸ਼ਾਂ ਨਾਲ ਜਾਣੂ ਕਰਵਾਇਆ।ਪ੍ਰਿੰਸੀਪਲ ਡਾ. ਸਰਬਜੀਤ ਕੌਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟੋਰੇਟ ਆਫ ਐਜੂਕੇਸ਼ਨ ਤੇ ਵਿਸ਼ੇਸ਼ ਕਰਕੇ ਸੈਕਟਰੀ ਐਜੂਕੇਸ਼ਨ ਇੰਜੀਨੀਅਰ ਸੁਖਮਿੰਦਰ ਸਿੰਘ ਵੱਲੋਂ ਚੁੱਕੇ ਗਏ ਉਚੇਚੇ ਯਤਨਾਂ ਲਈ ਵਿਸ਼ੇਸ਼ ਧੰਨਵਾਦ ਕੀਤਾ।ਇਸ ਮੌਕੇ ਵਿਦਿਆਰਥੀਆਂ ਨਾਲ ਵਿਸ਼ੇਸ਼ ਤੌਰ 'ਤੇ ਰੂਬਰੂ ਹੋਣ ਲਈ ਅਨੁਦੀਪ ਫਾਊਂਡੇਸ਼ਨ ਵੱਲੋਂ ਸਕਿਲ ਡਿਵੈਲਪਮੈਂਟ ਤੇ ਪਲੇਸਮੈਂਟ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਫਾਊਂਡੇਸ਼ਨ ਵੱਲੋਂ ਪਹੁੰਚੇ ਸ੍ਰੀ ਵਰੁਣ ਕੁਮਾਰ, ਨੂਰਲ ਹਸਨ ਤੇ ਰਾਕੇਸ਼ ਠਾਕੁਰ ਦਾ ਪ੍ਰਿੰਸੀਪਲ ਡਾਕਟਰ ਸਰਬਜੀਤ ਕੌਰ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਆਏ ਹੋਏ ਮਹਿਮਾਨਾਂ ਨੂੰ ਕਾਲਜ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

# 'ਆਪ' ਸਰਕਾਰ ਪੰਜਾਬ ਵਾਸੀਆਂ ਨੂੰ ਦੇ ਰਹੀ ਹੈ ਬੇਮਿਸਾਲ ਸਹੂਲਤਾਂ : ਖ਼ਾਲਸਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਅਤੇ ਉਨ੍ਹਾਂ ਦੀ ਸਾਰੇ ਮੰਤਰੀਆਂ ਤੇ ਵਿਧਾਇਕ ਸਾਹਿਬਾਨ ਦੀ ਟੀਮ ਵੱਲੋਂ ਦਿਨ-ਰਾਤ ਇੱਕ ਕਰਕੇ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਲੋਕ ਸਭਾ ਦੇ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀਨਾ ਸਾਹਿਬ ਨੇ ਕਰਦਿਆਂ ਦੱਸਿਆ ਕਿ ਪੰਜਾਬ ਵਾਸੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ 6 ਸੌ ਯੂਨਿਟ ਬਿਜਲੀ ਮੁਆਫੀ, ਮੁਹੱਲਾ ਕਲੀਨਕਾਂ ਵਿੱਚ ਮੁਫਤ ਇਲਾਜ, ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ, ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਨਾਲ ਜੋੜਿਆ ਜਾ ਰਿਹਾ, ਪੰਜਾਬ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਹੋ ਰਹੀ ਹੈ, ਜਿੱਥੇ ਗਰੀਬ ਤੇ ਆਮ ਘਰਾਂ ਦੇ ਬੱਚਿਆਂ ਨੂੰ ਸਮੇਂ ਦੇ ਹਾਣ ਦੀ ਸਿੱਖਿਆ ਦੇਣ ਲਈ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਉੱਥੇ ਪਿਛਲੀਆਂ ਸਰਕਾਰਾਂ ਵੱਲੋਂ ਅਨੁਸੂਚਿਤ ਜਾਤੀਆਂ ਨੂੰ ਵੱਡੀਆਂ ਸਹੂਲਤਾਂ ਤੋਂ ਵਾਂਝੇ ਰੱਖਿਆ ਗਿਆ ਸੀ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੀ ਤਬਦੀਲੀ ਕਰਕੇ ਪੰਜਾਬ ਦੇ ਐਡਵੋਕੇਟ ਜਨਰਲ ਦਫਤਰ ਵਿੱਚ ਰਾਖਵਾਂਕਰਨ ਕਰਕੇ ਇਤਿਹਾਸ ਰਚਿਆ ਗਿਆ ਹੈ।ਖ਼ਾਲਸਾ ਨੇ ਦੱਸਿਆ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਹੈ ਜਿਸ ਨੇ ਡਾ: ਬੀ ਆਰ ਅੰਬੇਡਕਰ ਦੇ ਸੁਪਨਿਆਂ ਨੂੰ ਪੂਰਾ ਕਰਦਿਆਂ ਐੱਸ ਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਸੰਜੀਦਾ ਕਦਮ ਉਠਾਏ ਹਨ।ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਇਤਿਹਾਸਕ ਕਦਮ ਚੁੱਕਦਿਆਂ ਪਹਿਲੀ ਵਾਰ ਐਡਵੋਕੇਟ ਜਨਰਲ ਦਫਤਰ ਵਿੱਚ ਰਾਖਵਾਂਕਰਨ ਕਰਕੇ ਐੱਸ ਸੀ/ਐੱਸ ਟੀ ਕੋਟੇ ਵਿੱਚੋਂ 58 ਅਸਾਮੀਆਂ ਭਰੀਆਂ ਗਈਆਂ ਹਨ, ਜਦਕਿ 2017 ਵਿੱਚ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਵਿੱਚ ਹੁੰਦਿਆਂ ਇਹ ਮੁੱਦਾ ਬਹੁਤ ਵਾਰ ਚੁੱਕਿਆ ਸੀ, ਜਿਸ 'ਤੇ ਕਾਂਗਰਸ ਸਰਕਾਰ ਨੇ ਕੋਈ ਅਮਲ ਨਹੀਂ ਕੀਤਾ ਸੀ।ਜਿੱਥੇ ਪੂਰੇ ਪੰਜਾਬ ਵਿੱਚ ਮਾਨ ਸਰਕਾਰ ਇਤਿਹਾਸਕ ਸਹੂਲਤਾਂ ਪ੍ਰਦਾਨ ਕਰ ਰਹੀ ਹੈ. ਉੱਥੇ ਜੇ ਗੱਲ ਆਪਣੇ ਹਲਕਾ ਨਿਹਾਲ ਸਿੰਘ ਵਾਲਾ ਦੀ ਕਰੀਏ ਤਾਂ ਇੱਥੇ ਦੂਸਰੀ ਵਾਰ ਆਮ ਆਦਮੀ ਪਾਰਟੀ ਤੋਂ ਵਿਧਾਇਕ ਚੁਣੇ ਗਏ ਮਨਜੀਤ ਸਿੰਘ ਬਿਲਾਸਪੁਰ ਬਹੁਤ ਹੀ ਸੁਹਿਰਦਤਾ ਨਾਲ ਹਲਕੇ ਦੀਆਂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ।ਵਿਧਾਇਕ ਬਿਲਾਸਪੁਰ ਨੇ ਪਿਛਲੇ ਦਿਨਾਂ ਦੌਰਾਨ ਜਿੱਥੇ ਕਰੋੜਾਂ ਰੁਪਏ ਨਾਲ ਸਰਕਾਰੀ ਸਕੂਲਾਂ ਵਿੱਚ ਕਰਵਾਏ ਵਿਕਾਸ ਦੇ ਉਦਘਾਟਨ ਕੀਤੇ ਗਏ ਹਨ, ਉੱਥੇ ਹੀ ਕਿਸਾਨਾਂ ਦੇ ਖੇਤਾਂ ਨੂੰ ਨਹਿਰੀ ਪਾਣੀ ਨਾਲ ਜੋੜਨ ਲਈ ਕੱਸੀਆਂ, ਖਾਲੇ ਤੇ ਜ਼ਮੀਨਦੋਜ਼ ਪਾਈਪਾਂ ਪਾਈਆਂ ਜਾ ਰਹੀਆਂ ਹਨ।ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਦੇ ਯਤਨਾਂ ਸਦਕਾ ਸ਼ਹਿਰ ਨਿਹਾਲ ਸਿੰਘ ਵਾਲਾ ਵਿੱਚ ਪੀਣ ਵਾਲੇ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ 27.32 ਕਰੋੜ ਰੁਪਏ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ ਗਿਆ, ਜਿਸ ਨਾਲ ਸ਼ਹਿਰ ਵਾਸੀਆਂ ਨੂੰ 24 ਘੰਟੇ ਪਾਣੀ ਦੀ ਸਪਲਾਈ ਮਿਲੇਗੀ।ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਜਿੰਨੇ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਦੇ 3 ਸਾਲਾਂ ਵਿੱਚ ਹੋਏ ਹਨ, ਉਸ ਤੋਂ ਦੁੱਗਣੇ ਕੰਮ ਆਉਣ ਵਾਲੇ ਦੋ ਸਾਲਾਂ ਦੌਰਾਨ ਹੋਣਗੇ। ਜਿਨ੍ਹਾਂ ਆਸਾਂ ਤੇ ਉਮੀਦਾਂ ਨਾਲ ਪੰਜਾਬੀਆਂ ਨੇ ਆਪਣੀ ਸਰਕਾਰ ਬਣਾਈ ਹੈ, ਉਨ੍ਹਾਂ ਆਸਾਂ ਉਮੀਦਾਂ 'ਤੇ ਖਰੀ ਉਤਰੇਗੀ।

## 30 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ, 2 ਔਰਤਾਂ ਵਿਰੁੱਧ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਸਥਾਨਕ ਨਾਨਕ ਨਗਰੀ ਵਿਖੇ 30 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਣ 'ਤੇ 2 ਔਰਤਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਦੇਵ ਰਾਜ ਨੇ ਦੱਸਿਆ ਕਿ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਥਾਣਾ ਸਿਟੀ ਏਰੀਏ ਵਿੱਚ ਮੌਜੂਦ ਸੀ ਤਾਂ ਇਕ ਇਤਲਾਹ ਮਿਲੀ ਕਿ ਸੋਮਾ ਰਾਣੀ ਪਤਨੀ ਗੁਰਚਰਨ ਸਿੰਘ ਉਰਫ ਕਾਲਾ ਅਤੇ ਪਰਮਜੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਨਾਨਕ ਨਗਰੀ ਜਲਾਲਾਬਾਦ ਨਾਜਾਇਜ਼ ਸ਼ਰਾਬ ਵੇਚਣ ਦੀਆਂ ਆਦੀ ਹਨ, ਜੇਕਰ ਹੁਣੇ ਉਨ੍ਹਾਂ ਦੇ ਘਰ ਵਿਚ ਰੇਡ ਕੀਤਾ ਜਾਵੇ ਤਾਂ ਨਾਜਾਇਜ਼ ਦਾਰੂ ਸਮੇਤ ਕਾਬੂ ਆ ਸਕਦੀਆਂ ਹਨ। ਪੁਲਸ ਪਾਰਟੀ ਨੇ ਨਾਨਕ ਨਗਰੀ ਜਲਾਲਾਬਾਦ ਵਿਖੇ ਛਾਪੇਮਾਰੀ ਕਰਕੇ 30 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ, ਜਦੋਂਕਿ ਕੋਈ ਵੀ ਕਾਬੂ ਨਹੀਂ ਆ ਸਕਿਆ। ਥਾਣਾ ਸਿਟੀ ਜਲਾਲਾਬਾਦ ਵਿਖੇ ਸੋਮਾ ਰਾਣੀ ਪਤਨੀ ਗੁਰਚਰਨ ਸਿੰਘ ਉਰਫ ਕਾਲਾ ਸਿੰਘ ਅਤੇ ਪਰਮਜੀਤ ਕੌਰ ਪਤਨੀ ਗੁਰਚਰਨ ਸਿੰਘ ਵਾਸੀ ਨਾਨਕ ਨਗਰੀ ਜਲਾਲਾਬਾਦ ਦੇ ਵਿਰੁੱਧ ਮਾਮਲਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪ੍ਰਾਇਮਰੀ ਸਕੂਲ ਢਾਣੀ ਗੁੱਦੜ ਸਿੰਘ ਨੂੰ ਵਾਟਰ ਕੂਲਰ ਭੇਟ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਗੁੱਦੜ ਸਿੰਘ ਵਿਖੇ ਗ੍ਰਾਮ ਪੰਚਾਇਤ ਛਾਨੀ ਰੇਸ਼ਮ ਸਿੰਘ ਦੇ ਸਰਪੰਚ ਗੁਰਮੇਜ ਸਿੰਘ ਵੱਲੋਂ ਬੱਚਿਆਂ ਦੀ ਸਹੂਲਤ ਲਈ ਪੀਣ ਵਾਲੇ ਠੰਡੇ ਪਾਣੀ ਵਾਲਾ ਵੱਡਾ ਵਾਟਰ ਕੂਲਰ ਦਾਨ ਕੀਤਾ ਗਿਆ। ਸਕੂਲ ਸਟਾਫ ਵੱਲੋਂ ਇਸ ਨੇਕੀ ਭਰੇ ਤੇ ਲੋਕ ਭਲਾਈ ਅਨਮੁੱਲੇ ਕੰਮ ਲਈ ਹਰੇਕ ਨੇ ਸਮੂਹ ਪੰਚਾਇਤ ਦੀ ਬਹੁਤ ਹੀ ਸ਼ਲਾਘਾ ਕੀਤੀ ਤੇ ਬੇਸ਼ਕੀਮਤੀ ਅਸੀਸਾਂ ਵੀ ਦਿੱਤੀਆਂ। ਇਸ ਸੁਨਹਿਰੀ ਮੌਕੇ 'ਤੇ ਹਾਜ਼ਰ ਮੈਂਬਰ ਸਹਿਬਾਨਾਂ ਦਾ ਗੁਰਦੀਪ ਸਿੰਘ ਐੱਚ ਟੀ ਨੇ ਨਿੱਘਾ ਸੁਆਗਤ ਕੀਤਾ ਤੇ ਅਰਦਾਸ ਕੀਤੀ ਵਾਹਿਗੁਰੂ ਜੀ ਸਮੂਹ ਪੰਚਾਇਤ ਤੇ ਸਮੂਹ ਨਗਰ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ। ਇਸ ਮੌਕੇ ਸਰਪੰਚ ਗੁਰਮੇਜ ਸਿੰਘ ਵੱਲੋਂ ਸਕੂਲ ਨੂੰ ਹਰ ਪੱਖੋਂ ਸਹਿਯੋਗ ਕਰਨ ਦਾ ਐਲਾਨ ਕੀਤਾ।

## ਜੇ ਕੇ ਐੱਸ ਪਬਲਿਕ ਸਕੂਲ 'ਚ ਮਲੇਰੀਆ ਦਿਵਸ 'ਤੇ ਸੈਮੀਨਾਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ.ਕੇ.ਐੱਸ. ਪਬਲਿਕ ਸਕੂਲ ਗੁਰੂ ਹਰਸਹਾਏ ਵਿੱਚ ਵਿਸ਼ਵ ਮਲੇਰੀਆ ਦਿਵਸ ਮੌਕੇ ਇੱਕ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਸਥਾਨਕ ਸਰਕਾਰੀ ਹਸਪਤਾਲ ਦੇ ਗੁਰਜੀਤ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਬਹੁ-ਮੰਤਵੀ ਸਿਹਤ ਸੁਪਰਵਾਈਜ਼ਰ ਵਜੋਂ, ਗੁਰਮੀਤ ਸਿੰਘ ਤੇ ਸਤੀਸ਼ ਕੁਮਾਰ ਨੇ ਬਹੁ-ਮੰਤਵੀ ਸਿਹਤ ਕਰਮਚਾਰੀ ਵਜੋਂ ਹਿੱਸਾ ਲਿਆ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਮਲੇਰੀਆ ਦੇ ਕਾਰਨਾਂ, ਲੱਛਣਾਂ, ਰੋਕਥਾਮ ਤੇ ਇਲਾਜ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਮਲੇਰੀਆ ਫੈਲਣ ਦੇ ਕਾਰਨਾਂ, ਇਸ ਦੇ ਲੱਛਣਾਂ ਤੇ ਰੋਕਥਾਮ ਦੇ ਉਪਾਵਾਂ 'ਤੇ ਚਰਚਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਸਫਾਈ, ਮੱਛਰਾਂ ਤੋਂ ਬਚਾਅ ਤੇ ਸਮੇਂ ਸਿਰ ਇਲਾਜ ਇਸ ਬਿਮਾਰੀ ਤੋਂ ਬਚਣ ਦੇ ਮੁੱਖ ਤਰੀਕੇ ਹਨ। ਸੈਮੀਨਾਰ ਦੇ ਨਾਲ-ਨਾਲ ਵਿਦਿਆਰਥੀਆਂ ਵੱਲੋਂ ਮਲੇਰੀਆ ਵਿਸ਼ੇ 'ਤੇ ਚਾਰਟ ਤੇ ਪੋਸਟਰ ਬਣਾਏ ਗਏ। ਮੁਕਾਬਲੇ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ, ਜਦੋਂਕਿ ਬਾਕੀ ਸਾਰੇ ਭਾਗੀਦਾਰਾਂ ਨੂੰ ਪੈੱਨ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਭਾਜਪਾ ਨੇ ਫੂਕਿਆ ਪਾਕਿਸਤਾਨ ਦਾ ਪੁਤਲਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਜਪਾ ਆਗੂਆਂ ਵੱਲੋਂ ਕਸ਼ਮੀਰ ਵਿਖੇ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਸੈਲਾਨੀਆਂ ਦੇ ਰੋਸ ਵਜੋਂ ਪਾਕਿਸਤਾਨ ਦਾ ਪੁਤਲਾ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਭਾਜਪਾ ਆਗੂ ਸੰਜੀਵ ਲੀਹਲ ਦੀ ਅਗਵਾਈ ਹੇਠ ਗਾਂਧੀ ਚੌਕ ਤੋਂ ਲੈ ਕੇ ਖਾਲਸਾ ਚੌਕ ਤੱਕ ਰੋਸ ਮਾਰਚ ਕੱਢਿਆ ਗਿਆ ਤੇ ਇੱਥੇ ਪਾਕਿਸਤਾਨ ਖਿਲਾਫ਼ ਨਾਅਰੇਬਾਜ਼ੀ ਕਰਦਿਆਂ ਪੁਤਲਾ ਫੂਕਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਆਗੂ ਸੰਜੀਵ ਲੀਹਲ ਤੇ ਸੁੱਖੀ ਸ਼ਰਮਾ ਨੇ ਕਿਹਾ ਕਿ ਕਸ਼ਮੀਰ ਦੇ ਸ਼ਹਿਰ ਪਹਿਲਗਾਮ ਵਿਖੇ ਧਰਮ ਤੇ ਨਾਮ ਪੁੱਛ ਕੇ ਸੈਲਾਨੀਆਂ ਦਾ ਕੀਤਾ ਗਿਆ ਕਤਲ ਬਹੁਤ ਹੀ ਸ਼ਰਮਨਾਕ ਘਟਨਾ, ਜਿਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਹ ਘੱਟ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਹਮੇਸ਼ਾ ਅੱਤਵਾਦ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਤੇ ਹੁਣ ਵੀ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਅੱਤਵਾਦੀਆਂ ਤੇ ਸਾਜ਼ਿਸ਼ਕਾਰਾਂ ਨੂੰ ਅਜਿਹਾ ਸਬਕ ਸਿਖਾਵਾਂਗੇ, ਜੋ ਉਨ੍ਹਾਂ ਨੇ ਸੋਚਿਆ ਵੀ ਨਹੀਂ ਹੋਵੇਗਾ। ਇਸ ਮੌਕੇ ਡਾ. ਸੰਜੀਵ ਗਰਗ, ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ, ਵਿਕਾਸ ਮਿੱਤਲ, ਸਤੀਸ਼ ਸਿੰਗਲਾ, ਡਾ. ਰਾਜ ਕੁਮਾਰ, ਜਸਵੀਰ ਸਿੰਘ, ਅਮਰੀਕ ਸਿੰਘ ਰਾਣਵਾਂ, ਹਰਜਿੰਦਰ ਸਿੰਘ, ਜਗਨ ਨਾਥ, ਰਾਮਪਾਲ, ਮੁਖਤਿਆਰ ਸਿੰਘ, ਬਲਵੀਰ ਸਿੰਘ, ਅਸ਼ੋਕ ਮਿੱਤਲ, ਸਨੀ ਮਿੱਤਲ, ਅਮਿਤ ਕੁਮਾਰ ਮੌਜੂਦ ਸਨ।

## ਕਾਂਗਰਸੀ ਵਰਕਰਾਂ ਵੱਲੋਂ ਕੈਂਡਲ ਮਾਰਚ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਉੱਤੇ ਅੱਤਵਾਦੀਆਂ ਵੱਲੋਂ ਗੋਲੀਆਂ ਚਲਾਏ ਜਾਣ ਨਾਲ 30 ਦੇ ਕਰੀਬ ਲੋਕਾਂ ਦੀ ਮੌਤ ਹੋ ਗਈ। ਇਸ ਦਰਦਨਾਕ ਮੌਤ ਵਿੱਚ ਮਾਰੇ ਗਏ ਲੋਕਾਂ ਨੂੰ ਹਲਕਾ ਸ਼ੁਤਰਾਣਾ ਦੇ ਕਾਂਗਰਸੀ ਵਰਕਰਾਂ ਵੱਲੋਂ ਕੈਂਡਲ ਮਾਰਚ ਕੱਢ ਕੇ ਸ਼ਰਧਾਂਜਲੀ ਦਿੱਤੀਆਂ ਗਈਆਂ।ਕੈਂਡਲ ਮਾਰਚ ਦੀ ਅਗਵਾਈ ਕਰ ਰਹੇ ਕਾਂਗਰਸੀ ਵਰਕਰ ਨਛੱਤਰ ਸਿੰਘ ਅਰਾਈ ਮਾਜਰਾ ਨੇ ਦੱਸਿਆ ਕਿ ਅੱਤਵਾਦੀਆਂ ਵੱਲੋਂ ਆਮ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣਾ ਕਾਇਰਾਨਾ ਕਾਰਵਾਈ ਹੈ, ਨਿਹੱਥੇ ਲੋਕਾਂ ਨੂੰ ਗੋਲੀਆਂ ਮਾਰਨੀਆਂ ਕਿਸੇ ਵੀ ਧਰਮ ਵਿੱਚ ਨਹੀਂ ਲਿਖਿਆ ਹੈ।ਸੋਸ਼ਲ ਮੀਡੀਆ 'ਤੇ ਆਈਆਂ ਵੀਡੀਓਜ਼ ਵਿੱਚ ਦਿਖਾਈ ਦੇ ਰਿਹਾ ਹੈ ਕਿ ਕਿਸ ਤਰ੍ਹਾਂ ਅੱਤਵਾਦੀਆਂ ਵੱਲੋਂ ਨਿਹੱਥੇ ਬੱਚੇ, ਬਜ਼ੁਰਗ ਤੇ ਨੌਜਵਾਨ ਮਾਰੀਆਂ ਗਈਆਂ ਗੋਲੀਆਂ ਨਾਲ ਤੜਪ ਰਹੇ ਸਨ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅੱਤਵਾਦ ਦੇ ਮੁਕੰਮਲ ਸਫਾਏ ਤੱਕ ਜੰਗ ਲੜੀ ਜਾਵੇ।

## ਮਹਾਪ੍ਰਗਯ ਸਕੂਲ ਦੇ ਵਿਦਿਆਰਥੀਆਂ ਨੇ ਧਰਤੀ ਦਿਵਸ ਮਨਾਇਆ




**ਜਗਰਾਉਂ (ਅਮਿਤ ਖੰਨਾ)**-ਮਹਾਂਪ੍ਰਗਿਆ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਦੀ ਰਹਿਨੁਮਾਈ ਹੇਠ ਸਕੂਲ ਵਿੱਚ ਧਰਤੀ ਦਿਵਸ ਮਨਾਇਆ ਗਿਆ, ਕਿੰਡਰ ਗਾਰਡਨ ਦੇ ਵਿਦਿਆਰਥੀਆਂ ਵੱਲੋਂ ਧਰਤੀ ਬਚਾਉ ਸਬੰਧੀ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ।ਜਮਾਤ ਪਹਿਲੀ ਤੋਂ ਤੀਜੀ ਤੱਕ ਦੇ ਵਿਦਿਆਰਥੀਆਂ ਦੁਆਰਾ ਸਪੈਲ ਬੀ ਗਤੀਵਿਧੀ ਵਿੱਚ ਭਾਗ ਲਿਆ ਗਿਆ।ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਧਰਤੀ ਨਾਲ ਸਬੰਧਤ ਵੱਖ-ਵੱਖ ਤਰਾਂ ਦੇ ਪੋਸਟਰ ਬਣਾਏ ਗਏ।ਡਵਜ, ਫਿਚਸ, ਪੈਰਟ, ਰੌਬਿਨ ਹਾਊਸ ਦੇ ਛੇਵੀਂ ਤੋਂ ਲੈ ਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਗਰੁੱਪ ਚਰਚਾ, ਭਾਸ਼ਣ ਮੁਕਾਬਲਾ ਤੇ ਡਿਬੇਟ ਮੁਕਾਬਲੇ ਕਰਵਾਏ ਗਏ, ਬੱਚਿਆਂ ਦੁਆਰਾ ਆਪਣੇ ਵੱਖ-ਵੱਖ ਵਿਚਾਰ ਪੇਸ਼ ਕਰੇ ਗਏ।ਜੱਜ ਸਾਹਿਬਾਨ ਦੀ ਭੂਮਿਕਾ ਕੋਆਰਡੀਨੇਟਰ ਸੁਰਿੰਦਰ ਕੌਰ ਤੇ ਅੰਗਰੇਜ਼ੀ ਅਧਿਆਪਕ ਪ੍ਰਿਤਪਾਲ ਕੌਰ ਵੱਲੋਂ ਨਿਭਾਈ ਗਈ।ਸਕੂਲ ਪ੍ਰਿੰਸੀਪਲ ਪ੍ਰਭਜੀਤ ਕੌਰ ਵਰਮਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਇਨਾਮ ਦਿੱਤੇ ਗਏ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਉਨ੍ਹਾਂ ਦਾ ਹੌਂਸਲਾ ਵਧਾਇਆ ਗਿਆ।ਇਸ ਮੌਕੇ ਅੰਗਰੇਜੀ ਵਿਭਾਗ ਦੇ ਅਧਿਆਪਕ ਬਿੰਦੂ ਗਰਗ, ਬਲਜਿੰਦਰ ਕੌਰ, ਅਮਰਜੀਤ ਸਿੰਘ ਆਦਿ ਅਧਿਆਪਕਾਂ ਨੇ ਅਹਿਮ ਭੂਮਿਕਾ ਨਿਭਾਈ।ਸਕੂਲ ਦੇ ਮੈਨੇਜਰ ਮਨਜੀਤ ਇੰਦਰ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਅਧਿਆਪਕ ਮਸਲਿਆਂ ਨੂੰ ਲੈ ਕੇ ਵਫਦ ਸਿੱਖਿਆ ਅਧਿਕਾਰੀ ਨੂੰ ਮਿਲਿਆ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ ਅਸ਼ੋਕ ਲਾਕੜਾ)**-ਅਧਿਆਪਕ ਮਸਲਿਆਂ ਨੂੰ ਲੈ ਕੇ ਪ੍ਰਾਇਮਰੀ ਅਧਿਆਪਕਾਂ ਦਾ ਇੱਕ ਵਫਦ ਸੂਬਾ ਪ੍ਰਧਾਨ ਅਮਨਦੀਪ ਸ਼ਰਮਾ, ਸੁਖਵਿੰਦਰ ਸਿੰਗਲਾ ਬਰੇਟਾ ਦੀ ਅਗਵਾਈ ਵਿੱਚ ਬਲਾਕ ਸਿੱਖਿਆ ਅਧਿਕਾਰੀ ਬਲਾਕ ਬੁਢਲਾਡਾ, ਬਰੇਟਾ, ਮਾਨਸਾ, ਸਰਦੂਲਗੜ੍ਹ ਤੇ ਝੁਨੀਰ ਨੂੰ ਮਿਲਿਆ।ਆਗੂਆਂ ਨੇ ਪਿਛਲੇ ਮਹੀਨੇ ਅਧਿਆਪਕਾਂ ਦੀਆਂ ਤਨਖਾਹਾਂ 'ਚ ਹੋਈ ਦੇਰੀ ਰੋਸ ਜ਼ਾਹਰ ਕੀਤਾ ਤੇ ਅਗਲੇ ਮਹੀਨੇ ਪਹਲੀ ਤਰੀਕ ਤੱਕ ਨੂੰ ਤਨਖਾਹਾਂ ਜਾਰੀ ਕਰਨ ਦੀ ਮੰਗ ਕੀਤੀ।ਇਸ ਸਮੇਂ ਅਧਿਕਾਰੀ ਨੇ ਕਿਹਾ ਕਿ ਅਧਿਆਪਕਾਂ ਦੀਆਂ ਤਨਖਾਹਾਂ ਦੇ ਬਿਲ ਖਜ਼ਾਨਾ ਦਫਤਰ ਭੇਜੇ ਜਾ ਰਹੇ ਹਨ ਤੇ ਤਨਖਾਹਾਂ ਮਹੀਨੇ ਦੀ ਪਹਿਲੀ ਤਰੀਕ ਨੂੰ ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਹੋ ਜਾਣਗੀਆਂ।ਵਫਦ ਨੂੰ ਭਰੋਸਾ ਦਿਵਾਉਂਦਿਆਂ ਬਲਾਕ ਸਿੱਖਿਆ ਅਧਿਕਾਰੀ ਸਤਪਾਲ ਸ਼ਰਮਾ ਨੇ ਕਿਹਾ ਕਿ ਅਧਿਆਪਕਾਂ ਦੇ ਮਸਲਿਆਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਇਸ ਸਮੇਂ ਜਸ਼ਨਦੀਪ ਕੁਲਾਣਾ, ਗੁਰਮੇਲ ਸਿੰਘ ਬਰੇ, ਗੁਰਚਰਨ ਸਿੰਘ ਫੱਤਾ ਮਾਲੋਕਾ, ਗੁਰਜੰਟ ਸਿੰਘ ਬੱਛੋਆਣ ,ਸੁਖਵਿੰਦਰ ਸਿੰਗਲਾ ਬਰੇਟਾ, ਰਾਕੇਸ਼ ਗੋਇਲ ਬਰੇਟਾ, ਰਾਮਜਸ ਸਿੰਘ ਬਹਾਦਰਪੁਰ, ਰਾਜੇਸ਼ ਬਰੇਟਾ, ਕੁਲਵਿੰਦਰ ਸਿੰਘ ਬਛੋਆਣਾ, ਨਵਨੀਤ ਬੱਗਾ ਹਸਨਪੁਰ, ਰਾਮਪਾਲ ਸਿੰਘ ਗੁੜੱਦੀ ਤਿਰਲੋਕ ਜੈਨ ਬੁਢਲਾਡਾ, ਮੱਖਣ ਸਿੰਘ ਗੁਰਨੇ ਖੁਰਦ, ਦਰਸ਼ਨ ਸਿੰਘ, ਵਨੀਤ ਕੁਮਾਰ, ਕ੍ਰਿਸ਼ਨ ਸਿੰਘ ਦਰੀਆਪੁਰ, ਪ੍ਰਵੀਨ ਕੁਮਾਰ ਬਲਿਆਲ, ਸੰਦੀਪ ਕੁਮਾਰ, ਜਗਤਾਰ ਸਿੰਘ ਚੱਕ ਭਾਈਕੇ, ਨੇਤਾ ਜੀ, ਸੁਨੀਲ ਕੁਮਾਰ, ਦਲਜੀਤ ਖਾਰਾ , ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## ਜੀ ਨੈਕਸਟ ਅਕੈਡਮੀ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜੀ ਨੈਕਸਟ ਅਕੈਡਮੀ ਸ਼ੁਤਰਾਣਾ ਵੱਲੋਂ ਨਸ਼ਿਆਂ ਵਿਰੁੱਧ ਇੱਕ ਜਾਗਰੂਕਤਾ ਰੈਲੀ ਕੱਢੀ ਗਈ।ਇਸ ਰੈਲੀ ਦਾ ਮੁੱਖ ਮਕਸਦ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਉਣਾ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਸੀ।ਜਾਣਕਾਰੀ ਦਿੰਦਿਆਂ ਅਕੈਡਮੀ ਸੰਸਥਾਪਕ ਟਿੰਕੂ ਸਿੰਗਲਾ ਨੇ ਦੱਸਿਆ ਕਿ ਰੈਲੀ ਵਿੱਚ ਅਕੈਡਮੀ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਸਮਾਜ ਸੇਵੀ ਵਿਅਕਤੀਆਂ ਨੇ ਭਾਗ ਲਿਆ।ਉਨ੍ਹਾਂ ਨੇ ਆਪਣੇ ਹੱਥਾਂ ਵਿੱਚ ਨਸ਼ਿਆਂ ਦੇ ਖਿਲਾਫ ਨਾਅਰੇ ਵਾਲੇ ਸਲੋਗਨ ਫੜੇ ਹੋਏ ਸਨ। ਬੱਚਿਆਂ ਨੇ ਰੈਲੀ ਦੌਰਾਨ ਨਸ਼ਿਆਂ ਦੇ ਕਹਿਰ ਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਗਿਆ, ਕਿਉਂਕਿ ਜਿਥੇ ਨਸ਼ਾ ਪਰਿਵਾਰ ਤੇ ਸਮਾਜ ਨੂੰ ਵੀ ਪ੍ਰਭਾਵਿਤ ਕਰਦਾ ਹੈ, ਉਥੇ ਨਸ਼ਿਆਂ ਕਾਰਨ ਨੌਜਵਾਨ ਆਪਣਾ ਭਵਿੱਖ ਬਰਬਾਦ ਕਰ ਰਹੇ ਹਨ।

# ਡੀ ਟੀ ਐੱਫ ਵੱਲੋਂ ਡੀ ਸੀ ਦਫ਼ਤਰ ਅੱਗੇ ਅਰਥੀ ਫੂਕ ਮੁਜ਼ਾਹਰਾ



ਸੰਗਰੂਰ (ਪ੍ਰਵੀਨ ਸਿੰਘ)-ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ 19 ਅਪ੍ਰੈਲ ਨੂੰ 5994 ਭਰਤੀ (ਬੈਕਲਾਗ) ਵਿੱਚ ਚੁਣੇ ਗਏ ਅਧਿਆਪਕਾਂ ਵੱਲੋਂ ਨਿਯੁਕਤੀ ਪੱਤਰ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਚੱਲ ਰਹੇ ਸੰਘਰਸ਼ ਦੌਰਾਨ ਅਨੰਦਪੁਰ ਸਾਹਿਬ ਦੇ ਪੁਲਸ ਪ੍ਰਸ਼ਾਸਨ ਵੱਲੋਂ ਬੇਰੁਜ਼ਗਾਰ ਅਧਿਆਪਕਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਖ਼ਿਲਾਫ਼ ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਇਸ ਨੂੰ ਗੈਰ-ਮਨੁੱਖੀ ਤਸ਼ੱਦਦ ਕਰਾਰ ਦਿੰਦਿਆਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਤੇ ਸੂਬਾ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਦੀ ਅਗਵਾਈ ਹੇਠ ਸੰਗਰੂਰ 'ਚ ਇਕੱਤਰਤਾ ਕੀਤੀ ਗਈ ਤੇ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦਫ਼ਤਰ ਦੇ ਗੇਟ ਅੱਗੇ ਅਖੌਤੀ ਸਿੱਖਿਆ ਕ੍ਰਾਂਤੀ, ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ। ਇਸ ਦੌਰਾਨ ਪਹਿਲਗਾਮ (ਕਸ਼ਮੀਰ) ਵਿਖੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਅਤੇ ਫੁੱਟ ਪਾਊ ਫਿਰਕੂ ਤਾਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ।

ਇਸ ਮੌਕੇ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਨਰਲ ਸਕੱਤਰ ਅਮਨ ਵਿਸ਼ਿਸ਼ਟ, ਸੂਬਾ ਕਮੇਟੀ ਮੈਂਬਰ ਦਲਜੀਤ ਸਫੀਪੁਰ ਤੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾ ਜਨਰਲ ਸਕੱਤਰ ਹਰਦੀਪ ਸਿੰਘ ਟੋਡਰਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸੰਘਰਸ਼ ਕਰ ਰਹੇ ਹਰੇਕ ਵਰਗ ਦੇ ਲੋਕਾਂ ਖਿਲਾਫ ਪਿਛਲੇ ਸਮੇਂ ਵਿੱਚ ਪੁਲਸ ਨੂੰ ਖੁੱਲ੍ਹ ਦੇ ਕੇ ਉਨ੍ਹਾਂ ਦੇ ਸੰਘਰਸ਼ ਨੂੰ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਪੰਜਾਬ ਨੂੰ ਪੁਲਸ ਸਟੇਟ ਬਣਾਉਣ ਵੱਲ ਵਧ ਰਹੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਪੰਜਾਬ ਦੀ ਸੰਘਰਸ਼ਮਈ ਵਿਰਾਸਤ ਦਾ ਹਵਾਲਾ ਦਿੰਦਿਆਂ ਮੰਗ ਕੀਤੀ ਕਿ ਜਿਨ੍ਹਾਂ ਪੁਲਸ ਅਧਿਕਾਰੀਆਂ ਨੇ ਅਧਿਆਪਕਾਂ ਦੀ ਕੁੱਟਮਾਰ ਕੀਤੀ ਹੈ, ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਤੇ ਚੱਲ ਰਹੀਆਂ ਸਾਰੀਆਂ ਭਰਤੀਆਂ ਦੇ ਰਹਿੰਦੇ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਅਧਿਆਪਕਾਂ ਨੂੰ ਸਕੂਲਾਂ ਵਿੱਚ ਹਾਜ਼ਰ ਕਰਵਾਇਆ ਜਾਵੇ।

ਇਸ ਮੌਕੇ ਡੀਟੀਐੱਫ ਦੇ ਜ਼ਿਲ੍ਹਾ ਆਗੂਆਂ ਕੁਲਵੰਤ ਖਨੌਰੀ, ਕਰਮਜੀਤ ਨਦਾਮਪੁਰ, ਬਲਵਿੰਦਰ ਚੀਮਾ, ਗੁਰਦੀਪ ਚੀਮਾ, ਕੰਵਲਜੀਤ ਸਿੰਘ, ਦੀਨਾ ਨਾਥ, ਸੁਖਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਸਕੂਲਾਂ ਵਿੱਚ ਉਦਘਾਟਨੀ ਪੱਥਰ ਲਗਾ ਕੇ ਸਿੱਖਿਆ ਕ੍ਰਾਂਤੀ ਦਾ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ ਉਸ ਨੂੰ ਅਸਲ ਸੱਚਾਈ ਤੋਂ ਕੋਹਾਂ ਦੂਰ ਐਲਾਨਦਿਆਂ ਵੱਡੀ ਗਿਣਤੀ ਵਿੱਚ ਸਕੂਲਾਂ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਥਾਨਕ ਹਲਾਤਾਂ ਅਨੁਸਾਰ ਸਿੱਖਿਆ ਨੀਤੀ ਤੇ ਵਿੱਦਿਅਕ ਕੈਲੰਡਰ ਬਣਾਉਣ ਦੀ ਥਾਂ ਕੇਂਦਰ ਸਰਕਾਰ ਦੀ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਸਿੱਖਿਆ ਨੀਤੀ ਰਾਹੀਂ ਸਿੱਖਿਆ ਨੂੰ ਤਬਾਹ ਕੀਤਾ ਜਾ ਰਿਹਾ ਹੈ ਅਤੇ ਅਧਿਆਪਕਾਂ ਤੇ ਗੈਰ-ਵਿੱਦਿਅਕ ਕੰਮਾਂ ਦੀ ਭਰਮਾਰ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਵੱਲੋਂ 6635 ਈਟੀਟੀ ਟੀਚਰ ਯੂਨੀਅਨ ਤੇ 4161 ਮਾਸਟਰ ਕਾਡਰ ਯੂਨੀਅਨ ਨਾਲ ਮਿਲ ਕੇ ਅਧਿਆਪਕਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ 4 ਮਈ ਨੂੰ ਹੋਣ ਜਾ ਰਹੇ ਚਿਤਾਵਨੀ ਮਾਰਚ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

# ਰਿਸ਼ਵਤ ਲੈਂਦਾ ਕਲਰਕ ਵਿਜੀਲੈਂਸ ਵੱਲੋਂ ਰੰਗੇ-ਹੱਥੀਂ ਕਾਬੂ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਪਣਾਈ ਗਈ ਜ਼ੀਰੋ ਟਾਲਰੈਂਸ ਨੀਤੀ ਤਹਿਤ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਐੱਸ.ਡੀ.ਐੱਮ. ਦਫ਼ਤਰ ਪਟਿਆਲਾ ਵਿਖੇ ਤੈਨਾਤ ਕਲਰਕ ਜਸਪਾਲ ਸਿੰਘ ਨੂੰ 8,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਪਿੰਡ ਰਕੜ, ਜ਼ਿਲ੍ਹਾ ਪਟਿਆਲਾ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਕਲਰਕ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 127/170 ਅਧੀਨ ਦਰਜ ਇੱਕ ਕੇਸ ਵਿੱਚ ਉਸ ਦੀ ਮਦਦ ਕਰਨ ਬਦਲੇ 8,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਵਜੋਂ 8,000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਥਾਣਾ, ਪਟਿਆਲਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਸ਼੍ਰੋਮਣੀ ਅਕਾਲੀ ਦਲ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਰਸਾਏ ਸਿਧਾਂਤਾਂ 'ਤੇ ਚੱਲਣ ਵਾਸਤੇ ਵਚਨਬੱਧ : ਸੁਖਬੀਰ



ਬਾਦਲ/ਮਲੋਟ (ਗੁਰਮੀਤ ਸਿੰਘ ਮੱਕੜ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਰਸਾਏ ਸਿਧਾਂਤਾਂ 'ਤੇ ਚੱਲਣ ਵਾਸਤੇ ਵਚਨਬੱਧ ਹੈ ਤੇ ਪੰਜਾਬ ਵਿੱਚ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਵਾਸਤੇ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ। ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਦੂਜੀ ਬਰਸੀ ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ, ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੈਂ ਬਾਦਲ ਸਾਹਿਬ ਦੀ ਸੋਚ 'ਤੇ ਚੱਲਣ ਵਾਸਤੇ ਤੇ ਪੰਜਾਬ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾਉਣ ਵਾਸਤੇ ਵਚਨਬੱਧ ਹਾਂ।

ਉਨ੍ਹਾਂ ਕਿਹਾ ਕਿ ਜੋ ਵੀ ਸੰਗਤ ਇਥੇ ਆਈ ਹੈ, ਮੈਂ ਉਨ੍ਹਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸਾਬਕਾ ਮੁੱਖ ਮੰਤਰੀ ਦੇ ਆਦਰਸ਼ਾਂ ਨੂੰ ਆਪਣੇ ਮਨ ਵਿੱਚ ਵਸਾਉਣ ਤੇ ਅਕਾਲੀ ਦਲ ਨੂੰ ਮਜ਼ਬੂਤ ਬਣਾਉਣ ਤੇ ਨਿਰਸਵਾਰਥ ਹੋ ਕੇ ਪੰਜਾਬ ਦੀ ਸੇਵਾ ਕਰਨ ਵਾਸਤੇ ਕੰਮ ਕਰਨ। ਉਨ੍ਹਾਂ ਦੱਸਿਆ ਕਿ ਕਿਵੇਂ ਸਾਬਕਾ ਮੁੱਖ ਮੰਤਰੀ ਨੇ 'ਰਾਜ ਨਹੀਂ ਸੇਵਾ' ਦੇ ਨਾਅਰੇ ਨਾਲ ਉਦਾਹਰਣ ਪੇਸ਼ ਕੀਤੀ ਅਤੇ ਧਾਰਮਿਕ ਰਾਜਨੀਤੀ ਤੋਂ ਦੂਰ ਰਹੇ ਤੇ ਉਨ੍ਹਾਂ ਨੂੰ ਹਰ ਭਾਈਚਾਰੇ ਤੋਂ ਪਿਆਰ ਤੇ ਸਤਿਕਾਰ ਮਿਲਿਆ ਤੇ ਉਹ ਲੋਕਾਂ ਦੇ ਮੁੱਖ ਮੰਤਰੀ ਬਣੇ ਰਹੇ। ਸਾਬਕਾ ਮੁੱਖ ਮੰਤਰੀ ਤੇ ਉਨ੍ਹਾਂ ਵੱਲੋਂ ਹੁਨਰ ਸਿੱਖਿਆ ਪ੍ਰਦਾਨ ਕਰ ਕੇ ਨੌਜਵਾਨਾਂ ਵਾਸਤੇ ਰੋਜ਼ਗਾਰ ਦੇ ਮੌਕੇ ਸਿਰਜਣ ਪ੍ਰਤੀ ਤਾਂਘ ਦੀ ਗੱਲ ਕਰਦਿਆਂ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਵਾਲੀ ਗੱਲ ਹੈ ਕਿ ਨੈਸ਼ਨਲ ਸਕਿੱਲ ਡਵੈਲਪਮੈਂਟ ਕਾਰਪੋਰੇਸ਼ਨ (ਐੱਨ ਐੱਸ ਡੀ ਸੀ) ਨੇ ਪਿੰਡ ਬਾਦਲ ਵਿਚ ਇਕ ਸਕਿੱਲ ਸੈਂਟਰ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਸੈਂਟਰ ਵਾਸਤੇ ਜ਼ਮੀਨ ਪ੍ਰਦਾਨ ਕਰਾਂਗੇ ਜੋ ਕਿ ਦੇਸ਼ ਵਿੱਚ ਦੂਜਾ ਅਜਿਹਾ ਸੈਂਟਰ ਹੋਵੇਗਾ। ਪਹਿਲਾ ਸੈਂਟਰ ਭੁਬਨੇਸ਼ਵਰ ਵਿੱਚ ਸਥਾਪਤ ਕੀਤਾ ਗਿਆ ਹੈ। ਐੱਨ ਐੱਸ ਡੀ ਸੀ ਦੇ ਸਲਾਹਕਾਰ ਨੇ ਇਸ ਸਬੰਧੀ ਪ੍ਰਵਾਨਗੀ ਪੱਤਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਸੌਂਪਿਆ ਤੇ ਦੱਸਿਆ ਕਿ ਇਸ ਸੈਂਟਰ ਦਾ ਨਾਂ ਸ. ਪ੍ਰਕਾਸ਼ ਸਿੰਘ ਬਾਦਲ ਸਕਿੱਲ ਇੰਡੀਆ ਸੈਂਟਰ ਹੋਵੇਗਾ ਤੇ ਇਹ ਹਰ ਸਾਲ 2 ਹਜ਼ਾਰ ਵਿਦਿਆਰਥੀਆਂ ਨੂੰ ਸਿਖਲਾਈ ਦੇਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਸੀਨੀਅਰ ਆਗੂ ਸ. ਬਲਵਿੰਦਰ ਸਿੰਘ ਭੂੰਦੜ ਨੇ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਆਪਣੀ ਦਹਾਕਿਆਂ ਪੁਰਾਣੀ ਸਾਂਝ ਨੂੰ ਚੇਤੇ ਕਰਦਿਆਂ ਸਾਬਕਾ ਮੁੱਖ ਮੰਤਰੀ ਵੱਲੋਂ ਲੋਕਾਂ ਦੀ ਖ਼ਾਤਰ ਕੀਤੇ ਸੰਘਰਸ਼ ਤੇ ਦਿੱਤੀਆਂ ਸ਼ਹਾਦਤਾਂ ਨੂੰ ਚੇਤੇ ਕੀਤਾ। ਉਨ੍ਹਾਂ ਦੱਸਿਆ ਕਿ ਕਿਵੇਂ ਸਾਬਕਾ ਮੁੱਖ ਮੰਤਰੀ ਨੇ ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਤੋਂ ਬਚਾਉਣ ਵਾਸਤੇ ਆਪਣੀ ਸਰਕਾਰ ਤੱਕ ਦਾਅ 'ਤੇ ਲਗਾ ਦਿੱਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਭ ਨੂੰ ਅਪੀਲ ਕੀਤੀ ਕਿ ਉਹ ਸ. ਪ੍ਰਕਾਸ਼ ਸਿੰਘ ਬਾਦਲ ਦੇ ਜੀਵਨ ਤੋਂ ਸੇਧ ਲੈਣ ਤੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕਰਦਿਆਂ ਜ਼ਿੰਦਗੀ ਦੇ 75 ਸਾਲ ਲਗਾ ਦਿੱਤੇ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਿੱਖ ਯਾਦਗਾਰਾਂ ਤੇ ਸ਼ਤਾਬਦੀ ਸਮਾਗਮਾਂ ਸਮੇਤ ਪੰਥ ਵਾਸਤੇ ਪਾਏ ਯੋਗਦਾਨ ਨੂੰ ਚੇਤੇ ਕੀਤਾ। ਸ. ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਚੇਤੇ ਕਰਦਿਆਂ ਦੱਸਿਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਆਮ ਸੰਗਤ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ ਤੇ ਸਿਆਸੀ ਸ਼ਖਸੀਅਤਾਂ ਦੀ ਅੱਜ ਦੇ ਪ੍ਰੋਗਰਾਮ ਵਿੱਚ ਹਾਜ਼ਰੀ ਸਪੱਸ਼ਟ ਕਰਦੀ ਹੈ ਕਿ ਸ. ਬਾਦਲ ਵੱਲੋਂ ਪੰਜਾਬ, ਸਿੱਖੀ ਤੇ ਭਾਰਤੀ ਰਾਜਨੀਤੀ ਵਾਸਤੇ ਪਾਏ ਯੋਗਦਾਨ ਦਾ ਲੋਕ ਕਿੰਨਾ ਸਤਿਕਾਰ ਕਰਦੇ ਹਨ।

## ਕਾਤਰਾਂ

### ਐੱਸ ਯੂ ਐੱਸ ਦੇ ਵਿਦਿਆਰਥੀਆਂ ਨੇ ਵਜ਼ੀਫਾ ਪ੍ਰੀਖਿਆ ਕੀਤੀ ਪਾਸ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਬੀਤੇ ਦਿਨੀਂ ਪੰਜਾਬ ਰਾਜ ਵਿੱਦਿਅਕ ਖੋਜ ਪ੍ਰੀਸ਼ਦ ਵੱਲੋਂ ਕਰਵਾਈ ਗਈ ਪੀ.ਐੱਸ.ਟੀ.ਐੱਸ.ਈ. ਸਕਾਲਰਸ਼ਿਪ ਪ੍ਰੀਖਿਆ ਸਥਾਨਕ ਐੱਸ.ਯੂ.ਐੱਸ. ਸਕੂਲ ਆਫ ਐਮੀਨੈਂਸ ਸੁਨਾਮ ਊਧਮ ਸਿੰਘ ਵਾਲਾ ਦੇ 3 ਵਿਦਿਆਰਥੀਆਂ ਨੇ ਪਾਸ ਕਰ ਲਈ ਹੈ।ਇਨ੍ਹਾਂ ਵਿਦਿਆਰਥੀਆਂ ਨੇ ਵਜ਼ੀਫਾ ਪ੍ਰੀਖਿਆ ਲਈ ਬਹੁਤ ਮਿਹਨਤ ਕੀਤੀ, ਕਿਉਂਕਿ ਕੰਪੀਟੀਸ਼ਨ ਦਾ ਯੁਗ ਹੋਣ ਕਾਰਨ ਤੇ ਇਹ ਪ੍ਰਤੀਯੋਗਿਤਾ ਵਿੱਚ ਪਾਸ ਹੋਣਾ ਬਹੁਤ ਮੁਸ਼ਕਲ ਹੈ, ਪਰ ਪ੍ਰਿੰਸੀਪਲ ਅਨਿਲ ਜੈਨ ਦੀ ਯੋਗ ਅਗਵਾਈ, ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਸਦਕਾ ਇਹ ਸੰਭਵ ਹੋ ਸਕਿਆ ਹੈ।ਇਸ ਸਕੂਲ ਦੇ ਵਿਦਿਆਰਥੀ ਸੰਜਮ, ਹਰਸ਼ ਸਿੰਗਲਾ ਖੁਸ਼ੀ ਗੁਪਤਾ ਨੇ ਦਸਵੀਂ ਪੱਧਰ ਦੀ ਹੋਈ ਸਕਾਲਰਸ਼ਿਪ ਪ੍ਰੀਖਿਆ ਪਾਸ ਕੀਤੀ।ਸਵੇਰ ਦੀ ਸਭਾ ਵਿੱਚ ਇਨ੍ਹਾਂ ਤਿਨੋਂ ਵਿਦਿਆਰਥੀਆਂ ਤੇ ਮਾਪਿਆਂ ਨੂੰ ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ ਮੈਂਬਰਜ਼ ਵੱਲੋਂ ਸਨਮਾਨਤ ਕੀਤਾ ਗਿਆ।ਪ੍ਰਿੰਸੀਪਲ ਅਨਿਲ ਜੈਨ ਨੇ ਸਵੇਰ ਦੀ ਸਭਾ ਨੂੰ ਸੰਬੋਧਨ ਕਰਦੇ ਹੋਏ ਇਨ੍ਹਾਂ ਨੂੰ ਵਧਾਈ ਦਿੱਤੀ ਤੇ ਇਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

### 75 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 75 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਕਰਦੀ ਹੋਈ ਦਾਣਾ ਮੰਡੀ ਬਾਰੇ ਕੇ ਪਾਸ ਪੁੱਜੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਕੁਲਦੀਪ ਸਿੰਘ ਉਰਫ ਕੀਪਾ ਪੁੱਤਰ ਸਰਦਾਰਾ ਸਿੰਘ ਵਾਸੀ ਮੱਧਰੇ ਹੈਰੋਇਨ ਪੀਣ ਤੇ ਵੇਚਣ ਦਾ ਧੰਦਾ ਕਰਦਾ ਹੈ, ਜੋ ਹੁਣ ਵੀ ਆਪਣੇ ਘਰ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਇਸ ਉਪਰੰਤ ਪੁਲਸ ਨੇ ਛਾਪੇਮਾਰੀ ਕਰਕੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਗੁਰਕੀਰਤ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਪਿੰਡ ਮੰਡੇਰ ਕਲਾਂ ਦੇ ਮੌਜੂਦਾ ਸਰਪੰਚ ਜੁਗਰਾਜ ਸਿੰਘ ਸੰਸਾਰੀ ਨੇ ਬੀਤੇ ਦਿਨੀਂ ਇੱਕ ਸੜਕ ਹਾਦਸੇ ਦੌਰਾਨ ਨੌਜਵਾਨ ਗੁਰਕੀਰਤ ਸਿੰਘ ਦੀ ਹੋਈ ਮੌਤ 'ਤੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ।ਉਨ੍ਹਾਂ ਕਿਹਾ ਕਿ ਇਹ ਨੌਜਵਾਨ ਗੁਰਕੀਰਤ ਸਿੰਘ ਪੁੱਤਰ ਪ੍ਰੇਮ ਸਿੰਘ ਸਾਬਕਾ ਪੰਚਾਇਤ ਮੈਂਬਰ ਪਿੰਡ ਮੰਡੇਰ ਕਲਾਂ ਤੋਂ ਦੇਸਪੁਰਾ ਸੜਕ 'ਤੇ ਮੋਟਰਸਾਈਕਲ 'ਤੇ ਜਾ ਰਿਹਾ ਸੀ, ਜਿਸ ਨੂੰ ਇੱਕ ਅਣਪਛਾਤੇ ਟਰੱਕ ਨੇ ਕੁਚਲ ਦਿੱਤਾ, ਜਿਸ ਦੀ ਮੌਕੇ 'ਤੇ ਮੌਤ ਹੋ ਗਈ।ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਲੌਂਗੋਵਾਲ ਦੇ ਪੁਲਸ ਇੰਸਪੈਕਟਰ ਬਲਵੰਤ ਸਿੰਘ ਆਪਣੀ ਪੁਲਸ ਪਾਰਟੀ ਨਾਲ ਪਹੁੰਚੇ।ਉਨ੍ਹਾਂ ਦੱਸਿਆ ਕਿ ਕਥਿਤ ਟਰੱਕ ਡਰਾਈਵਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਤੇ ਮ੍ਰਿਤਕ ਨੌਜਵਾਨ ਦਾ ਪੋਸਟਮਾਰਟਮ ਕਰਵਾ ਕੇ ਮਾਪਿਆਂ ਦੇ ਹਵਾਲੇ ਕਰ ਦਿੱਤਾ।

# ਨੈਸ਼ਨਲ ਮਾਸਟਰਜ਼ ਗੇਮ 'ਚ ਜ਼ਿਲ੍ਹੇ ਦੇ ਖਿਡਾਰੀਆਂ ਨੇ ਕਰਾਈ ਬੱਲੇ-ਬੱਲੇ

## ਵਿਧਾਇਕ ਭੁੱਲਰ ਨੇ ਖਿਡਾਰੀਆਂ ਦਾ ਕੀਤਾ ਸਨਮਾਨ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਧਰਮਸ਼ਾਲਾ ਵਿੱਚ ਅਪ੍ਰੈਲ 21, 22, 23 ਨੂੰ ਵੈਟਰਨ ਖਿਡਾਰੀਆਂ ਦੀ ਟਰੈਕ ਐਂਡ ਫੀਲਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਾਰੇ ਦੇਸ਼ ਦੇ ਲਗਭਗ 2000 ਖਿਡਾਰੀ ਸ਼ਾਮਲ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਮਰਦ ਤੇ ਔਰਤਾਂ 30 ਸਾਲ ਤੋਂ ਲੈ ਕੇ 100 ਸਾਲ ਤੱਕ ਦੇ ਖਿਡਾਰੀ ਹਿੱਸਾ ਲੈ ਰਹੇ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਭਾਰਤ ਦੇ ਸਭ ਤੋਂ ਵੱਡੀ ਉਮਰ ਦੇ ਖਿਡਾਰੀ ਜਗਤਾਰ ਸਿੰਘ ਧਨੋਆ 102 ਸਾਲ ਜੋ ਕਿ ਫਿਰੋਜ਼ਪੁਰ ਤੋਂ ਹਨ ਵੀ ਸ਼ਾਮਲ ਹੋਏ। ਜ਼ਿਲ੍ਹਾ ਫਿਰੋਜ਼ਪੁਰ ਤੋਂ ਜ਼ਿਲਾ ਮਾਸਟਰ ਐਥਲੈਟਿਕਸ ਐਸੋਸੀਏਸ਼ਨ ਦੇ ਪ੍ਰਧਾਨ ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਤੇ ਜਨਰਲ ਸਕੱਤਰ ਈਸ਼ਵਰ ਸ਼ਰਮਾ ਦੀ ਅਗਵਾਈ ਹੇਠ 14 ਮੈਂਬਰੀ ਦਲ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ 102 ਸਾਲ ਦੇ ਖਿਡਾਰੀ ਜਗਤਾਰ ਸਿੰਘ ਨੇ ਤਿੰਨ ਗੋਲਡ ਮੈਡਲ, 80 ਸਾਲ ਤੋਂ ਉੱਪਰ ਦੇ ਖਿਡਾਰੀ ਸਤਪਾਲ ਸ਼ਰਮਾ ਨੇ ਇੱਕ ਗੋਲਡ, ਇੱਕ ਸਿਲਵਰ ਤੇ ਇੱਕ ਕਾਂਸੇ ਦਾ ਮੈਡਲ ਜਿੱਤਿਆ। ਇਸੇ ਤਰ੍ਹਾਂ 75 ਸਾਲ ਤੋਂ ਉੱਪਰ ਦੇ ਖਿਡਾਰੀ ਦਰਸ਼ਨ ਸਿੰਘ ਗਿੱਲ ਨੇ ਦੋ ਸਿਲਵਰ, ਇੱਕ ਕਾਂਸੇ ਦਾ ਮੈਡਲ ਜਿੱਤਿਆ, 70 ਸਾਲ ਤੋਂ ਉੱਪਰ ਦੇ ਖਿਡਾਰੀ ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਨੇ ਦੋ ਗੋਲਡ ਤੇ ਇੱਕ ਸਿਲਵਰ ਮੈਡਲ ਜਿੱਤਿਆ। 65 ਸਾਲ ਤੋਂ ਉੱਪਰ ਦੇ ਖਿਡਾਰੀ ਡਾ. ਸੁਰਜੀਤ ਸਿੰਘ ਸਿੱਧੂ ਨੇ ਦੋ ਕਾਂਸੇ ਦੇ ਮੈਡਲ ਜਿੱਤੇ। 60 ਸਾਲ ਤੋਂ ਉੱਪਰ ਦੇ ਖਿਡਾਰੀ ਹਰ ਵਰਿੰਦਰ ਸਿੰਘ ਤੇ ਦਲੀਪ ਸਿੰਘ ਨੇ ਦੋ ਦੋ ਸਿਲਵਰ ਮੈਡਲ ਜਿੱਤੇ। 55 ਸਾਲ ਤੋਂ ਉੱਪਰ ਦੇ ਖਿਡਾਰੀ ਰਕੇਸ਼ ਕੁਮਾਰ ਨੇ ਇੱਕ ਤਾਂਬੇ ਦਾ ਮੈਡਲ ਜਿੱਤਿਆ। 50 ਸਾਲ ਤੋਂ ਉੱਪਰ ਦੇ ਖਿਡਾਰੀ ਈਸ਼ਵਰ ਸ਼ਰਮਾ ਨੇ ਸ਼ਾਟਪੁੱਟ ਤੇ ਜੈਵਲਿਨ ਥਰੋ ਵਿੱਚ ਦੋ ਸਿਲਵਰ ਮੈਡਲ ਜਿੱਤ ਕੇ ਪੰਜਾਬ ਦਾ ਨਾਂ ਉੱਚਾ ਕੀਤਾ। 45 ਸਾਲ ਤੋਂ ਉੱਪਰ ਦੇ ਖਿਡਾਰੀ ਹਰਜੀਤ ਸਿੰਘ ਨੇ ਸ਼ਾਟਪੁੱਟ ਵਿੱਚ ਤਾਂਬੇ ਦਾ ਮੈਡਲ ਜਿੱਤਿਆ। 40 ਸਾਲ ਤੋਂ ਉੱਪਰ ਦੇ ਖਿਡਾਰੀ ਪ੍ਰਗਟ ਸਿੰਘ ਨੇ ਹੈਮਰ ਥਰੋ ਵਿੱਚ ਨਵਾਂ ਰਾਸ਼ਟਰੀ ਰਿਕਾਰਡ ਬਣਾਉਂਦੇ ਹੋਏ ਗੋਲਡ ਮੈਡਲ ਜਿੱਤਿਆ। 35 ਸਾਲ ਤੋਂ ਉੱਪਰ ਦੇ ਖਿਡਾਰੀ ਸਿਮਰਨਜੀਤ ਕੰਬੋਜ ਨੇ ਜੈਵਲਿਨ ਥਰੋ ਵਿੱਚ ਹਿੱਸਾ ਲਿਆ ਤੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ। ਮਹਿਲਾ ਅਥਲੀਟਾਂ ਵਿੱਚ ਕਮਲੇਸ਼ ਰਾਣੀ ਨੇ 65 ਸਾਲ ਤੋਂ ਉੱਪਰ ਵਰਗ ਵਿੱਚ 100 ਮੀਟਰ ਦੌੜ ਵਿੱਚ ਹਿੱਸਾ ਲਿਆ ਤੇ ਤਾਂਬੇ ਦਾ ਮੈਡਲ ਜਿੱਤਿਆ। ਇਨ੍ਹਾਂ ਜੇਤੂ ਖਿਡਾਰੀਆਂ ਦਾ ਸਨਮਾਨ ਕਰਨ ਲਈ ਹਲਕਾ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਭੁੱਲਰ ਨੇ ਆਪਣੇ ਦਫਤਰ ਬੁਲਾ ਕੇ ਇਨ੍ਹਾਂ ਖਿਡਾਰੀਆਂ ਦਾ ਸਨਮਾਨ ਕੀਤਾ ਤੇ ਜ਼ਿਲ੍ਹਾ ਮਾਸਟਰ ਅਥਲੈਟਿਕਸ ਐਸੋਸੀਏਸ਼ਨ ਨੂੰ 21000 ਨਗਦ ਇਨਾਮ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਵੈਟਰਨ ਖਿਡਾਰੀ ਜ਼ਿਲ੍ਹਾ ਫਿਰੋਜ਼ਪੁਰ ਤੇ ਸਾਰੇ ਪੰਜਾਬ ਦੀ ਸ਼ਾਨ ਹਨ ਅਤੇ ਸਰਕਾਰ ਉਨ੍ਹਾਂ ਦੇ ਮਾਣ ਸਨਮਾਨ ਵਿੱਚ ਕੋਈ ਕਮੀ ਨਹੀਂ ਆਉਣ ਦੇਵੇਗੀ। ਭਵਿੱਖ ਵਿੱਚ ਜਲਦ ਹੀ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਨਵੇਂ ਬਣੇ ਸਿੰਥੈਟਿਕ ਟਰੈਕ ਤੇ ਵੈਟਰਨ ਖਿਡਾਰੀਆਂ ਦੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣਗੇ।

# ਬਿਨਾਂ ਟਿਕਟ ਸਫਰ ਕਰਨ ਵਾਲਿਆਂ ਤੋਂ 30 ਲੱਖ ਦਾ ਜੁਰਮਾਨਾ ਵਸੂਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਹੈੱਡਕੁਆਰਟਰ ਸਪੈਸ਼ਲ ਟਿਕਟ ਚੈਕਿੰਗ ਮੁਹਿੰਮ ਦੇ ਨਿਰਦੇਸ਼ਾਂ ਅਨੁਸਾਰ ਡਿਵੀਜ਼ਨਲ ਰੇਲਵੇ ਮੈਨੇਜਰ ਸੰਜੇ ਸਾਹੂ ਤੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਪਰਮਦੀਪ ਸਿੰਘ ਸੈਣੀ ਦੀ ਅਗਵਾਈ ਹੇਠ, ਫਿਰੋਜ਼ਪੁਰ ਡਵੀਜ਼ਨ ਵਿੱਚ ਟਿਕਟ ਰਹਿਤ ਤੇ ਅਨਿਯਮਤ ਸਫਰ ਨੂੰ ਰੋਕਣ ਲਈ ਇੱਕ ਮਹੀਨੇ ਲਈ ਸਮਰ ਸਪੈਸ਼ਲ ਟਿਕਟ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਇਹ ਮੁਹਿੰਮ 21 ਮਈ 2025 ਤੱਕ ਜਾਰੀ ਰਹੇਗੀ। ਇਸੇ ਕ੍ਰਮ ਵਿੱਚ 22 ਅਪ੍ਰੈਲ 2025 ਤੋਂ 24 ਅਪ੍ਰੈਲ 2025 ਤੱਕ ਵਿਸ਼ੇਸ਼ ਚੈਕਿੰਗ ਮੁਹਿੰਮ ਦੌਰਾਨ, ਬਿਨਾਂ ਟਿਕਟ ਤੇ ਅਨਿਯਮਤ ਸਫਰ ਕਰਨ ਵਾਲੇ 4363 ਰੇਲਵੇ ਯਾਤਰੀਆਂ ਤੋਂ ਲਗਭਗ 30 ਲੱਖ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਇਸ ਗਰਮੀਆਂ ਦੀ ਵਿਸ਼ੇਸ਼ ਟਿਕਟ ਜਾਂਚ ਮੁਹਿੰਮ ਦੇ ਤਹਿਤ, ਮੁੱਖ ਤੌਰ 'ਤੇ 19223 (ਜੰਮੂ ਤਵੀ ਐਕਸਪ੍ਰੈੱਸ), 19224 (ਗਾਂਧੀਨਗਰ ਕੈਪੀਟਲ ਐਕਸਪ੍ਰੈਸ), 12920 (ਮਾਲਵਾ ਸੁਪਰਫਾਸਟ ਐਕਸਪ੍ਰੈਸ), 12919 (ਮਾਲਵਾ ਸੁਪਰਫਾਸਟ ਐਕਸਪ੍ਰੈਸ), 15708 (ਅਮਰਪਾਲੀ ਐਕਸਪ੍ਰੈਸ), 13006 (ਅੰਮ੍ਰਿਤਸਰ ਹਾਵੜਾ ਮੇਲ), 19226 (ਭਗਤ ਕੀ ਕੋਠੀ ਐਕਸਪ੍ਰੈਸ), 12238 (ਬੇਗਮਪੁਰਾ ਐਕਸਪ੍ਰੈਸ) ਆਦਿ ਟਰੇਨਾਂ ਵਿੱਚ ਪੂਰੀ ਤਰ੍ਹਾਂ ਜਾਂਚ ਕੀਤੀ ਗਈ। ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਰੇਲਵੇ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਹਮੇਸ਼ਾ ਸਬੰਧਤ ਸ਼੍ਰੇਣੀ ਦੇ ਕੋਚ ਵਿੱਚ ਜਾਇਜ਼ ਟਿਕਟਾਂ ਨਾਲ ਯਾਤਰਾ ਕਰਨ ਤਾਂ ਜੋ ਹੋਰ ਯਾਤਰੀਆਂ ਨੂੰ ਕੋਈ ਮੁਸ਼ਕਲ ਨਾ ਆਵੇ।

# ਬੀ ਐੱਸ ਸੀ, ਆਈ ਟੀ ਤੇ ਪੀ ਜੀ ਡੀ ਸੀ ਏ ਲਈ ਦਾਖਲਾ ਸ਼ੁਰੂ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਥਾਨਕ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਵਿਖੇ ਸਾਬਕਾ ਸੈਨਿਕਾਂ, ਅਰਧ ਸੈਨਿਕ ਬਲਾਂ, ਐੱਸ.ਸੀ. ਕੈਟਾਗਰੀ ਤੇ ਗਰੀਬੀ ਰੇਖਾ ਤੋਂ ਹੇਠਾਂ ਵਰਗ ਦੇ ਬੱਚਿਆਂ ਲਈ ਰੈਗੂਲਰ ਕੰਪਿਊਟਰ ਕੋਰਸ ਜਿਵੇਂ ਕਿ ਬੀ.ਐੱਸ.ਸੀ. ਆਈ.ਟੀ. ਤੇ ਪੀ.ਜੀ.ਡੀ.ਸੀ.ਏ. ਲਈ ਸੈਸ਼ਨ 2025-26 ਲਈ ਦਾਖਲਾ ਸ਼ੁਰੂ ਹੋ ਗਿਆ ਹੈ।ਇਹ ਜਾਣਕਾਰੀ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ (ਰਿਟਾ.) ਦਿਲਪ੍ਰੀਤ ਸਿੰਘ ਕੰਗ ਨੇ ਸਾਂਝੀ ਕੀਤੀ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸ. ਦਿਲਪ੍ਰੀਤ ਸਿੰਘ ਕੰਗ ਨੇ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਇਸ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿੱਚ ਕਰਵਾਏ ਜਾਣ ਵਾਲੇ ਕੋਰਸ ਬੀ.ਐੱਸ.ਸੀ. ਆਈ ਟੀ ਲਈ ਘੱਟੋ ਘੱਟ ਸਿਖਿਆਰਥੀ ਦੀ ਵਿੱਦਿਅਕ ਯੋਗਤਾ 12ਵੀਂ ਤੇ ਪੀ.ਜੀ.ਡੀ.ਸੀ.ਏ. ਕੋਰਸ ਲਈ ਗ੍ਰੈਜੂਏਸ਼ਨ ਕੀਤੀ ਹੋਣੀ ਲਾਜ਼ਮੀ ਹੈ।ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸਮੇਂ ਦੀ ਲੋੜ ਅਨੁਸਾਰ ਸਿਖਿਆਰਥੀਆਂ ਨੂੰ ਰੈਗੂਲਰ ਸ਼ਾਰਟ ਟਰਮ ਕੰਪਿਊਟਰ ਕੋਰਸ ਕਰਵਾਏ ਜਾਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਮੌਜੂਦਾ ਮੁਕਾਬਲੇ ਦੇ ਸਮੇਂ ਵਿੱਚ ਆਸਾਨੀ ਨਾਲ ਕਾਮਯਾਬ ਹੋਣ ਵਿੱਚ ਮਦਦ ਮਿਲੇਗੀ।

# ਪਹਿਲਗਾਮ ਹਮਲੇ ਖਿਲਾਫ ਮੁਸਲਿਮ ਭਾਈਚਾਰੇ ਨੇ ਫੂਕਿਆ ਪੁਤਲਾ



ਭੀਖੀ (ਗੁਰਿੰਦਰ ਸਿੰਘ ਔਲਖ)-ਕਸ਼ਮੀਰ ਦੇ ਪਹਿਲਗਾਮ ਨੇੜੇ ਦਹਿਸ਼ਤਗਰਦਾਂ ਵੱਲੋਂ 27 ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਖਿਲਾਫ ਭੀਖੀ ਦੇ ਬਰਨਾਲਾ ਚੌਕ 'ਚ ਮੁਸਲਿਮ ਭਾਈਚਾਰੇ ਵੱਲੋਂ ਦਹਿਸ਼ਤਗਰਦਾਂ ਤੇ ਪਕਿਸਤਾਨ ਦਾ ਪੁਤਲਾ ਫੂਕਿਆ ਗਿਆ। ਮੁਸਲਮਾਨ ਭਾਈਚਾਰੇ ਵੱਲੋਂ ਜੁੰਮੇ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਦੁਪਿਹਰ ਸਮੇਂ ਪਹਿਲਾਂ ਰੋਸ ਮੁਜ਼ਾਹਰਾ ਕੀਤਾ ਗਿਆ। ਬਾਅਦ 'ਚ ਪੁਤਲਾ ਫੂਕ ਕੇ ਅੱਤਵਾਦ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਮੁਸਲਿਮ ਅਹਿਰਾਰ ਇਸਲਾਮ ਹਿੰਦ ਦੇ ਜ਼ਿਲ੍ਹਾ ਪ੍ਰਧਾਨ ਡਾ. ਸੁਲਤਾਨ ਸ਼ਾਹ ਨੇ ਕਿਹਾ ਕਿ ਦਹਿਸ਼ਤ ਗਰਦਾ ਵੱਲੋਂ ਕਸ਼ਮੀਰ 'ਚ ਕੀਤਾ ਗਿਆ ਕਾਤਿਲਾਨਾਂ ਹਮਲਾ ਬੁਜ਼ਦਿਲੀ ਵਾਲਾ ਹੈ, ਜਿਸ ਦਾ ਸਮੁੱਚਾ ਮੁਸਲਮਾਨ ਭਾਈਚਾਰਾ ਘੋਰ ਨਿੰਦਾ ਕਰਦਾ ਹੈ। ਇਸ ਮੌਕੇ ਫਿਰੋਜ਼ ਖਾਂ, ਮੌਲਵੀ ਮਕਸੂਦ, ਮੌਲਵੀ ਕਾਰੀ, ਮੁਹੰਮਦ ਫਾਰੂਕ, ਮੁਹੰਮਦ ਸਲੀਮ, ਮੁਹੰਮਦ ਸਾਬਿਰ, ਸਲੀਮ ਖਾਂ, ਮਿਸਤਰੀ ਕਾਲਾ ਸਿੰਘ, ਮਿੱਠੂ ਖਾਂ, ਬਾਰੂ ਖਾਂ ਜੱਗੀ ਖਾਂ, ਸ਼ਬੀਰ ਖਾਂ, ਸਲਮਾਨ ਖਾਨ ਤੇ ਗੁਲਜ਼ਾਰ ਖਾਨ ਸਮੇਤ ਵੱਡੀ ਗਿਣਤੀ 'ਚ ਮੁਸਲਿਮ ਭਾਈਚਾਰਾ ਹਾਜ਼ਰ ਸੀ।

# ਸਮਾਜ ਸੇਵਾ ਸੁਸਾਇਟੀ ਵੱਲੋਂ ਕਸ਼ਮੀਰ 'ਚ ਹੋਏ ਹਮਲੇ ਦੀ ਨਿੰਦਾ



ਗੁਰੂ ਹਰ ਸਹਾਇ (ਫ਼ਕੀਰ ਚੰਦ ਸਿਕਰੀ)-ਸ਼ਹਿਰ ਦੀ ਸਮਾਜ ਸੇਵਾ ਸੋਸਾਇਟੀ ਵੱਲੋਂ ਬੀਤੇ ਦਿਨ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਮਾਰੇ ਗਏ 28 ਵਿਅਕਤੀਆਂ ਦੀ ਮੌਤ ਨੂੰ ਲੈ ਕੇ ਇੱਕ ਵਿਸ਼ੇਸ਼ ਮੀਟਿੰਗ ਕਰਕੇ ਇਸ ਦੀ ਸਖਤ ਨਿੰਦਾ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਸਰਪ੍ਰਸਤ ਸਤਵਿੰਦਰ ਸਿੰਘ ਭੰਡਾਰੀ, ਪ੍ਰਧਾਨ ਮਦਨ ਮੋਹਨ ਕੰਧਾਰੀ, ਸੈਕਟਰੀ ਬੁੜ ਚੰਦ ਬਿੰਦਰਾ, ਕੈਸ਼ੀਅਰ ਆਦਰਸ਼ ਪਾਲ ਧਵਲ, ਆਤਮਜੀਤ ਸਿੰਘ ਡੇਵਿਡ, ਅਨਿਲ ਕੁੱਕੜ, ਅਸ਼ੋਕ ਮੋਂਗਾ, ਲਾਲ ਚੰਦ ਨਰੂਲਾ, ਸੰਦੀਪ ਮਦਾਨ ਨੇ ਦੱਸਿਆ ਕਿ ਬੀਤੇ ਦਿਨ ਕਸ਼ਮੀਰ ਵਿੱਚ ਹੋਏ ਅੱਤਵਾਦੀ ਹਮਲਿਆਂ ਵਿੱਚ ਮਾਰੇ ਗਏ 28 ਸੈਲਾਨੀਆਂ ਦੀ ਘਟਨਾ ਨੇ ਜਿੱਥੇ ਦੇਸ਼ ਦੇ ਸਾਰੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਉੱਥੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪਾਕਿਸਤਾਨ ਖਿਲਾਫ ਲਏ ਗਏ ਕਈ ਫੈਸਲਿਆਂ ਦੀ ਉਨ੍ਹਾਂ ਵੱਲੋਂ ਪ੍ਰਸੰਸਾ ਕੀਤੀ ਗਈ ਤੇ ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਇਨ੍ਹਾਂ ਅੱਤਵਾਦੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

# ਖਾਤੇ 'ਚੋਂ ਸਕੇਮ ਨਾਲ ਨਿਕਲੇ ਹੋਏ ਪੈਸੇ ਵਾਪਸ ਕਰਵਾਏ ਜਾਣ ਦੀ ਮੰਗ

ਰਾਜਪੁਰਾ (ਰਮੇਸ਼ ਕਟਾਰੀਆ)-ਪਹਿਲਾਂ ਲੋਕ ਆਪਣੇ ਪੈਸੇ ਸੁਰੱਖਿਅਤ ਰੱਖਣ ਲਈ ਬੈਂਕਾਂ ਵਿਚ ਜਮ੍ਹਾਂ ਕਰਵਾ ਦਿੰਦੇ ਸਨ।ਪਰ ਹੁਣ ਬੈਂਕ ਵਿੱਚ ਪੈਸੇ ਵੀ ਸੁਰੱਖਿਅਤ ਨਹੀਂ ਹਨ।ਇਹ ਗੱਲ ਐਸ ਬੀ ਆਈ ਅਨਾਜ ਮੰਡੀ ਬ੍ਰਾਂਚ ਦੇ ਗ੍ਰਾਹਕ ਜਥੇਦਾਰ ਧਿਆਨ ਸਿੰਘ ਸੈਦਖੇੜੀ ਨੇ ਦੱਸਦਿਆਂ ਕਿਹਾ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਖਾਤੇ ਵਿੱਚੋਂ ਕਰੀਬ 30 ਹਜ਼ਾਰ ਰੁਪਏ ਕਈ ਕਿਸ਼ਤਾਂ ਵਿੱਚ ਨਿਕਲੇ। ਜਿਸ ਦੀ ਸ਼ਿਕਾਇਤ ਖਾਤਾਧਾਰਕ ਨੇ ਬੈਂਕ ਅਧਿਕਾਰੀਆਂ ਨੂੰ ਕੀਤੀ ਸੀ ਉਸ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਹੋਈ। ਖਾਤਾਧਾਰਕ ਨੇ ਬੈਂਕ ਅਧਿਕਾਰੀਆਂ ਨੂੰ ਕਿਹਾ ਕਿ ਪੈਸੇ ਨਿਕਲਣ ਦਾ ਕੋਈ ਵੀ ਮੈਸੇਜ ਨਹੀਂ ਆਇਆ। ਜੇਕਰ ਮੈਸੇਜ ਆ ਜਾਂਦਾ ਤਾਂ ਮੇਰੇ ਪੈਸੇ ਨਿਕਲਣ ਤੋਂ ਬਚ ਸਕਦੇ ਸਨ। ਇਹ ਪੈਸੇ ਏ ਟੀ ਐਮ ਸਕੈਮ ਰਾਹੀਂ ਕੱਢੇ ਗਏ ਹਨ। ਖਾਤਾਧਾਰਕ ਸੈਦਖੇੜੀ ਜੋ ਕਿ ਸੀਨੀਅਰ ਸਿਟੀਜ਼ਨ ਹਨ ਉਹ ਬੈਂਕ ਅਧਿਕਾਰੀਆਂ ਕੋਲ ਜਾ ਜਾ ਕੇ ਥੱਕ ਗਏ ਹਨ।ਉਨ੍ਹਾਂ ਬੈਂਕ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਹਨਾਂ ਦੇ ਖਾਤੇ ਵਿੱਚੋਂ ਸਕੇਮ ਨਾਲ ਨਿਕਲੇ ਹੋਏ ਪੈਸੇ ਵਾਪਸ ਕਰਵਾਏ ਜਾਣ। ਇਸੇ ਬੈਂਕ ਦੀ ਸ਼ਿਕਾਇਤ ਹੋਰ ਵੀ ਕਈ ਖਾਤਾਧਾਰਕ ਲਿਖਿਤ ਰੂਪ ਵਿੱਚ ਕਰ ਚੁੱਕੇ ਹਨ। ਇਸੇ ਤਰ੍ਹਾਂ ਬੈਂਕ ਆਫ ਇੰਡੀਆ ਦੇ ਖਾਤਾਧਾਰਕ ਯੋਗੇਸ਼ ਕੁਮਾਰ ਨੇ ਦੱਸਿਆ ਹੈ ਕਿ ਉਹਨਾਂ ਦੇ ਖਾਤੇ ਵਿੱਚੋਂ ਵੀ 1500 ਰੁਪਏ ਜੋ ਕਿ ਸਤੰਬਰ 2024 ਵਿਚ ਹੋਰ ਖਾਤੇ ਵਿੱਚ ਟਰਾਂਸਫਰ ਕੀਤੇ ਸਨ ਅਤੇ ਉਹ ਅੱਜ ਤੱਕ ਉਸ ਖਾਤੇ ਵਿੱਚ ਨਹੀਂ ਗਏ। ਇਸ ਲਈ ਉਹ ਬੈਂਕ ਅਧਿਕਾਰੀਆਂ ਕੋਲ ਜਾ ਜਾ ਕੇ ਆਪਣੇ ਪੈਸੇ ਵਾਪਸ ਲੈਣ ਦੀ ਗੁਹਾਰ ਲਾ ਕੇ ਥੱਕ ਗਏ ਹਨ ਪਰ ਉਨ੍ਹਾਂ ਦੀ ਵੀ ਕੋਈ ਸੁਣਵਾਈ ਨਹੀਂ ਹੋਈ। ਅੰਤ ਵਿੱਚ ਖਾਤਾਧਾਰਕ ਨੇ ਲਿਖਿਤ ਸ਼ਿਕਾਇਤ ਆਰ ਬੀ ਆਈ ਨੂੰ ਕਰ ਦਿੱਤੀ ਹੈ।

# ਨਸ਼ਾ ਤਸਕਰਾਂ ਦੀਆਂ ਨਜਾਇਜ਼ ਉਸਾਰੀਆਂ 'ਤੇ ਚੱਲਿਆ ਬੁਲਡੋਜ਼ਰ

## ਚਾਰੇ ਘਰਾਂ ਦੇ ਮਾਲਕਾਂ ਖਿਲਾਫ ਨਸ਼ਾ ਬਰਾਮਦਗੀ ਦੇ ਕੇਸ ਦਰਜ



ਮੋਗਾ (ਇਕਬਾਲ ਸਿੰਘ ਖਹਿਰਾ)-ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਪਿੰਡ ਦੌਲੇਵਾਲਾ ਵਿਖੇ ਚਾਰ ਘਰਾਂ 'ਤੇ ਡੀ.ਡੀ.ਪੀ.ਓ. ਮੋਗਾ ਤੇ ਡਿਊਟੀ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਬਲਡੋਜ਼ਰ ਚਲਾਇਆ ਗਿਆ। ਇਸ ਮੌਕੇ ਸੁਰੱਖਿਆ ਮੁਹੱਈਆ ਕਰਵਾਉਣ ਲਈ ਪੁੱਜੇ ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਨੇ ਦੱਸਿਆ ਕਿ ਇਹ ਚਾਰ ਘਰ ਬੂਟਾ ਸਿੰਘ, ਪਰਮਜੀਤ ਸਿੰਘ ਪੰਮਾ, ਲਖਵਿੰਦਰ ਸਿੰਘ ਉਰਫ ਕਾਕੂ ਤੇ ਰਾਜਵਿੰਦਰ ਕੌਰ ਪੁੱਤਰੀ ਬਾਗ ਸਿੰਘ ਦੇ ਹਨ। ਜਦੋਂ ਇਨ੍ਹਾਂ ਨਾਂਵਾਂ ਦੀ ਪੜਤਾਲ ਕੀਤੀ ਗਈ ਤਾਂ ਪਤਾ ਚੱਲਿਆ ਕਿ ਐੱਨ.ਡੀ.ਪੀ.ਐੱਸ. ਐਕਟ ਦੀ ਵੱਖ ਵੱਖ ਧਾਰਾਵਾਂ ਤਹਿਤ ਬੂਟਾ ਸਿੰਘ, ਜੋ ਇਸ ਵਕਤ ਜੇਲ੍ਹ ਵਿੱਚ ਹੈ, ਖਿਲਾਫ ਸੱਤ ਐੱਫ.ਆਈ.ਆਰ. ਦਰਜ ਹਨ, ਪਰਮਜੀਤ ਸਿੰਘ ਪੰਮਾਂ ਵੀ ਜੇਲ੍ਹ ਵਿੱਚ ਹੈ, ਉਸ ਖਿਲਾਫ ਨੌਂ ਐੱਫ.ਆਈ.ਆਰ. ਦਰਜ ਹਨ। ਲਖਵਿੰਦਰ ਸਿੰਘ ਉਰਫ ਕਾਕੂ ਖਿਲਾਫ ਅੱਠ ਐੱਫ.ਆਈ.ਆਰ. ਦਰਜ ਹਨ ਤੇ ਰਾਜਵਿੰਦਰ ਕੌਰ ਉੱਤਰੀ ਬਾਗ ਸਿੰਘ, ਜੋ ਇਸ ਵਕਤ ਜਮਾਨਤ 'ਤੇ ਹੈ, ਖਿਲਾਫ ਟੋਟਲ 15 ਐੱਫ.ਆਈ.ਆਰ. ਦਰਜ ਹਨ, ਜਿਨ੍ਹਾਂ ਵਿੱਚ ਭਾਰੀ ਮਾਤਰਾ 'ਚ ਨਸ਼ਾ ਬਰਾਮਦਗੀ ਹੈ। ਇਸ ਮੌਕੇ ਇਹ ਵੀ ਵੇਖਿਆ ਕਿਆ ਕਿ ਬਹੁਤ ਸਾਰੀਆਂ ਔਰਤਾਂ ਘਰਾਂ ਨੂੰ ਨਾ ਢਾਹੁਣ ਲਈ ਪ੍ਰਸ਼ਾਸਨ ਦੇ ਰੋ ਰੋ ਕੇ ਹਾੜੇ ਕੱਢ ਰਹੀਆਂ ਸਨ। ਉਥੇ ਹੀ ਪਿੰਡ ਦੌਲੇਵਾਲਾ ਦੀ ਵਸਨੀਕ ਅਮਰਜੀਤ ਕੌਰ ਨੇ ਦੱਸਿਆ ਕਿ ਉਸ ਦੀ ਧੀ ਪਿਛਲੇ ਸੱਤ ਸਾਲਾਂ ਤੋਂ ਕੈਨੇਡਾ ਵਿੱਚ ਰਹਿੰਦੀ ਹੈ, ਉਸ ਵੱਲੋਂ ਮੈਨੂੰ ਪੈਸੇ ਭੇਜੇ ਗਏ ਸੀ, ਜਿਸ ਨਾਲ ਉਸ ਨੇ ਇਹ ਘਰ ਬਣਾਇਆ ਸੀ। ਅਜੈ ਗਾਂਧੀ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੇ ਸੂਬੇ ਦੀ ਜਵਾਨੀ ਨੂੰ ਕੁਰਾਹੇ ਪਾਇਆ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨਿਰੰਤਰ ਜਾਰੀ ਰਹੇਗੀ ਤੇ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਅੰਦਰ ਨਸ਼ਾ ਤਸਕਰਾਂ ਲਈ ਕੋਈ ਥਾਂ ਨਹੀਂ ਹੈ, ਇਸ ਲਈ ਉਹ ਇਹ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਦੇ ਘਰਾਂ 'ਤੇ ਵੀ ਪੀਲਾ ਪੰਜਾ ਚਲਾਇਆ ਜਾਵੇਗਾ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਮੁਹਿੰਮ ਦੀ ਜ਼ਿਲ੍ਹਾ ਮੋਗਾ ਦੇ ਧਰਮਕੋਟ ਅਧੀਨ ਪੈਂਦੇ ਪਿੰਡ ਦੌਲੇਵਾਲਾ ਦੇ ਅੰਮ੍ਰਿਤਪਾਲ ਸਿੰਘ, ਸਰਪੰਚ ਸੁਖਵਿੰਦਰ ਸਿੰਘ ਤੇ ਹੋਰ ਮੁਹੱਲਾ ਨਿਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ ਤੇ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੁਲਸ ਪ੍ਰਸ਼ਾਸਨ ਜ਼ਿੰਦਾਬਾਦ ਦੇ ਨਾਅਰੇ ਵੀ ਲਗਾਏ ਗਏ।

# ਗਲੋਬਲ ਡਿਸਕਵਰੀ ਸਕੂਲ ਵਿਖੇ ਸਹੁੰ ਚੁੱਕ ਤੇ ਪੁਰਸਕਾਰ ਵੰਡ ਸਮਾਰੋਹ




ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਕੇਸ਼ਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਨੇ ਪ੍ਰਿੰਸੀਪਲ ਅੰਜੂ ਨਾਗਪਾਲ ਦੀ ਅਗਵਾਈ ਹੇਠ ਹਰ ਸਾਲ ਦੀ ਤਰ੍ਹਾਂ ਸਕੂਲ ਦੇ ਵਿਹੜੇ ਵਿੱਚ ਸਾਲਾਨਾ ਇਨਾਮ ਵੰਡ ਤੇ ਸਕੂਲ ਕੈਬਨਿਟ ਸਮਾਰੋਹ ਮਨਾਇਆ ਗਿਆ।ਨਵੇਂ ਸੈਸ਼ਨ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੂੰ ਇੱਕ ਚੋਣ ਪ੍ਰਕਿਰਿਆ ਰਾਹੀਂ ਨਵੀਂ ਸਕੂਲ ਵਿਦਿਆਰਥੀ ਪ੍ਰੀਸ਼ਦ ਲਈ ਚੁਣਿਆ ਗਿਆ।ਇਸ ਪ੍ਰਕਿਰਿਆ ਵਿੱਚ, ਸਕੂਲ ਕੈਪਟਨ, ਉਪ-ਕੈਪਟਨ ਤੇ ਵੱਖ-ਵੱਖ ਸਦਨਾਂ ਦੇ ਕੈਪਟਨ ਨਿਯੁਕਤ ਕੀਤੇ ਗਏ।ਇਸ ਸਮਾਗਮ ਵਿੱਚ ਮੈਨੇਜਮੈਂਟ ਕਮੇਟੀ ਦੇ ਮੈਂਬਰ, ਪ੍ਰਿੰਸੀਪਲ, ਵਾਇਸ-ਪ੍ਰਿੰਸੀਪਲ ਤੇ ਚੁਣੇ ਗਏ ਵਿਦਿਆਰਥੀਆਂ ਦੇ ਮਾਪਿਆਂ ਨੇ ਸ਼ਿਰਕਤ ਕੀਤੀ।ਮੈਨੇਜਮੈਂਟ ਕਮੇਟੀ ਵੱਲੋਂ ਚੁਣੇ ਗਏ ਵਿਦਿਆਰਥੀਆਂ ਨੂੰ ਆਪਣੀਆਂ ਡਿਊਟੀਆਂ ਨਿਭਾਉਣ ਲਈ ਸਹੁੰ ਚੁਕਾਈ ਗਈ। ਵਿਦਿਆਰਥੀਆਂ ਨੇ ਪਰੇਡ ਦੇ ਨਾਲ-ਨਾਲ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ।ਇਸ ਪ੍ਰੋਗਰਾਮ ਵਿੱਚ ਸੈਸ਼ਨ 2024-25 ਦੇ ਵੱਖ-ਵੱਖ ਕਲਾਸਾਂ ਦੇ ਵਰਗਾਂ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਚੁਣੇ ਗਏ ਵਿਦਿਆਰਥੀਆਂ ਦੇ ਮਾਪੇ ਤੇ ਸਨਮਾਨਤ ਵਿਦਿਆਰਥੀ ਆਪਣੇ ਬੱਚਿਆਂ ਨੂੰ ਸਨਮਾਨਤ ਹੁੰਦੇ ਦੇਖ ਕੇ ਬਹੁਤ ਖੁਸ਼ ਦਿਖਾਈ ਦਿੱਤੇ।ਇਸ ਸਨਮਾਨ ਸਮਾਰੋਹ ਦੇ ਮੌਕੇ ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਚੁਣੇ ਗਏ ਤੇ ਸਨਮਾਨਤ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਉਨ੍ਹਾਂ ਬੱਚਿਆਂ ਨੂੰ ਭਵਿੱਖ ਵਿੱਚ ਆਪਣੇ ਗਿਆਨ ਵਿੱਚ ਵਾਧਾ ਕਰਨ ਤੇ ਸਫ਼ਲਤਾ ਦੇ ਰਾਹ 'ਤੇ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਸਕੂਲ ਦੇ ਵਾਇਸ-ਚੇਅਰਮੈਨ ਅਮਿਤ ਸਰਾਫ ਨੇ ਪ੍ਰੋਗਰਾਮ ਵਿੱਚ ਮੌਜੂਦ ਮਾਪਿਆਂ ਨੂੰ ਸਕੂਲ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਣੂ ਕਰਵਾਇਆ।ਸਕੂਲ ਪ੍ਰਿੰਸੀਪਲ ਅੰਜੂ ਨਾਗਪਾਲ ਨੇ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਾਰੇ ਮਾਪਿਆਂ ਦਾ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਜਮਹੂਰੀ ਅਧਿਕਾਰ ਸਭਾ ਸੰਗਰੂਰ ਵੱਲੋਂ ਸੈਲਾਨੀਆਂ ਦੇ ਕਤਲੇਆਮ ਦੀ ਨਿੰਦਾ

ਸੰਗਰੂਰ (ਪ੍ਰਵੀਨ ਸਿੰਘ)-ਕਸ਼ਮੀਰ ਘਾਟੀ ਵਿੱਚ ਪਹਿਲਗਾਮ ਨੇੜੇ 28 ਸੈਲਾਨੀਆਂ ਦੇ ਅਣਮਨੁੱਖੀ ਕਤਲੇਆਮ ਤੇ ਕਈ ਹੋਰਨਾਂ ਨੂੰ ਜ਼ਖਮੀ ਕਰਨ ਦੀ ਅਣਮਨੁੱਖੀ ਵਾਰਦਾਤ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਵੱਲੋਂ ਸਖਤ ਨਿਖੇਧੀ ਕਰਦਿਆਂ ਸਾਰੇ ਮ੍ਰਿਤਕਾਂ ਪ੍ਰਤੀ ਸੰਵੇਦਨਾ ਤੇ ਉਨ੍ਹਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ ਹੈ।ਸਭਾ ਦੀ ਇਕਾਈ ਦੇ ਪ੍ਰਧਾਨ ਜਗਜੀਤ ਭੂਟਾਲ, ਸਕੱਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਬਸੇਸਰ ਰਾਮ, ਪ੍ਰੈੱਸ ਸਕੱਤਰ ਜੁਝਾਰ ਲੌਂਗੋਵਾਲ, ਵਿੱਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ, ਸੂਬਾ ਕਮੇਟੀ ਮੈਂਬਰ ਸਵਰਨਜੀਤ ਸਿੰਘ ਨੇ ਇਸ ਵਹਿਸ਼ੀ ਕਤਲੇਆਮ ਖ਼ਿਲਾਫ਼ ਜਾਰੀ ਬਿਆਨ ਵਿੱਚ ਕਿਹਾ ਕਿ ਇਸ ਘਟਨਾ ਨੇ ਜੰਮੂ-ਕਸ਼ਮੀਰ ਵਿੱਚ ਹਾਲਾਤ ਆਮ ਵਰਗੇ ਹੋਣ ਦੇ ਮੋਦੀ ਸਰਕਾਰ ਦੇ ਦਾਅਵਿਆਂ ਨੂੰ ਬੇਨਕਾਬ ਕਰ ਦਿੱਤਾ ਹੈ। ਜੰਮੂ ਤੇ ਕਸ਼ਮੀਰ ਨੂੰ ਹਿੱਸਿਆਂ ਵਿੱਚ ਵੰਡਣ, ਸੂਬੇ ਦੀ ਬਜਾਏ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦੇਣ, ਪੂਰੀਆਂ ਸ਼ਕਤੀਆਂ ਚੁਣੀ ਹੋਈ ਸਰਕਾਰ ਦੀ ਬਜਾਏ ਲੈਫਟੀਨੈਂਟ ਗਵਰਨਰ ਦੇ ਹੱਥ ਦੇਣ ਦੇ ਬਾਵਜੂਦ ਜੰਮੂ ਕਸ਼ਮੀਰ ਵਿੱਚ ਆਮ ਨਾਗਰਿਕਾਂ, ਪ੍ਰਵਾਸੀ ਮਜ਼ਦੂਰਾਂ ਤੇ ਸੈਲਾਨੀਆਂ ਉਤੇ ਦਹਿਸ਼ਤੀ ਹਮਲੇ ਜਿਉਂ ਦੀ ਤਿਉਂ ਜਾਰੀ ਹਨ।ਕੇਂਦਰੀ ਬਲਾਂ ਤੇ ਫ਼ੌਜ ਦੀ ਭਾਰੀ ਮੌਜੂਦਗੀ ਦੇ ਬਾਵਜੂਦ ਫਿਰਕੂ ਦਹਿਸ਼ਤਗਰਦੀ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਮੋਦੀ ਸਰਕਾਰ ਵੱਲੋਂ ਉੱਥੇ ਜਨਤਾ ਦੇ ਲੋਕਤੰਤਰੀ ਫਤਵੇ ਨੂੰ ਦਬਾਉਣ ਤੇ ਮਸਲੇ ਨੂੰ ਸਿਆਸੀ ਤੌਰ 'ਤੇ ਹੱਲ ਕਰਨ ਦੀ ਬਜਾਏ ਬੰਦੂਕ ਦੇ ਜ਼ੋਰ 'ਤੇ ਨਜਿੱਠਣ ਦੀ ਨੀਤੀ ਸੂਬੇ ਵਿੱਚ ਸ਼ਾਂਤੀ ਤੇ ਸੁਰੱਖਿਆ ਦੀ ਬਹਾਲੀ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਸਾਬਿਤ ਹੋਈ ਹੈ।ਇਥੋਂ ਤੱਕ ਕਿ ਦੇਸ਼ ਵਾਸੀਆਂ ਦੇ ਮਨਾਂ ਵਿੱਚ ਇਸ ਘਿਨਾਉਣੇ ਕਤਲੇਆਮ ਦੇ ਸਮੇਂ ਤੇ ਪ੍ਰਸੰਗ ਨੂੰ ਲੈ ਕੇ ਗੰਭੀਰ ਖਦਸ਼ੇ ਹਨ।

ਜਨਤਾ ਇਸ ਨੂੰ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੇ ਭਾਰਤ ਦੌਰੇ ਦੌਰਾਨ ਹੋਏ ਚਿੱਠੀ ਸਿੰਘਪੁਰਾ ਵਿੱਚ ਤਿੰਨ ਦਰਜਨ ਕਸ਼ਮੀਰੀ ਸਿੱਖਾਂ ਦੇ ਕਤਲੇਆਮ, ਲੋਕ ਸਭਾ ਚੋਣਾਂ ਤੋਂ ਪਹਿਲਾਂ ਪੁਲਵਾਮਾ ਵਿਖੇ ਹੋਏ ਭਾਰੀ ਵਿਸਫੋਟ, ਜਿਸ ਵਿੱਚ ਕੇਂਦਰੀ ਸੁਰੱਖਿਆ ਬਲਾਂ ਦੇ 40 ਜੁਆਨਾਂ ਦੀਆਂ ਜਾਨਾਂ ਜਾਣ ਤੇ ਹੁਣ ਅਮਰੀਕੀ ਉੱਪ ਰਾਸ਼ਟਰਪਤੀ ਵੈਂਸ ਦੇ ਭਾਰਤ ਦੌਰੇ ਦੌਰਾਨ ਸੈਲਾਨੀਆਂ ਦੇ ਇਸ ਕਤਲੇਆਮ ਵਰਗੀਆਂ ਵਾਰਦਾਤਾਂ ਨੂੰ ਸਵਾਲੀਆ ਨਿਸ਼ਾਨ ਲੱਗਿਆ ਵੇਖ ਰਹੀ ਹੈ।ਆਗੂਆਂ ਦਾ ਹੋਰ ਕਹਿਣਾ ਹੈ ਕਿ ਇਸ ਘਿਨਾਉਣੀ ਵਾਰਦਾਤ ਦੇ ਕਾਤਲਾਂ ਤੇ ਸਾਜ਼ਿਸ਼ਕਾਰਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕਰਦੇ ਹਾਂ।ਬਿਆਨ ਵਿੱਚ ਦੇਸ਼ ਦੀ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਦੁੱਖਦਾਈ ਵਾਰਦਾਤ ਦੀ ਆੜ ਵਿੱਚ ਫਿਰਕੂ ਭੜਕਾਹਟ ਫੈਲਾਉਣ ਵਾਲੇ ਫਾਸ਼ੀਵਾਦੀ ਤੱਤਾਂ ਤੋਂ ਸਾਵਧਾਨ ਰਹਿਣਾ ਚਾਹੀਦਾ।

# ਸਲਾਈਟ ਵਿਖੇ ਵਿਦਿਆਰਥੀਆਂ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਸਹੁੰ ਚੁੱਕੀ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਕੈਂਪਸ ਵਿਖੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਦੀ ਅਗਵਾਈ ਹੇਠ ਕੈਂਪਸ ਭਾਈਚਾਰੇ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਸ਼ਰਾਪ ਨੂੰ ਜੜ੍ਹੋਂ ਪੁੱਟਣ ਲਈ ਨਿਰੰਤਰ ਤੇ ਸਖ਼ਤ ਯਤਨ ਕਰ ਰਿਹਾ ਹੈ।ਸੰਸਥਾ ਹਰ ਸਾਲ ਸਾਰੇ ਵਿਦਿਆਰਥੀਆਂ ਵਿੱਚ ਖਾਸ ਕਰਕੇ ਨਵੇਂ ਆਉਣ ਵਾਲੇ ਵਿਦਿਆਰਥੀਆਂ ਵਿੱਚ ਛੋਟੇ ਸਮੂਹਾਂ ਵਿੱਚ ਨਿਯਮਤ ਸਮੂਹ ਸਲਾਹ ਸੈਸ਼ਨ ਤੇ ਵਰਕਸ਼ਾਪਾਂ ਦਾ ਆਯੋਜਨ ਕਰ ਰਹੀ ਹੈ ਤਾਂ ਜੋ ਗੁਣਵੱਤਾ ਭਰਪੂਰ ਗੱਲਬਾਤ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ।ਇਹ ਗਤੀਵਿਧੀਆਂ ਕੇਂਦਰ ਸਰਕਾਰ ਦੇ ਪ੍ਰੋਗਰਾਮ ਮਨੋਦਰਪਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਯੋਜਨਾਬੱਧ ਕੀਤੀਆਂ ਗਈਆਂ ਹਨ, ਜੋ ਸਾਰੇ ਵਿਦਿਆਰਥੀਆਂ ਦੀ ਖੁਦਕੁਸ਼ੀ ਤੇ ਪਦਾਰਥਾਂ ਦੀ ਵਰਤੋਂ ਅਤੇ ਹੋਰ ਭਾਵਨਾਤਮਕ ਚਿੰਤਾਵਾਂ ਲਈ ਜ਼ੀਰੋ ਸਹਿਣਸ਼ੀਲਤਾ ਲਈ ਹਨ।ਇਸ ਚੱਲ ਰਹੇ ਯਤਨਾਂ ਤੋਂ ਇਲਾਵਾ ਅਗਸਤ-2024 ਤੋਂ ਸੰਸਥਾ ਦੇ ਡਾ. ਸੁਸ਼ਮਾ ਗੁਪਤਾ ਚੇਅਰਮੈਨ, ਡਾ. ਰੁਪੇਸ਼ ਸਿੰਘ ਮੈਡੀਕਲ ਅਫਸਰ ਤੇ ਸ੍ਰੀਮਤੀ ਸ਼ੇਰੇਨ ਰਤਨ ਕੌਂਸਲਰ, ਸਿਹਤ ਕੇਂਦਰ ਸਲਾਈਟ ਦੀ ਨਿਗਰਾਨੀ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਨੂੰ ਵੀ ਲਾਗੂ ਕਰ ਰਹੀ ਹੈ, ਹਰ ਹੋਸਟਲ ਵਿੱਚ ਨਿਯਮਤ ਵਿਅਕਤੀਗਤ ਤੇ ਸਮੂਹ ਸਲਾਹ ਸੈਸ਼ਨ ਕੀਤੇ ਜਾ ਰਹੇ ਹਨ।ਸਲਾਈਟ ਦੇ ਸਿਹਤ ਕੇਂਦਰ ਦੇ ਮਾਨਸਿਕ ਸਿਹਤ ਸਲਾਹਕਾਰ ਸ੍ਰੀਮਤੀ ਸ਼ੇਰੇਨ ਰਤਨ ਨੇ ਹਾਲ ਹੀ ਵਿੱਚ ਕਾਲਜ ਵਿਦਿਆਰਥੀਆਂ ਵਿੱਚ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਮਹੱਤਵਪੂਰਨ ਸਮਾਗਮ ਕਰਵਾਏ ਹਨ।ਇਹ ਸੈਮੀਨਾਰ ਹਰ ਹੋਸਟਲ, ਵੱਖ-ਵੱਖ ਵਿਭਾਗਾਂ ਤੇ ਸਿਹਤ ਕੇਂਦਰ ਦੇ ਅਹਾਤੇ ਵਿੱਚ ਕੀਤੇ ਗਏ ਸਨ।ਇਸ ਨੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਤੇ ਖੇਤਰ ਦੇ ਮਾਹਰਾਂ ਨੂੰ ਕੈਂਪਸ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀ ਵਧ ਰਹੀ ਚਿੰਤਾ 'ਤੇ ਚਰਚਾ ਕਰਨ ਲਈ ਇਕੱਠਾ ਕੀਤਾ।ਇਹ ਸਮਾਗਮ ਇੱਕ ਵੱਡੀ ਸਫਲਤਾ ਸੀ, ਜਿਸ ਵਿੱਚ ਇੱਕ ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਸਹੁੰ ਚੁੱਕੀ ਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਲੜਾਈ ਪ੍ਰਤੀ ਆਪਣੀ ਵਚਨਬੱਧਤਾ ਦਿਖਾਈ ਤੇ ਆਪਣੇ ਸਾਥੀਆਂ ਅਤੇ ਭਾਈਚਾਰੇ ਦੇ ਕਿਸੇ ਵੀ ਵਿਅਕਤੀ ਵਿੱਚ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਨੂੰ ਉਤਸ਼ਾਹਤ ਕਰਨ ਲਈ ਸਵੈ-ਇੱਛਾ ਨਾਲ ਯੋਗਦਾਨ ਪਾਇਆ।ਮਾਨਸਿਕ ਸਿਹਤ ਸਲਾਹਕਾਰ ਨੇ ਗਤੀਵਿਧੀਆਂ ਦੇ ਮੁੱਖ ਨੁਕਤਿਆਂ ਬਾਰੇ ਦੱਸਦਿਆਂ ਕਿਹਾ ਕਿ ਰਾਜ ਸਰਕਾਰ ਵੱਲੋਂ ਨਸ਼ਿਆਂ ਦੀ ਦੁਰਵਰਤੋਂ ਦੇ ਸਰੀਰਕ ਤੇ ਮਾਨਸਿਕ ਸਿਹਤ 'ਤੇ ਪ੍ਰਭਾਵਾਂ ਬਾਰੇ ਮਾਹਰਾਂ ਨਾਲ ਗੱਲਬਾਤ ਕੀਤੀ ਗਈ, ਜਿਸ ਵਿੱਚ ਫੈਕਲਟੀ ਨੇ ਹਿੱਸਾ ਲਿਆ ਅਤੇ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਇਸ ਲੜਾਈ ਦੀ ਗੁਣਵੱਤਾ ਤੇ ਮਾਤਰਾ ਨੂੰ ਬਿਹਤਰ ਬਣਾਉਣ ਲਈ ਹੁਣ ਵਿਚਾਰੇ ਗਏ ਨੁਕਤੇ ਸ਼ਾਮਲ ਕੀਤੇ ਜਾ ਰਹੇ ਹਨ।

# ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਵੱਲੋਂ ਅੱਖਾਂ ਦਾ ਚੈੱਕਅੱਪ ਕੈਂਪ ਅੱਜ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਵਾਲੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾ ਫੂਲ ਵੱਲੋਂ ਸ੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ ਨੇਤਰਦਾਨੀ ਸਵ: ਸੁਦੇਸ਼ ਕਾਂਸਲ ਪਤਨੀ ਕੇਵਲ ਕਾਂਸਲ ਦੀ ਯਾਦ 'ਚ ਕਾਂਸਲ ਪਰਵਾਰ ਵੱਲੋਂ 127ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ (ਲੈਂਜ) ਕੈਂਪ 27 ਅਪ੍ਰੈਲ ਐਤਵਾਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ ਰਾਮਪੁਰਾ ਫੂਲ ਵਿਖੇ ਲਗਾਇਆ ਜਾ ਰਿਹਾ ਹੈ।ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।ਜੋ ਮਰੀਜ਼ ਆਪ੍ਰੇਸ਼ਨ ਲਈ ਚੁਣੇ ਜਾਣਗੇ, ਉਨ੍ਹਾਂ ਦਾ ਸਾਰਾ ਇਲਾਜ ਰਾਇਲ ਇਸਟੇਟ ਚੰਡੀਗੜ੍ਹ ਵੱਲੋਂ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਮਰੀਜ਼ ਅਪਣਾ ਪਹਿਚਾਣ ਪੱਤਰ ਵੋਟਰ ਕਾਰਡ, ਡਰਾਈਵਿੰਗ ਲਾਇਸੈਂਸ ਜ਼ਰੂਰ ਲੈ ਕੇ ਆਉਣ।ਇਸ ਮੌਕੇ ਸੋਸਾਇਟੀ ਮੈਂਬਰ ਸ਼ੇਰ ਜੰਗ ਬੌਬੀ, ਵਿਜੇ ਕੁਮਾਰ, ਅਸ਼ਵਨੀ ਕੁਮਾਰ, ਫਕੀਰ ਚੰਦ, ਅਸ਼ੋਕ ਕੁਮਾਰ, ਸੰਜੀਵ ਕੁਮਾਰ, ਅਵਿਨਾਸ਼ ਕੁਮਾਰ, ਮਿਲਵਰਤਣ ਭੰਡਾਰੀ, ਗੁਲਸ਼ਨ ਕੁਮਾਰ, ਵਿਨੋਦ ਕੁਮਾਰ, ਪ੍ਰਸ਼ੋਤਮ ਕੁਮਾਰ ਬੌਬੀ, ਜਤਿੰਦਰ ਕੁਮਾਰ ਤੇ ਤਰਸੇਮ ਕੁਮਾਰ ਆਦਿ ਹਾਜ਼ਰ ਸਨ।

# ਬੱਧਨੀ ਕਲਾਂ 'ਚ ਕਾਂਗਰਸ ਵੱਲੋਂ ਕੈਂਡਲ ਮਾਰਚ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਬੱਧਨੀ ਕਲਾਂ ਵਿਖੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ ਦੀ ਅਗਵਾਈ ਵਿੱਚ ਬੱਧਨੀ ਕਲਾਂ ਤੋਂ ਸ਼ਹਿਰੀ ਪ੍ਰਧਾਨ ਗੁਰਪ੍ਰੀਤ ਸਿੰਘ ਧਾਲੀਵਾਲ, ਵਾਈਸ ਪ੍ਰਧਾਨ ਅਮਨਦੀਪ ਸਿੰਘ ਬੰਟੀ ਤੇ ਕਾਂਗਰਸ ਪਾਰਟੀ ਦੇ ਸਮੂਹ ਆਗੂਆਂ ਦੇ ਯਤਨਾਂ ਸਦਕਾ ਪਹਿਲਗਾਮ ਵਿਖੇ ਮਾਰੇ ਗਏ ਬੇਦੋਸ਼ੇ ਸੈਲਾਨੀਆਂ ਦੀ ਯਾਦ ਵਿੱਚ ਕੈਂਡਲ ਮਾਰਚ ਕੱਢਿਆ ਗਿਆ ਤੇ ਜਾਨ ਗੁਆਉਣ ਵਾਲੇ ਉਨ੍ਹਾਂ ਸੈਲਾਨੀਆਂ ਨੂੰ ਸ਼ਰਧਾਂਜਲੀ ਦਿੱਤੀ।ਇਸ ਮੌਕੇ ਹਲਕਾ ਇੰਚਾਰਜ ਭੁਪਿੰਦਰ ਸਿੰਘ ਸਾਹੋਕੇ, ਸਾਬਕਾ ਪ੍ਰਧਾਨ ਇੰਦਰਜੀਤ ਗਰਗ ਜੌਲੀ, ਸ਼ਹਿਰੀ ਪ੍ਰਧਾਨ ਗੁਰਪ੍ਰੀਤ ਧਾਲੀਵਾਲ, ਵਾਈਸ ਪ੍ਰਧਾਨ ਅਮਨਦੀਪ ਸਿੰਘ ਬੰਟੀ, ਬਲਾਕ ਪ੍ਰਧਾਨ, ਜਗਦੀਪ ਸਿੰਘ ਮੱਦੋਕੇ, ਬਲਾਕ ਪ੍ਰਧਾਨ ਰੁਪਿੰਦਰ ਸਿੰਘ ਦੀਨਾ, ਪ੍ਰਧਾਨ ਮਨੋਜ ਭੱਲਾ, ਐੱਮ ਸੀ ਗੁਰਨਾਮ ਸਿੰਘ ਗਾਮਾ, ਸੀਨੀਅਰ ਆਗੂ ਜਸਵੰਤ ਪੱਪੀ ਰਾਉਕੇ, ਐੱਮ ਸੀ ਵਿਸ਼ਾਲ ਮਿੱਤਲ, ਸੁਰਜੀਤ ਸਿੰਘ ਦੁੱਨੇਕੇ, ਸਰਪੰਚ ਸੇਵਕ ਸਿੰਘ ਮੀਨੀਆਂ, ਯੂਥ ਆਗੂ ਜਸਵੀਰ ਬਰਾੜ ਖੋਟੇ, ਕੁਲਦੀਪ ਸਿੰਘ ਕੋਕਰੀ, ਪਰਮਵੀਰ ਸਿੰਘ ਮਾਣੂੰਕੇ, ਰਵਿੰਦਰ ਸਿੰਘ ਝੰਡੇਆਣਾ, ਸ਼੍ਰੀ ਰਾਮ ਨਿਵਾਸ, ਐੱਮ ਸੀ ਗੋਰੀ ਮਾਨ, ਕੁਲਦੀਪ ਸਿੰਘ ਰਣੀਆਂ ਮੈਂਬਰ ਬਲਾਕ ਸੰਮਤੀ, ਚੌਧਰੀ ਬੂਟਾ ਸਿੰਘ, ਕੁਲਵੰਤ ਸਿੰਘ ਰਣੀਆਂ, ਸਰਪੰਚ ਚਮਕੌਰ ਸਿੰਘ ਰਾਮੂੰਵਾਲਾ ਨਵਾਂ, ਸਰਪੰਚ ਹਰਜਿੰਦਰ ਸਿੰਘ ਰਾਮੂੰਵਾਲਾ ਨਵਾਂ, ਗੁਰਮੀਤ ਸਿੰਘ ਰਾਮੂੰਵਾਲਾ ਹਰਚੋਕਾ, ਰਾਜਾ ਰਾਮੂੰਵਾਲਾ ਹਰਚੋਕਾ, ਜਿੰਦਰ ਆੜ੍ਹਤੀਆ ਬੁੱਟਰ ਕਲਾਂ, ਪ੍ਰਧਾਨ ਹਰਫੂਲ ਸਿੰਘ ਮਾਣੂੰਕੇ, ਗੁਰਦੀਪ ਸਿੰਘ ਮਾਣੂੰਕੇ, ਰਾਜਾ ਸਿੰਘ ਡਾਲਾ, ਸੁਖਜਿੰਦਰ ਸਿੰਘ ਸੁੱਖੀ, ਗੁਰਪ੍ਰੀਤ ਸੇਖੋ ਰਣਸ਼ੀਹ, ਕਰਮਜੀਤ ਕੰਮਾ ਰਣਸ਼ੀਹ, ਬੂਟਾ ਸਿੰਘ ਰਣੀਆਂ, ਅਮਰ ਸਿੰਘ ਧਾਲੀਵਾਲ, ਕੁਲਵੰਤ ਰਣੀਆਂ, ਬਿੱਟੂ ਨੰਬਰਦਾਰ ਬੱਧਨੀ, ਗਿਆਨ ਸਿੰਘ ਬੁੱਟਰ, ਸਰਪੰਚ ਬਲਜੀਤ ਸਿੰਘ ਬੁਰਜ ਦੁੱਨੇਕੇ, ਮਾਸਟਰ ਗੁਰਲਾਭ ਸਿੰਘ ਬੁਰਜ ਦੁੱਨੇਕੇ, ਸ਼ੋਸ਼ਲ ਮੀਡੀਆ ਇੰਚਾਰਜ ਹਰਦੀਪ ਰਾਮਾ, ਯੂਥ ਆਗੂ ਬਲਰਾਜ ਖਾਨ ਰਾਮਾਂ, ਸਿੰਦਰ ਸਿੰਘ ਪੰਚ ਬੀੜ ਬੱਧਨੀ ਤੇ ਵੱਡੀ ਗਿਣਤੀ ਵਿੱਚ ਨੌਜਵਾਨ ਵੀਰ ਹਾਜ਼ਰ ਸਨ।

27- April - Page - 6-Advt-25.qxd 4/26/2025 10:48 PM Page 1



# ਭਿੱਖੀਵਿੰਡ ਪੁਲਸ ਵੱਲੋਂ ਕੱਟੇ ਜਾ ਰਹੇ ਨਾਜਾਇਜ਼ ਈ-ਚਲਾਨਾਂ ਕਾਰਨ ਸ਼ਹਿਰ ਵਾਸੀ ਡਾਢੇ ਪ੍ਰੇਸ਼ਾਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਭਿੱਖੀਵਿੰਡ ਪੁਲਸ ਵੱਲੋਂ ਟ੍ਰੈਫਿਕ ਨਿਯਮਾਂ ਦੇ ਨਾਮ ਹੇਠ ਕੱਟੇ ਜਾ ਰਹੇ ਈ-ਚਲਾਨਾਂ ਕਾਰਨ ਸ਼ਹਿਰ ਤੇ ਆਸ-ਪਾਸ ਦੇ ਇਲਾਕੇ ਦੇ ਲੋਕ ਡਾਢੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ।ਕਥਿਤ ਤੌਰ ਤੇ ਭਿੱਖੀਵਿੰਡ ਥਾਣੇ ਵਿੱਚ ਬਤੌਰ ਹਵਾਲਦਾਰ ਡਿਊਟੀ ਨਿਭਾ ਰਿਹਾ ਕਰਮਚਾਰੀ ਸ਼ਹਿਰ ਦੀਆਂ ਚੌਹਾਂ ਸੜਕਾਂ 'ਤੇ ਘੁੰਮਦਾ ਹੋਇਆ ਆਪਣੇ ਨਿੱਜੀ ਫੋਨ ਵਿੱਚ ਵਾਹਨਾਂ ਦੀਆਂ ਫੋਟੋਆਂ ਖਿੱਚ ਕੇ ਲੋਕਾਂ ਨੂੰ ਨੋ-ਪਾਰਕਿੰਗ ਦੇ ਈ-ਚਲਾਨ ਜਾਰੀ ਕਰ ਰਿਹਾ ਹੈ।ਜੇਕਰ ਸ਼ਹਿਰ 'ਚ ਟ੍ਰੈਫਿਕ ਵਿਵਸਥਾ ਦੀ ਗੱਲ ਕਰੀਏ ਤਾਂ ਪੁਲਸ ਵੱਲੋਂ ਚੌਂਕ ਵਿੱਚ ਬੈਰੀਕੇਡ ਲਗਾ ਕੇ ਆਪਣੀ ਸਿਰਦਰਦੀ ਘਟਾ ਕੇ ਲੋਕਾਂ ਨੂੰ ਖੱਜਲ-ਖੁਆਰ ਕੀਤਾ ਜਾ ਰਿਹਾ ਹੈ।ਕਿਓਂਕਿ ਮੁਕੰਮਲ ਬਾਈ ਪਾਸ ਨਸੀਬ ਨਾ ਹੋਣ ਕਾਰਨ ਖੇਮਕਰਨ, ਪੱਟੀ, ਅੰਮ੍ਰਿਤਸਰ ਅਤੇ ਖਾਲੜਾ ਆਦਿ ਨੂੰ ਜਾਂਦੇ ਵਾਹਨ ਸ਼ਹਿਰ ਵਿੱਚ ਦਾਖਲ ਹੋ ਕੇ ਟ੍ਰੈਫਿਕ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾ ਰਹੇ ਹਨ।ਸ਼ਹਿਰ ਦੀਆਂ ਚੌਹਾਂ ਸੜਕਾਂ ਤੇ ਪਾਰਕਿੰਗ ਦੀ ਸੁਵਿਧਾ ਨਾ ਹੋਣ ਕਾਰਨ ਖਰੀਦੋ-ਫਰੋਖਤ ਲਈ ਸ਼ਹਿਰ ਆਉਂਦੇ ਲੋਕਾਂ ਨੂੰ ਆਪਣੇ ਵਾਹਨ ਮਜਬੂਰਨ ਦੁਕਾਨਾਂ ਅੱਗੇ ਖੜ੍ਹੇ ਕਰਨੇ ਪੈਂਦੇ ਹਨ ਤੇ ਅਜਿਹਾ ਕਰਨ ਨਾਲ ਸੜਕਾਂ 'ਤੇ ਜਾਮ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਨ ਸ਼ਰਮਾ, ਸੁਰਿੰਦਰ ਚੱਢਾ, ਸ਼ਹਿਰੀ ਪ੍ਰਧਾਨ ਰਜਿੰਦਰ ਸ਼ਰਮਾ, ਕੇਵਲ ਬੇਦੀ, ਸ਼ਾਂਤੀ ਪ੍ਰਸਾਦ, ਲਵ ਧਵਨ, ਪ੍ਰਦੀਪ ਖਾਲੜਾ, ਰਿਤਿਕ ਚੋਪੜਾ, ਰਾਜ ਕੁਮਾਰ ਚੋਪੜਾ, ਪੰਡਿਤ ਸੰਤੋਸ਼, ਜਤਿੰਦਰ ਸ਼ਰਮਾ, ਕਾਰਜ ਮਾੜੀ ਮੇਘਾ, ਗੁਰਜੰਟ ਸਿੰਘ, ਬਖਸ਼ੀਸ਼ ਸਿੰਘ ਮਾੜੀ ਮੇਘਾ, ਸਦਾਨੰਦ ਚੋਪੜਾ, ਸੰਦੀਪ ਚੋਪੜਾ ਅਤੇ ਮੰਦਰ ਕਮੇਟੀ ਪ੍ਰਧਾਨ ਭਿੱਖੀਵਿੰਡ ਧਰਮਵੀਰ ਅੱਤਰੀ ਨੇ ਕਿਹਾ ਕਿ ਈ-ਚਲਾਨਾਂ ਜ਼ਰੀਏ ਸਰਕਾਰੀ ਖ਼ਜ਼ਾਨਾ ਭਰਨ ਖ਼ਾਤਰ ਭਿੱਖੀਵਿੰਡ ਪੁਲਸ ਵੱਲੋਂ ਸ਼ਹਿਰ ਵਾਸੀਆਂ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ।ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ



ਡੀਜੀਪੀ ਪੰਜਾਬ ਗੌਰਵ ਯਾਦਵ ਨੂੰ ਅਪੀਲ ਕੀਤੀ ਕਿ ਪਹਿਲਾਂ ਤੋਂ ਪੱਛੜੇ ਹੋਏ ਸਰਹੱਦੀ ਖੇਤਰ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਦੀ ਬਜਾਏ ਟ੍ਰੈਫਿਕ ਵਿਵਸਥਾ 'ਚ ਸੁਧਾਰ ਕੀਤਾ ਜਾਵੇ ਤੇ ਸ਼ਹਿਰ ਵਿੱਚ ਟ੍ਰੈਫਿਕ ਮੁਲਾਜ਼ਮਾਂ ਦੀ ਗਿਣਤੀ ਵਿੱਚ ਵਾਧਾ ਕਰਨ ਤੋਂ ਇਲਾਵਾ ਚੌਂਕ ਵਿੱਚ ਲਗਾਏ ਬੈਰੀਕੇਡ ਹਟਾਏ ਜਾਣ।ਇਸ ਤੋਂ ਇਲਾਵਾ ਸ਼ਹਿਰ ਦੀਆਂ ਚੌਹਾਂ ਸੜਕਾਂ 'ਤੇ ਪਾਰਕਿੰਗ ਬਣਾਈ ਜਾਵੇ ਤਾਂ ਜੋ ਲੋਕ ਆਪਣੇ ਵਾਹਨ ਪਾਰਕਿੰਗ ਵਿੱਚ ਖੜ੍ਹੇ ਕਰ ਸਕਣ।

# ਸਕੂਲੀ ਵੈਨ ਨੂੰ ਅੱਗ ਲੱਗਣ ਦੀ ਖ਼ਬਰ ਦਾ ਡੀ. ਡੀ. ਆਈ ਸਕੂਲ ਨਾਲ ਕੋਈ ਸਬੰਧ ਨਹੀਂ: ਐੱਮ ਡੀ ਭਾਟੀਆ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਬੀਤੇ ਦਿਨੀਂ ਡੇਰਾ ਬਾਬਾ ਨਾਨਕ ਰੋਡ ਗੁਰਦੁਆਰਾ ਟਾਹਲੀ ਸਾਹਿਬ ਦੇ ਨਜ਼ਦੀਕ ਇੱਕ ਸਕੂਲੀ ਵੈਨ ਬੱਚਿਆਂ ਨੂੰ ਲੈ ਕੇ ਜਾ ਰਹੀ ਸੀ ਜਿਸ ਨੂੰ ਚੱਲਦੇ ਚੱਲਦੇ ਅਚਾਨਕ ਅੱਗ ਲੱਗ ਗਈ।ਇਸ ਸਬੰਧੀ ਸੋਸ਼ਲ ਮੀਡੀਆ ਤੇ ਕੁਝ ਯੂਟਿਊਬ ਚੈਨਲਾਂ ਤੇ ਖ਼ਬਰ ਵੀ ਪ੍ਰਕਾਸ਼ਿਤ ਹੋ ਰਹੀ ਹੈ।



ਇਸ ਸਬੰਧੀ ਡੀਡੀਆਈ ਸਕੂਲ ਮਜੀਠਾ ਰੋਡ ਪਿੰਡ ਪਿੰਡੀ ਦੇ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਵੱਲੋਂ ਇੱਕ ਭਰਵੀਂ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐੱਮ. ਡੀ. ਇੰਦਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਉਪਰੋਕਤ ਖਬਰ ਨਾਲ ਡੀ. ਡੀ. ਆਈ. ਸਕੂਲ ਪਿੰਡੀ, ਨੇੜੇ ਫਤਿਹਗੜ੍ਹ ਚੂੜੀਆਂ ਨਾਲ ਕੋਈ ਸਬੰਧ ਨਹੀਂ ਹੈ ਕਿਉਂਕਿ ਜਿਸ ਸਕੂਲੀ ਵੈਨ ਨੂੰ ਅੱਗ ਲੱਗੀ ਹੈ, ਉਹ ਡੀ. ਡੀ. ਆਈ. ਸਕੂਲ ਆਫ ਐਕਸੀਲੈਂਸ, ਡੇਰਾ ਬਾਬਾ ਨਾਨਕ ਰੋਡ ਪਿੰਡ ਢਾਂਡੇ ਦੀ ਹੈ।ਸ. ਭਾਟੀਆ ਨੇ ਮੀਡੀਆ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਕੁਝ ਲੋਕ ਉਕਤ ਸਕੂਲ ਨੂੰ ਸਾਡੇ ਡੀ. ਡੀ. ਆਈ. ਸਕੂਲ ਪਿੰਡ ਪਿੰਡੀ ਦੀ ਬ੍ਰਾਂਚ ਦੱਸ ਰਹੇ ਹਨ, ਜਦਕਿ ਇਸ ਸਕੂਲ ਦਾ ਉਨ੍ਹਾਂ ਨਾਲ ਦੂਰ-ਦੂਰ ਤੱਕ ਕੋਈ ਵਾਸਤਾ ਨਹੀਂ ਹੈ ਅਤੇ ਕੁਝ ਲੋਕ ਜਾਣਬੁਝ ਕੇ ਸਾਡੇ ਸਕੂਲ ਦੇ ਅਕਸ ਨੂੰ ਖਰਾਬ ਕਰਨ ਦੇ ਉਦੇਸ਼ ਨਾਲ ਉਕਤ ਸਕੂਲੀ ਵੈਨ ਨੂੰ ਡੀ. ਡੀ. ਆਈ. ਸਕੂਲ ਦੀ ਵੈਨ ਕਹਿ ਕੇ ਅਫਵਾਹ ਉਡਾ ਰਹੇ ਹਨ ਕਿਉਂਕਿ ਉਕਤ ਸਕੂਲ ਦਾ ਨਾਮ ਸਾਡੇ ਸਕੂਲ ਦੇ ਨਾਮ ਨਾਲ ਮਿਲਦਾ-ਜੁਲਦਾ ਹੈ।ਇਸ ਮੌਕੇ ਸਕੂਲ ਦੇ ਐੱਮ. ਡੀ. ਭਾਟੀਆ, ਉਨ੍ਹਾਂ ਦੀ ਧਰਮ ਪਤਨੀ ਡਾਇਰੈਕਟਰ ਮੈਡਮ ਭਾਟੀਆ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਤੋਂ ਬਚਣ।

# ਪਹਿਲਗਾਮ 'ਚ ਅੱਤਵਾਦੀ ਹਮਲੇ ਦੇ ਮ੍ਰਿਤਕਾਂ ਨੂੰ ਬ੍ਰਾਹਮਣ ਸਭਾ ਵੱਲੋਂ ਸ਼ਰਧਾਂਜਲੀ

ਲੋਹੀਆਂ ਖਾਸ (ਗੀਨਾ ਸ਼ਰਮਾ) : ਬੀਤੇ ਦਿਨੀਂ ਸ੍ਰੀਨਗਰ ਦੇ ਅਨੰਤਨਾਗ ਜ਼ਿਲੇ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਦਹਿਸ਼ਤਗਰਦਾਂ ਵੱਲੋਂ 26 ਲੋਕਾਂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ 20 ਦੇ ਕਰੀਬ ਸੈਲਾਨੀਆਂ ਨੂੰ ਜ਼ਖਮੀ ਕਰ ਕੇ ਇੱਕ ਘਨਾਉਣੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਸੀ।



ਇਸ ਮੌਕੇ ਬ੍ਰਾਹਮਣ ਸਭਾ ਲੋਹੀਆਂ ਵੱਲੋਂ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਚ ਘੁੰਮਣ ਗਏ ਬੇਕਸੂਰ ਲੋਕਾਂ 'ਤੇ ਧਰਮ ਪੁੱਛ ਕੇ ਹਮਲਾ ਕਰਨਾ ਬੜੀ ਹੀ ਮੰਦੀ ਭਾਗੀ ਘਟਨਾ ਹੈ।

ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਵਿੱਚ ਸਾਰੇ ਧਰਮਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਪਰ ਇਸ ਘਟਨਾ ਨੇ ਪੂਰੀ ਦੁਨੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸ਼ਰਧਾਂਜਲੀ ਮੌਕੇ ਸਰਪ੍ਰਸਤ ਵਿਸ਼ਵਾ ਮਿੱਤਰ ਤੇ ਪ੍ਰਧਾਨ ਦਰਸ਼ਨ ਕੁਮਾਰ ਸੱਦੀ, ਵਾਈਸ ਪ੍ਰਧਾਨ ਸੁਰਿੰਦਰ ਕੁਮਾਰ ਸ਼ਰਮਾ, ਸੈਕਟਰੀ ਗੌਰਵ ਸੱਦੀ, ਕੈਸ਼ੀਅਰ ਖਜ਼ਾਨਚੀ ਦਾਸ, ਪ੍ਰੈਸ ਸਕੱਤਰ ਸੁਭਾਸ਼ ਸੱਦੀ ਤੇ ਜੋਗੇਸ਼ਵਰ ਸ਼ਰਮਾ ਤੇ ਮੈਂਬਰਾਂ ਵਿੱਚ ਰੁਪੇਸ਼ ਕੁਮਾਰ ਸੱਦੀ, ਰਵੀ ਸ਼ੰਕਰ ਸ਼ਰਮਾ, ਡਾ. ਨਿਰਮਲ ਸ਼ਰਮਾ ਨੋਧੀ, ਡਾ. ਵੀ.ਕੇ ਸ਼ਰਮਾ, ਡਾ. ਅਨਿਲ ਕੁਮਾਰ ਕੌਸ਼ਲ, ਵਿਵੇਕ ਸ਼ਰਮਾ, ਰਕੇਸ਼ ਸ਼ਰਮਾ, ਪ੍ਰਦੀਪ ਕੁਮਾਰ ਮਹਿਤਾ, ਸ਼ੁਭਮ ਸ਼ਰਮਾ, ਮਨੀਸ਼ ਕੁਮਾਰ ਮੰਗਾ, ਸ਼ਿਵ ਕੁਮਾਰ ਸੱਦੀ, ਅਸ਼ੋਕ ਕਾਲੀਆ, ਸੁਨੀਲ ਕੁਮਾਰ, ਸੰਦੀਪ ਸ਼ਰਮਾ ਹਾਜ਼ਰ ਸਨ।

# ਪ੍ਰਾਈਮੋ ਕੰਪਨੀ 'ਚ ਵੱਡਾ ਹਾਦਸਾ, 2 ਨੌਜਵਾਨਾਂ ਦੀ ਦਰਦਨਾਕ ਮੌਤ, ਇੱਕ ਨੂੰ ਪਿਆ ਦਿਲ ਦਾ ਦੌਰਾ

ਨੰਗਲ (ਸੁਰਜੀਤ ਸਿੰਘ)-ਪੰਜਾਬ ਦੀ ਪ੍ਰਮੁੱਖ ਉਦਯੋਗਿਕ ਇਕਾਈ ਪੰਜਾਬ ਐਲਕੀਜ ਕੈਮੀਕਲ ਲਿਮਟਡ (ਪੀ ਏ ਸੀ ਐੱਲ), ਜਿਸ ਨੂੰ ਬੀਤੀ ਕਾਂਗਰਸ ਸਮੇਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ ਸੀ, ਤੇ ਇਸ ਦਾ ਨਾਮ ਬਦਲ ਕੇ ਪ੍ਰਾਈਮੋ ਰੱਖ ਦਿੱਤਾ ਗਿਆ ਦੇ ਵਿੱਚ ਹਾਦਸਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਦੱਸਿਆ ਜਾ ਰਿਹਾ ਹੈ ਕਿ ਪੀ ਸੀ ਐੱਲ ਵਿੱਚ ਕੰਮ ਕਰਦੇ 2 ਨੌਜਵਾਨਾਂ ਦੀ ਅੱਜ ਤੜਕਸਾਰ ਦਰਦਨਾਕ ਮੌਤ ਹੋਈ ਹੈ, ਕਿਸੇ ਨੂੰ ਭਿਣਕ ਤੱਕ ਨਾ ਲੱਗੇ, ਹੱਥੋਂ ਹੱਥੀ ਮ੍ਰਿਤਕ ਦੇਹਾਂ ਨੂੰ ਸਿਵਲ ਹਸਪਤਾਲ ਵਿੱਚ ਲਿਆਉਣ ਤੋਂ ਬਾਅਦ ਨੰਗਲ ਡੈਮ ਸ਼ਮਸ਼ਾਨ ਘਾਟ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ ਹੈ ਤੇ ਬਾਹਰੋਂ ਜਿੰਦਰਾ ਲਗਵਾ ਦਿੱਤਾ ਗਿਆ। ਮ੍ਰਿਤਕਾਂ ਦੀ ਪਹਿਚਾਣ ਵਿੱਚ ਇੱਕ ਨੌਜਵਾਨ ਦਾ ਨਾਂ ਸੰਤੋਸ਼ ਤੇ ਦੂਜੇ ਦਾ ਨਾਂ ਪੰਡਰੇਵਾ ਦਾ ਹੈ। ਇੱਕ ਉਡੀਸਾ ਤੇ ਦੂਜਾ ਬਿਹਾਰ ਦਾ ਰਹਿਣ ਵਾਲਾ ਹੈ, ਜਿਨ੍ਹਾਂ ਦੀ ਉਮਰ ਕਰੀਬ 30 ਤੋਂ 35 ਸਾਲ ਵਿਚਕਾਰ ਦੱਸੀ ਜਾ ਰਹੀ ਹੈ। ਘਟਨਾ ਸਮੇਂ ਇਕ ਮਜ਼ਦੂਰ ਨੂੰ ਦਿਲ ਦਾ ਦੌਰਾ ਪੈ ਗਿਆ।ਹਾਦਸੇ ਦਾ ਜਿਵੇਂ ਹੀ ਪੱਤਰਕਾਰਾਂ ਨੂੰ ਪਤਾ ਲੱਗਿਆ ਉਹ ਪ੍ਰਾਈਮੋ ਕੰਪਨੀ ਵਿੱਚ ਗਏ, ਪੱਤਰਕਾਰਾਂ ਦੀ ਐਂਟਰੀ ਰਜਿਸਟਰ ਵਿੱਚ ਨੋਟ ਕੀਤੀ ਗਈ ਪਰ ਕਿਸੇ ਵੀ ਅਧਿਕਾਰੀ ਨੇ ਉਕਤ ਗੰਭੀਰ ਮਾਮਲੇ 'ਤੇ ਕੁਝ ਨਹੀਂ ਬੋਲਿਆ ਤੇ ਨਾ ਫੋਨ ਚੁੱਕਣਾ ਮੁਨਾਸਿਬ ਸਮਝਿਆ। ਹਾਂਲਾਕਿ ਡੀ ਐਸ ਪੀ ਕੁਲਵੀਰ ਸਿੰਘ ਠੱਕਰ ਸੰਧੂ ਨੇ ਮਾਮਲੇ ਦੀ ਪੁਸ਼ਟੀ ਕੀਤੀ



ਹੈ ਤੇ ਕਿਹਾ ਸਾਡੀ ਪੁਲਸ ਪਾਰਟੀ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਨ ਲਈ ਦੁਪਹਿਰ ਸਮੇਂ ਵੀ ਕੰਪਨੀ ਵਿੱਚ ਵੀ ਗਈ ਸੀ ਤੇ ਸ਼ਾਮ ਨੂੰ ਫਿਰ ਜਾਵੇਗੀ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਆਉਣ ਤੇ ਪੋਸਟਮਾਰਟਮ ਕਰਵਾ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਕੰਪਨੀ ਵਿੱਚ ਜਦੋਂ ਵੀ ਅਜਿਹੀ ਮੰਦਭਾਗੀ ਘਟਨਾ ਵਾਪਰਦੀ ਹੈ ਤਾਂ ਮੁਲਾਜ਼ਮਾਂ ਨੂੰ ਅਧਿਕਾਰੀਆਂ ਵੱਲੋਂ ਸਖ਼ਤ ਹਿਦਾਇਤਾਂ ਜਾਰੀ ਕਰ ਦਿੱਤੀਆਂ ਜਾਂਦੀਆਂ ਹਨ, ਕਿ ਅਜਿਹੀਆਂ ਘਟਨਾ ਮੀਡੀਆ ਤੱਕ ਨਾ ਪਹੁੰਚੇ। 4 ਅਪ੍ਰੈਲ ਨੂੰ ਵੀ ਇੱਕ ਪ੍ਰਵਾਸੀ ਵਰਕਰ ਦੀ ਮਸ਼ੀਨ ਦੇ ਪਟੇ ਵਿੱਚ ਆ ਕੇ ਦਰਦਨਾਕ ਮੌਤ ਹੋ ਗਈ ਸੀ। ਜਿਸ ਨੂੰ ਕੰਪਨੀ ਦੀ ਹੀ ਐਂਬੂਲੈਂਸ ਵਿੱਚ ਪਾ ਕੇ ਨੰਗਲ ਸਿਵਲ ਹਸਪਤਾਲ ਲਿਆਂਦਾ ਗਿਆ ਸੀ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਮੁਫਤ ਮੈਗਾ ਮੈਡੀਕਲ ਤੇ ਫਿਜ਼ਿਓਥਰੈਪੀ ਕੈਂਪ 4 ਨੂੰ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੱਤਰਕਾਰਾਂ ਦੀ ਪ੍ਰਮੁੱਖ ਜਥੇਬੰਦੀ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ, ਇੰਡੀਆ' ਵੱਲੋਂ ਪੱਤਰਕਾਰੀ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦੇਸ਼ ਦੀ ਪ੍ਰਮੁੱਖ ਮੈਡੀਕਲ ਚੇਨ 'ਫੋਰਟਿਸ ਹਸਪਤਾਲ ਮੋਹਾਲੀ' ਦੇ ਸਹਿਯੋਗ ਨਾਲ ਮੁਫਤ ਮੈਗਾ ਮੈਡੀਕਲ ਐਂਡ ਫਿਜ਼ੀਓਥੈਰਪਿਸਟ ਕੈਂਪ 4 ਮਈ ਨੂੰ ਲਗਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪ੍ਰੈਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਸੂਬਾ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ, ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਖਜ਼ਾਨਚੀ ਕਮ ਜਨਰਲ ਸਕੱਤਰ ਤਰਸੇਮ ਦੀਵਾਨਾ ਨੇ ਦੱਸਿਆ ਕਿ ਸ੍ਰੀ ਵੈਸ਼ਨੋ ਧਾਮ ਮੰਦਰ ਭਰਵਾਈਂ ਰੋਡ ਨਜ਼ਦੀਕ ਸ਼ਰਮਾ ਲੱਸੀ ਵਾਲਾ ਵਿਖੇ 4 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਏ ਜਾ ਰਹੇ ਇਸ ਮੈਗਾ ਮੁਫਤ ਮੈਡੀਕਲ ਅਤੇ ਫਿਜ਼ੀਓਥੈਰਪਿਸਟ ਕੈਂਪ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਦੇ ਦਿਲ ਦੇ ਰੋਗਾਂ ਮਾਹਰ ਡਾਕਟਰ ਸਿਧਾਂਸੂ ਬੁਧਾਕੋਟੀ, ਦਿਮਾਗ ਦੇ ਰੋਗਾਂ ਦੇ ਮਾਹਰ ਡਾਕਟਰ ਐਚ ਐਸ ਬਰਾੜ, ਪੈਰ ਅਤੇ ਗਿੱਟੇ ਦੇ ਰੋਗਾਂ ਦੇ ਮਾਹਰ ਡਾਕਟਰ ਚੰਦਨ ਨਾਰੰਗ, ਦੰਦਾਂ ਦੇ ਡਾਕਟਰ ਭੁਪੇਸ਼ ਮਨੋਚਾ ਵੱਲੋਂ ਦੰਦਾਂ, ਦਿਲ, ਦਿਮਾਗ ਹੱਡੀਆਂ, ਗੀੜ ਦੀ ਹੱਡੀ ਦੇ ਰੋਗਾਂ ਸਬੰਧੀ ਮੁਫਤ ਚੈੱਕਅਪ ਕੀਤਾ ਜਾਵੇਗਾ ਅਤੇ ਮੁਫਤ ਦਵਾਈ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕੈਂਸਰ ਸਕਰੀਨਿੰਗ, ਈ ਸੀ ਜੀ, ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਚੈਕਅਪ, ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਵਾਲਾ ਟੈਸਟ ਵੀ ਮੁਫਤ ਕੀਤਾ ਜਾਵੇਗਾ ਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਕੈਂਪ ਵਿੱਚ ਡਾ. ਦੀਕਸ਼ਾ ਸ਼ਰਮਾ ਅਤੇ ਡਾ. ਪ੍ਰੀਆ ਵੱਲੋਂ ਫਿਜ਼ੀਓਥੈਰਪਿਸਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦਾ ਜ਼ਿਲ੍ਹਾ ਡੈਲੀਗੇਟ ਅਜਲਾਸ ਸੰਪੰਨ

ਨੂਰਮਹਿਲ, ( ਬਾਲ ਕ੍ਰਿਸ਼ਨ ਬਾਲੀ )-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲਾ ਕਮੇਟੀ ਦਾ ਡੈਲੀਗੇਟ ਅਜਲਾਸ ਜ਼ਿਲ੍ਹਾ ਪ੍ਰਧਾਨ ਡਾ. ਦਲਵੀਰ ਸਿੰਘ ਧੰਜੂ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਕੀਤਾ ਗਿਆ। ਜਿਸ ਵਿੱਚ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਮਾਨਸਾ, ਸੂਬਾ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ, ਸੂਬਾ ਕਾਨੂੰਨੀ ਸਲਾਹਕਾਰ ਡਾ. ਜਸਵਿੰਦਰ ਸਿੰਘ ਭੋਗਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।ਡੈਲੀਗੇਟ ਇਜਲਾਸ ਦੀ ਸ਼ੁਰੂਆਤ ਸਮੇਂ ਝੰਡਾ ਲਹਿਰਾਉਣ ਦੀ ਰਸਮ ਸੂਬਾ ਆਗੂਆਂ ਅਤੇ ਜ਼ਿਲ੍ਹਾ ਕਮੇਟੀ ਤੇ ਡੈਲੀਗੇਟ ਸਾਥੀਆਂ ਦੀ ਹਾਜ਼ਰੀ ਵਿੱਚ ਅਕਾਸ਼ ਗੁੰਜਾਊ ਨਾਅਰਿਆਂ ਨਾਲ ਕੀਤੀ ਗਈ।

ਇਸ ਤੋਂ ਬਾਅਦ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਦਹਿਸ਼ਤਗਰਦਾਂ ਦੇ ਹਮਲੇ 'ਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਅਤੇ ਜਥੇਬੰਦੀ ਦੇ ਪਿਛਲੇ ਸਮੇਂ ਵਿੱਚ ਪਰਵਾਰਕ ਅਤੇ ਸਕੇ ਸਬੰਧੀਆਂ ਦੇ ਸਦੀਵੀ ਵਿਛੋੜਾ ਦੇ ਗਏ ਨੂੰ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਜ਼ਿਲ੍ਹਾ ਪ੍ਰਧਾਨ ਦਲਵੀਰ ਸਿੰਘ ਧੰਜੂ ਨੇ ਡੈਲੀਗੇਟ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਹਿਮ ਜ਼ਰੂਰਤ ਹੈ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਮਾਨਸਾ, ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ ਅਤੇ ਸੂਬਾ ਸਲਾਹਕਾਰ ਡਾ. ਜਸਵਿੰਦਰ ਸਿੰਘ ਭੋਗਲ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਆਪਣੇ ਕਿੱਤੇ ਨੂੰ ਬਹਾਲ ਰੱਖਣ ਲਈ ਬਹੁਤ ਚੁਣੌਤੀਆਂ ਹਨ। ਨੈਸ਼ਨਲ ਮੈਡੀਕਲ ਕਮਿਸ਼ਨ ਤੇ ਹੌਸਪਿਟਲ ਸਟੈਬਲਿਸ਼ਮੈਂਟ





ਵਰਗੇ ਐਕਟ ਸਾਡੇ ਕਿੱਤੇ ਨੂੰ ਨਿਗਲਣ ਲਈ ਮੂੰਹ ਅੱਡੀ ਖੜ੍ਹੇ ਹਨ।

ਇਸ ਲਈ ਜਥੇਬੰਦੀ ਨੂੰ ਮਜ਼ਬੂਤ ਕਰਨਾ ਅਹਿਮ ਜ਼ਰੂਰਤ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾ ਦੇ ਮਸਲੇ ਨੂੰ ਕਾਨੂੰਨੀ ਨੁਕਤੇ ਦੀ ਬਜਾਇ ਸਮਾਜਿਕ ਮਸਲੇ ਵਜੋਂ ਦੇਖਦੇ ਹੋਏ ਉਹਨਾਂ ਨੂੰ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਮੁਢਲੀਆਂ ਸਿਹਤ ਸੇਵਾਵਾਂ ਦੇਣ ਦਾ ਕਾਨੂੰਨੀ ਅਧਿਕਾਰ ਦਿੱਤਾ ਜਾਵੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਵੱਲੋਂ ਪਿਛਲੇ ਸਾਲਾਂ ਦੀ ਸਰਗਰਮੀ ਰਿਪੋਰਟ ਹਾਜ਼ਰ ਡੈਲੀਗੇਟ ਸਾਥੀਆਂ ਦੇ ਸਨਮੁਖ ਪੇਸ਼ ਕੀਤੀ ਗਈ। ਜਿਸ ਨੂੰ ਕੁਝ ਟੀਕਾ ਟਿੱਪਣੀਆਂ ਤੇ ਉਸਾਰੂ ਸੁਝਾਵਾਂ ਦੇ ਬਾਅਦ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ, ਜ਼ਿਲ੍ਹਾ ਵਿੱਚ ਸਕੱਤਰ ਵਲੋਂ ਵਿੱਤੀ ਰਿਪੋਰਟ ਪੇਸ਼ ਕੀਤੀ ਗਈ ਜਿਸ ਨੂੰ ਕੁਝ ਸਵਾਲਾਂ ਜਵਾਬਾਂ ਉਪਰੰਤ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ।

ਇਸ ਮੌਕੇ ਭਰਾਤਰੀ ਜਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਮੰਗਲਜੀਤ ਪੰਡੋਰੀ ਆਦਿ ਨੇ ਭਰਾਤਰੀ ਸੰਦੇਸ਼ ਦਿੰਦਿਆਂ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।ਅੰਤ 22 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਇਸ ਮੌਕੇ 22 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿਚ ਦਲਵੀਰ ਸਿੰਘ ਧੰਜੂ ਨੂੰ ਜ਼ਿਲ੍ਹਾ ਪ੍ਰਧਾਨ, ਸਕੱਤਰ ਜਗਜੀਤ ਸਿੰਘ ਬੇਦੀ, ਵਿੱਤ ਸਕੱਤਰ ਜਸਵਿੰਦਰ ਪਾਲ, ਪ੍ਰੈਸ ਸਕੱਤਰ ਸ਼ੀਤਲ ਕੁਮਾਰ ਔਂਜਲਾ, ਮੀਤ ਪ੍ਰਧਾਨ ਮੱਖਣ ਲਾਲ, ਮੀਤ ਪ੍ਰਧਾਨ ਡਾ. ਗੁਰਚਰਨਜੀਤ ਸਿੰਘ ਚੁਣੇ ਗਏ।

# ਜਸਵਿੰਦਰ ਸਿੰਘ ਨੂੰ ਮਨਿਸਟਰੀਅਲ ਯੂਨੀਅਨ ਹੈਲਥ ਵਿਭਾਗ ਪੰਜਾਬ ਦਾ ਜਨਰਲ ਸਕੱਤਰ ਚੁਣਿਆ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਸਿਹਤ ਵਿਭਾਗ ਮਨਿਸਟਰੀਅਲ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ 23 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਹੋਈ । ਇਸ ਮੀਟਿੰਗ ਵਿੱਚ ਜਸਵਿੰਦਰ ਸਿੰਘ ਸੀਨੀਅਰ ਸਹਾਇਕ ਈ.ਐਸ.ਆਈ.ਡਿਸਪੈਸਰੀ ਬਨਾਂ / ਨੂੰਹੋ ਜ਼ਿਲਾ ਰੂਪਨਗਰ ਨੂੰ ਮਨਿਸਟਰੀਅਲ ਯੂਨੀਅਨ ਪੰਜਾਬ ਦਾ ਜਨਰਲ ਸੱਕਤਰ ਚੁਣਿਆ ਗਿਆ ।

ਜਸਵਿੰਦਰ ਸਿੰਘ ਇਸ ਤੋਂ ਪਹਿਲਾ ਯੂਨੀਅਨ ਵਿੱਚ ਲੀਗਲ ਐਡਵਾਈਜ਼ਰ ਵੱਲੋਂ ਸੇਵਾਵਾਂ ਦੇ ਰਹੇ ਸਨ। ਇਸ ਨਿਯੁਕਤੀ ਲਈ ਜਸਵਿੰਦਰ ਸਿੰਘ ਵਲੋਂ ਮਨਿਸਟਰੀਅਲ ਯੂਨੀਅਨ ਸਿਹਤ ਵਿਭਾਗ ਪੰਜਾਬ ਦੇ ਸੂਬਾ ਸਰਪ੍ਰਸਤ ਸੰਜੀਵ ਭਾਰਗਵ ਸੁਪਰਡੈਂਟ ਦਫਤਰ ਸਿਵਲ ਸਰਜਨ ਲੁਧਿਆਨਾ ਅਤੇ ਸੂਬਾ ਪ੍ਰਧਾਨ ਨਰਿੰਦਰ ਸਿੰਘ ਸਿਵਲ ਹਸਪਤਾਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਅਤੇ ਮਨਿਸਟਰੀਅਲ ਯੂਨੀਅਨ ਸਿਹਤ ਵਿਭਾਗ ਪੰਜਾਬ ਦੇ ਸਮੂਹ ਜ਼ਿਲ੍ਹਾ ਪ੍ਰਧਾਨ , ਜਨਰਲ ਸਕੱਤਰ ਅਤੇ ਜ਼ਿਲ੍ਹਾ ਰੂਪਨਗਰ ਦੇ ਸਿਹਤ ਵਿਭਾਗ ਦੇ ਪ੍ਰਧਾਨ ਅਰਵਿੰਦਰ ਕੋਰ ਅਤੇ ਜ਼ਿਲ੍ਹੇ ਦੇ ਸਿਹਤ ਵਿਭਾਗ ਦੇ ਸਮੂਹ ਮਨਿਸਟਰੀਅਲ ਯੂਨੀਅਨ ਪੰਜਾਬ ਦੇ ਸਾਥੀਆਂ ਧੰਨਵਾਦ ਕੀਤਾ ।

## ਪਹਿਲਗਾਮ ਹਮਲੇ ਦੇ ਰੋਸ ਵਜੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਰੋਸ ਮਾਰਚ ਕੱਢ ਕੇ ਪੁਤਲਾ ਸਾੜਿਆ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ)- ਪਹਿਲਗਾਮ ਵਿਖੇ ਅੱਤਵਾਦੀਆਂ ਵਲੋਂ ਸੈਲਾਨੀਆਂ 'ਤੇ ਕੀਤੇ ਹਮਲੇ ਦੇ ਰੋਸ ਵਜੋਂ ਇੰਡੀਅਨ ਮੁਸਲਿਮ ਯੂਥ ਵੈਲਫੇਅਰ ਸੁਸਾਇਟੀ ਵਲੋਂ ਪਾਕਿਸਤਾਨ ਖਿਲਾਫ਼ ਰੋਸ ਮਾਰਚ ਜਾਮਾ ਮਸਜਿਦ ਤੋਂ ਪ੍ਰਧਾਨ ਕਾਸਿਫ਼ ਉਰ ਰਹਿਮਾਨ ਦੀ ਅਗਵਾਈ 'ਚ ਕੱਢਿਆ ਗਿਆ ਜੋ ਗਊਸ਼ਾਲਾ ਰੋਡ, ਬਾਂਸਾ ਬਾਜ਼ਾਰ, ਬੰਗਾ ਰੋਡ, ਰੇਲਵੇ ਰੋਡ ਹੁੰਦਾ ਹੋਇਆ ਗੋਲ ਚੌਂਕ ਪੁੱਜਾ ਜਿਥੇ ਵੱਡੀ ਗਿਣਤੀ 'ਚ ਮੁਸਲਮਾਨਾਂ ਨੇ ਪਾਕਿਸਤਾਨ ਦਾ ਪੁਤਲਾ ਸਾੜਿਆ ਤੇ 28 ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰਨ ਦੀ ਘਟਨਾ ਦੀ ਸਖ਼ਤ ਨਿੰਦਿਆ ਕੀਤੀ ਤੇ ਕਿਹਾ ਕਿ ਕਿਸੇ ਦੀ ਨਾਜਾਇਜ਼ ਮੌਤ ਨੂੰ ਇਸਲਾਮ 'ਚ ਵੀ ਵੱਡਾ ਗੁਨਾਹ ਮੰਨਿਆ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ ਅਸੀਂ ਪਹਿਲਗਾਮ ਹਮਲੇ ਦੀ ਸਖਤ ਨਿੰਦਿਆ ਕਰਦੇ ਹਾਂ ਤੇ ਪਾਕਿਸਤਾਨ ਨੂੰ ਅਜਿਹੇ ਕਾਇਰਤਾਪੂਰਨ ਕੰਮਾਂ ਨੂੰ ਬੰਦ ਕਰਨਾ ਚਾਹੀਦਾ ਹੈ। ਇਨ੍ਹਾਂ ਹਮਲਾਵਰਾਂ ਨੇ ਏਨਾ ਵੱਡਾ ਦੁਖਾਂਤ ਕਰਕੇ ਵੱਡੀ ਘਿਨਾਉਣੀ ਕਾਰਵਾਈ ਕੀਤੀ ਹੈ। ਉਨ੍ਹਾਂ ਹਿੰਦੂ ਭਰਾਵਾ ਨੂੰ ਭਰੋਸਾ ਦਿੱਤਾ ਕਿ ਅਸੀਂ ਇਸ ਦੁੱਖ ਦੀ ਘੜੀ 'ਚ ਉਨ੍ਹਾਂ ਦੇ ਨਾਲ ਖੜ੍ਹੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਮਾਨ ਖਾਨ, ਫ਼ਿਰੋਜ ਖਾਨ, ਅਲਾਉ ਦੀਨ, ਬਾਬਾ ਅਲੀ, ਮੁਹੰਮਦ ਸੋਨੂੰ ਖਾਨ ਸਮੇਤ ਕਈ ਮੁਸਲਿਮ ਆਗੂ ਸ਼ਾਮਿਲ ਸਨ।

## ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰਨ ਕਾਰਨ ਚਾਲਕ ਦੀ ਮੌਤ

ਫਗਵਾੜਾ (ਇੰਦਰਜੀਤ ਸਿੰਘ ਮਠਾੜੂ )-ਬੀਤੀ ਰਾਤ ਇਥੇ ਜਲੰਧਰ-ਫਗਵਾੜਾ ਰੋਡ 'ਤੇ ਚਾਹਲ ਨਗਰ ਪੁਲ 'ਤੇ ਇੱਕ ਮੋਟਰਸਾਈਕਲ 'ਚ ਟੱਕਰ ਵੱਜਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਥਾਣਾ ਸਿਟੀ ਦੇ ਜਾਂਚ ਅਧਿਕਾਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਬੂਟਾ ਸਿੰਘ (40) ਪੁੱਤਰ ਗੁਰਦੇਵ ਸਿੰਘ ਵਾਸੀ ਲਕਸੀਆ (ਹੁਸ਼ਿਆਰਪੁਰ) ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਜੋ ਮੋਟਰਸਾਈਕਲ 'ਤੇ ਆ ਰਿਹਾ ਸੀ ਤੇ ਇਸ ਦੇ ਮੋਟਰਸਾਈਕਲ ਦੀ ਅਚਾਨਕ ਚੈਂਨ ਟੁੱਟ ਗਈ ਜਾਪਦੀ ਹੈ ਜਿਸ ਕਰਕੇ ਇਸ ਦਾ ਮੋਟਰਸਾਈਕਲ ਹੌਲੀ ਹੋ ਗਿਆ ਤੇ ਪਿਛੋਂ ਕਿਸੇ ਵਾਹਨ ਨੇ ਇਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਸੜਕ 'ਤੇ ਡਿੱਗ ਪਿਆ ਤੇ ਇਸ ਦੇ ਗੰਭੀਰ ਸੱਟ ਲੱਗ ਗਈ। ਮੌਕੇ 'ਤੇ ਨੌਜਵਾਨ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਜਿਥੇ ਡਾਕਟਰ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਪੁਲਸ ਵਲੋਂ ਇਸ ਸਬੰਧੀ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ


**ਪਬਲਿਕ ਨੋਟਿਸ**

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਦਸੂਹਾ।

ਵਿਸ਼ਾ: ਮਾਲ ਰਿਕਾਰਡ ਵਿੱਚ ਨਾ ਦੀ ਤਬਦੀਲੀ ਉਪਰੰਤ ਇੰਦਰਾਜ ਕਰਨ ਬਾਰੇ (ਦਰਖਾਸਤ ਵਲੋਂ ਲਖਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪੰਡੋਰੀ ਅਰਾਈਆਂ ਤਹਿਸੀਲ ਦਸੂਹਾ ਜਿਲ੍ਹਾ ਹੁਸ਼ਿਆਰਪੁਰ)

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਖਾਸਤ ਕਰਤਾ ਵਲੋਂ ਇਸ ਦਫਤਰ ਵਿੱਚ ਮਿਤੀ 11-04-2025 ਨੂੰ ਆਪਣੇ ਨਾਮ ਪਿੰਡ ਪੰਡੋਰੀ ਅਰਾਈਆਂ ਤਹਿਸੀਲ ਦਸੂਹਾ ਜਿਲ੍ਹਾ ਹੁਸ਼ਿਆਰਪੁਰ ਦੇ ਮਾਲ ਰਿਕਾਰਡ ਵਿੱਚ ਦਰੁਸਤ ਕਰਵਾਉਣ ਲਈ ਦਰਖਾਸਤ ਦਿੱਤੀ ਗਈ ਕਿ ਉਸਦੇ ਪਿਤਾ ਦਾ ਨਾਮ ਮਾਲ ਰਿਕਾਰਡ ਵਿੱਚ ਜੋਗਿੰਦਰ ਰਾਮ ਦਰਜ ਹੈ ਜਦਕਿ ਉਸ ਦਾ ਸਹੀ ਨਾਮ ਜੋਗਿੰਦਰ ਸਿੰਘ ਹੈ ਜਿਸ ਸਬੰਧੀ ਦਰਖਾਸਤ ਕਰਤਾ ਵਲੋਂ ਦਰੁਸਤ ਨਾਮ ਸਬੰਧੀ ਦਸਤਾਵੇਜਾ ਦੀਆਂ ਕਾਪੀਆਂ ਪੇਸ਼ ਕੀਤੀ ਆਂ ਗਈਆਂ ਹਨ। ਦਰਖਾਸਤ ਕਰਤਾ ਦੇ ਨਾਮ ਤਬਦੀਲੀ ਸਬੰਧੀ ਕਿਸੇ ਵਿਅਕਤੀ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਆਪਣੇ ਵਕੀਲ ਰਾਹੀਂ ਇਸ ਦਫਤਰ ਵਿੱਚ ਮਿਤੀ 09-05-2025 ਨੂੰ ਪੇਸ਼ ਕਰ ਸਕਦਾ ਹੈ। ਮਿਤੀ ਮਿਆਦ ਤੋਂ ਬਾਦ ਕੋਈ ਇਤਰਾਜ ਨਹੀਂ ਮੰਨਿਆ ਜਾਵੇਗਾ। ਇਹ ਨੋਟਿਸ ਅੱਜ ਮਿਤੀ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ। ਨੂੰ ਮੇਰੇ ਦਸਤਖਤ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ, ਅੱਵਲ ਦਸੂਹਾ।

ਸਥਾਨ: ਦਸੂਹਾ

**ਬਾ-ਅਦਾਲਤ ਸ਼੍ਰੀ ਮਨਮੋਹਨ ਸਿੰਘ ਸਬ ਰਜਿਸਟਰਾਰ ਜਲੰਧਰ-1**
(ਅਖਬਾਰ ਇਸ਼ਤਿਹਾਰ)
ਵਿਸ਼ਾ — ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰ ਕਰਨ ਬਾਰੇ। ਦਰਖਾਸੱਤ ਵਲੋਂ ਸ਼੍ਰੀ ਬੀਰਬਾਲ ਪੁੱਤਰ ਸ਼੍ਰੀ ਅਮਰਨਾਥ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸ਼੍ਰੀ ਬੀਰਬਲ ਪੁੱਤਰ ਸ਼੍ਰੀ ਅਮਰਨਾਥ ਵਾਸੀ 133, ਗੁਪਤਾ ਕਾਲੋਨੀ, ਤਹਿਸੀਲ ਵਾ ਜਿਲ੍ਹਾ ਜਲੰਧਰ ਨੇ ਨਿਮਨ ਹਸਤਾਖਰ ਦੇ ਪੇਸ਼ ਹੋ ਕਿ ਦਰਖਾਸਤ ਦਿੱਤੀ ਹੈ ਕਿ ਉਸਦੇ ਪੁੱਤਰ ਸ਼੍ਰੀ ਰਵਿੰਦਰ ਕੁਮਾਰ ਦੀ ਮੌਤ ਮਿਤੀ 28/10/ 2024 ਨੂੰ ਹੋ ਚੁੱਕੀ ਹੈ। ਉਨ੍ਹਾ ਨੇ ਆਪਣੀ ਮੌਤ ਤੋਂ ਪਹਿਲਾ ਮਿਤੀ 20/11/ 2019 ਨੂੰ ਇਕ ਅਣ ਰਜਿਸਟਰਡ ਵਸੀਅਤ ਪਿਤਾ ਬੀਰਬਲ ਵਾ ਮਾਤਾ ਸ਼੍ਰੀਮਤੀ ਉਰਮਿਲਾ ਰਾਣੀ ਦੇ ਹੱਕ ਵਿੱਚ ਬਾ ਹਿੱਸਾ ਬਰਾਬਰ ਕੀਤੀ ਸੀ। ਉਸ ਨੇ ਇਹ ਵਸੀਅਤ ਅੰਡਰ ਸੈਕਸ਼ਨ 40 ਅਧੀਨ ਰਜਿਸਟਰਡ ਕੀਤੀ ਜਣ ਦੇ ਬੇਨਤੀ ਕੀਤੀ ਹੈ।

ਇਹ ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ, ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿਚ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ ਅਸਾਲਤਨ ਜਾਂ ਵਕਾਲਤਨ ਜਾਂ ਬਜਰਿਆ ਮੁਖਤਿਆਰ ਨਿਮਨ ਹਸਤਾਖਰ ਦੀ ਅਦਾਲਤ ਵਿਚ ਹਾਜਰ ਆਕੇ ਪੇਸ਼ ਕਰ ਸਕਦਾ ਹੈ। ਇਸਤੋਂ ਬਾਅਦ ਕੋਈ ਇਤਰਾਜ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਸਬੰਧੀ ਅਗਲੀ ਕਾਰਵਾਈ ਆਰੰਭੀ ਜਾਵੇਗੀ।

ਸਬ ਰਜਿਸਟਰਾਰ, ਜਲੰਧਰ-1
ਨੰਬਰ 32/6/ ਆਰ.ਸੀ./ ਮਿਤੀ 10/3/25

**M/S CREDIFIN Limited**
(formerly known as PHF Leasing Ltd.)
Registered Office : 87, Radio Colony, Mahavir Marg, BMC Chowk, Jalandhar-144001, Pb
CIN No.L65110PB1992PLC012488, Ph.No.+91 91151-00401,
Website : www.credif.in, Email id : compliance@credif.in

**ਸੋਧ ਪਤਰ**

ਸਾਡੇ 31 ਮਾਰਚ 2025 ਨੂੰ ਖਤਮ ਹੋਈ ਤਿਮਾਹੀ ਅਤੇ ਸਾਲ ਦੇ ਵਿੱਤੀ ਨਤੀਜੇ ਜੋ ਕਿ ਮਿਤੀ 26.04.2025 ਨੂੰ ਨਵਾਂ ਜ਼ਮਾਨਾ ਅਖਬਾਰ ਵਿਚ ਪ੍ਰਕਾਸ਼ਿਤ ਹੋਏ ਸਨ ਇਸ ਇਸਤਿਹਾਰ ਵਿਚ ਸਾਲ ਖਤਮ ਦੇ ਦੋਨੋ ਕਾਲਮਾਂ ਵਿਚ ਅਨਪੜਤਾਲੇ ਗ਼ਲਤੀ ਨਾਲ ਛਪ ਗਿਆ ਹੈ ਇਹਨਾਂ ਨੂੰ ਪੜਤਾਲੇ ਨਤੀਜੇ ਪੜ੍ਹਿਆ ਜਾਵੇ |

**NOTICE to Appear/Attend Proceedings of DLM&SFC-LDH**

Through this Publication This is for Constructive Notice for respondent M/S SHUBHAM SALES CORPORATION having registered office at 39, SIHRA MARKET, STREET NO. 2, LINK ROAD, DASMESH NAGAR, LUDHIANA - 141003 to appear in person or through authorized representative before the District Level Micro & Small facilitation Council Ludhiana, District Industries Centre, Ludhiana on Dated 26-05-2025 regarding claim reference petition submitted by claimant M/S GURU NANAK RUBBER INDUSTRIES U/s 18(1) of MSMED Act 2006 bearing reference: MSEFC/DIC/03/21/1131. If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

Member Secretary cum General Manager, District Industries Centre, Industrial Estate, Ludhiana, Ph No:- 0161-2540695, Email Id: dicludhiana5@gmail.com, Ludhiana.msefc@gmail.com

**ਪਬਲਿਕ ਨੋਟਿਸ**

ਮੇਰੇ ਮੁਵੱਕਿਲ ਸ. ਸੁਖਦੀਪ ਸਿੰਘ ਪੁੱਤਰ ਸ. ਜੈਮਲ ਸਿੰਘ, ਨਿਵਾਸੀ 134, ਭੁੱਲਰ ਕਾਲੋਨੀ, ਬਿਆਸ, ਬਾਬਾ ਬਕਾਲਾ, ਪੀ. ਓ. ਬਿਆਸ, ਅੰਮ੍ਰਿਤਸਰ ਦੀਆਂ ਹਦਾਇਤਾਂ ਅਧੀਨ, ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੇਰੇ ਮੁਵੱਕਿਲ ਨੇ ਪਲਾਟ ਨੰਬਰ 2279-ਏ, ਜਿਸਦਾ ਰਕਬਾ 787.20 ਵਰਗ ਗਜ਼ ਹੈ, ਜੋ ਖਸਰਾ ਨੰਬਰ 191, 2050/178, ਭਾਰਤ ਨਗਰ, ਮਕਬੂਲਪੁਰਾ ਚੌਂਕ, ਸੁਲਤਾਨਵਿੰਡ ਅਰਬਨ, ਅੰਮ੍ਰਿਤਸਰ ਵਿੱਚ ਸਥਿਤ ਹੈ, ਨੂੰ ਖਰੀਦਣ ਦਾ ਇਰਾਦਾ ਰੱਖਦੇ ਹਨ ਅਤੇ ਇਸ ਜਾਇਦਾਦ ਦੇ ਵਿਰੁੱਧ ਸਮਾਨ ਕੈਪੀਟਲ ਲਿਮਟਿਡ, ਐੱਸ. ਸੀ. ਓ. 31, ਪਹਿਲੀ ਮੰਜ਼ਿਲ, ਕੇ.ਕੇ. ਟਾਵਰਜ਼ ਐੱਸ. ਸੀ. ਓ. 31, ਪਹਿਲੀ ਮੰਜ਼ਿਲ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ ਤੋਂ ਕਰਜ਼ਾ ਲੈਣ ਦਾ ਇਰਾਦਾ ਰੱਖਦੇ ਹਨ।

ਉਕਤ ਜਾਇਦਾਦ ਮੂਲ ਰੂਪ ਵਿੱਚ ਸ. ਬਲਵੰਤ ਸਿੰਘ ਪੁੱਤਰ ਸ. ਗੋਪਾਲ ਸਿੰਘ ਅਤੇ ਸ੍ਰੀਮਤੀ ਗੁਰਦੀਪ ਕੌਰ ਪਤਨੀ ਸ. ਬਲਵੰਤ ਸਿੰਘ ਨੇ ਚਾਰ ਰਜਿਸਟਰੀਆਂ ਰਾਹੀਂ ਖਰੀਦੀ ਸੀ, ਜਿਨ੍ਹਾਂ ਦੇ ਦਸਤਾਵੇਜ਼ ਨੰਬਰ 3068 ਮਿਤੀ 25-06-1998, ਦਸਤਾਵੇਜ਼ ਨੰਬਰ 3076 ਮਿਤੀ 25-06-1998, ਦਸਤਾਵੇਜ਼ ਨੰਬਰ 3237 ਮਿਤੀ 01-07-1998, ਅਤੇ ਦਸਤਾਵੇਜ਼ ਨੰਬਰ 3238 ਮਿਤੀ 01-07-1998 ਹਨ। ਜਿਹਨਾਂ ਦਾ ਇੰਤਕਾਲ 27989, 27988, 27987 ਅਤੇ 27986 ਦੇ ਤਹਿਤ ਸਾਲ 1996- 97 ਦੀ ਜਮਾਂਬੰਦੀ ਵਿੱਚ ਮੰਜੂਰ ਹੈ। ਸ. ਬਲਵੰਤ ਸਿੰਘ ਦੀ ਮਿਤੀ 04-08-2009 ਨੂੰ ਮੌਤ ਹੋਣ ਤੋਂ ਬਾਅਦ, ਜਾਇਦਾਦ ਵਿੱਚ ਉਹਨਾਂ ਦਾ ਹਿੱਸਾ ਉਹਨਾਂ ਦੀ ਪਤਨੀ ਸ੍ਰੀਮਤੀ ਗੁਰਦੀਪ ਕੌਰ ਨੂੰ ਇੰਤਕਾਲ ਨੰਬਰ 55338 ਦੇ ਤਹਿਤ ਵਿਰਾਸਤ ਵਿੱਚ ਮਿਲਿਆ, ਜਿਸ ਦਾ ਇੰਦਰਾਜ਼ 2006-07 ਦੀ ਜਮਾਂਬੰਦੀ ਵਿੱਚ ਹੈ। ਸ. ਬਲਵੰਤ ਸਿੰਘ ਅਤੇ ਸ੍ਰੀਮਤੀ ਗੁਰਦੀਪ ਕੌਰ ਦੇ ਪੁੱਤਰਾਂ, ਅਰਥਾਤ ਸ. ਪਰਮਿੰਦਰ ਸਿੰਘ ਦੀ ਮੌਤ 02-08-2003 ਨੂੰ, ਸ. ਤਾਰਲੋਚਨ ਸਿੰਘ ਦੀ ਮੌਤ 25-07-2008 ਨੂੰ ਅਤੇ ਸ. ਜਸਬੀਰ ਸਿੰਘ ਦੀ ਮੌਤ 03-05-2000 ਨੂੰ ਹੋਈ ਸੀ। ਸ੍ਰੀਮਤੀ ਗੁਰਦੀਪ ਕੌਰ ਦੀ ਮੌਤ 27-10-2015 ਨੂੰ ਹੋਣ ਤੋਂ ਬਾਅਦ, ਸਮੁੱਚੀ ਜਾਇਦਾਦ ਨੂੰ ਕਾਨੂੰਨੀ ਵਾਰਸਾਂ, ਅਰਥਾਤ ਸ੍ਰੀਮਤੀ ਹਰਿੰਦਰ ਕੌਰ ਪੁੱਤਰੀ ਸ. ਬਲਵੰਤ ਸਿੰਘ, ਸ੍ਰੀਮਤੀ ਮਨਜੀਤ ਕੌਰ ਪਤਨੀ ਸ. ਪਰਮਿੰਦਰ ਸਿੰਘ ਪੁੱਤਰ ਸ. ਬਲਵੰਤ ਸਿੰਘ, ਸ੍ਰੀਮਤੀ ਅਵਤਾਰ ਕੌਰ ਪਤਨੀ ਸ. ਜਸਬੀਰ ਸਿੰਘ ਪੁੱਤਰ ਸ. ਬਲਵੰਤ ਸਿੰਘ, ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸ. ਤਾਰਲੋਚਨ ਸਿੰਘ ਪੁੱਤਰ ਸ. ਬਲਵੰਤ ਸਿੰਘ ਨੇ ਇੰਤਕਾਲ ਨੰਬਰ 74390 ਦੇ ਤਹਿਤ ਵਿਰਾਸਤ ਵਿੱਚ ਪ੍ਰਾਪਤ ਕੀਤੀ, ਜਿਸ ਦਾ ਇੰਦਰਾਜ਼ ਸਾਲ 2016-17 ਦੀ ਜਮਾਂਬੰਦੀ ਵਿੱਚ ਹੈ। ਸ. ਬਲਵੰਤ ਸਿੰਘ ਅਤੇ ਸ੍ਰੀਮਤੀ ਗੁਰਦੀਪ ਕੌਰ ਦੇ ਉਪਰੋਕਤ ਕਾਨੂੰਨੀ ਵਾਰਸ ਇਸ ਜਾਇਦਾਦ ਨੂੰ ਵੇਚਣ ਦਾ ਇਰਾਦਾ ਰੱਖਦੇ ਹਨ।

ਜੋ ਵੀ ਵਿਅਕਤੀ ਜੋ ਇਸ ਜਾਇਦਾਦ ਵਿੱਚ ਕੋਈ ਦਾਅਵਾ ਕਰਦਾ ਹੈ ਜਾਂ ਕਿਸੇ ਵੀ ਤਰ੍ਹਾਂ ਦੇ ਪਹਿਲਾਂ ਦੇ ਅਧਿਕਾਰ ਜਾਂ ਹਿੱਤ ਦਾ ਦਾਅਵਾ ਕਰਦਾ ਹੈ ਜਾਂ ਉਪਰੋਕਤ ਰਜਿਸਟਰੀਆਂ ਨੂੰ ਕਿਸੇ ਵਿਅਕਤੀ/ਬੈਂਕ/ਕਾਰਪੋਰੇਸ਼ਨ/ਵਿੱਤੀ ਸੰਸਥਾ ਨੂੰ ਜਮ੍ਹਾਂ ਕਰਕੇ ਕਰਜ਼ਾ ਲਿਆ ਹੈ, ਉਹ ਨਿਮਨ ਹਸਤਾਖਰ ਨੂੰ ਸੰਪਰਕ ਕਰ ਸਕਦਾ ਹੈ ਅਤੇ ਇਸ ਜਨਤਕ ਨੋਟਿਸ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਆਪਣੇ ਇਤਰਾਜ਼ ਦਰਜ ਕਰ ਸਕਦਾ ਹੈ। ਇਸ ਨੋਟਿਸ ਦੀ ਮਿਆਦ ਖਤਮ ਹੋਣ ਤੋਂ ਬਾਅਦ, ਕੋਈ ਵੀ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਅਜਿਹੇ ਦਾਅਵੇ ਨੂੰ ਝੂਠਾ, ਬੇਬੁਨਿਆਦ, ਧੋਖਾਧੜੀ ਮੰਨਿਆ ਜਾਵੇਗਾ ਅਤੇ ਕਾਨੂੰਨ ਦੀ ਨਜ਼ਰ ਵਿੱਚ ਇਸ ਦਾ ਕੋਈ ਮੁੱਲ ਨਹੀਂ ਹੋਵੇਗਾ। ਇਹ ਵੀ ਮੰਨਿਆ ਜਾਵੇਗਾ ਕਿ ਕਿਸੇ ਨੂੰ ਵੀ ਮੇਰੇ ਮੁਵੱਕਿਲ ਦੁਆਰਾ ਸਮਾਨ ਕੈਪੀਟਲ ਲਿਮਟਿਡ ਨਾਲ ਉਕਤ ਜਾਇਦਾਦ ਦੀ ਖਰੀਦ ਅਤੇ ਗਿਰਵੀ ਰੱਖਣ ਲਈ ਕੋਈ ਇਤਰਾਜ਼ ਨਹੀਂ ਹੈ।

ਮੁਨੀਸ਼ ਮੈਨਨ ਵਕੀਲ
ਚੈਂਬਰ ਨੰ. 52-ਏ, ਜ਼ਿਲ੍ਹਾ ਅਦਾਲਤ, ਅੰਮ੍ਰਿਤਸਰ
ਮੋਬਾਇਲ ਨੰ. 94172-97373

**ਫਾਰਮ ਜੀ**
ਸਕਾਈ ਇਨਫਰਾਸਟਰਕਚਰਜ ਪ੍ਰਾਈਵੇਟ ਲਿਮਟਿਡ ਵਾਸਤੇ ਦਿਲਚਸਪੀ ਦੇ ਪ੍ਰਗਟਾਵੇ ਦਾ ਸੱਦਾ
ਜ਼ੀਰਕਪੁਰ (ਪੰਜਾਬ) ਵਿਖੇ ਅਚੱਲ ਜਾਇਦਾਦ ਦਾ ਕੰਮ ਕਰਨ ਵਾਲੇ
ਦਿਵਾਲਾ ਅਤੇ ਦਿਵਾਲੀਆਪਣ ਬੋਰਡ ਆਫ ਇੰਡੀਆ ਦੇ ਰੈਗੂਲੇਸ਼ਨ 36 ਏ (1) ਅਧੀਨ
(ਕਾਰਪੋਰੇਟ ਵਿਅਕਤੀਆਂ ਲਈ ਦਿਵਾਲੀਆਪਨ ਰੈਜ਼ੋਲੂਸ਼ਨ ਅਮਲ) ਰੈਗੂਲੇਸ਼ਨਜ਼, 2016)

| ਸੰਬੰਧਤ ਵੇਰਵੇ | | |
|---|---|---|
| 1. | ਕਾਰਪੋਰੇਟ ਕਰਜ਼ਦਾਰ ਦਾ ਨਾਂਅ ਸਮੇਤ ਪੈਨ/ ਸੀ ਆਈ ਐਨ/ਐੱਲ ਐੱਲ ਪੀ ਨੰ. | ਸਕਾਈ ਇਨਫ੍ਰਾਸਟਰਕਚਰਜ ਪ੍ਰਾਈਵੇਟ ਲਿਮਟਿਡ (U45209PB2011PTC035805) |
| 2. | ਰਜਿਸਟਰਡ ਦਫਤਰ ਦਾ ਪਤਾ | ਦੁਕਾਨ ਨੰ. 25, ਯੂਨੀਸਿਟੀ ਬਿਜ਼ਨੈੱਸ ਸੈਂਟਰ, ਭਭਾਤ, ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ-140603 (ਪੰਜਾਬ) |
| 3. | ਵੈੱਬਸਾਈਟ ਦੀ ਯੂ ਆਰ ਐੱਲ | www.skyinfrastructures.in |
| 4. | ਥਾਂ ਦਾ ਵੇਰਵੇ ਜਿੱਥੇ ਬਹੁਤਾਤ 'ਚ ਫਿਕਸਡ ਐੱਸਟਸ ਸਥਿਤ ਹਨ | ਪੰਜਾਬ |
| 5. | ਪ੍ਰਮੁੱਖ ਉਤਪਾਦ/ਸੇਵਾਵਾਂ ਦੀ ਸਥਾਪਤ ਸਮਰੱਥਾ | ਕੰਪਨੀ ਜ਼ੀਰਕਪੁਰ (ਜ਼ਿਲ੍ਹਾ ਐੱਸ ਏ ਐੱਸ ਨਗਰ), ਪੰਜਾਬ ਸੂਬੇ 'ਚ ਅਚੱਲ ਜਾਇਦਾਦ ਦੇ ਕਾਰੋਬਾਰ ਕਰਦੀ ਹੈ। |
| 6. | ਬੀਤੇ ਵਿੱਤੀ ਵਰ੍ਹੇ 'ਚ ਵੇਚੇ ਗਏ ਪ੍ਰਮੁੱਖ ਉਤਪਾਦਾਂ/ਸੇਵਾਵਾਂ ਦੀ ਗੁਣਵਤਾ ਅਤੇ ਮੁੱਲ | 31/03/2021 ਲਈ ਉਪਲੱਬਧ ਆਖਰੀ ਪੜਤਾਲੀ ਬੈਲੇਂਸ ਸੀਟ ਅਨੁਸਾਰ ਕੰਪਨੀ 4 ਸਾਲਾਂ ਤੋਂ ਵੱਧ ਸਮੇਂ ਤੋਂ ਕੋਈ ਕਾਰੋਬਾਰੀ ਗਤੀਵਿਧੀ ਨਹੀਂ ਕਰ ਰਹੀ। ਕੰਪਨੀ ਕੋਲ ਕੋਈ ਵੀ ਗਰੁੱਪ ਹਾਊਸਿੰਗ ਪ੍ਰਾਜੈਕਟ ਨਹੀਂ ਹੈ। |
| 7. | ਕਰਮਚਾਰੀਆਂ/ਕਾਮਿਆਂ ਦੀ ਗਿਣਤੀ | ਕੋਈ ਨਹੀਂ |
| 8. | ਦੋ ਸਾਲਾਂ ਦੇ ਹੋਰ ਵੇਰਵੇ, ਜਿਸ ਵਿੱਚ ਆਖਰੀ ਉਪਲਬਧ ਵਿੱਤੀ ਵੇਰਵੇ ਸ਼ਾਮਲ ਹਨ, ਲੈਣਦਾਰਾਂ ਦੀਆਂ ਸੂਚੀਆਂ, ਅਮਲ ਦੇ ਬਾਅਦ ਦੀਆਂ ਘਟਨਾਵਾਂ ਉਪਲਬਧ ਹਨ। | cirpsky@gmail.com 'ਤੇ ਭੇਜ ਕੇ ਆਰ ਪੀ ਤੋਂ ਜਾਂ ਐੱਮ-215, ਰੀਅਰ ਗਰਾਊਂਡ ਫਲੋਰ, ਗ੍ਰੇਟਰ ਕੈਲਾਸ਼-2, ਨਵੀਂ ਦਿੱਲੀ-110048 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। |
| 9. | ਕੋਡ ਦੇ ਸੈਕਸ਼ਨ 25 (2) (ਐੱਚ) ਅਧੀਨ ਰੈਜ਼ੂਲਸ਼ਨ ਬਿਨੈਕਾਰਾਂ ਵਾਸਤੇ ਯੋਗਤਾ ਉਪਲੱਬਧ ਹੈ : | cirpsky@gmail.com 'ਤੇ ਮੇਲ ਭੇਜ ਕੇ ਆਰ ਪੀ ਤੋਂ ਜਾਂ ਐੱਮ-215, ਰੀਅਰ ਗਰਾਊਂਡ ਫਲੋਰ, ਗ੍ਰੇਟਰ ਕੈਲਾਸ਼-2, ਨਵੀਂ ਦਿੱਲੀ-110048 ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। |
| 10. | ਦਿਲਚਸਪੀ ਦਾ ਪ੍ਰਗਟਾਵਾ ਪ੍ਰਾਪਤ ਕਰਨ ਲਈ ਅੰਤਮ ਮਿਤੀ | 12/05/2025 |
| 11. | ਚਾਹਵਾਨ ਰੈਜ਼ੋਲੂਸ਼ਨ ਬਿਨੈਕਾਰਾਂ ਦੀ ਆਰਜ਼ੀ ਸੂਚੀ ਜਾਰੀ ਕਰਨ ਦੀ ਮਿਤੀ | 21/05/2025 |
| 12. | ਆਰਜ਼ੀ ਸੂਚੀ 'ਤੇ ਇਤਰਾਜ਼ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | 26/05/2025 |
| 13. | ਚਾਹਵਾਨ ਰੈਜ਼ੋਲੂਸ਼ਨ ਬਿਨੈਕਾਰਾਂ ਦੀ ਮੁਕੰਮਲ ਸੂਚੀ ਜਾਰੀ ਕਰਨ ਦੀ ਮਿਤੀ | 05/06/2025 |
| 14. | ਸੂਚਨਾ ਯਾਦ ਪੱਤਰ, ਮੁਲਾਂਕਣ ਮੈਟ੍ਰਿਕਸ ਅਤੇ ਚਾਹਵਾਨ ਰੈਜ਼ੋਲੂਸ਼ਨ ਬਿਨੈਕਾਰਾਂ ਨੂੰ ਰੈਜ਼ੋਲੂਸ਼ਨ ਯੋਜਨਾਵਾਂ ਦੀ ਬੇਨਤੀ ਜਾਰੀ ਕਰਨ ਦੀ ਮਿਤੀ | 10/06/2025 |
| 15. | ਰੈਜ਼ੋਲੂਸ਼ਨ ਯੋਜਨਾਵਾਂ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ | 09/07/2025 |
| 16. | ਈ ਓ ਆਈ ਜਮ੍ਹਾਂ ਕਰਵਾਉਣ ਲਈ ਈਮੇਲ ਆਈ ਡੀ ਅਮਲ | cirpsky@gmail.com |

ਭੀਮ ਸੈਨ ਗੋਇਲ
ਆਈਬੀਬੀਆਈ/ਆਈਪੀਏ-002/ਆਈਪੀ-ਐੱਨ00726/2018-2019/12216
26/04/2025 ਐੱਮ-215,ਰੀਅਰ ਗਰਾਊਂਡ ਫਲੋਰ, ਗ੍ਰੇਟਰ ਕੈਲਾਸ਼-2, ਨਵੀਂ ਦਿੱਲੀ-110048
ਨਵੀਂ ਦਿੱਲੀ ਵਾਸਤੇ ਸਕਾਈ ਇਨਫ੍ਰਾਸਟਰਕਚਰਜ਼ ਪ੍ਰਾਈਵੇਟ ਲਿਮਟਿਡ

## ਕਲਾਸੀਫਾਈਡ ਇਸ਼ਤਿਹਾਰ

**ਆਮ ਸੂਚਨਾ**

ਮੈਂ ਗੇਜੋ ਪਤਨੀ ਸੇਮਾ ਮਸੀਹ ਪੁੱਤਰ ਭਾਗ ਮਸੀਹ, ਨਿਵਾਸੀ L- 47-1, ਉਪਕਾਰ ਨਗਰ, ਲੰਮਾ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦੀ ਹਾਂ ਕਿ ਖਸਰਾ ਨੰਬਰ 3106/1302 ਤੋਂ 1305,1306,1309 ,ਜਿਸ ਵਿੱਚ 5 ਮਰਲੇ ਅਤੇ 78 ਵਰਗ ਫੁੱਟ ਮੇਰੀ ਜਾਇਦਾਦ ਹੈ। ਉਕਤ ਜਾਇਦਾਦ ਦੀ ਰਜਿਸਟਰੀ ਦੀ ਅਸਲ ਕਾਪੀ (ਨੰਬਰ 11173, ਮਿਤੀ 11.3.1993) ਗੁੰਮ ਹੋ ਗਈ ਹੈ। ਸਾਰੇ ਸਬੰਧਤ ਨੋਟ ਕਰਨ।

ਮੈਂ ਰਣਜੀਤ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਪਿੰਡ ਸੈਦੋਵਾਲ, ਤਹਿ. ਵਾ ਜ਼ਿਲਾ ਕਪੂਰਥਲਾ ਘੋਸ਼ਣਾ ਕਰਦਾ ਹਾਂ ਕਿ ਮੇਰਾ ਨਾਮ ਮਾਲ ਰਿਕਾਰਡ ਵਿੱਚ ਜੀਤ ਸਿੰਘ ਪੁੱਤਰ ਚੰਨਣ ਸਿੰਘ ਦਰਜ ਹੈ ਜਦਕਿ ਮੇਰੇ ਸਾਰੇ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਰਣਜੀਤ ਸਿੰਘ ਪੁੱਤਰ ਚਾਨਣ ਸਿੰਘ ਦਰਜ ਹੈ। ਜੀਤ ਸਿੰਘ ਪੁੱਤਰ ਚੰਨਣ ਸਿੰਘ ਅਤੇ ਰਣਜੀਤ ਸਿੰਘ ਪੁੱਤਰ ਚਾਨਣ ਸਿੰਘ ਮੇਰੇ ਹੀ ਦੋ ਨਾਮ ਹਨ। ਸਮੂਹ ਸੰਬੰਧਤ ਨੋਟ ਕਰਨ।

**ਬੇਦਖਲੀ ਨੋਟਿਸ**

ਮੈਂ ਬਲਵਿੰਦਰ ਸਿੰਘ ਸਪੁੱਤਰ ਹਰਬੰਸ ਸਿੰਘ, ਵਾਸੀ ਛੱਜਲਵੱਡੀ (ਅੰਮ੍ਰਿਤਸਰ) ਆਪਣੇ ਪੁੱਤਰ ਮਨਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਰਾਕੇਸ਼ ਕੁਮਾਰ ਪੁੱਤਰ ਲੇਟ ਕ੍ਰਿਸ਼ਨ ਲਾਲ ਵਾਸੀ ਮਕਾਨ ਨੰ: 2-1/276, ਵਾਰਡ ਨੰਬਰ 8, ਵਿਸ਼ਕਰਮਾ ਰੋਡ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਭਰਾ ਵਿਜੇ ਕੁਮਾਰ ਬੁਰੀ ਸੰਗਤ ਵਿੱਚ ਪੈ ਗਿਆ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ। ਇਸ ਵੱਲੋਂ ਕੀਤੇ ਗਏ ਲੈਣ ਦੇਣ ਅਤੇ ਮਾੜੇ ਚੰਗੇ ਕੰਮਾਂ ਦਾ ਇਹ ਖ਼ੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ।

ਮੈਂ, ਬਲਵਿੰਦਰ ਕੌਰ ਪਤਨੀ ਵਿਧਵਾ ਸ੍ਰੀ ਮਲਕੀਤ ਸਿੰਘ ਵਾਸੀ ਪਿੰਡ ਫਤਹਿਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੁਰਿੰਦਰ ਸਿੰਘ ਅਤੇ ਉਸਦੀ ਪਤਨੀ ਰਜਨੀ ਬਾਲਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਵੇਦ ਸਿੰਘ ਪੁੱਤਰ ਰੂਪ ਰਾਮ ਅਤੇ ਜਰਨੈਲ ਕੌਰ ਪਤਨੀ ਵੇਦ ਸਿੰਘ ਵਾਸੀਆਨ ਮਕਾਨ ਨੰ: 665/ਸੀ, ਗੁਰੂ ਨਾਨਕ ਪੁਰਾ ਵੈਸਟ, ਚੁਗਿੱਟੀ, ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਤੀਸ਼ ਕੁਮਾਰ ਅਤੇ ਉਸਦੀ ਪਤਨੀ ਸੰਦੀਪ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਅੰਮ੍ਰਿਤਸਰ ਰੋਡ, ਅੱਡਾ ਝਬਾਲ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਯਸ਼ਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਦਲਬੀਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਿੰਡ ਖੈਰਦੀਨਕੇ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਅਮਰ ਸਿੰਘ ਅਤੇ ਨੂੰਹ ਦਲਬੀਰ ਕੌਰ ਅਤੇ ਬਲਕਾਰ ਸਿੰਘ, ਨੂੰਹ ਸੁਖਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਠਾਕੁਰ ਸਿੰਘ ਵਾਸੀ ਪਿੰਡ ਸੰਗਰ ਕੋਟ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਕਮਲਜੀਤ ਕੌਰ ਅਤੇ ਲੜਕਾ ਹੁਸਨਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲੋਂ ਵੱਖਰੇ ਆਪਣੀ ਮਾਤਾ ਨਾਲ ਰਹਿੰਦੇ ਹਨ। ਮੈਂ ਇਹਨਾਂ ਨੂੰ ਆਪਣਾ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

**ਬੇਦਖਲੀ ਨੋਟਿਸ**

ਮੈਂ, ਵਿਦਿਆ ਦੇਵੀ ਪਤਨੀ ਸ੍ਰੀ ਰਾਮ ਅਵਤਾਰ ਵਾਸੀ ਮਕਾਨ ਨੰਬਰ 1646/2, ਪੱਕੀ ਗਲੀ ਮਹਾਂ ਸਿੰਘ ਗੇਟ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੇ ਲੜਕੇ ਅਰੁਨ ਕੁਮਾਰ ਅਤੇ ਉਤਮ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ।

ਅਸੀਂ, ਜਨਕ ਰਾਜ ਤ੍ਰੇਹਣ ਪੁੱਤਰ ਲਾਲ ਚੰਦ ਅਤੇ ਵੀਨਾ ਤ੍ਰੇਹਣ ਪਤਨੀ ਜਨਕ ਰਾਜ ਤ੍ਰੇਹਣ ਵਾਸੀਆਨ ਮਕਾਨ ਨੰ: 591-ਡੀ, ਡੀ ਬਲਾਕ ਰਣਜੀਤ ਐਵੀਨਿਊ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੇ ਲੜਕੇ ਰਾਜਨ ਤ੍ਰੇਹਣ, ਇਸ ਦੀ ਪਤਨੀ ਸਵਾਤੀ ਮਹਿਰਾ ਅਤੇ ਸਾਜਨ ਤ੍ਰੇਹਣ ਅਤੇ ਇਸ ਦੀ ਪਤਨੀ ਪਲਕ ਅਰੋੜਾ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਲਬੀਰ ਸਿੰਘ ਪੁੱਤਰ ਭਗਤ ਸਿੰਘ ਵਾਸੀ ਪਿੰਡ ਕਲੇਰ, ਡਾਕ: ਢਡਿਆਲਾ ਨਜ਼ਾਰਾ, ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਗੁਰਵਿੰਦਰ ਸਿੰਘ ਇਸਦੀ ਪਤਨੀ ਰਮਨਪਾਲ ਕੌਰ , ਲੜਕਾ ਸਮਰਵੀਰ ਸਿੰਘ ਕਲੇਰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਹਨਾਂ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ, ਇਹਨਾਂ ਵੱਲੋਂ ਕੀਤੇ ਲੈਣ ਦੇਣ ਅਤੇ ਮਾੜੇ ਚੰਗੇ ਕੰਮਾਂ ਦੇ ਇਹ ਖ਼ੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ।

ਮੈਂ, ਕੁਲਦੀਪ ਕੌਰ ਪਤਨੀ ਕਰਨੈਲ ਸਿੰਘ ਪੁੱਤਰ ਨਾਹਰ ਸਿੰਘ ਠੁੱਲੀਵਾਲ (ਬਰਨਾਲਾ) ਆਪਣੇ ਲੜਕੇ ਜਗਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਅੱਜ ਤੋਂ ਬਾਅਦ ਉਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈ ਵੀਰਭਾਨ ਪੁੱਤਰ ਗੋਕਲ ਚੰਦ ਵਾਸੀ ਪਿੰਡ ਗੁਲਹਾੜ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਉਰਫ ਜੱਸੀ ਅਤੇ ਨੂੰਹ ਵੀਨਾ ਮੇਰੇ ਕਹਿਣੇ ਕਰਨੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਸੰਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਹਰਪਾਲ ਸਿੰਘ ਪੁੱਤਰ ਚੰਦ ਸਿੰਘ ਵਾਸੀ ਭੁੱਲਰ ਪੱਤੀ, ਬੁੱਟਰ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹਰੀਸ਼ ਅਰੋੜਾ ਪੁੱਤਰ ਸੰਤ ਰਾਮ ਵਾਸੀ ਮਕਾਨ ਨੰ. 39, ਗਲੀ ਨੰ. 3, 88 ਫੁੱਟ ਸੜਕ ਸ੍ਰੀ ਰਾਮ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਰਿਜੇਸ਼ ਅਰੋੜਾ ਅਤੇ ਉਸ ਦੀ ਪਤਨੀ ਰਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਿਵਾਰ ਇਹਨਾਂ ਦੇ ਕਿਸੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵੇਗਾ।

**Change of Name**

I, Harkirat Kaur Heer D/o Jasbir Singh R/o Dev Nagar, Tibri Road, Ghurala, Gurdaspur, Punjab, India. Have changed my name From Harkirat Kaur Heer to Harkirat Kaur.

I, Jasbir Singh Heer S/o Gurdial Singh, R/o Dev Nagar, Tibri Road, Ghurala, Gurdaspur, Punjab, India. Have Changed my name from Jasbir Singh Heer to Jasbir Singh.

I, Ranjeet Kaur Heer W/o Jasbir Singh, R/o Dev Nagar, Tibri Road, Ghurala, Gurdaspur, Punjab, India. Have Changed my name from Ranjeet Kaur Heer to Ranjeet Kaur.

I, Harprit Kaur W/o Dilbagh Singh R/o Bhakna Khurd, Bhakna Kalan, Distt. Amritsar, Punjab have changed my name from Harprit Kaur to Harpreet Kaur.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਗੁਰਦਾਸਪੁਰ ਵਿਖੇ ਕਰਵਾਈ ਵਾਕਾਥਨ



ਗੁਰਦਾਸਪੁਰ, (ਦਿਨੇਸ਼ ਕੁਮਾਰ ) - 'ਯੁੱਧ ਨਸ਼ਿਆਂ ਵਿਰੁੱਧ' ਵਿੱਚ ਆਮ ਜਨਤਾ ਦਾ ਸਹਿਯੋਗ ਲੈਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਵਿਖੇ ਵਾਕਥਨ ਕਰਵਾਈ ਗਈ। ਲਿਟਲ ਫਲਾਵਰ ਕਾਨਵੈਂਟ ਸਕੂਲ, ਗੁਰਦਾਸਪੁਰ ਤੋਂ ਸ਼ੁਰੂ ਹੋਈ ਇਸ ਵਾਕਥਨ (ਪੈਦਲ ਮਾਰਚ) ਦੀ ਅਗਵਾਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ ਐੱਸ ਪੀ ਗੁਰਦਾਸਪੁਰ ਆਦਿੱਤਿਆ ਅਤੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਕੀਤੀ ਗਈ, ਜਦਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਅਤੇ ਸ਼ਮਸ਼ੇਰ ਸਿੰਘ ਦੀਨਾਨਗਰ ਆਪਣੇ ਸਾਥੀਆਂ ਨਾਲ ਇਸ ਵਾਕਾਥਨ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਵਾਕਾਥਨ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿਚੋਂ 10000 ਦੇ ਕਰੀਬ ਵਿਦਿਆਰਥੀਆਂ ਤੋਂ ਇਲਾਵਾ ਖਿਡਾਰੀਆਂ, ਲੇਖਕਾਂ, ਪੱਤਰਕਾਰਾਂ ਅਤੇ ਸਮਾਜ ਦੇ ਹਰੇਕ ਵਰਗ ਨਾਲ ਸਬੰਧਿਤ ਵਿਅਕਤੀਆਂ ਨੇ ਭਾਗ ਲਿਆ।ਇਹ ਵਾਕਥਨ ਲਿਟਲ ਫਲਾਵਰ ਕਾਨਵੈਂਟ ਸਕੂਲ, ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਪੰਚਾਇਤ ਭਵਨ, ਜਹਾਜ਼ ਚੌਂਕ, ਹਨੂੰਮਾਨ ਚੌਂਕ, ਗੀਤਾ ਭਵਨ ਰੋਡ ਰਾਹੀਂ ਹੁੰਦੀ ਹੋਈ ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਸਮਾਪਤ ਹੋਈ। ਇਸ ਵਾਕਥਨ ਦੌਰਾਨ ਵਿਦਿਆਰਥੀਆਂ ਅਤੇ ਜ਼ਿਲ੍ਹਾ ਵਾਸੀਆਂ ਨੇ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਦਾ ਸੁਨੇਹਾ ਦੇਣ ਦੇ ਨਾਲ ਨਸ਼ਿਆਂ ਖ਼ਿਲਾਫ਼ ਆਪਣੀ ਅਵਾਜ਼ ਬੁਲੰਦ ਕੀਤੀ।


**Change of Name**

I, Pawan Kumar S/o Sant Ram R/o H.No. 237, Street No. 11, Rattan Nagar Near Gulab Devi Hospital Road, Jalandhar City (PB) have changed my name from Pawan Kumar to Pawan Kumar Sharma. Concerned Note.

I PARDEEP KUMAR S/O RAM SAROOP, Residing at VPO Patara, Jalandhar, Punjab 144101, have changed my name from PARDEEP KUMAR VERMA to PARDEEP KUMAR. all concerned please note.

I hitherto known as Meenu Bala D/o Vinod kumar sharma R/o Vishkarma nagar sharma General store tehsil & distt Pathankot 145001 have changed my name and shall hereafter be known as Priya Sharma.

I, Reeta W/o Kishor Chand R/o Vpo Gharyala,Tehsil Patti Distt Tarn Taran, Punjab have changed my name from Reeta to Rita Rani

I, Vijay Kumar S/o Ram Surat R/o 8, Gali No.4, Amar Avenue, Bohri Sahib Road, Amritsar have declare that Vijay is my Given name and Kumar is my Surname

I, Karamjit Singh Bal S/o Sajjan Singh R/o Vpo Timmowal, Tehsil Baba Bakala, Distt Amritsar have changed my name from Karamjit Singh Bal to Karamjit Singh

I, Suchcha Singh S/o Samma Singh R/o Village Algon Khurd PO. Algon Kothi, Tehsil Patti, Distt. Amritsar have changed my name from Suchcha Singh to Sucha Singh. All concerns should note.

I, Sawaran Singh S/o Harbhajan Singh R/o Gurdwara, VPO Kasel, Tehsil & Distt. TarnTaran, Punjab-143105 have changed my name from Sawaran Singh to Swarn Singh.

I, Hari Pal S/O Baldev Ram Village Moutian P/O Barian Kalan Tehsil Garhshankar Distt Hoshiarpur Punjab India. I Have Changed My Minor Son Name From Jaspeen To Jaspeen Jaspeen.

I, Abhi Kumar S/o Ashok Kumar R/o H.No. 95, Sodal Road, Kot Baba Deep Singh Nagar, Jalandhar, Punjab-144004, have changed my name from Abhi Kumar to Kumar Abhi. My name is Abhi and Surname is Kumar.

I, Harnam Dass S/o Bhagat Ram R/o Vill. Tanda. Dashmesh Nagar, Teh. Tanda. Distt. Hoshiarpur, Punjab. Declare Thar in my Aadhar Card and Other Documents my name is Mentioned as Harnam Dass but my Son Balvir Singh's Passport No. R3461654 my name in Mentioned as Harnam Singh Which is Incorrect and my Correct name is Harnam Dass.


## ਜ਼ਿਲ੍ਹਾ ਗੁਰਦਾਸਪੁਰ 'ਚ ਵਿਲੇਜ ਡਿਫੈਂਸ ਕਮੇਟੀਆਂ ਦੀ ਮੀਟਿੰਗ 4 ਨੂੰ : ਡੀਸੀ

ਗੁਰਦਾਸਪੁਰ (ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰਾਜ ਸਰਕਾਰ ਵੱਲੋਂ ਅਗਲੇ ਮਹੀਨੇ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਨਾਲ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾਣਗੀਆਂ। ਇਸ ਮੀਟਿੰਗ ਦੀ ਤਿਆਰੀ ਸਬੰਧੀ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 4 ਮਈ ਨੂੰ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਨਾਲ ਮੀਟਿੰਗ ਕੀਤੀ ਜਾਵੇਗੀ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਦਾ ਸਾਥ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਚਲਾਇਆ ਜਾ ਰਿਹਾ ਹੈ ਅਤੇ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਜ਼ਿਲ੍ਹਾ ਗੁਰਦਾਸਪੁਰ ਆਪਣਾ ਮੋਹਰੀ ਰੋਲ ਅਦਾ ਕਰੇਗਾ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ 4 ਮਈ 2025 ਨੂੰ ਹੋਣ ਵਾਲੀ ਵਿਲੇਜ ਡਿਫੈਂਸ ਕਮੇਟੀਆਂ (ਪਿੰਡਾਂ ਦੇ ਪਹਿਰੇਦਾਰ) ਦੀ ਤਿਆਰੀ ਆਰੰਭ ਕਰ ਦੇਣ ਅਤੇ ਇਹ ਯਕੀਨੀ ਬਣਾਉਣ ਕਿ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦੇ ਇਸ ਮੀਟਿੰਗ ਵਿੱਚ ਭਾਗ ਲੈਣ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸਡੀਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐਸਡੀਐੱਮ ਬਟਾਲਾ ਵਿਕਰਮਜੀਤ ਸਿੰਘ, ਡੀ. ਡੀ. ਪੀ. ਓ. ਗੁਰਪ੍ਰੀਤ ਸਿੰਘ ਗਿੱਲ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਸਥਾਨਕ ਸਰਕਾਰਾਂ ਮੰਤਰੀ ਨੇ ਪੰਡੋਰੀ ਰੁਕਮਨ ਦੇ ਪਿੰਡ ਵਾਸੀਆਂ ਦੀਆਂ ਸੁਣੀਆਂ ਸਮੱਸਿਆਵਾਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਾਜ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦੀ ਜ਼ਮੀਨੀ ਪੱਧਰ 'ਤੇ ਜਾਣੂ ਅਤੇ ਲੋਕਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਦੇ ਪਿੰਡ ਪੰਡੋਰੀ ਰੁਕਮਨ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਦਾ ਭਰੋਸਾ ਦਿਵਾਇਆ। ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਲੋਕਤੰਤਰ ਵਿਵਸਥਾ ਦੀ ਰੀੜ ਦੀ ਹੱਡੀ ਹਨ ਅਤੇ ਪਿੰਡਾਂ ਦੇ ਵਿਕਾਸ ਵਿਚ ਇਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਰਪੰਚਾਂ ਲਈ 2000 ਰੁਪਏ ਪ੍ਰਤੀ ਮਹੀਨਾ ਮਾਣ-ਭੱਤੇ ਦੀ ਸ਼ੁਰੂਆਤ ਕੀਤੀ ਹੈ ਜੋ ਉਨ੍ਹਾਂ ਦੇ ਚੁਣੇ ਜਾਣ ਦੇ ਦਿਨ ਤੋਂ ਲਾਗੂ ਹੋਵੇਗਾ। ਇਹ ਕਦਮ ਸਰਕਾਰ ਦੀਆਂ ਪੰਚਾਇਤਾਂ ਅਤੇ ਪੇਂਡੂ ਵਿਕਾਸ ਪ੍ਰਤੀ ਗੰਭੀਰਤਾ ਨੂੰ ਦਰਸਾਉਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਵਲੋਂ ਪੰਚਾਇਤਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਤਾਂ ਜੋ ਲੋਕ ਹਿਤੈਸ਼ੀ ਯੋਜਨਾਵਾਂ ਦਾ ਲਾਭ ਹਰੇਕ ਵਿਅਕਤੀ ਤੱਕ ਪਹੁੰਚ ਸਕੇ। ਇਸ ਮੌਕੇ ਹਰਪ੍ਰੀਤ ਸਿੰਘ ਧਾਮੀ, ਸਰਪੰਚ ਮਨਜਿੰਦਰ ਕੌਰ, ਮਨਜੀਤ ਸਿੰਘ ਚੱਡਾ, ਸਰਪੰਚ ਨਸਰਾਲਾ ਜਰਨੈਲ ਸਿੰਘ, ਸੁਖਦੇਵ ਸਿੰਘ, ਜਤਿੰਦਰ ਸਿੰਘ ਪੰਨੂ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।

## ਮੁੱਖ ਮੰਤਰੀ ਨੇ ਨਸ਼ਾ ਮੁਕਤ ਹਰਿਆਣਾ ਸਾਇਕਲੋਥਾਨ 2.0 ਨੂੰ ਜੀਂਦ ਤੋਂ ਝੰਡੀ ਵਿਖਾ ਕੇ ਕੀਤਾ ਰਵਾਨਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਸ਼ਾ ਮੁਕਤ ਹਰਿਆਣਾ ਸੰਕਲਪ ਦੇ ਨਾਲ ਚਲ ਰਹੀ ਰਾਜ ਪੱਧਰੀ ਸਾਇਕਲੋਥਾਨ 2.0 ਨੂੰ ਜੀਂਦ ਤੋਂ ਝੰਡੀ ਵਿਖਾ ਕੇ ਰਵਾਨਾ ਕੀਤਾ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਨਸ਼ੇ ਦੇ ਵਿਰੁੱਧ ਇਸ ਲੜਾਈ ਨੂੰ ਖਾਪ ਪੰਚਾਇਤਾਂ, ਨੌਜੁਆਨਾਂ, ਮਹਿਲਾਵਾਂ, ਅਧਿਆਪਕਾਂ ਅਤੇ ਸਮਾਜ ਦੇ ਸਾਰੇ ਵਰਗਾਂ ਨੂੰ ਮਿਲ ਕੇ ਸਫਲ ਬਣਾਉਣਾ ਹੋਵੇਗਾ।ਸਾਡਾ ਟੀਚਾ ਨਸ਼ਾ ਮੁਕਤ, ਸਿਹਤ ਅਤੇ ਸਸ਼ਕਤ ਹਰਿਆਣਾ ਬਣਾਉਣਾ ਹੈ। ਇਹ ਸਾਇਕਲ ਯਾਤਰਾ ਨਸ਼ੇ ਤੋਂ ਲੜਨ, ਜਾਗਰੂਕਤਾ ਲਿਆਉਣ ਅਤੇ ਏਕਤਾ ਨਾਲ ਸਮਾਜ ਨੂੰ ਨਸ਼ੇ ਨੂੰ ਖਤਮ ਕਰਨ ਦੇ ਸੰਕਲਪ ਦਾ ਪ੍ਰਤੀਕ ਹੈ।ਉਨ੍ਹਾਂ ਨੇ ਕਿਹਾ ਕਿ ਖਾਪ ਪੰਚਾਇਤਾਂ ਸਾਡੇ ਸਮਾਜਿਕ ਤਾਨੇ-ਬਾਨੇ ਦਾ ਪ੍ਰਾਚੀਨ ਕਾਲ ਤੋਂ ਹੀ ਅਨਿੱਖੜਾ ਅੰਗ ਰਹੀਆਂ ਹਨ।ਹਰਿਆਣਾ ਵਿੱਚ ਸੂਬੇ ਦੀ ਗਣਰਾਜ ਪਰੰਪਰਾ, ਖਾਪ ਅਤੇ ਸਰਵਖਾਪ ਪੰਚਾਇਤਾਂ ਦੇ ਰੂਪ ਵਿਚ ਮੌਜੂਦ ਰਹੀ ਹੈ।ਇਤਿਹਾਸ ਗਵਾਹ ਹੈ ਕਿ ਹਰਿਆਣਾ ਦੀ ਇਸ ਪੰਚਾਇਤ ਪਰੰਪਰਾ ਨੇ ਕਈ ਬਾਰ ਵਿਦੇਸ਼ੀ ਸ਼ਕਤੀਆਂ ਨਾਲ ਲੋਹਾ ਲਿਆ। ਕਈ ਵੱਡੇ ਫੈਸਲੇ ਖਾਪਾਂ ਨੇ ਲਏ ਹਨ।ਉਨ੍ਹਾਂ ਨੇ ਕਿਹਾ ਕਿ 5 ਅਪ੍ਰੈਲ ਨੂੰ ਹਿਸਾਰ ਤੋਂ ਸ਼ੁਰੂ ਹੋਈ ਸਾਈਕਲ ਰੈਲੀ ਵੱਖ ਵੱਖ ਜ਼ਿਲ੍ਹਾਂ ਤੋਂ ਹੁੰਦੀ ਹੋਈ ਜੀਂਦ ਪਹੁੰਚ ਚੁੱਕੀ ਹੈ।ਬਰਵਾਲਾ ਫਤਿਹਾਬਾਦ ਤੋਂ ਹੋਂਦੇ ਹੋਏ 27 ਅਪ੍ਰੈਲ ਨੂੰ ਸਿਰਸਾ ਵਿੱਚ ਇਸ ਦਾ ਸਮਾਪਨ ਹੋਵੇਗਾ।

## ਨਸ਼ਿਆਂ ਦੇ ਖਾਤਮੇ ਤੇ ਪੀੜਤਾਂ ਦੇ ਪੁਨਰਵਾਸ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਤੇਜ਼ ਕੀਤੀ ਮੁਹਿੰਮ : ਆਸ਼ਿਕਾ ਜੈਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨਸ਼ੇ ਦੀ ਗ੍ਰਿਫਤ ਵਿਚ ਆਏ ਨੌਜਵਾਨਾਂ ਦੇ ਇਲਾਜ ਤੇ ਪੁਨਰਵਾਸ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ।ਇਸ ਮੁਹਿੰਮ ਵਿਚ ਪੁਲਸ, ਸਿਹਤ ਵਿਭਾਗ ਅਤੇ ਸਮਾਜਿਕ ਸੰਗਠਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਵੱਖ-ਵੱਖ ਵਿਭਾਗਾਂ ਵਲੋਂ ਚਲਾਈ ਜਾ ਰਹੀ ਇਸ ਮੁਹਿੰਮ ਦੀ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਨਸ਼ੇ ਦੀ ਸਮਾਜਿਕ ਬੁਰਾਈ ਨੂੰ ਜੜ ਤੋਂ ਖਤਮ ਕਰਨ ਲਈ ਇਕਜੁਟ ਹੋ ਕੇ ਸਮਰਪਿਤ ਭਾਵ ਨਾਲ ਕੰਮ ਕਰਨ।ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੱਤੀ ਕਿ ਜ਼ਿਲ੍ਹੇ ਵਿਚ ਇਸ ਮੁਹਿੰਮ ਤਹਿਤ ਹੁਣ ਤੱਕ 527 ਸੰਪਰਕ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ ਅਤੇ 970 ਵਿਲੇਜ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਕਮੇਟੀਆਂ ਪਿੰਡ ਪੱਧਰ 'ਤੇ ਨਸ਼ਾ ਵਿਰੋਧੀ ਚੇਤਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ।ਆਸ਼ਿਕਾ ਜੈਨ ਨੇ ਸਮੂਹ ਐਸ.ਡੀ.ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਖੇਤਰਾਂ ਵਿਚ ਸਬੰਧਤ ਡੀ.ਐਸ.ਪੀ. ਨਾਲ ਮਿਲ ਕੇ ਮੀਟਿੰਗਾਂ ਕਰਨ ਅਤੇ ਇਸ ਮੁਹਿੰਮ ਨੂੰ ਹੋਰ ਤੇਜ਼ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ, ਐਸ.ਪੀ. ਮੇਜਰ ਸਿੰਘ, ਐਸ.ਡੀ.ਐਮ. ਗੜ੍ਹਸ਼ੰਕਰ ਹਰਬੰਸ ਸਿੰਘ, ਐਸ.ਡੀ.ਐਮ. ਮੁਕੇਰੀਆਂ ਕੰਵਲਜੀਤ ਸਿੰਘ, ਐਸ.ਡੀ.ਐਮ. ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ. ਟਾਂਡਾ ਪਰਮਪ੍ਰੀਤ ਸਿੰਘ, ਸਿਵਲ ਸਰਜਨ ਡਾ. ਪਵਨ ਕੁਮਾਰ ਸਮੇਂ ਕਈ ਹੋਰ ਅਧਿਕਾਰੀ ਮੌਜੂਦ ਸਨ।

## ਪੁਲਸ ਨੇ 110 ਮੋਬਾਇਲ ਫੋਨ ਕੀਤੇ ਰਿਕਵਰ

**ਜਲੰਧਰ (ਸ਼ੈਲੀ ਐਲਬਰਟ)**— ਪੰਜਾਬ ਪੁਲਸ ਵੱਲੋਂ ਜਨਤਾ ਦੀ ਸੁਰੱਖਿਆ ਅਤੇ ਸੰਪਤੀ ਦੀ ਬਹਾਲਗੀ ਲਈ ਚਲਾਈ ਜਾ ਰਹੀ ਮੁਹਿੰਮ ਹੇਠ, ਸੀਨੀਅਰ ਪੁਲਸ ਕਪਤਾਨ ਹਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪੁਲਸ ਕਪਤਾਨ (ਇਨਵੈਸਟੀਗੇਸ਼ਨ) ਸਰਬਜੀਤ ਰਾਏ ਦੀ ਅਗਵਾਈ ਹੇਠ ਇਕ ਵਿਸ਼ੇਸ਼ ਟੀਮ ਦਾ ਗਠਨ ਕਰਕੇ 110 ਮੋਬਾਇਲ ਫ਼ੋਨ ਜੋ ਲਗਭਗ 20,50,000/- ਕੀਮਤ ਦੇ ਹਨ, ਰਿਕਵਰ ਕਰਕੇ ਅਸਲ ਮਾਲਕਾਂ ਦੇ ਹਵਾਲੇ ਕੀਤੇ ਹਨ। ਇਹ ਸਾਰੇ ਮੋਬਾਇਲ ਫੋਨ ਜਲੰਧਰ ਅਤੇ ਨੇੜਲੇ ਇਲਾਕਿਆਂ ਤੋਂ ਗੁੰਮ ਹੋਏ ਸਨ।ਡੀ. ਐਸ. ਪੀ. ਰਜਿੰਦਰ ਸਿੰਘ ਅਤੇ ਇੰਸਪੈਕਟਰ ਅਸ਼ਪ੍ਰੀਤ ਕੌਰ ਇੰਚਾਰਜ ਸਾਈਬਰ ਕ੍ਰਾਇਮ ਤੇ ਉਨ੍ਹਾਂ ਦੀ ਟੀਮ ਵੱਲੋਂ ਲਗਾਤਾਰ ਮਿਹਨਤ ਕਰਕੇ ਮੋਬਾਇਲ ਫ਼ੋਨ ਲੱਭ ਕੇ ਮਾਲਕਾਂ ਦੇ ਹਵਾਲੇ ਕੀਤੇ ਗਏ ਹਨ।

## ਸੀਚੇਵਾਲ ਨੇ ਗ੍ਰਾਮ ਪੰਚਾਇਤ ਸਿੰਘਮ ਮੁਰਜ਼ੱਦੀ ਨੂੰ ਪਾਣੀ ਵਾਲਾ ਟੈਂਕਰ ਭੇਟ ਕੀਤਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਸੰਤ ਬਲਵੀਰ ਸਿੰਘ ਸੀਚੇਵਾਲ ਮੈਂਬਰ ਪਾਰਲੀਮੈਂਟ (ਰਾਜ ਸਭਾ) ਨੇ ਨਿਰਮਲ ਕੁਟੀਆ ਸੀਚੇਵਾਲ (ਸੁਲਤਾਨਪੁਰ ਲੋਧੀ) ਵਿਖੇ ਗ੍ਰਾਮ ਪੰਚਾਇਤ ਪਿੰਡ ਸਿੰਘਮ ਮੁਰਜ਼ੱਦੀ ਨੂੰ ਪਾਣੀ ਵਾਲਾ ਟੈਂਕਰ ਐਮ ਪੀ ਲੈਂਡ ਫੰਡ 'ਚੋਂ ਭੇਟ ਕਰਦਿਆਂ ਕੀਤਾ।ਸਰਪੰਚ ਕੁਲਦੀਪ ਕੁਮਾਰ ਸਰਪੰਚ ਸਿੰਘਮ ਮੁਰਜ਼ੱਦੀ ਦੇ ਵੱਡੇ ਉੱਦਮ ਤੇ ਸ਼ੁਭ ਸ਼ਖ਼ਸੀਅਤਾਂ ਦੇ ਯਤਨਾਂ ਸਦਕਾ ਪਿੰਡ ਸਿੰਘਮ ਮੁਰਜ਼ੱਦੀ ਨੂੰ ਸਟੀਲ ਨਾਲ ਬਣਿਆ, 5000 (ਪੰਜ ਹਜ਼ਾਰ) ਲੀਟਰ ਪਾਣੀ ਦੀ ਸਮਰੱਥਾ ਵਾਲਾ, ਲੱਗਭੱਗ ਸਾਡੇ ਤਿੰਨ ਲੱਖ ਦੀ ਲਾਗਤ ਨਾਲ ਤਿਆਰ ਹੋਇਆ ਪਾਣੀ ਵਾਲਾ ਟੈਂਕਰ ਪਿੰਡ ਨੂੰ ਮਿਲਿਆ ਹੈ।ਜਦੋਂ ਇਹ ਟੈਂਕਰ ਪਿੰਡ ਸਿਧਮ ਮੁਰਜ਼ੱਦੀ ਵਿਖੇ ਪਹੁੰਚਿਆ ਤਾਂ ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਨੇ ਸੰਤ ਬਲਵੀਰ ਸਿੰਘ ਸੀਚੇਵਾਲ ਵਾਲਿਆਂ ਦਾ ਧੰਨਵਾਦ ਕੀਤਾ। ਪਿੰਡ ਵਿੱਚ ਪਹੁੰਚੇ ਟੈਂਕਰ ਦੀ ਖੁਸ਼ੀ ਚੁੱਕਾਈ ਗਈ ਸਰਪੰਚ ਕੁਲਦੀਪ ਕੁਮਾਰ, ਮੈਂਬਰ ਪੰਚਾਇਤ ਪਰਮਜੀਤ ਸਿੰਘ ਪੱਪੂ, ਰਾਮ ਲੁਭਾਇਆ, ਬੀਬੀ ਸੁਰਜੀਤ ਕੌਰ, ਬੀਬੀ ਨੀਲਮ ਰਾਣੀ, ਮਿੰਟੂ ਲੰਗਾਹ, ਡਾ. ਵਿਜੇ ਕੁਮਾਰ ਸਿੰਘਮ ਸੰਚਾਲਕ ਸਿੰਘਮ ਦਵਾਖਾਨਾ, ਸਮਾਜ ਸੇਵਕ ਰਾਜ ਕੁਮਾਰ, ਜਸਵੀਰ ਸਿੰਘ ਯੋਧਾ, ਸ. ਕਸ਼ਮੀਰ ਸਿੰਘ, ਨਿਰਮਲ ਸਿੰਘ, ਅਮਰੀਕ ਮੀਕਾ, ਵਰਿੰਦਰ ਵਿੱਕੀ, ਹਰਜਿੰਦਰ ਕੁਮਾਰ ਟੈਨੀ, ਸੰਦੀਪ ਸਿੰਘ, ਇੰਦਰਜੀਤ, ਪਰਮਜੀਤ ਪੰਮਾ, ਜੱਗਾ ਸ਼ਾਦੀਪੁਰ ਵਾਲਾ ਤੇ ਹੋਰ ਅਨੇਕਾਂ ਸ਼ਖਸੀਅਤਾਂ ਅਤੇ ਨਗਰ ਨਿਵਾਸੀ ਹਾਜ਼ਰ ਸਨ।



## ਵਧੀਕ ਡਿਪਟੀ ਕਮਿਸ਼ਨਰ ਨੇ ਮੈਰਾਥਨ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਨਵਾਂਸ਼ਹਿਰ (ਮਨੋਜ ਲਾਡੀ)** ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 26 ਅਪ੍ਰੈਲ, ਦਿਨ ਸਨਿੱਚਰਵਾਰ ਨੂੰ ਕਰਵਾਈ ਜਾ ਰਹੀ ਵਿਸ਼ਾਲ ਮੈਰਾਥਨ ਦੀਆਂ ਤਿਆਰੀਆਂ ਦਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਜੀਵ ਵਰਮਾ ਵੱਲੋਂ ਜਾਇਜ਼ਾ ਲਿਆ ਗਿਆ।



ਇਸ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਉਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਅਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫਰਜ਼ ਨਿਭਾਉਣਗੇ।ਇਸ ਦੌਰਾਨ ਉਨਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ, ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮੈਰਾਥਨ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਸਮਾਜ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿਚ ਭਾਗੀਦਾਰੀ ਵਧਾਉਣਾ ਹੈ।ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਅਤੇ ਰਾਜਾ ਹਸਪਤਾਲ, ਬਾਰਾਦਰੀ ਬਾਗ਼, ਸਰਕਾਰੀ ਮੁੜ ਵਸੇਬਾ ਕੇਂਦਰ ਅਤੇ ਬਾਬਾ ਸਾਹਿਬ ਡਾ. ਬੀ. ਆਰ ਅੰਬੇਡਕਰ ਚੌਂਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ ਗਰਾਊਂਡ ਵਿਖੇ ਸਮਾਪਤ ਹੋਵੇਗੀ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ, ਸਹਾਇਕ ਕਮਿਸ਼ਨਰ ਜਨਰਲ ਰੋਹਿਤ ਜਿੰਦਲ, ਸੀ.ਐਮ ਫੀਲਡ ਅਫ਼ਸਰ ਜਗਦੀਪ ਸਿੰਘ, ਜਿਲਾ ਮਾਲ ਅਫ਼ਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨਿਧੀ ਸਿਨਹਾ, ਡੀ.ਐਸ.ਪੀ ਸੁਰਿੰਦਰ ਚਾਂਦ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਪੰਜਾਬ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਚੇਅਰਮੈਨ ਨੇ ਕੀਤੀ ਸਮੀਖਿਆ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਚੇਅਰਮੈਨ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਮੋਹਾਲੀ ਕਨਵਰਦੀਪ ਸਿੰਘ ਦੀ ਪ੍ਰਧਾਨਗੀ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਨਸ਼ੇ ਦੇ ਖਿਲਾਫ ਚਲਾਏ ਜਾ ਰਹੇ ਜੁਆਇੰਟ ਐਕਸ਼ਨ ਪਲਾਨ ਤਹਿਤ ਜ਼ਿਲ੍ਹੇ ਦੇ ਸਮੂਹ ਸਟੇਕਹੋਲਡਰਾਂ ਦੇ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਸ਼ਿਆਂ ਦੀ ਵਰਤੋਂ ਅਤੇ ਇਨ੍ਹਾਂ ਦੇ ਦੁਸ਼ਟ ਪ੍ਰਭਾਵਾਂ ਤੋਂ ਦੂਰ ਰੱਖਣ ਦੇ ਲਈ ਉਲੀਕੇ ਗਏ ਪਲਾਨ ਤਹਿਤ ਵੱਖ-ਵੱਖ ਸਟੇਕਹੋਲਡਰਾਂ ਵੱਲੋਂ ਕੀਤੇ ਗਏ ਕੰਮਾਂ ਦਾ ਜਾਇਜਾ ਲਿਆ ਗਿਆ। ਚੇਅਰਮੈਨ ਵਲੋਂ ਬੱਚਿਆਂ ਨੂੰ ਮੈਡੀਕਲ ਨਸ਼ਾ ਵੇਚੇ ਜਾਣ ਤੋਂ ਰੋਕਣ ਲਈ ਜ਼ਿਲ੍ਹੇ ਵਿੱਚ ਚੱਲ ਰਹੇ ਸਾਰੇ ਮੈਡੀਕਲ ਸਟੋਰਾਂ ਵਿੱਚ ਸੀ ਸੀ ਟੀ ਵੀ ਕੈਮਰੇ ਲਗਾਏ ਜਾਣ ਦੀ ਪ੍ਰਕਿਰਿਆ ਨੂੰ ਸਖਤੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ ਗਿਆ ਅਤੇ ਇਨ੍ਹਾਂ ਕੈਮਰਿਆਂ ਦੀ ਰੁਟੀਨ ਚੈਕਿੰਗ ਕਰਨ ਲਈ ਜ਼ਿਲ੍ਹਾ ਡਰੱਗ ਕੰਟਰੋਲ ਅਥਾਰਿਟੀ ਨੂੰ ਹਦਾਇਤ ਕੀਤੀ ਗਈ।ਚੇਅਰਮੈਨ ਨੇ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਕਿ ਸਕੂਲਾਂ ਵਿੱਚ ਬੱਚਿਆਂ ਦੇ ਜੋ ਪ੍ਰਹਾਰੀ ਕਲੱਬ ਬਣਾਏ ਗਏ ਹਨ ਉਨ੍ਹਾਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਗਤੀਵਿਧੀਆਂ ਕਰਵਾਈਆਂ ਜਾਣ ਤਾਂ ਜੋ ਬੱਚੇ ਨਸ਼ਿਆਂ ਦੇ ਦੁਸ਼ਟ ਪ੍ਰਭਾਵਾਂ ਤੋਂ ਜਾਣੂ ਹੋ ਸਕਣ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ ਸਮੇਂ ਤੋਂ ਬਾਅਦ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਬੱਚਿਆਂ ਦੇ ਲਈ ਖੇਡ ਕੋਚਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਇਸ ਕੰਮ ਦੇ ਲਈ ਉਨ੍ਹਾਂ ਸਿੱਖਿਆ ਵਿਭਾਗ ਅਤੇ ਖੇਡ ਵਿਭਾਗ ਨੂੰ ਆਪਣਾ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਹਦਾਇਤ ਕੀਤੀ ਗਈ। ਚੇਅਰਪਰਸਨ ਦੁਆਰਾ ਜ਼ਿਲ੍ਹਾ ਐਕਸਾਈਜ਼ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਜ਼ਿਲ੍ਹੇ ਦੇ ਕਿਸੇ ਵੀ ਸਕੂਲ ਦੇ ਸੌ ਗਜ ਘੇਰੇ ਦੇ ਅੰਦਰ ਕੋਈ ਵੀ ਸ਼ਰਾਬ ਜਾਂ ਤੰਬਾਕੂ ਉਤਪਾਦ ਵੇਚਣ ਵਾਲੀ ਕੋਈ ਦੁਕਾਨ ਨਾ ਹੋਵੇ।ਮੀਟਿੰਗ ਦੌਰਾਨ ਜੁਆਇੰਟ ਡਾਇਰੈਕਟਰ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਰਾਜਵਿੰਦਰ ਸਿੰਘ ਗਿੱਲ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਸਬ ਡਵੀਜਨਲ ਮੈਜਿਸਟ੍ਰੇਟ ਹੁਸ਼ਿਆਰਪੁਰ ਸੰਜੀਵ ਸ਼ਰਮਾਂ, ਜਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ, ਹਰਜੀਤ ਕੌਰ ਚੇਅਰਪਰਸਨ ਬਾਲ ਭਲਾਈ ਕਮੇਟੀ, ਪੁਲਸ ਵਿਭਾਗ ਤੋਂ ਨੁਮਾਇੰਦੇ, ਜ਼ਿਲ੍ਹਾ ਸਿੱਖਿਆ ਅਫਸਰ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ, ਜ਼ਿਲ੍ਹਾ ਐਕਸਾਇਜ ਅਫਸਰ, ਇੰਚਾਰਜ ਪੁਨਰ ਵਸੇਬਾ ਕੇਂਦਰ, ਮੈਂਬਰ ਜੁਵੇਨਾਈਲ ਜਸਟਿਸ ਬੋਰਡ ਵੀ ਹਾਜਰ ਸਨ।

## ਸੀ.ਟੀ. ਗਰੁੱਪ ਨੇ ਪਹਿਲਗਾਮ ਦੇ ਆਤੰਕੀ ਹਮਲੇ ਦੀ ਨਿੰਦਾ ਕਰਦਿਆਂ, ਇਨਸਾਨੀ ਜ਼ੰਜੀਰ ਬਣਾਈ




**ਜਲੰਧਰ (ਸ਼ੈਲੀ ਐਲਬਰਟ)**- ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਹਾਲ ਹੀ ਵਿੱਚ ਪਹਿਲਗਾਮ, ਕਸ਼ਮੀਰ 'ਚ ਹੋਏ ਆਤੰਕੀ ਹਮਲੇ ਦੀ ਨਿੰਦਾ ਕਰਦਿਆਂ ਇੱਕ ਸ਼ਾਂਤੀਪੂਰਨ ਇਨਸਾਨੀ ਜ਼ੰਜੀਰ ਬਣਾਈ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕੈਂਪਸ ਵਿੱਚ ਇੱਕਜੁੱਟ ਹੋ ਕੇ ਸ਼ਾਂਤੀ, ਸਹਿਣਸ਼ੀਲਤਾ ਅਤੇ ਸਾਂਝੇ ਮੇਲ-ਜੋਲ ਦਾ ਸੰਦੇਸ਼ ਦਿੱਤਾ। ਜੋ ਇਲਾਕੇ, ਧਰਮ ਅਤੇ ਪਛਾਣ ਦੀਆਂ ਸੀਮਾਵਾਂ ਤੋਂ ਪਰੇ ਸੀ।ਇਸ ਮੁਹਿੰਮ ਦੇ ਤਹਿਤ, ਏ.ਸੀ.ਪੀ. ਬਬਨਦੀਪ ਲੁਬਾਣਾ ਨੇ ਕਸ਼ਮੀਰੀ ਵਿਦਿਆਰਥੀਆਂ ਲਈ ਮਾਨਸਿਕ ਸਿਹਤ ਅਤੇ ਭਾਵਨਾਤਮਕ ਸਹਾਇਤਾ 'ਤੇ ਇੱਕ ਵਿਸ਼ੇਸ਼ ਵਰਕਸ਼ਾਪ ਕੀਤੀ। ਇਸ ਸੈਸ਼ਨ ਦਾ ਮਕਸਦ ਉਹਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨਾ ਅਤੇ ਉਹਨਾਂ ਨੂੰ ਕੈਂਪਸ ਵਿੱਚ ਸੁਰੱਖਿਅਤ ਅਤੇ ਸਹਾਰਾ ਮਹਿਸੂਸ ਕਰਵਾਉਣਾ ਸੀ।ਡੀਨ ਸਟੂਡੈਂਟ ਵੈਲਫੇਅਰ, ਡਾ. ਅਰਜਨ ਸਿੰਘ ਨੇ ਕਿਹਾ, 'ਅਸੀਂ ਸਿਰਫ਼ ਇੱਕ ਸਿੱਖਿਅਕ ਸੰਸਥਾ ਨਹੀਂ, ਸਗੋਂ ਇੱਕ ਪਰਵਾਰ ਹਾਂ। ਸਾਡੇ ਵਿਦਿਆਰਥੀ, ਭਾਵੇਂ ਕਿਸੇ ਵੀ ਥਾਂ ਤੋਂ ਹੋਣ, ਉਹਨਾਂ ਨੂੰ ਦੇਖਭਾਲ, ਇੱਜ਼ਤ ਅਤੇ ਏਕਤਾ ਦਾ ਹੱਕ ਹੈ । ਖ਼ਾਸਕਰ ਅਸ਼ਾਂਤੀ ਦੇ ਸਮੇਂ ਵਿੱਚ।' ਵਾਈਸ-ਚੇਅਰਮੈਨ, ਹਰਪ੍ਰੀਤ ਸਿੰਘ ਨੇ ਕਿਹਾ, 'ਇਹ ਇਨਸਾਨੀ ਜ਼ੰਜੀਰ ਸਿਰਫ਼ ਹੱਥ ਜੋੜਨ ਤੋਂ ਕਿਤੇ ਵੱਧ ਹੈ। ਇਹ ਹਿੰਸਾ ਅਤੇ ਨਫ਼ਰਤ ਦੇ ਖਿਲਾਫ਼, ਅਤੇ ਮਨੁੱਖਤਾ ਦੇ ਪੱਖ ਵਿੱਚ ਇੱਕ ਮਜ਼ਬੂਤ ਖੜ੍ਹਾ ਹੋਣਾ ਹੈ। ਅਸੀਂ ਇਸ ਗੱਲ 'ਤੇ ਮਾਣ ਮਹਿਸੂਸ ਕਰਦੇ ਹਾਂ ਕਿ ਅਸੀਂ ਇੱਕ ਅਜਿਹਾ ਕੈਂਪਸ ਬਣਾ ਰਹੇ ਹਾਂ ਜਿੱਥੇ ਏਕਤਾ, ਵੰਡ 'ਤੇ ਭਾਰੀ ਪੈਂਦੀ ਹੈ ।

## ਅਮਰ ਕੌਰ ਚਰਨ ਕੌਰ ਵੈੱਲਫੇਅਰ ਸੁਸਾਇਟੀ ਵੱਲੋਂ ਪਾਣੀ ਵਾਲੀ ਮੋਟਰ ਦਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਭੁੰਗਰਨੀ ਪਿੰਡ ਦੀ ਪੰਚਾਇਤ ਨੂੰ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ( ਰਜਿ) ਭੁੰਗਰਨੀ ਵੱਲੋਂ ਪੀਣ ਵਾਲੇ ਪਾਣੀ ਵਾਲੀ ਮੋਟਰ ਦਾਨ ਕੀਤੀ ਗਈ।ਪਿੰਡ ਭੁੰਗਰਨੀ ਵਿਖੇ ਪਿਛਲੇ ਤਿੰਨ ਚਾਰ ਦਿਨਾਂ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਵਾਲੀ ਮੋਟਰ ਸੜ ਗਈ ਸੀ।ਜਿਸ ਕਰਕੇ ਪਿੰਡ ਵਾਸੀ ਪੀਣ ਵਾਲੇ ਪਾਣੀ ਦੀ ਸਪਲਾਈ ਤੋਂ ਇਸ ਅੱਤ ਦੀ ਗਰਮੀ ਵਿੱਚ ਡਾਢੇ ਦੁੱਖੀ ਸਨ।ਇਸ ਮੌਕੇ ਜਨਤਾ ਦੀ ਸਮੱਸਿਆ ਨੂੰ ਦੇਖਦਿਆਂ ਹੋਇਆਂ ਮਨੁੱਖਤਾ ਦੀ ਸੇਵਾ ਸਮਝਦਿਆ ਅਮਰ ਕੌਰ ਚਰਨ ਕੌਰ ਵੈਲਫੇਅਰ ਸੁਸਾਇਟੀ ( ਰਜਿ. ) ਭੁੰਗਰਨੀ ਵੱਲੋਂ ਗ੍ਰਾਮ ਪੰਚਾਇਤ ਨੂੰ 75 ਹਜ਼ਾਰ ਰੁਪਏ ਰਾਸ਼ੀ ਦੀ ਮੋਟਰ ਗ੍ਰਾਮ ਪੰਚਾਇਤ ਨੂੰ ਦਾਨ ਕੀਤੀ ਗਈ।ਇਸ ਮੌਕੇ ਸੁਸਾਇਟੀ ਪ੍ਰਧਾਨ ਜਸਵੀਰ ਸਿੰਘ ਮਿਨਹਾਸ , ਵਾਈਸ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਕੈਸ਼ੀਅਰ ਸੁਰਜੀਤ ਸਿੰਘ ਮਸੂਤਾ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੰਸਥਾ ਦੇ ਸਰਪ੍ਰਸਤ ਡਾਕਟਰ ਹਰਦੇਵ ਸਿੰਘ ਪਰਹਾਰ ਅਮਰੀਕਾ ਅਤੇ ਡਾਕਟਰ ਬੀਬੀ ਜਸਵਿੰਦਰ ਕੌਰ ਪਰਹਾਰ ਅਮਰੀਕਾ ਜਿਨ੍ਹਾਂ ਦਾ ਇਸ ਨਗਰ ਤੇ ਬਹੁਤ ਹੀ ਵੱਡਾ ਪਰਉਪਕਾਰ ਹੈ। ਇਸ ਮੌਕੇ ਸਮੂਹ ਪਿੰਡ ਵਾਸੀਆਂ ਅਤੇ ਗ੍ਰਾਮ ਪੰਚਾਇਤ ਭੁੰਗਰਨੀ ਨੇ ਸੁਸਾਇਟੀ ਦੇ ਸਰਪ੍ਰਸਤ ਡਾਕਟਰ ਹਰਦੇਵ ਸਿੰਘ ਪ੍ਰਹਾਰ ਅਮਰੀਕਾ ਡਾਕਟਰ ਬੀਬੀ ਜਸਵਿੰਦਰ ਕੌਰ ਪਰਹਾਰ ਅਮਰੀਕਾ ਦਾ ਪਿੰਡ ਵਾਸੀਆਂ ਨੇ ਪਾਣੀ ਦੀ ਸਪਲਾਈ ਦੀ ਮੋਟਰ ਦੇਣ ਤੇ ਤਹਿ ਦਿਲੋਂ ਧੰਨਵਾਦ ਕੀਤਾ।

## ਸੜਕਾਂ ਤੋਂ ਭੀੜ-ਭੜੱਕੇ ਨੂੰ ਘਟਾਉਣ ਦੀ ਯੋਜਨਾ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੱਲੋਂ ਜ਼ਿਲ੍ਹੇ ਦੀਆਂ ਸੜਕਾਂ, ਖਾਸ ਕਰਕੇ ਏਅਰਪੋਰਟ ਰੋਡ ਦੇ ਭੀੜ-ਭੜੱਕੇ ਨੂੰ ਘਟਾਉਣ ਦੀ ਯੋਜਨਾ ਦੀ ਪ੍ਰਗਤੀ ਦੀ ਸਮੀਖਿਆ ਕਰਦੇ ਹੋਏ ਇਸ ਰੂਟ 'ਤੇ ਰੋਜ਼ਾਨਾ ਜਾਣ ਵਾਲੇ ਯਾਤਰੀਆਂ ਨੂੰ ਕੁਝ ਰਾਹਤ ਦੇਣ ਲਈ ਭੀੜ-ਭੜੱਕੇ ਨੂੰ ਘਟਾਉਣ ਦੀ ਯੋਜਨਾ 'ਤੇ ਅਧਿਕਾਰੀਆਂ ਨੂੰ ਮਿੱਥੇ ਸਮੇਂ 'ਤੇ ਕੰਮ ਕਰਨ ਲਈ ਕਿਹਾ।ਡੀ ਸੀ ਨੇ ਭੀੜ-ਭੜੱਕਾ ਘਟਾਉਣ ਦੀ ਯੋਜਨਾ ਦੇ ਹਿੱਸੇਦਾਰ ਵਿਭਾਗਾਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਭੀੜ ਭੜੱਕੇ 'ਤੇ ਤਾਂ ਹੀ ਕਾਬੂ ਪਾਇਆ ਜਾ ਸਕਦਾ ਹੈ, ਜੇਕਰ ਇਸ ਕੰਮ ਨੂੰ ਤਰਜੀਹ ਦਿੱਤੀ ਜਾਵੇ।ਉਨ੍ਹਾਂ ਸਬੰਧਤ ਵਿਭਾਗਾਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਯੋਜਨਾ ਨੂੰ ਸਾਕਾਰ ਕਰਨ ਲਈ ਲੋੜੀਂਦੇ ਸਾਰੇ ਕੰਮਾਂ ਅਤੇ ਪ੍ਰਵਾਨਗੀਆਂ ਨੂੰ ਹਰ ਪੱਧਰ 'ਤੇ ਤੇਜ਼ ਕੀਤਾ ਜਾਵੇ।ਉਨ੍ਹਾਂ ਰੇਲਵੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਬਾਵਾ ਵ੍ਹਾਈਟ ਹਾਊਸ ਤੋਂ ਸ਼ੁਰੂ ਹੋਣ ਵਾਲੇ ਨਵੇਂ ਰੂਟ 'ਤੇ ਲੰਬਿਤ ਪ੍ਰਵਾਨਗੀ ਨੂੰ ਜਲਦੀ ਪੂਰਾ ਕਰਨ ਅਤੇ ਏਅਰਪੋਰਟ ਰੋਡ 'ਤੇ ਜੇ ਐਲ ਪੀ ਐਲ ਕਰਾਸਿੰਗ 'ਤੇ ਦੋ ਵਾਧੂ ਬਾਕਸਾਂ ਦੀ ਉਸਾਰੀ ਕਰਨ ਤਾਂ ਜੋ ਆਵਾਜਾਈ ਵਿੱਚ ਪੈਦਾ ਹੋਈਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ।ਗਮਾਡਾ ਏ ਸੀ ਏ ਅਤੇ ਇੰਜੀਨੀਅਰਿੰਗ ਵਿੰਗ ਨੂੰ ਅਜੀਤ ਪ੍ਰੈਸ ਰੋਡ ਤੋਂ ਸ਼ੁਰੂ ਹੋ ਕੇ 74 ਤੱਕ ਚਾਰ-ਮਾਰਗੀ ਕਰਨ ਦੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਕਿਹਾ ਗਿਆ ਜੋ ਕਿ ਪੀ ਆਰ 6 ਨੂੰ ਮਿਲ ਕੇ ਇੱਕ ਹੋਰ ਸਮਾਨਾਂਤਰ ਸੜਕ ਪ੍ਰਦਾਨ ਕਰੇਗਾ।ਏਅਰਪੋਰਟ ਰੋਡ 'ਤੇ ਟ੍ਰੈਫਿਕ ਲਾਈਟਾਂ ਦੇ ਸਿੰਕ੍ਰੋਨਾਈਜ਼ੇਸ਼ਨ ਲਈ ਸ਼ਹਿਰ ਵਾਸੀਆਂ ਦੇ ਫੀਡਬੈਕ ਨੂੰ ਸਵੀਕਾਰ ਕਰਦੇ ਹੋਏ, ਡਿਪਟੀ ਕਮਿਸ਼ਨਰ ਸ਼੍ਰੀਮਤੀ ਮਿੱਤਲ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਮੋਹਾਲੀ ਪੁਲਿਸ ਨਾਲ ਸਲਾਹ-ਮਸ਼ਵਰਾ ਕਰਕੇ ਟ੍ਰੈਫਿਕ ਸਿਗਨਲਜ਼ ਨੂੰ ਸਿੰਕ੍ਰੋਨਾਈਜ਼ ਕਰਨ ਤਾਂ ਜੋ ਹਰੇਕ ਲਾਈਟ 'ਤੇ ਟ੍ਰੈਫਿਕ ਦੇ ਰੁਕਣ ਦਾ ਸਮਾਂ ਘਟਾਇਆ ਜਾ ਸਕੇ।

## ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ



**ਨਵਾਂਸ਼ਹਿਰ, ਬੰਗਾ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)** ਪੰਜਾਬ ਪੈਨਸ਼ਨ ਯੂਨੀਅਨ ਦੀ ਮੀਟਿੰਗ ਸ਼ਹੀਦ ਮਲਕੀਤ ਚੰਦ ਮੇਲੀ ਭਵਨ ਵਿਖੇ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਦੇਸ਼ ਦੇ ਹਾਲਾਤਾਂ ਬਾਰੇ ਚਰਚਾ ਕੀਤੀ ਗਈ। ਦੇਸ਼ ਅੰਦਰ ਅਮਨ ਕਾਨੂੰਨ ਦੀ ਭੈੜੀ ਹਾਲਤ ਲਈ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਜੋ ਪਹਿਲਗਾਮ ਵਿੱਚ ਹੋਏ ਕਤਲੇਆਮ ਖਬਰ ਸੁਣ ਕੇ ਭਾਰਤ ਆਏ ਸਨ, ਪਰ ਉਹਨਾਂ ਨੇ ਆਉਂਦਿਆਂ ਹੀ ਬਿਹਾਰ 'ਚ ਰੈਲੀ ਨੂੰ ਸੰਬੋਧਨ ਕਰਨਾ ਜ਼ਰੂਰੀ ਸਮਝਿਆ ਨਾ ਕਿ ਉਹਨਾਂ ਸ਼ਹੀਦਾਂ ਬਾਰੇ ਜਿਨ੍ਹਾਂ ਆਪਣੀ ਜਾਨ ਗਵਾਈ। ਇਸ ਦੇਸ਼ ਦੀ ਤਰਸਾਦੀ ਹੈ ਕਿ ਗੁਆਂਢੀ ਮੁਲਕ ਜੋ ਸਮੇਂ ਸਮੇਂ ਆਪਣੀਆਂ ਕੋਜੀਆਂ ਹਰਕਤਾਂ ਨਾਲ ਸਾਡੇ ਦੇਸ਼ ਦੇ ਸੁਰੱਖਿਆ ਵਾਲਾ ਅਤੇ ਆਮ ਨਾਗਰਿਕਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਇਸ ਬਾਰੇ ਸਰਕਾਰ ਬਹੁਤੀ ਚਿੰਤਤ ਨਹੀਂ ਦਿਖੀ ਹਾਲਾਂਕਿ ਗ੍ਰਹਿ ਮੰਤਰੀ ਵੱਲੋਂ ਮੌਕੇ 'ਤੇ ਜਾ ਕੇ ਘਟਨਾ ਸਥਾਨ ਦਾ ਮੁਆਇਨਾ ਵੀ ਕੀਤਾ। ਪੈਨਸ਼ਨ ਯੂਨੀਅਨ ਦੇ ਜਨਰਲ ਸਕੱਤਰ ਗੁਰਮੇਲ ਚੰਦ ਨੇ ਦੱਸਿਆ ਕਿ ਸਰਕਾਰ ਹੁਣ ਤੱਕ ਕੀਤੇ ਵਾਅਦੇ ਜੋ ਇਹਨਾਂ ਚੋਣਾਂ ਵਿੱਚ ਕੀਤੇ ਸਨ ਨੂੰ ਵੀ ਪੂਰਾ ਨਹੀਂ ਕਰ ਰਹੀ ਨਾ ਤੇ ਪੈਨਸ਼ਨਰਾਂ ਨੂੰ ਬਕਾਇਆ ਰਾਸ਼ੀ ਦੇ ਰਹੀ ਅਤੇ ਨਾ ਹੀ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਵੱਲ ਧਿਆਨ ਨਹੀਂ ਦੇ ਰਹੀ ਹੈ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਐੱਸ ਡੀ ਐੱਮ ਨਕੋਦਰ ਨੂੰ ਮੰਗ ਪੱਤਰ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਪੇਂਡੂ ਮਜ਼ਦੂਰ ਯੂਨੀਅਨ ਬੀਕੇਯੂ ਕਾਦੀਆਂ ਤੇ ਨੌਜਵਾਨ ਭਾਰਤ ਸਭਾ ਵੱਲੋਂ ਮਹਿਤਪੁਰ ਬਲਾਕ ਨੂੰ ਬੰਦ ਕਰਕੇ ਸ਼ਾਹਕੋਟ ਨਾਲ ਜੋੜਨ ਦੇ ਵਿਰੋਧ 'ਚ ਸ਼ਹਿਰ 'ਚ ਰੋਸ ਪ੍ਰਦਰਸ਼ਨ ਕਰਕੇ ਐਸ ਡੀ ਐਮ ਨਕੋਦਰ ਨੂੰ ਮੰਗ ਪੱਤਰ ਸੌਂਪਿਆ ਗਿਆ ਯੂਨੀਅਨ ਨੇ ਮੰਗ ਕੀਤੀ ਕਿ ਮਹਿਤਪੁਰ ਬਲਾਕ ਦੀਆਂ ਸੇਵਾਵਾਂ ਬੰਦ ਨਾ ਕੀਤੀਆਂ ਜਾਣ। ਇਸ ਮੌਕੇ ਪੇਂਡੂ ਮਜ਼ਦੂਰ ਦੇ ਆਗੂ ਕਸ਼ਮੀਰ ਮੰਡਿਆਲਾ ਨੌਜਵਾਨ ਭਾਰਤ ਸਭਾ ਦੇ ਸੁਖ ਮੰਡਿਆਲਾ ਤੇ ਨਵਜੋਤ ਸਿਆਣੀਵਾਲ ਬੀਕੇਯੂ ਕਾਦੀਆਂ ਦੇ ਆਗੂ ਕੁਲਜੀਤ ਸਿੰਘ ਸਲੇਮਾ ਨੇ ਸੰਬੋਧਨ ਕਰਦਿਆਂ ਕਿਹਾ ਬਲਾਕ ਮਹਿਤਪੁਰ ਨਾਲ ਬਹੁਤ ਸਾਰੇ ਪਿੰਡਾਂ ਨੂੰ ਆਸਾਨੀ ਨਾਲ ਸਹੂਲਤ ਮਿਲ ਜਾਂਦੀ ਹੈ ਜਿਆਦਾ ਦੂਰ ਨਹੀਂ ਜਾਣਾ ਪੈਂਦਾ ਪਰ ਜੇਕਰ ਬਲਾਕ ਸ਼ਾਹਕੋਟ ਨਾਲ ਜੁੜ ਜਾਂਦਾ ਹੈ ਤਾਂ ਲੋਕਾਂ ਨੂੰ ਆਪਣੇ ਰੋਜ਼ਮਰਾ ਦੇ ਕੰਮਾਂ ਲਈ ਜਿਆਦਾ ਦੂਰੀ ਕਾਰਨ ਖੱਜਲ ਖੁਆਰੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੀ ਵੱਧ ਮਾਰ ਮਜ਼ਦੂਰਾਂ ਨੂੰ ਪੈਣੀ ਹੈ ਕਿਉਂਕਿ ਦੂਰ ਹੋਣ ਕਰਕੇ ਦਿਹਾੜੀ ਛੱਡਣੀ ਪਵੇਗੀ ਉਪਰੋਂ ਸਿੱਧੀ ਬੱਸ ਦੀ ਸ਼ਾਹਕੋਟ ਨੂੰ ਸਹੂਲਤ ਨਾ ਹੋਣ ਕਰਕੇ ਵੱਧ ਕਰਾਇਆ



ਖਰਚਣਾ ਪਵੇਗਾ। ਪੰਚਾਇਤ ਨੂੰ ਵੀ ਆਪਣੇ ਕੰਮਾਂ ਲਈ ਖੱਜਲ ਖੁਆਰ ਹੋਣਾ ਪਵੇਗਾ। ਆਗੂਆਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਮੰਗ ਨਾ ਮੰਨੀ ਗਈ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਜਸਵੀਰ ਸਿੰਘ, ਨੌਜਵਾਨ ਭਾਰਤ ਸਭਾ ਦੇ ਅਮਰਜੀਤ ਮੰਡਿਆਲਾ, ਸੰਨੀ ਮੰਡਿਆਲਾ, ਰਾਜਕੁਮਾਰ ਤੇ ਬੀਕੇਯੂ ਕਾਦੀਆਂ ਦੇ ਆਗੂ ਸੁਰਜੀਤ ਸਿੰਘ, ਪਲਵਿੰਦਰ ਸਿੰਘ, ਸਿਮਰਨਜੀਤ ਪਾਲ, ਪੰਨੂ ਹਾਜ਼ਰ ਹੋਏ।

## ਜੀਤ ਲਾਲ ਭੱਟੀ ਨੇ ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਪੁਰ ਦੀ ਚਾਰਦੀਵਾਰੀ ਦਾ ਕੀਤਾ ਉਦਘਾਟਨ

**ਆਦਮਪੁਰ (ਪਰਮਜੀਤ ਸਿੰਘ)** ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਪੁਰ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਪੰਜਾਬ ਦੇ ਸਕੂਲਾਂ ਵਿੱਚ ਚੱਲ ਰਹੇ ਵੱਖ ਵੱਖ ਉਸਾਰੀ ਅਤੇ ਵਿੱਦਿਅਕ ਸੁਧਾਰਾਂ ਦੀ ਲੜੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਖੋਜਕੀਪੁਰ ਵਿੱਚ ਬਣ ਤਿਆਰ ਹੋਈ ਚਾਰਦੀਵਾਰ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਡਾਇਰੈਕਟਰ ਪਨਬਸ ਪੰਜਾਬ ਨੇ ਕੀਤਾ।ਸਭ ਤੋਂ ਪਹਿਲਾ ਬੀ ਪੀ ਈ ਓ ਰਾਜ ਕੁਮਾਰ, ਜਸਵੀਰ ਕੌਰ ਮੈਡਮ ਖੋਜਕੀਪੁਰ, ਸਮੂਹ ਟੀਚਰ ਸਟਾਫ ਸ੍ਰੀਮਤੀ ਭਜਨ ਕੌਰ, ਦਲਵੀਰ ਸਿੰਘ, ਨੀਨਾ, ਰਜਿੰਦਰ ਸਿੰਘ, ਤਰਨ ਦੀਪ ਸਿੰਘ, ਕੁਲਵਿੰਦਰ ਰਾਏ, ਬਲਵਿੰਦਰ ਸਿੰਘ ਸਾਬਕਾ ਸਰਪੰਚ ਤੁਲਸੀ ਰਾਮ, ਸਰਪੰਚ ਮਨਪ੍ਰੀਤ ਕੌਰ ਨੇ -ਹਲਕਾ ਇੰਚਾਰਜ ਜੀਤ ਲਾਲ ਭੱਟੀ ਨਾਲ ਆਈ ਉਨ੍ਹਾਂ ਦੀ ਸਮੂਹ ਟੀਮ ਦਾ ਫੁੱਲਾ ਦਾ ਗੁਲਦੱਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਤੇ ਖੋਜਕੀਪੁਰ ਪਿੰਡ ਦੇ ਰਟਾਇਰ ਲੇਬਰ ਕਮਿਸ਼ਨਰ ਰਘਵੀਰ ਸਿੰਘ ਵੱਲੋਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਿਖਿਆ ਵਿਕਾਸ ਦੀ ਪਹਿਲੀ ਪੌੜੀ ਹੁੰਦੀ ਹੈ। ਇਸ ਮੌਕੇ ਆਪ ਪਾਰਟੀ ਵਲਕਲ ਬਲਾਕ ਪ੍ਰਧਾਨ ਸਤਨਾਮ ਸਿੰਘ ਮਨਕੋਟੀਆ, ਬਲਾਕ ਪ੍ਰਧਾਨ ਮਦਨ ਸਿੰਘ, ਮੰਗਾ ਰਾਮ ਜਿਲ੍ਹਾ ਜੁਆਇੰਟ ਸਕੱਤਰ ਐਸ ਸੀ ਵਿੰਗ ਹਨਿੰਦਰ ਸਿੰਘ ਕੁਆਰਡੀਨੇਟ ਡੀ ਸੀ ਵਿੰਗ , ਮਨੋਜ ਭੱਟੀ। ਇਸ ਮੌਕੇ ਹਾਜ਼ਰ ਰਹੇ ਸਾਬਕਾ ਸਰਪੰਚ ਤੁਲਸੀ ਰਾਮ ਹੀਰ, ਸਾਬਕਾ ਸਰਪੰਚ ਗੁਰਦੇਵ ਕੌਰ, ਸਰਪੰਚ ਮਨਪ੍ਰੀਤ ਕੌਰ, ਸੁਰਜੀਤ ਹੀਰ, ਦਵਿੰਦਰ ਕੌਰ ਪੰਚ, ਗੁਰਦਿਆਲ ਸਿੰਘ, ਮਨਜੀਤ ਸਿੰਘ, ਸੰਤੋਸ਼ ਕੁਮਾਰੀ, ਅਮਨਜੋਤ, ਪ੍ਰਭਜੋਤ ਕੌਰ ਸੰਤੋਸ਼ ਕੁਮਾਰੀ, ਦਲਵੀਰ ਕੌਰ, ਕੁਲਵਿੰਦਰ ਕੌਰ ਹਜ਼ਰ ਸਨ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਕਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਸੁਲਤਾਨਪੁਰ ਲੋਧੀ ਬੀਬੀ ਨਾਨਕੀ ਦੇ ਗੁਰੂਦੁਆਰਾ ਸਾਹਿਬ ਵਿਖੇ ਹੋਈ।ਇਸ ਮੌਕੇ ਪਹਿਲਗਾਮ ਵਿਖੇ ਬੇਦੋਸ਼ੇ ਸੈਲਾਨੀਆਂ ਤੇ ਦਹਿਸ਼ਤ ਗਰਦਾਂ ਦੁਆਰਾ ਕੀਤੀ ਗਈ ਫਾਈਰਿੰਗ ਨਾਲ ਹੋਈਆਂ ਮੌਤਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਉਨ੍ਹਾਂ ਪਰਵਾਰਾਂ ਨਾਲ



ਹਮਦਰਦੀ ਪ੍ਰਗਟ ਕਰਦਿਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਰਹਿੰਦੀਆਂ ਡੀ.ਏ ਦੀਆਂ ਕਿਸਤਾਂ ਫੌਰਨ ਦਿੱਤੀਆਂ ਜਾਣ। 2.59 ਦੇ ਫ਼ਾਰਮੂਲੇ ਅਨੁਸਾਰ ਪੈਨਸ਼ਨ ਦੀ ਸੋਧ ਕੀਤੀ ਜਾਵੇ। ਮੈਡੀਕਲ ਭਤਾ 2000 ਪ੍ਰਤੀ ਮਹੀਨਾ ਲਾਗੂ ਕੀਤਾ ਜਾਵੇ।ਮੀਟਿੰਗ 'ਚ ਕਰਨੈਲ ਸਿੰਘ, ਚਰਨ ਸਿੰਘ ਹੈਬਤਪੁਰ, ਸੁੱਚਾ ਸਿੰਘ ਮਿਰਜ਼ਾਪੁਰ ਆਦਿ ਪੈਨਸ਼ਨਰਜ਼ ਸਾਥੀ ਵੱਡੀ ਗਿਣਤੀ ਵਿਚ ਹਾਜ਼ਰ ਹੋਏ।

## ਐੱਲ ਪੀ ਯੂ ਦੇ ਇੱਕ ਭਾਰਤ ਤੇ ਇੱਕ ਵਿਸ਼ਵ ਦੇ ਦੂਜੇ ਦਿਨ ਦੇਖੀ ਗਈ ਵੱਖ-ਵੱਖ ਸੱਭਿਆਚਾਰਾਂ ਦੀ ਝਲਕ



**ਜਲੰਧਰ (ਸ਼ੈਲੀ ਐਲਬਰਟ)**- ਰਵਾਇਤੀ ਧੁਨਾਂ, ਲੋਕ ਧੁਨਾਂ ਅਤੇ ਉਤਸ਼ਾਹ ਦੇ ਨਾਲ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੇ ਵੱਕਾਰੀ ਸੱਭਿਆਚਾਰਕ ਮੇਲੇ, ਇੱਕ ਭਾਰਤ ਇੱਕ ਵਿਸ਼ਵ 2025 ਦਾ ਦੂਜਾ ਦਿਨ ਦਿਲ ਨੂੰ ਛੂਹ ਲੈਣ ਵਾਲਾ ਰਿਹਾ। ਐਲਪੀਯੂ ਦੇ ਯੂਨੀਪੋਲਿਸ ਆਡੀਟੋਰੀਅਮ ਵਿੱਚ ਹੋਏ ਇਸ ਤਿੰਨ ਦਿਨਾਂ ਪ੍ਰੋਗਰਾਮ ਵਿੱਚ ਯੂਨੀਵਰਸਿਟੀ ਭਰ ਦੇ 40,000 ਤੋਂ ਵੱਧ ਵਿਦਿਆਰਥੀ ਸੱਭਿਆਚਾਰਕ ਅਮੀਰੀ, ਏਕਤਾ ਅਤੇ ਵਿਸ਼ਵਵਿਆਪੀ ਸਦਭਾਵਨਾ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਇਕੱਠੇ ਹੋਏ। ਯੂਨੀਵਰਸਿਟੀ ਦੇ ਵੱਖ-ਵੱਖ ਸਕੂਲਾਂ ਨੇ ਆਪਣੇ ਸਮਰਪਿਤ ਪ੍ਰਦਰਸ਼ਨੀ ਸਟਾਲਾਂ ਰਾਹੀਂ ਵੱਖ-ਵੱਖ ਭਾਰਤੀ ਰਾਜਾਂ ਅਤੇ ਦੇਸ਼ਾਂ ਦੀ ਨੁਮਾਇੰਦਗੀ ਕੀਤੀ। ਇਹ ਸਟਾਲ ਸਿਰਫ਼ ਪ੍ਰਦਰਸ਼ਨੀਆਂ ਤੋਂ ਪਰੇ ਜਾ ਕੇ ਸੱਭਿਆਚਾਰਕ ਅਨੁਭਵ ਬਣ ਗਏ ਜਿਨ੍ਹਾਂ ਵਿੱਚ ਖੇਤਰੀ ਪ੍ਰਤੀਕਾਂ, ਰਵਾਇਤੀ ਪਕਵਾਨਾਂ, ਹੱਥ ਨਾਲ ਬਣੀਆਂ ਕਲਾਕ੍ਰਿਤੀਆਂ, ਅਧਿਆਤਮਿਕ ਪ੍ਰਤੀਕਾਂ, ਮੰਦਰਾਂ, ਔਰਤਾਂ ਦੇ ਦਸਤਕਾਰੀ ਅਤੇ ਪ੍ਰਤੀਕਾਤਮਕ ਜਾਨਵਰ ਸ਼ਾਮਲ ਸਨ। ਰਵਾਇਤੀ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਤਿਉਹਾਰਾਂ, ਰਸਮਾਂ, ਗੀਤਾਂ ਅਤੇ ਨਾਚਾਂ ਦੀ ਇੱਕ ਜੀਵੰਤ ਲੜੀ ਪੇਸ਼ ਕੀਤੀ, ਜਿਨ੍ਹਾਂ ਵਿੱਚੋਂ ਕੁਝ ਨੇ ਸੱਭਿਆਚਾਰਕ ਦੇਵਤਿਆਂ ਦੇ ਰੂਪ ਵਿੱਚ ਵੀ ਪਹਿਰਾਵਾ ਪਾਇਆ। ਐਲਪੀਯੂ ਦੀ ਐਡੁਰਿਵੋਲਿਊਸ਼ਨ ਪਹਿਲਕਦਮੀ ਦੇ ਤਹਿਤ, ਵਿਦਿਆਰਥੀਆਂ ਨੇ ਆਪਣੇ ਆਪ ਬਣੇ ਖੇਤਰੀ ਯਾਦਗਾਰੀ ਚਿੰਨ੍ਹ ਅਤੇ ਉਤਪਾਦ ਵੀ ਵੇਚੇ, ਜਿਸ ਨਾਲ ਸੱਭਿਆਚਾਰਕ ਮਾਣ ਦੇ ਨਾਲ-ਨਾਲ ਉੱਦਮੀ ਭਾਵਨਾ ਨੂੰ ਵੀ ਉਤਸ਼ਾਹਿਤ ਕੀਤਾ ਗਿਆ।

## ਸਰਕਾਰੀ ਹਾਈ ਸਕੂਲ ਬਘਾਣਾ 'ਚ ਕਰਵਾਇਆ ਗ੍ਰਾਮ ਸਭਾ ਦਾ ਇਜਲਾਸ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** - ਰਾਸ਼ਟਰੀ ਪੰਚਾਇਤ ਰਾਜ ਦਿਵਸ ਸਰਕਾਰੀ ਹਾਈ ਸਕੂਲ ਬਘਾਣਾ ਵਿਚ ਗ੍ਰਾਮ ਸਭਾ ਦਾ ਇਜਲਾਸ ਸਰਕਾਰੀ ਹਾਈ ਸਕੂਲ ਬਘਾਣਾ ਵਿਚ ਕਰਵਾਇਆ ਗਿਆ , ਪਿੰਡ ਵਾਸੀਆਂ ਨੇ ਸਮਾਗਮ ਵਿੱਚ ਭਾਗ ਲਿਆ। ਸਰਪੰਚ ਬਲਵਿੰਦਰ ਕੁਮਾਰਨੇ ਪਿੰਡ ਵਾਸੀਆਂ ਨੂੰ ਪੰਚਾਇਤ ਰਾਜ ਦਿਵਸ ਬਾਰੇ ਜਾਣੂ ਕਰਵਾਇਆ। ਇਸ ਮੌਕੇ ਬੱਚਿਆਂ ਦਾ ਇਨਾਮ ਵੰਡ ਸਮਾਰੋਹ ਰਖਿਆ ਗਿਆ। ਸਰਕਾਰੀ ਹਾਈ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਦੇ 1,2,3 ਸਥਾਨ 'ਤੇ ਆਉਣ ਵਾਲੇ 15 ਬੱਚਿਆਂ ਅਤੇ ਹਾਈ ਸਕੂਲ ਦੇ ਛੇਵੀਂ ਤੋਂ ਨੌਵੀਂ ਜਮਾਤ ਦੇ 1,2,3 ਸਥਾਨ 'ਤੇ ਆਉਣ ਵਾਲੇ 13 ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਜਿਸ ਵਿੱਚ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਕਪੂਰਥਲਾ ਮੈਡਮ ਲਲਿਤ ਸ਼ੁਕਲਾਨੀ ਤੇ ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਨੇ ਸ਼ਮੂਲੀਅਤ ਕੀਤੀ ਅਤੇ ਸਕੂਲ ਦੇ ਚੰਗੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਵੰਡ ਕੇ ਹੌਸਲਾ ਅਫਜ਼ਾਈ ਕੀਤੀ। ਮਾਰਕੀਟ ਕਮੇਟੀ ਫਗਵਾੜਾ ਦੇ ਚੇਅਰਮੈਨ ਨੇ ਕਿਹਾ ਕਿਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਪੜ੍ਹ ਲਿਖ ਕੇ ਉਜਵਲ ਭਵਿੱਖ ਬਣਾਉਣਾ ਚਾਹੀਦਾ ਹੈ। ਇਸ ਮੌਕੇ ਬਲਾਕ ਪ੍ਰਧਾਨ ਅਮਰਿੰਦਰ ਸਿੰਘ, ਬਲਾਕ ਪ੍ਰਧਾਨ ਮਨਮੋਹਨਸਿੰਘ, ਸਰਪੰਚ ਬਲਵਿੰਦਰ ਕੁਮਾਰ ਬਘਾਣਾ, ਸਚਿਨ ਕੁਮਾਰ ਪੰਚ, ਰਾਮਲੁਭਾਇਆ ਪੰਚ, ਜਸਵਿੰਦਰ ਕੌਰ ਪੰਚ, ਗੁਰਸ਼ਰਨਜੀਤ ਸਿੰਘ ਪੰਚ, ਸੁਰਜੀਤਕੌਰ ਪੰਚ, ਨਿਰਮਲਾ ਦੇਵੀ, ਸੁਰਜੀਤ ਕੌਰ, ਹਰਜੀਤ ਕੌਰ, ਰਾਮ ਲਾਲ, ਕਮਲਜੀਤ ਸਿੰਘ ਬਿੱਲਾ ਰਿਟਾਇਰ ਐਸ ਐਸ ਪੰਜਾਬ ਰੋਡਵੇਜ਼, ਅਜੀਤਸਿੰਘ ਰਿਟਾਇਰ ਇੰਸਪੈਕਟਰ ਪੰਜਾਬ ਰੋਡਵੇਜ਼, ਚੌਂਕੀਦਾਰ ਅਮਰੀਕ ਸਿੰਘ, ਬਲਦੇਵ ਸਿੰਘ ਫ਼ੌਜੀ, ਹੈਡ ਮਾਸਟਰ ਹਰਜਿੰਦਰਜੀਤ ਸਿੰਘ, ਹਰਦੀਪ ਸਿੰਘ ਸੀਨੀਅਰ ਸਹਾਇਕ, ਰਮਨ ਮਹਿਤਾ, ਪਰਮਜੀਤ ਕੌਰ, ਅਜੇ ਗਿੱਲ, ਅਮਨਦੀਪ ਪੱਬੀ, ਰਾਜਕੁਮਾਰ, ਈਸ਼ਵਰ ਪੱਬੀ ਅਤੇ ਸਮੂਹ ਪਿੰਡ ਨਿਵਾਸੀ ਸ਼ਾਮਲ ਸਨ।

## ਬੀਬੀ ਬਲਵਿੰਦਰ ਕੌਰ ਨੇ ਅਹੁਦਾ ਸੰਭਾਲਿਆ



**ਨਵਾਂਸ਼ਹਿਰ (ਮਨੋਜ ਲਾਡੀ)**- ਨਗਰ ਕੌਂਸਲ ਨਵਾਂਸ਼ਹਿਰ ਵਿਖੇ ਪ੍ਰਧਾਨ ਬੀਬੀ ਬਲਵਿੰਦਰ ਕੌਰ ਨੇ ਅਹੁਦਾ ਸੰਭਾਲਿਆ।ਬੀਬੀ ਜਿੰਦਰਜੀਤ ਕੌਰ ਸੀਨੀਅਰ ਮੀਤ ਪ੍ਰਧਾਨ ਤੇ ਗੁਰਮੁੱਖ ਸਿੰਘ ਨੌਰਥ ਮੀਤ ਪ੍ਰਧਾਨ ਸਮੇਤ ਸਮੂਹ ਕੌਂਸਲਰ ਨੇ ਇਸ ਮੌਕੇ ਸ਼ਮੂਲੀਅਤ ਕੀਤੀ। ਐਮ.ਪੀ ਮਲਵਿੰਦਰ ਸਿੰਘ ਕੰਗ, ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਵਿਧਾਇਕ ਨਵਾਂਸ਼ਹਿਰ ਡਾ. ਨਛੱਤਰ ਪਾਲ, ਲਲਿਤ ਮੋਹਨ ਪਾਠਕ ਬੱਲੂ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਇਸ ਮੌਕੇ ਮੌਜੂਦ ਰਹੀਆਂ।

## ਡੀ ਟੀ ਐੱਫ ਤੇ ਕੰਪਿਊਟਰ ਅਧਿਆਪਕ ਯੂਨੀਅਨ ਵੱਲੋਂ ਅਰਥੀ ਫੂਕ ਮੁਜ਼ਾਹਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੀਤੀ 19 ਅਪ੍ਰੈਲ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ 5994 ਈ ਟੀ ਟੀ ਭਰਤੀ (ਬੈਕਲਾਗ) ਵਿੱਚ ਚੁਣੇ ਗਏ ਅਧਿਆਪਕਾਂ ਦੀ ਸ੍ਰੀ ਅਨੰਦਪੁਰ ਸਾਹਿਬ ਦੇ ਪੁਲਸ ਪ੍ਰਸ਼ਾਸਨ ਵੱਲੋਂ ਬੁਰੀ ਤਰ੍ਹਾਂ ਕੀਤੀ ਕੁੱਟਮਾਰ ਖਿਲਾਫ਼ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ.) ਅਤੇ ਕੰਪਿਊਟਰ ਅਧਿਆਪਕ ਸੰਘਰਸ ਕਮੇਟੀ ਦੇ ਸੱਦੇ 'ਤੇ ਦਸੂਹਾ ਵਿਖੇ ਬਲਾਕ ਪ੍ਰਧਾਨ ਨਿਰਮਲ ਸਿੰਘ ਨਿਹਾਲਪੁਰ, ਜਸਵੀਰ ਬੋਦਲ, ਜਨਰਲ ਸਕੱਤਰ ਜਸਵਿੰਦਰ ਝਿੰਗੜ ਅਤੇ ਕੰਪਿਊਟਰ ਅਧਿਆਪਕ ਸੰਘਰਸ ਕਮੇਟੀ ਦੇ ਆਗੂ ਰਮਨ ਵਸਸ਼ਿਟ ਅਤੇ ਨਰਿੰਦਰ ਗਿਲਜੀਆਂ ਆਦਿ ਆਗੂਆਂ ਦੀ ਅਗਵਾਈ ਹੇਠ ਬਲਾਕ ਪੱਧਰੀ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਜਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ, ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਪ੍ਰਚਾਰ ਸਕੱਤਰ ਮਨਜੀਤ ਸਿੰਘ ਸੈਣੀ ਅਤੇ ਵਿਸਾਲ ਬਿੰਨੀ ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ 5994 ਈ.ਟੀ.ਟੀ. ਭਰਤੀ (ਬੈਕਲਾਗ) ਦੇ ਯੋਗ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ, ਇਸੇ ਭਰਤੀ ਵਿੱਚ ਨਿਯੁਕਤੀ ਪੱਤਰ ਪ੍ਰਾਪਤ ਅਧਿਆਪਕਾਂ ਦੀ ਸਕੂਲਾਂ 'ਚ ਰੋਕੀ ਹਾਜ਼ਰੀ ਲਾਗੂ ਕਰਵਾਉਣ ਅਤੇ ਸਰਕਾਰੀ ਸਕੂਲਾਂ ਵਿੱਚ ਖਾਲੀ ਬਾਕੀ ਸਾਰੀਆਂ ਆਸਾਮੀਆਂ ਭਰਨ ਦੀ ਥਾਂ ਪੁਲਸ ਨੂੰ ਅਧਿਆਪਕਾਂ 'ਤੇ ਤਸ਼ੱਦਦ ਕਰਨ ਦੀ ਖੁੱਲ ਦੇਣ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ਼ ਤਿੱਖਾ ਵਿਰੋਧ ਜਤਾਇਆ। ਇਸ ਮੌਕੇ ਇਹ ਮੰਗ ਵੀ ਕੀਤੀ ਗਈ ਕਿ ਪੰਜਾਬ ਵਿੱਚ ਲੰਬੇ ਸਮੇਂ ਤੋਂ ਸੁਸਾਇਟੀਆਂ ਅਧੀਨ ਠੇਕਾ ਸਿਸਟਮ ਦਾ ਸੰਤਾਪ ਹੰਢਾ ਰਹੇ ਪੰਜਾਬ ਦੇ ਕੰਪਿਊਟਰ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਉਨ੍ਹਾਂ ਉੱਤੇ ਛੇਵੇਂ ਤਨਖਾਹ ਕਮਿਸਨ ਦੀਆਂ ਸਿਫਾਰਸਾਂ ਨੂੰ ਲਾਗੂ ਕੀਤਾ ਜਾਵੇ।

## ਬੈਂਸ ਵੱਲੋਂ ਅਨਾਜ ਮੰਡੀਆਂ 'ਚ ਖਰੀਦ ਪ੍ਰਬੰਧਾਂ 'ਤੇ ਨਿਗਰਾਨੀ ਰੱਖਣ ਦੀ ਹਦਾਇਤ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਦੀ ਚੱਲ ਰਹੀ ਪ੍ਰਕਿਰਿਆ 'ਤੇ ਨਜ਼ਰ ਰੱਖਣ ਅਤੇ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਨਾਲ ਤਾਲਮੇਲ ਕਰਨ, ਕਿਸੇ ਵੀ ਤਰ੍ਹਾਂ ਦੀਆਂ ਖਰੀਦ ਪ੍ਰਬੰਧਾਂ ਦੀਆਂ ਰੁਕਾਵਟਾਂ, ਸਹੂਲਤਾਂ ਦੀ ਕਮੀ, ਲਿਫਟਿੰਗ ਦੀ ਮੱਧਮ ਰਫਤਾਰ ਦੀ ਸੂਚਨਾ ਮਿਲਣ 'ਤੇ ਤੁਰੰਤ ਅਧਿਕਾਰੀ ਰੁਕਾਵਟਾਂ ਦੂਰ ਕਰਨ ਤਾਂ ਜੋ ਖਰੀਦ ਪ੍ਰਬੰਧ, ਅਦਾਇਗੀ ਸੁਚਾਰੂ ਚੱਲਦੀ ਰਹੇ।ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਸਜੀਤ ਸਿੰਘ, ਪੀ.ਸੀ.ਐਸ, ਮੁੱਖ ਫੀਲਡ ਅਫਸਰ ਰੂਪਨਗਰ ਨੇ ਹਾੜ੍ਹੀ ਦੇ ਮੰਡੀਕਰਨ ਸੀਜ਼ਨ 2025-26 ਤਹਿਤ



ਚੱਲ ਰਹੀ ਕਣਕ ਦੀ ਖਰੀਦ ਦਾ ਨਿਰੀਖਣ ਕਰਨ ਲਈ ਮੰਡੀ ਅਗੰਮਪੁਰ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਕਿਸਾਨ ਭਾਈਚਾਰੇ ਦੇ ਫਾਇਦੇ ਲਈ ਨਿਰਵਿਘਨ ਖਰੀਦ, ਲਿਫਟਿੰਗ ਅਤੇ ਭੁਗਤਾਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣਾ ਸੀ।ਉਨ੍ਹਾਂ ਨੇ ਦੱਸਿਆ ਕਿ 24 ਅਪ੍ਰੈਲ ਤੱਕ ਪਨਗ੍ਰੇਨ ਵੱਲੋਂ 1168.5 ਮੀਟ੍ਰਿਕ ਟਨ ਦੀ ਖਰੀਦ, 525 ਮੀਟਰਿਕ ਟਨ ਦੀ ਲਿਫਟਿੰਗ ਅਤੇ ਮਾਰਕਫੈੱਡ ਨੇ 546.6 ਮੀਟ੍ਰਿਕ ਟਨ ਦੀ ਖਰੀਦ, 200 ਮੀਟ੍ਰਿਕ ਟਨ ਦੀ ਲਿਫਟਿੰਗ ਕਰਵਾਈ ਗਈ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਨੂੰ ਅਦਾਇਗੀਆਂ ਨਿਰਵਿਘਨ ਅਤੇ ਸਮੇਂ ਸਿਰ ਹੋਣ ਬਾਰੇ ਦੱਸਿਆ। ਜਸਜੀਤ ਸਿੰਘ ਨੇ ਜ਼ਮੀਨੀ ਹਕੀਕਤ ਨੂੰ ਸਮਝਣ ਅਤੇ ਕਿਸੇ ਵੀ ਚਿੰਤਾ ਦਾ ਹੱਲ ਕਰਨ ਲਈ ਖਰੀਦ ਅਧਿਕਾਰੀਆਂ, ਆੜ੍ਹਤੀਆਂ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਤੋਂ ਕਣਕ ਦੀ ਤੁਰੰਤ ਅਤੇ ਮੁਸ਼ਕਿਲ ਰਹਿਤ ਖਰੀਦ ਨੂੰ ਯਕੀਨੀ ਬਣਾਇਆ ਗਿਆ ਹੈ।

## ਸਿੱਖਿਆ ਖੇਤਰ 'ਚ ਨੰਬਰ ਇੱਕ ਸੂਬਾ ਬਣੇਗਾ ਪੰਜਾਬ : ਬੱਲੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿੱਖਿਆ ਖੇਤਰ ਵਿੱਚ ਨੰਬਰ ਇਕ ਸੂਬਾ ਬਣਾਉਣ ਲਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਚਲਾਈ ਗਈ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ ਬੱਲੂ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਨਵਾਂਸ਼ਹਿਰ ਦੇ ਵੱਖ-ਵੱਖ ਸਕੂਲਾਂ ਵਿੱਚ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਇਸ ਦੌਰਾਨ ਉਨ੍ਹਾਂ ਸਰਕਾਰੀ ਹਾਈ ਸਕੂਲ ਭਾਰਟਾ ਖੁਰਦ, ਸਰਕਾਰੀ ਪ੍ਰਾਇਮਰੀ ਸਕੂਲ ਭਾਰਟਾ ਖੁਰਦ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਰਟਾ ਕਲਾਂ, ਸਰਕਾਰੀ ਮਿਡਲ ਸਕੂਲ ਖੋਜਾ, ਸਰਕਾਰੀ ਪ੍ਰਾਇਮਰੀ ਸਕੂਲ ਕੰਗ, ਸਰਕਾਰੀ ਮਿਡਲ ਸਕੂਲ ਮਹਿੰਦੀਪੁਰ, ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀਪੁਰ, ਸਰਕਾਰੀ ਪ੍ਰਾਇਮਰੀ ਸਕੂਲ ਅਲਾਚੌਰ ਅਤੇ ਸਰਕਾਰੀ ਮਿਡਲ ਸਕੂਲ ਅਲਾਚੌਰ ਵਿਖੇ ਬੁਨਿਆਦੀ ਢਾਂਚੇ ਦੇ ਵੱਖ-ਵੱਖ ਪ੍ਰੋਜੈਕਟ ਲੋਕ ਅਰਪਿਤ ਕੀਤੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ।ਇਸ ਮੌਕੇ ਮਾਰਕੀਟ ਕਮੇਟੀ ਨਵਾਂਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ ਤੋਂ ਇਲਾਵਾ ਸਬੰਧਿਤ ਇਲਾਕਿਆਂ ਦੇ ਮੋਹਤਬਰ ਵਿਅਕਤੀ, ਸਕੂਲਾਂ ਦੇ ਮੁਖੀ, ਅਧਿਆਪਕ, ਵਿਦਿਆਰਥੀ, ਮਾਪੇ ਅਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

27 Apr Page-8.qxd 4/26/2025 10:49 PM Page 1



# ਪਹਿਲਗਾਮ ਕਾਂਡ ਮਨੁੱਖਤਾ ਨੂੰ ਸ਼ਰਮਸਾਰ ਕਰਦੈ : ਸ਼ੇਰੋਵਾਲੀਆ




**ਸ਼ਾਹਕੋਟ (ਗਿਆਨ ਸੈਦਪੁਰੀ)** ਸ਼ੁੱਕਰਵਾਰ ਸ਼ਾਮ ਨੂੰ ਸ਼ਾਹਕੋਟ ਦੇ ਬਜ਼ਾਰਾਂ ਵਿੱਚ ਪਹਿਲਗਾਮ ਵਿੱਚ ਅੱਤਵਾਦੀਆਂ ਦੀ ਦਰਿੰਦਗੀ ਦਾ ਸ਼ਿਕਾਰ ਹੋਏ 28 ਵਿਅਕਤੀਆਂ ਨੂੰ ਸ਼ਰਧਾਂਜਲੀ ਵਜੋਂ ਮੋਮਬੱਤੀ ਮਾਰਚ ਕੱਢਿਆ ਗਿਆ। ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਵਿੱਚ ਸੈਂਕੜੇ ਲੋਕ ਸ਼ੋਕਮਈ ਮਾਰਚ ਵਿੱਚ ਸ਼ਾਮਲ ਹੋਏ। ਮਾਰਚ ਦੌਰਾਨ ਅੱਤਵਾਦੀਆਂ ਦੇ ਕਾਰੇ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ। ਸ਼ੇਰੋਵਾਲੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਹਿਲਗਾਮ ਵਿੱਚ ਜੋ ਅੱਤਵਾਦੀਆਂ ਨੇ ਕਹਿਰ ਵਰਤਾਇਆਂ ਉਹ ਮਨੁੱਖਤਾ ਨੂੰ ਸ਼ਰਮਸਾਰ ਕਰਦਾ ਹੈ। ਹਰ ਸੰਵੇਦਨਸ਼ੀਲ ਵਿਅਕਤੀ ਇਸ ਵਹਿਸ਼ੀ ਕਾਰਵਾਈ ਨਾਲ ਬੇਹੱਦ ਦੁੱਖੀ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਬਖਸ਼ੇ ਨਹੀਂ ਜਾਣੇ ਚਾਹੀਦੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜ਼ਾਰ ਸਿੰਘ ਥਿੰਦ, ਬਲਾਕ ਪ੍ਰਧਾਨ ਕਾਂਗਰਸ ਸੁਰਿੰਦਰਜੀਤ ਸਿੰਘ ਚੱਠਾ, ਡਾ. ਅਰਵਿੰਦਰ ਸਿੰਘ ਰੂਪਰਾ, ਕਪਿਲ ਕੁਮਾਰ ਗੁਪਤਾ, ਯਸ਼ਪਾਲ ਗੁਪਤਾ(ਦੋਵੇਂ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਇਸ ਚੇਅਰਮੈਨ), ਸੁਖਦੀਪ ਸਿੰਘ ਕੰਗ ਪੀ.ਏ, ਜਸਵਿੰਦਰ ਗਿੱਲ ਫੁੰਮਣ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਬੰਟੀ ਬਠੱਲਾ ਪ੍ਰਧਾਨ ਅਰੋੜਾ ਮਹਾਂ ਸਭਾ, ਪਵਨ ਅੱਗਰਵਾਲ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਸ਼ਾਹਕੋਟ, ਅਮਰਜੀਤ ਕੌਰ ਸਚਦੇਵਾ ਚੇਅਰਪਰਸਨ ਮਹਿਲਾ ਮੰਡਲ ਸ਼ਾਹਕੋਟ, ਨਵਜੋਤ ਕੌਰ ਸਹੋਤਾ ਪ੍ਰਧਾਨ ਮਹਿਲਾ ਮੰਡਲ ਸ਼ਾਹਕੋਟ, ਰੋਮੀ ਗਿੱਲ ਸਾਬਕਾ ਐਮ. ਸੀ, ਟਿੰਪੀ ਕੁਮਰਾ, ਰਾਜੇਸ਼ ਅਗੱਰਵਾਲ, ਸੋਨੂੰ ਨੰਬਰਦਾਰ ਕਿਲੀ, ਗਗਨ ਜਿੰਦਲ, ਜਗਤਾਰ ਸਿੰਘ ਖਾਲਸਾ ਪ੍ਰਧਾਨ ਕੋ: ਸੁਸਾਇਟੀ ਢੰਡੋਵਾਲ, ਪਹਿਲਵਾਨ ਨਛੱਤਰ ਸਿੰਘ ਸੱਤੀ, ਹਰਭਜਨ ਸਿੰਘ ਖਾਲਸਾ ਸਾਬਕਾ ਸਰਪੰਚ ਪਰਜੀਆ ਕਲਾਂ, ਅਜ਼ੀਜ਼ ਮਸੀਹ, ਪਲਵਿੰਦਰ ਸਿੰਘ ਕੋਟਲੀ ਗਾਜਰਾਂ, ਸੋਨਾ ਕੋਟਲੀ ਗਾਜਰਾਂ, ਹਰਵਿੰਦਰ ਸਿੰਘ ਡੀ. ਸੀ. ਸਾਬਕਾ ਸਰਪੰਚ ਰੂਪੇਵਾਲ, ਮੇਜਰ ਸਿੰਘ ਸਰਪੰਚ ਤਲਵੰਡੀ ਬੂਟਿਆਂ, ਸਾਬਾ ਕੋਹਾੜ ਖੁਰਦ, ਮਲਕੀਤ ਸਿੰਘ ਦਾਨੇਵਾਲ, ਜਗਜੀਤ ਸਿੰਘ ਸਾਬਕਾ ਸਰਪੰਚ ਸਿੰਘਪੁਰ, ਮਨਜਿੰਦਰ ਸਿੰਘ ਸਾਬਕਾ ਸਰਪੰਚ ਮੇਦਾ, ਮੇਜਰ ਸਿੰਘ ਮੰਡ, ਸੁਖਦੇਵ ਗੁਪਤਾ, ਪਵਨ ਜੁਨੇਜਾ, ਡਾ. ਸੁਰਿੰਦਰ ਸਿੰਘ ਭੱਟੀ, ਤਰਲੋਕ ਸਿੰਘ ਰੂਪਰਾ ਪ੍ਰਧਾਨ ਰਾਮਗੜ੍ਹੀਆ ਸਕੂਲ ਸ਼ਾਹਕੋਟ, ਬੇਅੰਤ ਸਿੰਘ ਮੀਏਂਵਾਲ, ਮਨਜਿੰਦਰ ਸਿੰਘ ਕਾਕੜ ਕਲਾਂ, ਕਸ਼ਮੀਰ ਸਿੰਘ ਬਾਹਮਣੀਆਂ ਸਾਬਕਾ ਬਲਾਕ ਸੰਮਤੀ ਮੈਂਬਰ, ਬਲਦੇਵ ਸਿੰਘ ਸਾਬਕਾ ਸਰਪੰਚ ਸਲੈਚਾਂ, ਅਮਰਜੀਤ ਸਿੰਘ ਬਿੱਟੂ ਸਾਬਕਾ ਸਰਪੰਚ ਹਾਜੀਪੁਰ, ਅਮਰਜੀਤ ਸਿੰਘ ਸਾਬਕਾ ਮੈਂਬਰ ਰਾਜੇਵਾਲ, ਬਿੱਟੂ ਸ਼ਾਹ ਬਾਹਮਣੀਆਂ, ਡਾ. ਰਾਜੇਸ਼, ਡਾ. ਅਮਨ, ਪਰਮਜੀਤ ਪੰਮਾ ਸਾਰੰਗਵਾਲ, ਪਰਮਜੀਤ ਸਿੰਘ ਪੰਮਾ ਸਾਬਕਾ ਸਰਪੰਚ ਬਿੱਲੀ ਚਾਹਰਮੀ, ਬਿੰਦਰ ਨਾਹਰ, ਮਨਜੋਤ ਸਿੰਘ ਸਿੱਧੜ ਆਦਿ ਹਾਜ਼ਰ ਸਨ।

# ਗ਼ਦਰੀ ਬਾਬੇ ਵਿਚਾਰਧਾਰਕ ਮੰਚ ਵਲੋਂ ਪਹਿਲਗਾਮ ਕਤਲੇਆਮ ਦੀ ਸਖ਼ਤ ਨਿਖੇਧੀ



**ਖਰੜ (ਹਰਨਾਮ ਸਿੰਘ ਡੱਲਾ)**- ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ ਨਿਰਦੋਸ਼ ਲੋਕਾਂ ਦੀ ਬੇਰਹਿਮੀ ਨਾਲ ਕੀਤੀਆਂ ਹੱਤਿਆਵਾਂ ਦੀਆਂ ਘਟਨਾਵਾਂ ਦੀ ਗ਼ਦਰੀ ਬਾਬੇ ਵਿਚਾਰਧਾਰਕ ਮੰਚ ਪੰਜਾਬ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਮੰਚ ਦੇ ਪ੍ਰਧਾਨ ਤੇ ਪੁਆਧੀ ਲੇਖਕ ਹਰਨਾਮ ਸਿੰਘ ਡੱਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਦੁੰਮਣਾ ਜਨਰਲ ਸਕੱਤਰ, ਪ੍ਰਕਾਸ਼ ਸਿੰਘ ਰੰਗੀ, ਪ੍ਰਿੰਸੀਪਲ ਮੋਹਣ ਲਾਲ ਰਾਹੀ, ਗੁਰਦੇਵ ਸਿੰਘ ਅਰਨੀਵਾਲਾ,ਰਾਮ ਕਿਸ਼ਨ ਧੁਨਕੀਆ, ਕਾਮਰੇਡ ਯੋਗ ਰਾਜ, ਕਾਮਰੇਡ ਦਿਨੇਸ਼ ਪ੍ਰਸਾਦ, ਮੋਹਨ ਸਿੰਘ, ਜਸਵੰਤ ਸਿੰਘ, ਸੇਵਾ ਸਿੰਘ ਭਾਗੂ ਮਾਜਰਾ, ਸੁਰਿੰਦਰ ਸਿੰਘ ਬੰਡਾਲਾ, ਕਿਰਪਾਲ ਸਿੰਘ ਅਰਨੀਵਾਲਾ, ਕੇਵਲ ਜੋਸ਼ੀ, ਗੁਰਮੀਤ ਸਿੰਘ ਸਰਪੰਚ ਮੜੌਲੀ,ਜੋਗਰਾਜ ਸਿੰਘ ਅਤੇ ਬਲਵਿੰਦਰ ਸਿੰਘ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੌਰਾਨ ਇਕੱਤਰ ਹੋਏ ਮੈਂਬਰਾਂ ਨੇ ਸਭ ਤੋਂ ਪਹਿਲਾਂ ਅੱਤਵਾਦੀਆਂ ਵਲੋਂ ਪਹਿਲਗਾਮ ਵਿਖੇ ਮਾਰੇ ਗਏ ਮਾਸੂਮ ਯਾਤਰੀਆਂ ਦੀ ਮੌਤ 'ਤੇ ਦੋ ਮਿੰਟ ਲਈ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਇਨਸਾਨੀਅਤ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਕਸ਼ਮੀਰੀ ਨੌਜਵਾਨ ਸਈਅਦ ਦੀ ਮੌਤ ਉੱਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ, ਅਤੇ ਇਸ ਨੌਜਵਾਨ ਦੇ ਪਰਵਾਰ ਨੂੰ ਮਰਨ ਉਪਰੰਤ ਬਹਾਦਰੀ ਮੈਡਲ ਦੇ ਕੇ ਭਾਰਤ ਸਰਕਾਰ ਤੋਂ ਸਨਮਾਨਤ ਕਰਨ ਦੀ ਮੰਗ ਵੀ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਇੱਕ ਮਈ ਨੂੰ ਮਜ਼ਦੂਰ ਦਿਵਸ ਮਨਾਉਣ ਦਾ ਫ਼ੈਸਲਾ ਲਿਆ ਗਿਆ।ਇਸ ਦਿਨ ਵੱਖ-ਵੱਖ ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਲੇਬਰ ਚੌਕ ਖਰੜ ਵਿਖੇ ਝੰਡਾ ਵੀ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ, ਅਤੇ ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੀ ਯਾਦ ਵਿੱਚ ਅਮਨ ਮਾਰਚ ਵੀ ਕੀਤਾ ਜਾਵੇਗਾ।

# ਕਿਸਾਨਾਂ ਨੂੰ ਮੰਡੀਆਂ 'ਚ ਕੋਈ ਮੁਸ਼ਕਲ ਨਹੀਂ ਆਵੇਗੀ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਅਧੀਨ ਆਉਂਦੀ ਨਸਰਾਲਾ, ਸ਼ਾਮਚੁਰਾਸੀ ਅਤੇ ਨੰਦਾਚੌਰ ਦਾਣਾ ਮੰਡੀਆ ਦਾ ਦੌਰਾ ਕਰਕੇ ਕਣਕ ਦੀ ਖਰੀਦ ਵਿਵਸਥਾ ਦਾ ਨਿਰੀਖਣ ਕੀਤਾ।ਉਨ੍ਹਾਂ ਮੰਡੀਆਂ ਵਿਚ ਮੌਜੂਦ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਣਕ ਦੀ ਖਰੀਦ ਵਿਚ ਕਿਸੇ ਤਰ੍ਹਾਂ ਦੀ ਦੇਰੀ ਜਾਂ ਲਾਪ੍ਰਵਾਹੀ ਨਾ ਹੋਵੇ ਅਤੇ ਕਿਸਾਨਾਂ ਦੀ ਸੁਵਿਧਾ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਸਰਕਾਰ ਦੀ ਪਹਿਲਕਦਮੀ ਹੈ ਕਿ ਕਿਸਾਨਾਂ ਨੂੰ ਫ਼ਸਲ ਵੇਚਣ ਵਿਚ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਵੇ।ਮੰਡੀਆ ਵਿਚ ਪੀਣ ਵਾਲੇ ਪਾਣੀ, ਛਾਂ, ਪਖਾਨੇ ਅਤੇ ਹੋਰ ਜ਼ਰੂਰੀ ਸੁਵਿਧਾਵਾਂ ਪੂਰੀ ਤਰ੍ਹਾਂ ਨਾਲ ਯਕੀਨੀ ਬਣਾਈਆਂ ਜਾਣ।ਅਧਿਕਾਰੀਆਂ ਨੇ ਇਸ ਦੌਰਾਨ ਸਥਾਨਕ ਸਰਕਾਰਾਂ ਮੰਤਰੀ ਨੂੰ ਜਾਣਕਾਰੀ ਦਿੱਤੀ ਕਿ ਮੰਡੀਆਂ ਵਿਚ ਕਣਕ ਦੀ ਖਰੀਦ ਲਈ ਸਾਰੇ ਜ਼ਰੂਰੀ ਪ੍ਰਬੰਧ ਪੂਰੇ ਹਨ। ਸਥਾਨਕ ਸਰਕਾਰਾਂ ਮੰਤਰੀ ਨੇ ਅਧਿਕਾਰੀਆਂ ਨੂੰ ਢੁਆਈ ਦੇ ਕੰਮਾਂ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਨਸਰਾਲਾ ਮੰਡੀ ਵਿਚ ਕਿਸਾਨਾਂ ਅਤੇ ਆੜ੍ਹਤੀਆਂ ਵਲੋਂ ਮੰਡੀ ਦੇ ਫੜ ਨੂੰ ਵੱਡਾ ਕਰਨ ਦੀ ਮੰਗ 'ਤੇ ਡਾ. ਰਵਜੋਤ ਸਿੰਘ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਪ੍ਰਸਤਾਵ ਬਣਾ ਕੇ ਇਹ ਕੰਮ ਜਲਦ ਹੀ ਸ਼ੁਰੂ ਕਰਵਾਇਆ ਜਾਵੇਗਾ। ਨੰਦਾਚੌਰ ਮੰਡੀ ਦੇ ਦੌਰੇ ਦੌਰਾਨ ਮੰਤਰੀ ਨੇ ਕਿਹਾ ਕਿ ਵਰਤਮਾਨ ਵਿਚ ਇੱਟਾਂ ਦੇ ਬਣੇ ਫੜ ਨੂੰ ਝੋਨੇ ਦੇ ਸੀਜਨ ਤੋਂ ਪਹਿਲਾਂ ਪੱਕਾ ਕੰਕਰੀਟ ਫੜ ਬਣਾ ਦਿੱਤਾ ਜਾਵੇਗਾ ਤਾਂ ਜੋ ਕਿਸਾਨਾਂ ਅਤੇ ਵਪਾਰੀਆਂ ਨੂੰ ਬਿਹਤਰ ਸੁਵਿਧਾ ਮਿਲ ਸਕੇ।ਇਸ ਮੌਕੇ ਮਾਰਕੀਟ ਕਮੇਟੀ ਦੇ ਸਕੱਤਰ ਵਿਨੋਦ ਕੁਮਾਰ ਸ਼ਰਮਾ, ਹਰਪ੍ਰੀਤ ਸਿੰਘ ਧਾਮੀ, ਅਨੀਸ਼ ਕੁਮਾਰ ਸਮੇਤ ਕਈ ਪਤਵੰਤੇ ਮੌਜੂਦ ਸਨ।

# ਗੋਡੇ ਬਦਲਣ ਦੀ ਰੋਬੋਟੈਕ ਸਰਜਰੀ ਮਰੀਜ਼ਾਂ ਨਾਲ ਸਰਾਸਰ ਧੋਖਾ

## 60000 ਸਰਜਰੀਆਂ ਕਰਨ ਵਾਲੇ ਡਾ. ਵਿਕਾਸ ਮਹਿਰਾ ਦਾ ਦਾਅਵਾ



**ਮੋਹਾਲੀ (ਗੁਰਜੀਤ ਬਿੱਲਾ)** ਵਿਸ਼ਵ ਪ੍ਰਸਿੱਧ ਕੰਪਨੀ ਮੋਰਗਨ ਸਟੈਨਲੇ ਅਤਿ-ਆਧੁਨਿਕ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਵਿਚ ਮੋਹਰੀ ਹੈ।ਕੰਪਨੀ ਵੱਲੋਂ ਭਾਰਤ ਵਿੱਚ 6 ਹਸਪਤਾਲਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿਚ ਮੈਸੂਰ, ਗਵਾਲੀਅਰ, ਨੋਇਡਾ, ਵਾਰਾਣਸੀ, ਹਿਸਾਰ ਅਤੇ (ਖਰੜ) ਮੋਹਾਲੀ ਸ਼ਹਿਰ ਸ਼ਾਮਲ ਹਨ।ਇਲਾਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਲਈ ਕਲੀਅਰਮੈਡੀ ਹੈਲਥਕੇਅਰ ਨੇ 360 ਡਿਗਰੀ ਆਰਥੋਪੈਡਿਕ ਜੁਆਇੰਟ ਕਲੀਨਿਕ ਦੀ ਸ਼ੁਰੂਆਤ ਕੀਤੀ ਹੈ।ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਹਸਪਤਾਲ ਦੇ ਡਾਇਰੈਕਟਰ ਆਰਥੋਪੈਡਿਕ ਅਤੇ ਜੁਆਇੰਟ ਰਿਪਲੇਸਮੈਂਟ, ਪੀ ਜੀ ਆਈ ਦੇ ਸਾਬਕਾ ਸਰਜਨ ਅਤੇ 60000 ਸਰਜਰੀਆਂ ਕਰ ਚੁੱਕੇ ਡਾ. ਵਿਕਾਸ ਮਹਿਰਾ ਨੇ ਦੱਸਿਆ ਕਲੀਅਰਮੈਡੀ ਹੈਲਥਕੇਅਰ ਹਸਪਤਾਲ ਵੱਲੋਂ ਗੋਡਿਆਂ ਦੇ ਆਪਰੇਸ਼ਨ ਲਈ ਐਫ ਟੀ ਪੀ ਬੀ ਏ ਤਕਨੀਕ ਦੀ ਸ਼ੁਰੂਆਤ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਇਸ ਤਕਨੀਕ ਦੇ ਨਤੀਜੇ ਇੰਨੇ ਚੰਗੇ ਹਨ ਕਿ ਮਰੀਜ਼ ਬਿਨਾਂ ਵੱਡੀ ਸਰਜਰੀ ਅਤੇ ਦਰਦ ਦੇ ਮਹਿਜ਼ ਇਕ ਦਿਨ ਬਾਅਦ ਹੀ ਚੱਲਣ ਯੋਗ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਅੱਜਕੱਲ੍ਹ ਦੇਸ਼ ਭਰ ਵਿਚ ਗੋਡੇ ਬਦਲਣ ਦੀ ਰੋਬੋਟੈਕ ਸਰਜਰੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਮਰੀਜ਼ਾਂ ਨਾਲ ਸਰਾਸਰ ਧੋਖਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਦੀ ਅੰਨ੍ਹੇਵਾਹ ਲੁੱਟ ਹੋ ਰਹੀ ਹੈ।ਇਸ ਤਕਨੀਕ ਦਾ ਮਰੀਜ਼ਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਉਹਨਾਂ ਅੱਗੇ ਦੱਸਿਆ ਕਿ ਵਿਦੇਸ਼ਾਂ ਵਿਚ ਇਸ ਤਕਨੀਕ ਤੋਂ ਆਰਥੋਪੈਡਿਕ ਮਾਹਿਰ ਬੀਤੇ 10 ਸਾਲਾਂ ਤੋਂ ਕਿਨਾਰਾ ਕਰ ਚੁੱਕੇ ਹਨ, ਪਰ ਭਾਰਤ ਵਿਚ ਇਸ ਤਕਨੀਕ ਰਾਹੀਂ ਆਮ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕਲੀਅਰਮੈਡੀ ਹੈਲਥਕੇਅਰ ਹਸਪਤਾਲ ਦੇ ਕਲੱਸਟਰ ਹੈੱਡ ਅਤੇ ਡਾਇਰੈਕਟਰ ਵਿਵਾਨ ਸਿੰਘ ਗਿੱਲ ਨੇ ਦੱਸਿਆ ਕਿ ਕਲੀਅਰਮੈਡੀ ਹੈਲਥਕੇਅਰ ਵੱਲੋਂ 360 ਡਿਗਰੀ ਆਰਥੋਪੈਡਿਕ ਜੁਆਇੰਟ ਕਲੀਨਿਕ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦੌਰਾਨ ਮਰੀਜ਼ 31 ਮਈ, 2025 ਤੱਕ ਆਰਥੋਪੈਡਿਕ ਅਤੇ ਹੋਰ ਮੁਫਤ ਮੈਡੀਕਲ ਚੈਕਅੱਪ ਕੈਂਪ ਦਾ ਲਾਭ ਉਠਾ ਸਕਦੇ ਹਨ।ਇਸ ਮੌਕੇ ਡਾ. ਨਵਰੋਜ਼ ਕਪਿਲ ਮਾਹਿਰ ਆਰਥੋਪੈਡਿਕ ਅਤੇ ਜੁਆਇੰਟ ਰਿਪਲੇਸਮੈਂਟ, ਡਾ. ਅੰਕੁਸ਼ ਰੰਧਾਵਾ ਐਚਓਡੀ ਫਿਜ਼ੀਓਥਰੈਪੀ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਐਜੂਕੇਸ਼ਨ ਸਿਟੀ ਵਿਖੇ ਟੈਕਨੋ ਵਿਰਸਾ-2025 ਮੇਲਾ ਕਰਵਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਐਜੂਕੇਸ਼ਨ ਸਿਟੀ, ਹੁਸ਼ਿਆਰਪੁਰ ਵਿਖੇ ਸਾਲਾਨਾ ਸੱਭਿਆਚਾਰਕ ਮੇਲਾ 'ਟੈਕਨੋ ਵਿਰਸਾ-2025' ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਸਿੱਧ ਪੰਜਾਬੀ ਗਾਇਕ ਗੁਰਨਾਮ ਭੁੱਲਰ ਨੇ ਆਪਣੇ ਮਨਮੋਹਕ ਗੀਤਾਂ ਰਾਹੀਂ ਦਰਸ਼ਕਾਂ ਨੂੰ ਮੰਤਰ ਮੁਗਧ ਕੀਤਾ ਅਤੇ ਪੂਰੇ ਕੈਂਪਸ ਨੂੰ ਸੰਗੀਤਮਈ ਮਾਹੌਲ ਵਿੱਚ ਰੰਗ ਦਿੱਤਾ। ਇਸ ਸਮਾਗਮ ਵਿੱਚ ਪ੍ਰੇਮ ਸਿੰਘ ਭਸਰਾ ਅਤੇ ਪਰਮਜੀਤ ਸਿੰਘ ਦੇ (ਪ੍ਰੀਤ ਟਰੈਕਟਰ ਲਿਮਟਿਡ), ਐਸ.ਐਸ.ਪੀ. ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਭਿਆਚਾਰਕ ਮੰਚ ਪ੍ਰਦਾਨ ਕਰਨ ਲਈ ਰਿਆਤ ਬਾਹਰਾ ਗਰੁੱਪ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਮਨਜੀਤ ਕੌਰ ਬਾਹਰਾ ਨੇ ਸਾਰੇ ਮਹਿਮਾਨਾਂ ਨੂੰ ਗੁਲਦਸਤੇ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਚੇਅਰਮੈਨ ਬਾਹਰਾ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਵਿਦਿਆਰਥੀਆਂ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਪਲੇਟਫਾਰਮ ਵਿਦਿਆਰਥੀਆਂ ਨੂੰ ਆਪਣੀ ਸਿਰਜਣਾਤਮਕਤਾ, ਕਲਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ, ਜਿਸ ਨਾਲ ਉਨ੍ਹਾਂ ਦਾ ਸਰਵਪੱਖੀ ਵਿਕਾਸ ਸੰਭਵ ਹੁੰਦਾ ਹੈ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਦੱਸਿਆ ਕਿ ਟੈਕਨੋ ਵਿਰਸਾ-2025, ਰਿਆਤ ਬਾਹਰਾ ਪਰਿਵਾਰ ਲਈ ਇੱਕ ਮਹੱਤਵਪੂਰਨ ਸੱਭਿਆਚਾਰਕ ਇਵੈਂਟ ਹੈ, ਜੋ ਹਰ ਸਾਲ ਵਿਦਿਆਰਥੀਆਂ ਲਈ ਉਤਸ਼ਾਹ ਅਤੇ ਉਲਾਸ ਦੀ ਲਹਿਰ ਲੈ ਕੇ ਆਉਂਦਾ ਹੈ। ਗੁਰਨਾਮ ਭੁੱਲਰ ਨੇ 'ਡਾਇਮੰਡ ਦੀ ਝਾਂਜਰ', 'ਗੁੱਡੀਆਂ ਅਤੇ ਪਟੋਲੇ', 'ਪਾਗਲ' ਵਰਗੇ ਹਿੱਟ ਗੀਤ ਪੇਸ਼ ਕਰਕੇ ਨੌਜਵਾਨ ਦਰਸ਼ਕਾਂ ਨੂੰ ਝੂਮਣ 'ਤੇ ਮਜਬੂਰ ਕਰ ਦਿੱਤਾ।ਇਸ ਮੌਕੇ ਵਾਇਸ ਚੇਅਰਮੈਨ ਗੁਰਿੰਦਰ ਸਿੰਘ ਬਾਹਰਾ, ਡਾ. ਹਰਿੰਦਰ ਗਿੱਲ, ਡਾ. ਮੀਨਾਕਸ਼ੀ, ਡਾ. ਮਨਿੰਦਰ ਗਰੋਵਰ, ਡਾ. ਗੁਰਜੀਤ ਸਿੰਘ, ਡਾ. ਪੱਲਵੀ ਪੰਡਿਤ, ਡਾ. ਕੁਲਦੀਪ ਵਾਲੀਆ, ਹਰਿੰਦਰ ਜਸਵਾਲ, ਗੁਰਪ੍ਰੀਤ ਬੇਦੀ, ਸੀਵੀ ਜੋਸ਼ੀ, ਕੁਲਦੀਪ ਰਾਣਾ , ਦਾਨਿਸ਼ ਸਮੇਤ ਸਮੂਹ ਕੈਂਪਸ ਸਟਾਫ਼ ਮੌਜੂਦ ਰਹੇ।

# ਆਂਗਣਵਾੜੀ ਸੈਂਟਰਾਂ 'ਚ ਪੋਸ਼ਣ ਪਖਵਾੜਾ ਮਨਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਲੰਧਰ ਮਨਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂਰਮਹਿਲ ਸ੍ਰੀਮਤੀ ਹਰਵਿੰਦਰ ਕੌਰ ਦੀ ਅਗਵਾਈ ਵਿਚ ਨੂਰਮਹਿਲ ਦੇ ਆਂਗਣਵਾੜੀ ਸੈਂਟਰਾਂ ਵਿਚ ਪੋਸ਼ਣ ਪਖਵਾੜਾ ਦਿਵਸ ਮਨਾਇਆ ਗਿਆ।



ਜਿਸ ਵਿੱਚ ਆਂਗਣਵਾੜੀ ਵਰਕਰਾਂ ਵੱਲੋਂ ਪਿੰਡ ਦੀਆਂ ਗਰਭਵਤੀ ਨਰਸਿੰਗ ਮਾਂਵਾਂ ਅਤੇ ਕਿਸ਼ੋਰੀਆਂ ਨੂੰ ਸਿਹਤ ਸੰਬੰਧੀ ਜਾਣਕਾਰੀ ਦਿੱਤੀ ਗਈ। ਔਰਤਾਂ ਨੂੰ ਟੀਕਿਆਂ ਬਾਰੇ ,ਅਨੀਮਿਆ ਬਾਰੇ ਨਿੱਜੀ ਸਫਾਈ , ਮਾਂ ਦੇ ਦੁੱਧ ਦੀ ਮਹੱਤਤਾ ਬਾਰੇ , ਪਹਿਲੇ 1000 ਦਿਨਾਂ ਦੌਰਾਨ ਬੱਚੇ ਦੀ ਦੇਖਭਾਲ , ਸੰਬੰਧੀ ਦੱਸਿਆ ਗਿਆ। ਹੱਥ ਧੋਣ ਦੇ ਸਹੀ ਤਰੀਕੇ ਬਾਰੇ ਅਤੇ ਘੱਟ ਲਾਗਤ ਵਾਲੇ ਭੋਜਨਾਂ ਬਾਰੇ ਜਾਣਕਾਰੀ ਦਿੱਤੀ ਗਈ।

# ਡੀ. ਆਈ. ਜੀ. ਭੁੱਲਰ ਨੇ ਵਿਦਿਅਕ ਅਦਾਰਿਆਂ ਦਾ ਕੀਤਾ ਦੌਰਾ

**ਐਸ.ਏ.ਐਸ. ਨਗਰ (ਗੁਰਜੀਤ ਬਿੱਲਾ)**- ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਸ, ਰੂਪਨਗਰ ਰੇਂਜ, ਹਰਚਰਨ ਸਿੰਘ ਭੁੱਲਰ ਨੇ ਮੋਹਾਲੀ ਸਮੇਤ ਰੂਪਨਗਰ ਰੇਂਜ ਵਿੱਚ ਸਥਿਤ ਵੱਖ-ਵੱਖ ਵਿਦਿਅਕ ਅਦਾਰਿਆਂ ਦਾ ਦੌਰਾ ਕੀਤਾ ਤਾਂ ਜੋ ਕਾਨੂੰਨ ਵਿਵਸਥਾ ਦੀ ਸਥਿਤੀ ਦਾ ਜਾਇਜ਼ਾ ਲਿਆ ਜਾ ਸਕੇ ਅਤੇ ਇੱਥੇ ਪੜ੍ਹ ਰਹੇ ਦੂਜੇ ਰਾਜਾਂ ਦੇ ਵਿਦਿਆਰਥੀਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਜਾ ਸਕੇ।ਦੌਰੇ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ, ਭੁੱਲਰ ਨੇ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਦੂਜੇ ਰਾਜਾਂ ਦੇ ਵਿਦਿਆਰਥੀਆਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ।ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਦੇਸ਼ ਵਿਰੋਧੀ ਤਾਕਤਾਂ ਦੇ ਨਾਪਾਕ ਮਨਸੂਬਿਆਂ ਦਾ ਜਵਾਬ ਦੇਣ ਦੇ ਸਮਰੱਥ ਹੈ।ਉਨ੍ਹਾਂ ਕਿਹਾ ਕਿ ਇੱਥੇ ਪੜ੍ਹ ਰਹੇ ਵਿਦਿਆਰਥੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਇੱਥੇ ਆਪਣੇ ਭਵਿੱਖ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ।ਚੰਡੀਗੜ੍ਹ ਯੂਨੀਵਰਸਟੀ ਘੜੂੰਆਂ ਅਤੇ ਸੀ ਜੀ ਸੀ ਲਾਂਡਰਾ ਦੀ ਫੈਕਲਟੀ ਅਤੇ ਮੈਨੇਜਮੈਂਟ ਨਾਲ ਮੀਟਿੰਗਾਂ ਕਰਦੇ ਹੋਏ, ਡੀ ਆਈ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਕਿਸੇ ਵੀ ਵਿਦਿਆਰਥੀ ਨੂੰ ਕੋਈ ਪਰੇਸ਼ਾਨੀ ਨਹੀਂ ਹੋਵੇਗੀ।ਉਨ੍ਹਾਂ ਫੈਕਲਟੀ ਮੈਂਬਰਾਂ ਨੂੰ ਦੂਜੇ ਰਾਜ ਦੇ ਵਿਦਿਆਰਥੀਆਂ ਨਾਲ ਨਿਯਮਿਤ ਤੌਰ 'ਤੇ ਗੱਲਬਾਤ ਕਰਨ ਲਈ ਕਿਹਾ। ਉਨ੍ਹਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸੁਰੱਖਿਆ ਦਾ ਭਰੋਸਾ ਵੀ ਦਿੱਤਾ।ਉਨ੍ਹਾਂ ਨੇ ਅਫਵਾਹਾਂ ਫੈਲਾਉਣ ਵਾਲਿਆਂ ਨੂੰ ਸਮਾਜ ਵਿੱਚ ਨਫ਼ਰਤੀ/ਗੁੰਮਰਾਹਕੁੰਨ ਪ੍ਰਚਾਰ ਫੈਲਾਉਣ ਤੇ ਸਖ਼ਤ ਕਾਰਵਾਈ ਚੇਤਾਵਨੀ ਦਿੱਤੀ।ਉਨ੍ਹਾਂ ਦੇ ਨਾਲ ਐਸ ਪੀ (ਦਿਹਾਤੀ) ਮਨਪ੍ਰੀਤ ਸਿੰਘ, ਐਸ ਪੀ (ਪੀ ਬੀ ਆਈ) ਦੀਪਿਕਾ ਸਿੰਘ ਅਤੇ ਡੀ ਐਸ ਪੀ ਮੋਹਾਲੀ ਹਰਸਿਮਰਨ ਸਿੰਘ ਬੱਲ ਵੀ ਸਨ।

# ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਵੱਲੋਂ ਪਹਿਲਗਾਮ ਹਮਲੇ ਦੀ ਸਖਤ ਨਿੰਦਾ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵੱਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਸਖਤ ਆਲੋਚਨਾ ਕਰਦਿਆਂ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਜਾਹਿਰ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਸਾਰਾ ਦੇਸ਼ ਦੁਖੀ ਪਰਵਾਰਾਂ ਦੇ ਨਾਲ ਖੜਾ ਹੈ।ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੋੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸੇਖੈ ਅਤੇ ਸੁਸਾਇਟੀ ਦੇ ਸਮੂਹ ਮਹਾਂਪੁਰਸ਼ਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬੁੱਧ ਬਖਸ਼ਿਸ਼ ਕਰਨ।ਸੁਸਾਇਟੀ ਦੇ ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਅੱਤਵਾਦ, ਹਿੰਸਾ, ਯੁੱਧ ਕਿਸੇ ਵੀ ਮਸਲੇ ਦਾ ਹੱਲ ਨਹੀਂ ਹਨ ਬਲਕਿ ਇਸ ਨਾਲ ਦੁਨੀਆਂ ਅੰਦਰ ਡਰ ਭੈਅ, ਨਫਰਤ ਅਤੇ ਈਰਖਾ ਦਾ ਮਹੌਲ ਪੈਦਾ ਹੋਵੇਗਾ ਅਤੇ ਦੇਸ਼ਾਂ ਅੰਦਰ ਅਮਨ, ਸ਼ਾਂਤੀ ਤੇ ਆਪਸੀ ਭਾਈਚਾਰੇ ਲਈ ਖਤਰਾ ਵਧੇਗਾ।ਇਸ ਮੌਕੇ ਸੰਤ ਸਰਵਣ ਦਾਸ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ, ਸੰਤ ਰਜੇਸ਼ ਦਾਸ ਬਜਵਾੜਾ,ਸੰਤ ਪ੍ਰਮੇਸ਼ਵਰੀ ਦਾਸ ਵੀ ਹਾਜ਼ਰ ਸਨ।

# ਪੰਜਾਬ ਦੇ 'ਆਮ ਆਦਮੀ ਕਲੀਨਿਕ' ਮਾਡਲ ਨੂੰ ਵਿਸ਼ਵ ਪੱਧਰ 'ਤੇ ਮਿਲੀ ਪ੍ਰਸ਼ੰਸਾ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁੱਢਲੀ ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਅਤੇ ਕਾਇਆ-ਕਲਪ ਕਰਨ ਦੀ ਦਿਸ਼ਾ ਵਿੱਚ ਹੋਰ ਬੁਲੰਦੀ ਹਾਸਲ ਕਰਦਿਆਂ ਆਮ ਆਦਮੀ ਕਲੀਨਿਕਾਂ (ਏਏਸੀ) ਨੂੰ ਉਦੋਂ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਹੋਈ ਜਦੋਂ ਉੱਚ ਪੱਧਰੀ 14 ਮੈਂਬਰੀ ਆਸਟ੍ਰੇਲੀਆਈ ਵਫ਼ਦ ਨੇ ਸੂਬੇ ਦੇ ਮਾਡਲ ਨੂੰ ਅਪਣਾਉਣ ਵਿੱਚ ਡੂੰਘੀ ਦਿਲਚਸਪੀ ਪ੍ਰਗਟਾਈ। ਮੈਂਬਰ ਆਫ ਪਾਰਲੀਮੈਂਟ (ਐਮ ਪੀ) ਸਟੇਟ ਆਫ ਵਿਕਟੋਰੀਆ ਡਾਇਲੋਨ ਵਾਈਟ (ਵਫ਼ਦ ਦੇ ਆਗੂ) ਅਤੇ ਐਮ ਪੀ ਸਟੇਟ ਆਫ ਵਿਕਟੋਰੀਆ ਮੈਥਿਊ ਹਿਲਾਕਰੀ ਦੀ ਅਗਵਾਈ ਵਿੱਚ ਵਫ਼ਦ ਨੇ ਮੋਹਾਲੀ ਵਿਖੇ ਮੁੱਢਲੀ ਸਿਹਤ ਸੰਭਾਲ ਸਹੂਲਤ-ਆਮ ਆਦਮੀ ਕਲੀਨਿਕ ਅਤੇ ਤੀਜੇ ਦਰਜੇ ਦੀ ਸਿਹਤ ਸੰਭਾਲ ਸਹੂਲਤ-ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਿਜ਼ (ਪੀਆਈਐਲਬੀਐਸ) ਦਾ ਦੌਰਾ ਕੀਤਾ।ਇਸ ਉਪਰੰਤ ਵਫ਼ਦ ਨੇ ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨਾਲ ਮੀਟਿੰਗ ਕੀਤੀ ਜਿੱਥੇ ਉਨ੍ਹਾਂ ਨੇ ਸਿਹਤ ਸੰਭਾਲ ਅਤੇ ਖੇਤੀਬਾੜੀ ਬਾਰੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।ਮੀਟਿੰਗ ਵਿੱਚ ਪ੍ਰਸ਼ਾਸਨਿਕ ਸਕੱਤਰ ਸਿਹਤ ਤੇ ਪਰਵਾਰ ਭਲਾਈ ਕੁਮਾਰ ਰਾਹੁਲ, ਵਿਸ਼ੇਸ਼ ਸਕੱਤਰ ਖੇਤੀਬਾੜੀ ਬਲਦੀਪ ਕੌਰ ਅਤੇ ਡਾਇਰੈਕਟਰ ਪੀਆਈਐਲਬੀਐਸ ਡਾ. ਵਰਿੰਦਰ ਸਿੰਘ ਵੀ ਹਾਜ਼ਰ ਸਨ।ਆਸਟ੍ਰੇਲੀਆਈ ਨੁਮਾਇੰਦੇ ਆਮ ਆਦਮੀ ਕਲੀਨਿਕ, ਜੋ ਲੋਕਾਂ ਦੇ ਉਨ੍ਹਾਂ ਦੇ ਘਰਾਂ ਦੇ ਨੇੜੇ 80 ਜ਼ਰੂਰੀ ਦਵਾਈਆਂ ਅਤੇ 38 ਡਾਇਗਨੌਸਟਿਕਸ ਸਮੇਤ ਮੁਫ਼ਤ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਦੀ ਪੇਸ਼ਕਸ਼ ਕਰ ਰਹੇ ਹਨ,



ਦੇ ਮਾਡਲ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਫ਼ਦ ਨੇ ਲੋਕਾਂ ਨੂੰ ਸਸਤੀਆਂ, ਪਹੁੰਚਯੋਗ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ, 'ਵਫ਼ਦ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਸਵੇਰੇ 11 ਵਜੇ ਤੱਕ, 60 ਤੋਂ ਵੱਧ ਮਰੀਜ਼ ਪਹਿਲਾਂ ਹੀ ਆਮ ਆਦਮੀ ਕਲੀਨਿਕ ਵਿੱਚ ਸੇਵਾਵਾਂ ਪ੍ਰਾਪਤ ਕਰ ਚੁੱਕੇ ਸਨ। ਉਹ ਇੰਨੇ ਪ੍ਰਭਾਵਿਤ ਹੋਏ ਕਿ ਉਹ ਇਸ ਮਾਡਲ ਨੂੰ ਆਸਟ੍ਰੇਲੀਆ ਵਿੱਚ ਅਪਣਾਉਣਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਮਾਡਲ ਉਹਨਾਂ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬਹੁਤ ਲਾਭ ਪਹੁੰਚਾ ਸਕਦਾ ਹੈ।' ਇਸ ਦੌਰਾਨ ਖੇਤੀਬਾੜੀ ਅਤੇ ਵਾਤਾਵਰਣ ਸਥਿਰਤਾ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ ਜਿਸ ਵਿੱਚ ਦੋਵੇਂ ਧਿਰਾਂ ਨੇ ਸੰਭਾਵੀ ਸਹਿਯੋਗ ਦੀ ਪੜਚੋਲ ਕੀਤੀ। ਡਾ. ਬਲਬੀਰ ਸਿੰਘ ਨੇ ਕਿਹਾ, 'ਆਸਟ੍ਰੇਲੀਆ ਵਿੱਚ ਮੌਸਮੀ ਸਥਿਤੀਆਂ ਅਤੇ ਫਸਲੀ ਚੱਕਰ ਪੰਜਾਬ ਦੇ ਸਮਾਨ ਹਨ। ਉਨ੍ਹਾਂ ਨੇ ਸਾਡੇ ਮੋਟੇ ਅਨਾਜ (ਜਵਾਰ, ਬਾਜਰਾ, ਰਾਗੀ ਆਦਿ) ਅਤੇ ਜੈਵਿਕ ਖੇਤੀ ਦੇ ਅਭਿਆਸਾਂ ਵਿੱਚ ਬਹੁਤ ਦਿਲਚਸਪੀ ਦਿਖਾਈ। ਅਸੀਂ ਚਰਚਾ ਕੀਤੀ ਕਿ ਕਿਵੇਂ ਦੋਵੇਂ ਖੇਤਰ ਪਾਣੀ ਦੀ ਸੰਭਾਲ ਅਤੇ ਪ੍ਰਦੂਸ਼ਣ ਨੂੰ ਘਟਾਉਣ ਦੇ ਨਾਲ-ਨਾਲ ਖੇਤੀ ਉਤਪਾਦਕਤਾ ਨੂੰ ਵਧਾਉਣ ਲਈ ਇੱਕ ਦੂਜੇ ਤੋਂ ਸਿੱਖ ਸਕਦੇ ਹਨ।' ਵਫ਼ਦ ਦੇ ਹੋਰ ਮੈਂਬਰਾਂ ਵਿੱਚ ਪ੍ਰੋਫ਼ੈਸਰ ਹਰਪਿੰਦਰ ਸੰਧੂ (ਫ਼ੈਡਰੇਸ਼ਨ ਯੂਨੀਵਰਸਿਟੀ ਆਸਟ੍ਰੇਲੀਆ); ਡਾ. ਜਸਵਿੰਦਰ ਸਿੱਧੂ (ਫ਼ੈਡਰੇਸ਼ਨ ਯੂਨੀਵਰਸਿਟੀ ਆਸਟ੍ਰੇਲੀਆ); ਏ/ਪ੍ਰੋਫ਼ੈਸਰ ਪੌਲ ਪੈਂਗ (ਫ਼ੈਡਰੇਸ਼ਨ ਯੂਨੀਵਰਸਿਟੀ ਆਸਟ੍ਰੇਲੀਆ); ਡਾ. ਸਚਿਨ ਦਹੀਆ (ਬਿਜ਼ਨਸ ਲੀਡਰ, ਬੱਲਾਰਟ); ਪਰਵਿੰਦਰ ਸਰਵਰਾ (ਬਿਜ਼ਨਸਮੈਨ ਅਤੇ ਸੀਈਓ, ਸਿੰਘ ਹੋਮਜ਼); ਦਵਿੰਦਰ ਸਿੰਘ (ਬਿਜ਼ਨਸਮੈਨ ਅਤੇ ਇੰਪੋਰਟਰ); ਸੁਖਮੀਤ ਆਹੂਜਾ (ਵਿਜ਼ਨਸਮੈਨ ਅਤੇ ਐਜੂਕੇਟਰ), ਜਸਵਿੰਦਰ ਸਿੰਘ (ਸੀਈਓ, ਸਿੱਖ ਵਲੰਟੀਅਰਜ਼ ਆਸਟ੍ਰੇਲੀਆ); ਅਭਿਮਨਿਊ ਕੁਮਾਰ (ਬਿਜ਼ਨਸਮੈਨ); ਨਵਦੀਪ ਸਿੰਘ ਹਾਂਡਾ (ਬਿਜ਼ਨਸਮੈਨ, ਸੀਈਓ ਆਮੀਕੋ ਹੋਮਸ); ਕਾਰਤੀਕ ਮੁਨੀਗੋਤੀ (ਸੀਈਓ, ਕਾਂਸਟੈਲੇਸ਼ਨ ਟੈਕਨੋਲੋਜੀਜ਼ ਲਿਮਟਿਡ); ਅਤੇ ਲਵ ਖੱਖ (ਬਿਜ਼ਨਸਮੈਨ ਅਤੇ ਸਪੋਰਟਸ ਇਵੈਂਟਸ ਆਰਗੇਨਾਈਜ਼ਰ) ਸ਼ਾਮਲ ਸਨ।

# 'ਦੇਸ਼ ਅਸਾਡਾ ਕਿਥੋਂ ਕਿਥੇ ਪਹੁੰਚ ਗਿਆ' ਵਿਸ਼ੇ 'ਤੇ ਸੈਮੀਨਾਰ

**ਫਗਵਾੜਾ (ਡਾ. ਰਮਨ)** ਦੇਸ਼ ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਪੰਜਾਬ ਚੇਤਨਾ ਮੰਚ ਵੱਲੋਂ "ਦੇਸ਼ ਅਸਾਡਾ ਕਿਥੋਂ ਕਿਥੇ ਪਹੁੰਚ ਗਿਆ" ਵਿਸ਼ੇ 'ਤੇ ਇੱਕ ਮਹੱਤਵਪੂਰਨ ਸੈਮੀਨਾਰ



24 ਮਈ 2025 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕਰਵਾਉਣ ਦਾ ਫ਼ੈਸਲਾ ਮੰਚ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਹੋਈ ਮੰਚ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਵਿੱਚ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਜੱਥੇਬੰਦਕ ਸਕੱਤਰ ਗੁਰਮੀਤ ਸਿੰਘ ਪਲਾਹੀ, ਸਕੱਤਰ ਦੁਆਬਾ ਜ਼ੋਨ ਰਵਿੰਦਰ ਚੋਟ ਸ਼ਾਮਲ ਹੋਏ। ਇਹ ਸੈਮੀਨਾਰ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹੋਰ ਜੱਥੇਬੰਦੀਆਂ ਦੇ ਸਹਿਯੋਗ ਨਾਲ ਕੀਤਾ ਜਾਏਗਾ ਅਤੇ ਪ੍ਰਸਿੱਧ ਚਿੰਤਕ ਆਸ਼ੂਤੋਸ਼ ਦਿੱਲੀ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਚਿੰਤਕ ਕਾਹਨ ਸਿੰਘ ਪੰਨੂ, ਡਾ. ਸੁੱਚਾ ਸਿੰਘ ਗਿੱਲ, ਡਾ. ਰਣਜੀਤ ਸਿੰਘ ਘੁੰਮਣ, ਮੰਗਤ ਰਾਮ ਪਾਸਲਾ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਿਆ ਗਿਆ ਹੈ। ਉਪਰੋਕਤ ਵਿਸ਼ੇ 'ਤੇ ਪ੍ਰਸਿੱਧ ਪੱਤਰਕਾਰ ਸਤਨਾਮ ਸਿੰਘ ਮਾਣਕ ਕੁੰਜੀਵਤ ਭਾਸ਼ਨ ਨਾਲ ਸੈਮੀਨਾਰ ਦਾ ਆਰੰਭ ਕਰਨਗੇ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਰਲਡ ਬੁੱਕ ਡੇ ਮਨਾਇਆ



**ਕਪੂਰਥਲਾ (ਹਨੀ)** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਵਰਲਡ ਬੁੱਕ ਡੇ ਮਨਾਇਆ ਗਿਆ । ਇਸ ਦੌਰਾਨ ਕੇ ਜੀ ਵਿੰਗ ਦੇ ਵਿਦਿਆਰਥੀਆਂ ਦੀ ਐਕਟੀਵਿਟੀ ਕਰਵਾਉਂਦੇ ਹੋਏ ਉਨ੍ਹਾਂ ਨੂੰ ਲਾਈਬ੍ਰੇਰੀ ਟੂਰ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਲਾਈਬ੍ਰੇਰੀ ਦੇ ਨਿਯਮਾਂ ਅਤੇ ਰੱਖ ਰਖਾਵ ਬਾਰੇ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਕਹਾਣੀਆਂ ਵੀ ਸੁਣਾਈਆਂ ਗਈਆਂ । ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਇਸ ਦਿਨ ਦਾ ਮੁੱਖ ਉਦੇਸ਼ ਪੁਸਤਕਾਂ ਪੜ੍ਹਨ ਦੀ ਆਦਤ ਨੂੰ ਉਤਸ਼ਾਹਿਤ ਕਰਨਾ ਹੈ । ਇਹ ਦਿਨ ਇਸ ਗੱਲ ਦਾ ਪ੍ਰਤੀਕ ਹੈ ਕਿ ਪੁਸਤਕਾਂ ਨਾ ਕੇਵਲ ਗਿਆਨ ਦਾ ਸਰੋਤ ਹਨ, ਬਲਕਿ ਉਹ ਸੰਸਕ੍ਰਿਤੀ, ਵਿਚਾਰ ਅਤੇ ਭਾਵਨਾਵਾਂ ਨੂੰ ਸਾਂਝਾ ਕਰਨ ਦਾ ਇੱਕ ਸਾਧਨ ਵੀ ਹਨ ।

# ਇਨੋਸੈਂਟ ਹਾਰਟਸ ਦੇ ਪੰਜ ਸਕੂਲਾਂ ਦੇ 2140 ਵਿਦਿਆਰਥੀਆਂ ਨੂੰ ਅਕਾਦਮਿਕ ਪੁਰਸਕਾਰ ਪ੍ਰਦਾਨ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਦੇ ਵਿਦਿਆਰਥੀਆਂ, ਜਿਨ੍ਹਾਂ ਨੇ ਸੈਸ਼ਨ 2024-25 ਵਿੱਚ ਪੰਜਾਂ ਸਕੂਲਾਂ (ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਸਨ, ਨੂੰ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਪਹਿਲੀ ਤੋਂ ਨੌਵੀਂ ਜਮਾਤ ਤੇ ਗਿਆਰਵੀਂ ਜਮਾਤ ਦੇ ਕੁੱਲ 2140 ਵਿਦਿਆਰਥੀਆਂ ਨੂੰ ਅਕਾਦਮਿਕ ਪੁਰਸਕਾਰ ਦਿੱਤੇ ਗਏ। ਇਸ ਮੌਕੇ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ ਉਨ੍ਹਾਂ ਦੀ ਪੂਰੇ ਸਾਲ ਦੀ ਮਿਹਨਤ ਨੂੰ ਦਰਸਾਉਂਦੀ ਸੀ।ਅਤੇ ਵਿਦਿਆਰਥੀਆਂ ਨੇ ਇਹ ਪੁਰਸਕਾਰ ਆਪਣੇ ਸਕੂਲ ਦੇ ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਤੋਂ ਪ੍ਰਾਪਤ ਕੀਤੇ।ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਮਿਸ ਸ਼ਾਲੂ ਸਹਿਗਲ (ਲੋਹਾਰਾਂ), ਡਾਇਰੈਕਟਰ ਸ੍ਰੀਮਤੀ ਮੀਨਾਕਸ਼ੀ ਸ਼ਰਮਾ, ਪ੍ਰਿੰਸੀਪਲ ਸ੍ਰੀਮਤੀ ਜਸਮੀਤ ਬਖਸ਼ੀ (ਨੂਰਪੁਰ), ਸ੍ਰੀਮਤੀ ਸੋਨਾਲੀ ਮਨੋਚਾ (ਕੈਂਟ ਜੰਡਿਆਲਾ ਰੋਡ), ਡਾਇਰੈਕਟਰ ਸ੍ਰੀਮਤੀ ਪੂਨਮ ਨਾਰੰਗ, ਪ੍ਰਿੰਸੀਪਲ ਸ਼ੇਤਪੁਰ ਖਾਂਨਾ ਰੋਡ (ਪ੍ਰਿੰਸੀਪਲ ਕੇ.ਕੇ.) ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ । ਉਨ੍ਹਾਂ ਇਸ ਲਈ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਸ਼੍ਰੀਮਤੀ ਸ਼ੈਲੀ ਬੌਰੀ (ਕਾਰਜਕਾਰੀ ਨਿਰਦੇਸ਼ਕ ਅਕਾਦਮਿਕ) ਨੇ ਕਿਹਾ ਕਿ ਹਰ ਸਾਲ ਕਲਾਸਾਂ ਵਿੱਚ ਸੰਪੂਰਨ ਹਾਜ਼ਰੀ ਵਾਲੇ ਅਤੇ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਜਿਨ੍ਹਾਂ ਵਿਦਿਆਰਥੀਆਂ ਨੂੰ ਪੁਰਸਕਾਰ ਦਿੱਤਾ ਗਿਆ ਹੈ, ਇਹ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਲਗਨ ਕਾਰਨ ਹੈ। ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ, ਉਨ੍ਹਾਂ ਨੂੰ ਉਸੇ ਦ੍ਰਿੜਤਾ ਅਤੇ ਸਮਰਪਣ ਨਾਲ ਆਪਣੇ ਟੀਚੇ ਵੱਲ ਅੱਗੇ ਵਧਣ ਲਈ ਕਿਹਾ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ ਪ੍ਰਭਾਵਸ਼ਾਲੀ ਸਮਾਗਮ

**ਆਦਮਪੁਰ (ਪਰਮਜੀਤ ਸਿੰਘ)**:- ਪੰਜਾਬ ਸਰਕਾਰ ਵਲੋਂ ਆਰੰਭੀ ਸਿੱਖਿਆ ਕ੍ਰਾਂਤੀ ਮੁਹਿੰਮ ਅਧੀਨ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ 7 ਜਮਾਤਾਂ ਦੇ ਕਮਰਿਆਂ ਦੇ ਨਵੀਨੀਕਰਨ ਤੇ ਆਧੁਨਿਕੀਕਰਨ ਦਾ ਉਦਘਾਟਨ ਕੀਤਾ ਗਿਆ।ਸਭ ਤੋਂ ਪਹਿਲਾਂ ਪ੍ਰਿੰਸੀਪਲ



ਰਾਮ ਆਸਰਾ ਸਟੇਟ ਐਵਾਰਡੀ, ਸਕੂਲ ਇੰਚਾਰਜ ਸੁਰੇਸ਼ ਕੁਮਾਰ ਤੇ ਸਮੂਹ ਸਟਾਫ ਵਲੋਂ ਭੱਟੀ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ ਤੇ ਇਸ ਉਪਰੰਤ ਸਕੂਲ ਦੇ ਵਿਦਿਆਰਥੀਆਂ ਵਲੋਂ ਸਲਾਮੀ ਦਿੱਤੀ ਗਈ ।ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀ ਰਹੇ ਅੰਤਰ ਰਾਸ਼ਟਰੀ ਕਬੱਡੀ ਖ਼ਿਡਾਰੀ ਜੂਰੀ ਭਗਵਾਨਪੁਰ ਤੇ ਫ਼ਰਿਆਦ ਮੁਹੰਮਦ ਨੂੰ ਸਨਮਾਨਿਤ ਕੀਤਾ ਗਿਆ । ਇਸਦੇ ਨਾਲ ਹੀ ਛੋਟੀ ਉਮਰ ਵਿਚ ਦੋ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਲੇ ਸਕੂਲ ਦੇ ਵਿਦਿਆਰਥੀ ਸੰਦੀਪ ਧੀਰੋਵਾਲ ਨੂੰ ਸਨਮਾਨਿਤ ਕੀਤਾ ਗਿਆ ਜੋ ਹੁਣ ਸਰਕਾਰੀ ਐਲੀਮੈਂਟਰੀ ਸਕੂਲ ਬਡਾਲਾ ਮਾਹੀ ਵਿਚ ਬਤੌਰ ਅਧਿਆਪਕ ਸੇਵਾਵਾਂ ਨਿਭਾਅ ਰਹੇ ਹਨ ।ਬੱਚਿਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ।ਜੀਤ ਲਾਲ ਭੱਟੀ ਤੇ ਪ੍ਰਿੰਸੀਪਲ ਰਾਮ ਆਸਰਾ ਸਟੇਟ ਐਵਾਰਡੀ ਵਲੋਂ ਪੰਜਾਬ ਸਰਕਾਰ ਦੇ ਸਿੱਖਿਆ ਦੇ ਖੇਤਰ ਵਿਚ ਕੀਤੇ ਕੰਮਾਂ ਦਾ ਜ਼ਿਕਰ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ ਤੇ ਉਹਨਾਂ ਵਲੋਂ ਸਰਕਾਰੀ ਸਕੂਲਾਂ ਦੀ ਤਰੱਕੀ ਲਈ ਸਭ ਨੂੰ ਯਤਨਸ਼ੀਲ ਰਹਿਣ ਦਾ ਹੋਕਾ ਦਿੱਤਾ । ਇਸ ਮੌਕੇ ਬਲਾਕ ਪ੍ਰਧਾਨ ਸਤਨਾਮ ਸਿੰਘ ਮਨਕੋਟੀਆ, ਜ਼ਿਲ੍ਹਾ ਅਹੁਦੇਦਾਰ ਮੰਗਾ ਸਿੰਘ, ਬਲਾਕ ਪ੍ਰਧਾਨ ਚੌਧਰੀ ਤਰਸੇਮ ਲਾਲ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਹੰਸ ਰਾਜ , ਬਲਾਕ ਪ੍ਰਧਾਨ ਹਨਿੰਦਰ ਸਿੰਘ , ਇਲਾਕੇ ਦੀ ਸੀਨੀਅਰ ਲੀਡਰਸ਼ਿਪ , ਪੰਚਾਇਤ ਮੈਂਬਰ , ਸਕੂਲ ਕਮੇਟੀ ਆਹੁਦੇਦਾਰ ਤੇ ਸਮੁੱਚਾ ਸਟਾਫ ਹਾਜਰ ਸੀ ।

# ਮੁੱਖ ਮੰਤਰੀ ਦੀ ਯੋਗਸ਼ਾਲਾ ਸਿਹਤਮੰਦ ਜੀਵਨ ਸ਼ੈਲੀ ਨੂੰ ਕਰ ਰਹੀ ਉਤਸ਼ਾਹਤ : ਐੱਸ ਡੀ ਐੱਮ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਐਸ ਡੀ ਐਮ ਅਮਿਤ ਗੁਪਤਾ ਨੇ ਦੱਸਿਆ ਕਿ ਅਜੋਕੇ ਸਮੇਂ ਵਿੱਚ ਹਰ ਮਨੁੱਖ ਕਿਸੇ ਨਾ ਕਿਸੇ ਤਰ੍ਹਾਂ ਦੇ ਪਰੇਸ਼ਾਨੀ ਨਾਲ ਘਿਰਿਆ ਰਹਿੰਦਾ ਹੈ। ਇਸੇ ਪਰੇਸ਼ਾਨੀ ਤੋਂ ਮੁਕਤੀ ਪਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਦੀ ਯੋਗਸ਼ਾਲਾ ਜ਼ੀਰਕਪੁਰ ਦੇ ਵਾਸੀਆਂ ਵਿੱਚ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰ ਰਹੀ ਹੈ।ਯੋਗਾ ਟ੍ਰੇਨਰ ਅਰਚਨਾ



ਵੱਲੋਂ ਜ਼ੀਰਕਪੁਰ ਵਿਖੇ ਵੱਖ-ਵੱਖ ਥਾਵਾਂ 'ਤੇ ਰੋਜ਼ਾਨਾ ਛੇ ਯੋਗਾ ਕਲਾਸਾਂ ਲਾਈਆਂ ਜਾ ਰਹੀਆਂ ਹਨ।ਅਰਚਨਾ ਵੱਲੋਂ ਸਵੇਰੇ 6.15 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੀ ਕਲਾਸ 7:15 ਵਜੇ ਖ਼ਤਮ ਹੋਣ ਤੱਕ ਦਿਨ ਵਿੱਚ ਛੇ ਕਲਾਸਾਂ ਲਾਈਆਂ ਜਾ ਰਹੀਆਂ ਹਨ।ਟ੍ਰੇਨਰ ਅਰਚਨਾ ਵੱਲੋਂ ਜ਼ੀਰਕਪੁਰ ਵਿਖੇ ਪਹਿਲੀ ਕਲਾਸ ਸੁਸ਼ਮਾ ਗ੍ਰੈਂਡ ਸੁਸਾਇਟੀ ਪਾਰਕ ਵਿਖੇ ਸਵੇਰੇ 6.15 ਤੋਂ 7.15 ਵਜੇ ਤੱਕ, ਦੂਸਰੀ ਅਤੇ ਪੰਜਵੀਂ ਕਲਾਸ ਮੋਤੀਆ ਸਿਟੀ ਸੁਸਾਇਟੀ ਪਾਰਕ ਵਿਖੇ ਸਵੇਰੇ 8.25 ਤੋਂ 9.25 ਵਜੇ ਤੱਕ ਅਤੇ ਸ਼ਾਮ 5.10 ਤੋਂ 6.10 ਵਜੇ ਤੱਕ, ਤੀਜੀ ਕਲਾਸ ਸੁਸ਼ਮਾ ਗ੍ਰੈਂਡ ਕਲੱਬ ਹਾਊਸ ਵਿਖੇ ਸਵੇਰੇ 9.30 ਤੋਂ 10.30 ਵਜੇ ਤੱਕ ਅਤੇ ਚੌਥੀ ਕਲਾਸ ਸੁਸ਼ਮਾ ਵੈਲੇਂਸੀਆ ਸੁਸਾਇਟੀ ਪਾਰਕ ਵਿਖੇ ਬਾਅਦ ਦੁਪਿਹਰ 4.00 ਤੋਂ 5.00 ਵਜੇ ਤੱਕ ਅਤੇ ਛੇਵੀਂ ਕਲਾਸ ਚੰਡੀਗੜ੍ਹ ਇਨਕਲੇਵ ਸੁਸਾਇਟੀ ਪਾਰਕ ਵਿਖੇ ਸ਼ਾਮ 6.15 ਤੋਂ 7.15 ਵਜੇ ਤੱਕ ਲਾਈ ਜਾਂਦੀ ਹੈ।

# ਬੀ. ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ 'ਚ 'ਮਸਤੀ ਕੀ ਪਾਠਸ਼ਾਲਾ'

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਬੀ.ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿਖੇ ਹਰ ਸ਼ਨੀਵਾਰ ਰੋਚਕ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਸਿੱਖਿਅਤ



ਕਰਨ ਲਈ ਨਿਵੇਕਲੀ 'ਮਸਤੀ ਕੀ ਪਾਠਸ਼ਾਲਾ' ਲਗਾਈ ਜਾਂਦੀ ਹੈ ਜਿਸ ਵਿੱਚ ਇਸ ਵਾਰ ਪ੍ਰਿਥਵੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਗਤੀਵਿਧੀ 'ਬੈਸਟ ਆਊਟ ਆਫ ਵੇਸਟ' ਕਰਵਾਈ ਗਈ।ਵਿਦਿਆਰਥੀਆਂ ਨੇ ਬੇ-ਲੋੜਿੰਦੀਆਂ ਸਮਝੀਆਂ ਜਾਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਦੇ ਹੋਏ ਮਹੱਤਵਪੂਰਨ ਚੀਜ਼ਾਂ ਬਣਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਵੱਖ-ਵੱਖ ਮਾਡਲ ,ਪੇਂਟਿੰਗ, ਸਜਾਵਟ ਦਾ ਸਮਾਨ ਆਦਿ ਰਾਹੀਂ ਆਪਣੇ ਸਰੋਤਾਂ ਨੂੰ ਵਿਅਰਥ ਨਾ ਗਵਾਉਣ, ਉਨਾਂ ਦੇ ਮੁੜ ਇਸਤੇਮਾਲ ਅਤੇ ਪ੍ਰਿਥਵੀ ਨੂੰ ਪ੍ਰਦੂਸ਼ਣ ਤੋ ਬਚਾਉਣ ਦਾ ਸੰਦੇਸ਼ ਦਿੱਤਾ।ਕਿੰਡਰ ਗਾਰਟਨ ਦੇ ਵਿਦਿਆਰਥੀਆਂ ਨੇ ਹੈਂਡ ਪ੍ਰਿੰਟਿੰਗ ਕਰਦੇ ਹੋਏ ਵਿਸ਼ੇਸ਼ ਕਲਾ ਦਾ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਨੂੰ ਵੀਡੀਓਗ੍ਰਾਫਿਕ ਰਾਹੀਂ ਵਾਤਾਵਰਨ ਦੀ ਸੰਭਾਲ ਦੇ ਵੱਖ-ਵੱਖ ਢੰਗਾਂ ਬਾਰੇ ਜਾਣਕਾਰੀ ਦਿੱਤੀ ਗਈ।ਸਕੂਲ ਦੇ ਐਮ ਡੀ ਸਦਾਮ ਖਾਨ, ਪ੍ਰਿੰਸੀਪਲ ਸ੍ਰੀਮਤੀ ਨੀਤੀਮਾ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਤੇ ਪ੍ਰਿਥਵੀ ਨੂੰ ਸਬ ਜੀਵਾਂ ਦੇ ਰਹਿਣ ਯੋਗ ਬਣਾਉਣ ਲਈ ਉਪਰਾਲੇ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਇਹ ਘੋਸ਼ਣਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਇਹਨਾਂ ਦੁਆਰਾ ਬਣਾਈਆਂ ਗਈਆਂ ਲੋੜੀਦੀਆਂ ਵਸਤਾਂ ਦੀ ਪੀ ਟੀ ਐਮ 'ਤੇ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ।

# ਜ਼ਿਲ੍ਹੇ 'ਚ 10 ਹੋਰ ਸਰਕਾਰੀ ਸਕੂਲਾਂ ਦੀ ਸੰਵਾਰੀ ਦਿੱਖ

**ਜਲੰਧਰ (ਸੁਰਿੰਦਰ ਕੁਮਾਰ)** ਸਾਰੇ ਸਰਕਾਰੀ ਸਕੂਲਾਂ ਦੀ ਦਿੱਖ ਸੰਵਾਰਨ ਅਤੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਜ਼ਿਲ੍ਹੇ ਦੇ 10 ਹੋਰ ਸਰਕਾਰੀ ਸਕੂਲਾਂ ਵਿੱਚ 42.37 ਲੱਖ ਤੋਂ ਵੱਧ ਦੇ ਵਿਕਾਸ ਕਾਰਜ ਸਮਰਪਿਤ ਕੀਤੇ ਗਏ।ਇਸ ਮੁਹਿੰਮ ਤਹਿਤ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ



ਬਸਤੀ ਮਿੱਠੂ ਵਿਖੇ 9.55 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਸਮਾਰਟ ਕਲਾਸ ਰੂਮ ਦਾ ਉਦਘਾਟਨ ਕੀਤਾ ਗਿਆ।ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਨੂੰ ਇੰਟਰੈਕਟਿਵ ਪੈਨਲਜ਼, ਸਮਾਰਟ ਕਲਾਸ ਰੂਮਜ਼, ਵਾਈ-ਫਾਈ ਕੁਨੈਕਸ਼ਨ, ਪ੍ਰਾਜੈਕਟਰ, ਸੋਲਰ ਪੈਨਲ, ਸਾਇੰਸ ਲੈਬਜ਼, ਖੇਡ ਦੇ ਮੈਦਾਨ, ਸਪੋਰਟਸ ਟਰੈਕ ਸਮੇਤ ਹੋਰ ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਲਿਆ ਖੜ੍ਹਾ ਕੀਤਾ ਹੈ।ਭਗਤ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਚਲਾਈ 'ਪੰਜਾਬ ਸਿੱਖਿਆ ਕ੍ਰਾਂਤੀ' ਦੀ ਲਹਿਰ ਸੂਬੇ ਦੇ ਹਰੇਕ ਸਰਕਾਰੀ ਸਕੂਲ ਤੱਕ ਪਹੁੰਚ ਰਹੀ ਹੈ, ਜੋ ਕਿ ਇਨ੍ਹਾਂ ਸਕੂਲਾਂ ਵਿੱਚ ਸਿਰਜਣਾਤਮਕ ਮਾਹੌਲ, ਰਚਨਾਤਮਕਤਾ ਅਤੇ ਉਸਾਰੂ ਸੋਚ ਨੂੰ ਪੈਦਾ ਕਰਨ ਵਿੱਚ ਮਦਦਗਾਰ ਸਾਬਿਤ ਹੋਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਲਿਆਂਦੇ ਕ੍ਰਾਂਤੀਕਾਰੀ ਬਦਲਾਅ ਸਦਕਾ ਅੱਜ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨੂੰ ਮਾਤ ਦੇ ਰਹੇ ਹਨ।ਕੈਬਨਿਟ ਮੰਤਰੀ ਨੇ ਨਵੇਂ ਸਮਾਰਟ ਕਲਾਸ ਰੂਮ ਲਈ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਸ ਸਮਾਰਟ ਕਲਾਸ ਰੂਮ ਦੇ ਬਣਨ ਨਾਲ ਵਿਦਿਆਰਥੀ ਹੁਣ ਡਿਜੀਟਲ ਢੰਗ ਨਾਲ ਸਿੱਖਿਆ ਹਾਸਲ ਕਰ ਸਕਣਗੇ।ਉਨ੍ਹਾਂ ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਸਤੀ ਮਿੱਠੂ ਦੇ ਹੋਰ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ। ਇਸ ਤੋਂ ਪਹਿਲਾਂ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਮਿਸਾਲ ਕਾਇਮ ਕੀਤੀ ਹੈ, ਜਿਸ ਸਦਕਾ ਸਰਕਾਰੀ ਸਕੂਲਾਂ ਦੀ ਤਸਵੀਰ ਹੀ ਬਦਲ ਗਈ ਹੈ। ਉਨ੍ਹਾਂ ਜ਼ਿਲ੍ਹਾ ਯੋਜਨਾ ਕਮੇਟੀ ਵੱਲੋਂ ਸਕੂਲ ਵਿਚ ਹੋਰ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਵੀ ਕੀਤਾ।ਇਸ ਮੌਕੇ ਕੌਂਸਲਰ ਮੁਕੇਸ਼ ਸੇਠੀ, ਜੁਆਇੰਟ ਸਕੱਤਰ ਪੰਜਾਬ ਹਰਚਰਨ ਸਿੰਘ ਸੰਧੂ, ਬਲਾਕ ਪ੍ਰਧਾਨ ਬਲਵੀਰ ਸਿੰਘ, ਆਈ. ਐਸ. ਬੱਗਾ, ਪ੍ਰਿੰ. ਪਵਨ ਕੁਮਾਰ, ਸਕੂਲ ਦਾ ਸਮੁੱਚਾ ਸਟਾਫ਼, ਵਿਦਿਆਰਥੀ ਅਤੇ ਵਿਦਿਆਰਥੀਆਂ ਦੇ ਵੱਡੀ ਗਿਣਤੀ ਮਾਪੇ ਵੀ ਮੌਜੂਦ ਸਨ।

# ਨਿਊ ਡੈਮੋਕ੍ਰੇਸੀ ਵੱਲੋਂ ਭਲਕੇ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਕਰਨ ਦਾ ਐਲਾਨ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕ੍ਰੇਸੀ ਦੀ ਪੰਜਾਬ ਰਾਜ ਕਮੇਟੀ ਨੇ ਕਸ਼ਮੀਰ ਦੇ ਪਹਿਲਗਾਮ ਵਿਖੇ ਵਾਪਰੇ ਕਤਲੇਆਮ 'ਚ ਜਾਨਾਂ ਗੁਵਾਉਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਤੋਂ ਇਲਾਵਾ ਪਹਿਲਗਾਮ ਦੀ ਵਾਪਰੀ ਕਤਲੇਆਮ ਦੀ ਨਿੰਦਣਯੋਗ ਘਟਨਾ ਤੋਂ ਬਾਅਦ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਪੈਦਾ ਕੀਤੇ ਜਾ ਰਹੇ ਜੰਗੀ ਮਾਹੌਲ ਨੂੰ ਖਤਮ ਕਰਨ, ਪਹਿਲਗਾਮ ਵਿਖੇ ਸੈਲਾਨੀਆਂ ਦੀ ਆਮਦ ਤੋਂ ਪਹਿਲਾਂ ਪੁਖਤਾ ਸੁਰੱਖਿਆ ਇੰਤਜ਼ਾਮ ਨਾ ਕਰਨ ਅਤੇ ਅਮਰੀਕਾ ਦੇ ਉੱਚ ਅਹੁਦੇਦਾਰਾਂ ਦੀ ਆਮਦ ਸਮੇਂ ਅਜਿਹੀ ਘਟਨਾ ਵਾਪਰਨ ਸੰਬੰਧੀ ਉੱਠੇ ਖਦਸ਼ਾ ਦੀ ਉੱਚ ਪੱਧਰੀ ਜਾਂਚ ਕਰਵਾਉਣ, ਦੋਵਾਂ ਦੇਸ਼ਾਂ (ਭਾਰਤ-ਪਾਕਿਸਤਾਨ) ਵਿਚਕਾਰ ਅਟਾਰੀ ਬਾਰਡਰ ਬੰਦ ਕਰਕੇ ਬੰਦ ਕੀਤਾ ਜਾ ਰਿਹਾ ਵਪਾਰ ਚਾਲੂ ਕਰਨ ਅਤੇ ਕਸ਼ਮੀਰ ਮਸਲੇ ਦਾ ਸਿਆਸੀ ਹੱਲ ਕਰਨ ਆਦਿ ਲਈ 28 ਅਪ੍ਰੈਲ ਨੂੰ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।ਪਾਰਟੀ ਦੇ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਪਾਰਟੀ ਵਲੋਂ ਜਾਰੀ ਕੀਤੇ ਬਿਆਨ ਰਾਹੀਂ ਕਿਹਾ ਕਿ ਕੇਂਦਰੀ ਪ੍ਰਸ਼ਾਸਿਤ ਜੰਮੂ ਕਸ਼ਮੀਰ ਦੇ ਚੱਪੇ ਚੱਪੇ 'ਤੇ ਫੌਜ ਤਾਇਨਾਤ ਕੀਤੇ ਜਾਣ ਦੇ ਬਾਵਜੂਦ ਪਹਿਲਗਾਮ ਘਟਨਾ ਵਾਪਰਨ ਲਈ ਕੇਂਦਰੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਇਸ ਕਤਲੇਆਮ ਪਿੱਛੋਂ ਫ਼ਿਰਕੂ ਤਾਕਤਾਂ ਵਲੋਂ ਦੇਸ਼ ਵਿੱਚ ਅਜਿਹੀ ਭੜਕਾਹਟ ਪੈਦਾ ਕਰਕੇ ਫ਼ਿਰਕੂ ਨਫਰਤ ਪੈਦਾ ਕੀਤੀ ਜਾ ਰਹੀ ਹੈ ਅਤੇ ਜੰਗੀ ਮਾਹੌਲ ਸਿਰਜਣ ਦਾ ਯਤਨ ਕੀਤਾ ਜਾ ਰਿਹਾ। ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਆਪਣੀਆਂ ਅਸਫ਼ਲਤਾਵਾਂ ਨੂੰ ਛੁਪਾਉਣ ਲਈ ਅਤੇ ਲੋਕਾਂ ਨੂੰ ਗੁਮਰਾਹ ਕਰਨ ਲਈ ਇੱਕ ਦੂਜੇ ਉੱਪਰ ਦੋਸ਼ ਮੜ੍ਹ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਜ਼ਾਰਾਂ ਕਸ਼ਮੀਰੀ ਲੋਕਾਂ ਦਾ ਸੜਕਾਂ 'ਤੇ ਉਤਰਨਾ ਅਤੇ ਇਸ ਘਟਨਾ ਦੇ ਨਿਖੇਧੀ ਕਰਨ ਦੇ ਬਾਵਜੂਦ ਫੁੱਟਪਾਊ ਕਾਲੀਆਂ ਤਾਕਤਾਂ ਭੜਕਾਊ ਬਿਆਨਬਾਜ਼ੀ ਕਰਕੇ ਮੁਸਲਮਾਨ ਵਿਰੋਧੀ ਮਾਹੌਲ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਅਤੇ ਭਾਜਪਾ ਆਪਣੇ ਧਰੁਵੀਕਰਨ ਦੀ ਸਿਆਸਤ ਨੂੰ ਇਹਨਾਂ ਯਤਨਾਂ ਰਾਹੀਂ ਅੱਗੇ ਵਧਾ ਰਹੀ ਹੈ।ਪਾਰਟੀ ਨੇ ਕਸ਼ਮੀਰ ਦੇ ਪਹਿਲਗਾਮ ਵਿਖੇ ਵਾਪਰੇ ਕਤਲੇਆਮ ਚ ਜਾਨਾਂ ਗੁਵਾਉਣ ਵਾਲੇ ਲੋਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਦੇ ਨਾਲ ਨਾਲ ਪਹਿਲਗਾਮ ਵਿਖੇ ਵਾਪਰੀ ਘਟਨਾ ਉਪਰੰਤ ਦੇਸ਼ ਅੰਦਰ ਕੇਂਦਰੀ ਸਰਕਾਰ ਵਲੋਂ ਪੈਦਾ ਕੀਤੇ ਜਾ ਰਹੇ ਜੰਗੀ ਮਾਹੌਲ ਨੂੰ ਖਤਮ ਕਰਨ, ਪਹਿਲਗਾਮ ਵਿਖੇ ਸੈਲਾਨੀਆਂ ਦੀ ਆਮਦ ਤੋਂ ਪਹਿਲਾਂ ਪੁਖਤਾ ਸੁਰੱਖਿਆ ਇੰਤਜ਼ਾਮ ਨਾ ਕਰਨ ਅਤੇ ਅਮਰੀਕਾ ਦੇ ਉੱਚ ਅਹੁਦੇਦਾਰਾਂ ਦੀ ਆਮਦ ਸਮੇਂ ਅਜਿਹੀ ਘਟਨਾ ਵਾਪਰਨ ਸੰਬੰਧੀ ਉੱਠੇ ਖਦਸ਼ਾ ਦੀ ਉੱਚ ਪੱਧਰੀ ਜਾਂਚ ਕਰਵਾਉਣ, ਦੋਵਾਂ ਦੇਸ਼ਾਂ (ਭਾਰਤ-ਪਾਕਿਸਤਾਨ) ਵਿਚਕਾਰ ਅਟਾਰੀ ਬਾਰਡਰ ਬੰਦ ਕਰਕੇ ਬੰਦ ਕੀਤਾ ਜਾ ਰਿਹਾ ਵਪਾਰ ਚਾਲੂ ਕਰਨ ਅਤੇ ਕਸ਼ਮੀਰ ਮਸਲੇ ਦਾ ਸਿਆਸੀ ਹੱਲ ਕਰਨ ਆਦਿ ਲਈ 28 ਅਪ੍ਰੈਲ ਨੂੰ ਕੀਤੇ ਜਾ ਰਹੇ ਪ੍ਰਦਰਸ਼ਨਾਂ ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ।

# ਹੈਰੀ ਨੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਕੀਤੀ ਨਿਖੇਧੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਮਾਜ ਸੇਵਕ ਹੈਰੀ ਫਗਵਾੜਾ ਨੇ ਪਹਿਲਗਾਮ ਵਿੱਚ ਬੀਤੇ ਦਿਨੀ ਹੋਏ ਅੱਤਵਾਦੀਆਂ ਹਮਲੇ ਦੀ ਸ਼ਖਤ ਸ਼ਬਦਾ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਅਣਮਨੁੱਖੀ ਕਤਲੇਆਮ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਨ੍ਹੀ ਹੀ ਥੋੜੀ ਹੈ। ਹੈਰੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਦੀ ਜਲਦੀ ਤੋਂ ਜਲਦੀ ਪਛਾਣ ਕਰਕੇ ਉਨ੍ਹਾਂ ਨੂੰ ਅਜਿਹੀ ਮਿਸਾਲੀ ਸ਼ਜਾ ਦਿੱਤੀ ਜਾਵੇ ਕਿ ਦੂਜੇ ਅੱਤਵਾਦੀਆਂ ਰੂਹ ਕੰਬ ਜਾਵੇ। ਹੈਰੀ ਨੇ ਕਿਹਾ ਕਿ ਲੋਕ ਪਹਿਲਗਾਮ ਵਿਖੇ ਆਪਣੇ ਪਰਵਾਰਾਂ ਨਾਲ ਆਪਣੀਆਂ ਛੁੱਟੀਆਂ ਬਿਤਾਉਣ ਲਈ ਗਏ ਸਨ, ਪਰ ਅੱਤਵਾਦੀਆਂ ਨੇ ਨਿਹੱਥੇ, ਮਾਸੂਮ ਸੈਲਾਨੀਆਂ ਦਾ ਕਤਲੇਆਮ ਕਰਕੇ ਜੋ ਦਹਿਸ਼ਤ ਦਾ ਖੇਡ ਖੇਡਿਆ ਹੈ, ਉਸਦੀ ਇੱਕੋ ਇੱਕ ਸਜ਼ਾ ਮੌਤ ਹੈ। ਪਹਿਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਹੈਰੀ ਫਗਵਾੜਾ ਨੇ ਉਨ੍ਹਾਂ ਦੇ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਵੀ ਕੀਤੀ।

# ਨਵਾਂ ਜ਼ਮਾਨਾ ਐਤਵਾਰਤਾ

ਬਲਜੀਤ ਕੌਰ ਦੀਆਂ ਮਿੰਨੀ ਕਹਾਣੀਆਂ



(ਆਖਰੀ ਤੋਂ ਪਹਿਲੇ ਸਫ਼ੇ 'ਤੇ)

ਤੂੰ ਗੋਕੁਲ ਦਾ ਦੁੱਖ-ਸੁੱਖ ਭੁਲ ਕੇ
ਜਾਹ ਮਥਰਾ ਦੇ ਜਸ਼ਨ ਵੇਖ ਆ।
ਮੈਂ ਸੁਦਰਸ਼ਨ ਚੱਕਰ ਬਣ ਗਈ
ਬੰਸ ਬਾਰੇ ਸੋਚ ਰਿਹਾ ਹਾਂ।

- ਸੁਰਜੀਤ ਜੱਜ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 27 ਅਪ੍ਰੈਲ 2025 www.nawanzamana.in ਕੀਮਤ 5.00 ਰੁਪਏ


*ਬਸਤਰ ਦੇ ਜੰਗਲ-ਪਹਾੜ ਮਾਓਵਾਦੀਆਂ ਦੇ 'ਮੁਕਾਬਲਿਆਂ' ਅਤੇ ਆਦਿਵਾਸੀਆਂ ਵਿਰੁੱਧ ਹਿੰਸਾ ਨਾਲ ਲਹੂ-ਲੁਹਾਣ ਹਨ। ਇਸ ਦੌਰਾਨ ਭਾਜਪਾ ਸਰਕਾਰ ਅਤੇ ਮਾਓਵਾਦੀਆਂ ਵੱਲੋਂ ਸ਼ਾਂਤੀ ਲਈ ਗੱਲਬਾਤ ਦੇ ਸੰਕੇਤ ਵੀ ਸਾਹਮਣੇ ਆ ਰਹੇ ਹਨ। ਗੱਲਬਾਤ ਦੇ ਪਿਛਲੇ ਤਜਰਬੇ ਕੀ ਰਹੇ ਹਨ? ਕੀ ਹਕੂਮਤ ਮੌਜੂਦਾ ਵਿਕਾਸ ਮਾਡਲ ਉੱਪਰ ਮੁੜ-ਨਜ਼ਰਸਾਨੀ ਕਰਨ ਲਈ ਤਿਆਰ ਹੈ? ਕੀ ਅਜਿਹੀ ਰਾਜਨੀਤਕ ਇੱਛਾ ਤੋਂ ਬਿਨਾਂ ਆਦਿਵਾਸੀ ਲੋਕਾਂ 'ਚ ਫੈਲੀ ਬੇਚੈਨੀ, ਬੇਗਾਨਗੀ ਅਤੇ ਅਸੁਰੱਖਿਆ ਦੂਰ ਹੋ ਸਕਦੀ ਹੈ, ਜੋ ਨਕਸਲੀ ਲਹਿਰ ਦਾ ਸਮਾਜਿਕ ਆਧਾਰ ਹੈ? ਇਨ੍ਹਾਂ ਕੁਝ ਸਵਾਲਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।*

**- ਸੰਪਾਦਕ**

# ਬਸਤਰ 'ਚ ਕਤਲੇਆਮ : 'ਸ਼ਾਂਤੀ ਗੱਲਬਾਤ'



ਹਾਲ ਹੀ ਵਿਚ ਮਾਓਵਾਦੀ ਲਹਿਰ ਦੇ ਗੜ੍ਹ ਬਸਤਰ ਦਾ ਦੌਰਾ ਕਰਨ ਸਮੇਂ ਕੇਂਦਰੀ ਗ੍ਰਿਹ ਮੰਤਰੀ ਪਹਿਲਾਂ ਨਾਲੋਂ ਵੱਖਰਾ ਰਾਗ ਅਲਾਪਦਾ ਨਜ਼ਰ ਆਏ। ਹੁਣ ਤੱਕ ਸਿਰਫ਼ 31 ਮਾਰਚ 2026 ਤੱਕ ਨਕਸਲਵਾਦ ਨੂੰ ਖ਼ਤਮ ਕਰ ਦੇਣ ਦਾ ਟੀਚਾ ਹੀ ਜੋਸ਼-ਖ਼ਰੋਸ਼ ਨਾਲ ਦੁਹਰਾਇਆ ਜਾਂਦਾ ਰਿਹਾ ਹੈ। ਨਾਲ ਹੀ ਮਾਓਵਾਦੀਆਂ ਨੂੰ 'ਮੁਕਾਬਲਿਆਂ' 'ਚ 'ਢੇਰ ਕਰਨ' ਵਾਲੇ ਸੁਰੱਖਿਆ ਲਸ਼ਕਰਾਂ ਨੂੰ ਜਿੱਤ ਲਈ ਵਧਾਈਆਂ ਦੇਣਾ ਅਤੇ ਇਨਾਮਾਂ ਦੇ ਐਲਾਨ ਕਰਨਾ ਵੀ ਅਮਿਤ ਸ਼ਾਹ ਕਦੇ ਨਹੀਂ ਭੁੱਲਦੇ। ਇਸ ਵਾਰ ਉਸ ਨੇ ਫਰਮਾਇਆ- ਨਕਸਲੀ ਭਰਾਵੋ, ਹਥਿਆਰ ਸੁੱਟ ਦਿਓ ਅਤੇ ਮੁੱਖ ਧਾਰਾ 'ਚ ਸ਼ਾਮਲ ਹੋ ਜਾਓ। ਤੁਸੀਂ ਸਾਡੇ ਆਪਣੇ ਹੋ। ਕਿਸੇ ਨਕਸਲੀ ਦੇ ਮਾਰੇ ਜਾਣ 'ਤੇ ਕਿਸੇ ਨੂੰ ਖ਼ੁਸ਼ੀ ਨਹੀਂ ਹੁੰਦੀ। ਬਸ ਆਪਣੇ ਹਥਿਆਰ ਸੁੱਟ ਦਿਓ ਅਤੇ ਮੁੱਖ ਧਾਰਾ 'ਚ ਆ ਜਾਓ। ਅਮਿਤ ਸ਼ਾਹ ਨੇ ਇਹ ਬਿਆਨ ਉਸ ਸਮੇਂ ਦਿੱਤਾ ਹੈ, ਜਦੋਂ ਬਸਤਰ ਅਤੇ ਮਾਓਵਾਦੀ ਜ਼ੋਰ ਵਾਲੇ ਹੋਰ ਇਲਾਕਿਆਂ ਵਿਚ ਮਾਓਵਾਦੀਆਂ ਦੇ 'ਮੁਕਾਬਲਿਆਂ' ਵਿਚ ਮਾਰੇ ਜਾਣ ਅਤੇ ਆਤਮ ਸਮਰਪਣ ਕਰਨ/ਕਰਾਉਣ ਦਾ ਸਿਲਸਿਲਾ ਪੂਰੇ ਸਿਖ਼ਰਾਂ 'ਤੇ ਹੈ ਅਤੇ ਭਗਵਾਂ ਹੁਕਮਰਾਨਾਂ ਵੱਲੋਂ 2026 'ਚ 'ਨਕਸਲ-ਮੁਕਤ ਭਾਰਤ' ਦੇ ਟੀਚੇ ਦੀ ਸਫ਼ਲਤਾ ਵੱਲ ਤੇਜ਼ੀ ਨਾਲ ਵਧਣ ਦੇ ਦਾਅਵੇ ਕੀਤੇ ਜਾ ਰਹੇ ਹਨ।

ਜਦੋਂ ਸੁਰੱਖਿਆ ਲਸ਼ਕਰ ਦਿਨ-ਰਾਤ ਨਕਸਲੀਆਂ ਦਾ ਸ਼ਿਕਾਰ-ਪਿੱਛਾ ਕਰਕੇ ਉਨ੍ਹਾਂ ਨੂੰ ਮਾਰ ਰਹੇ ਹਨ ਤਾਂ ਅਮਿਤ ਸ਼ਾਹ ਵੱਲੋਂ ਉਨ੍ਹਾਂ ਨੂੰ 'ਸਾਡੇ ਆਪਣੇ' ਕਹਿਣ ਤੋਂ ਵੱਡਾ ਝੂਠ ਹੋਰ ਕੋਈ ਨਹੀਂ ਹੋ ਸਕਦਾ। ਆਰ.ਐੱਸ.ਐੱਸ. ਦੇ ਹਫ਼ਤਾਵਾਰ ਅਖ਼ਬਾਰ 'ਆਰਗੇਨਾਈਜ਼ਰ' ਦੀ 13 ਅਪ੍ਰੈਲ ਦੀ ਰਿਪੋਰਟ ਵਿਚ ਭਾਰਤ ਸਰਕਾਰ ਦੇ ਅਧਿਕਾਰਕ ਬਿਆਨ ਦਾ ਹਵਾਲਾ ਦਿੱਤਾ ਗਿਆ ਹੈ, ਜੋ ਕਹਿੰਦਾ ਹੈ: ਨਕਸਲ-ਮੁਕਤ ਭਾਰਤ ਅਭਿਆਨ : ਲਾਲ ਖੇਤਰਾਂ ਤੋਂ ਵਿਕਾਸ ਲਾਂਘਿਆਂ ਵੱਲ, ਖੱਬੇਪੱਖੀ ਅੱਤਵਾਦ ਵਿਰੁੱਧ ਭਾਰਤ ਦੀ ਫ਼ੈਸਲਾਕੁਨ ਲੜਾਈ, ਭਾਰਤ ਸਰਕਾਰ 31 ਮਾਰਚ 2026 ਤੱਕ ਨਕਸਲਵਾਦ ਦਾ ਮੁਕੰਮਲ ਸਫ਼ਾਇਆ ਕਰਨ ਲਈ ਵਚਨਬੱਧ। ਦੋਹਾਂ ਵਿੱਚੋਂ ਕਿਸ ਨੂੰ ਸੱਚ ਮੰਨਿਆ ਜਾਵੇ, 'ਮੁਕੰਮਲ ਸਫ਼ਾਏ ਲਈ ਵਚਨਬੱਧਤਾ' ਦੇ ਐਲਾਨ ਨੂੰ ਜਾਂ 'ਨਕਸਲੀਆਂ ਦੇ ਮਾਰੇ ਜਾਣ 'ਤੇ ਕਿਸੇ ਨੂੰ ਖ਼ੁਸ਼ੀ ਨਾ ਹੋਣ' ਦੇ ਬਿਆਨ ਨੂੰ? ਜੇ ਕਿਸੇ ਨੂੰ ਖ਼ੁਸ਼ੀ ਨਹੀਂ ਹੁੰਦੀ ਤਾਂ ਨਕਸਲੀਆਂ ਨੂੰ ਮਾਰ ਕੇ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਪਲਾਸਟਿਕ ਦੀਆਂ ਸ਼ੀਟਾਂ 'ਚ ਬੰਨ੍ਹ ਕੇ ਜ਼ਿਲ੍ਹਾ ਸਦਰ-ਮੁਕਾਮਾਂ ਉੱਪਰ ਲਿਜਾ ਕੇ ਨੁਮਾਇਸ਼ਾਂ ਲਾਉਣ ਵਾਲੇ ਅਤੇ ਸਿਰਾਂ ਦੇ ਮੁੱਲ ਹਿੱਸੇ ਆਉਣ ਦੀ ਖ਼ੁਸ਼ੀ ਵਿਚ ਨੱਚਣ ਵਾਲੇ ਕੀ ਕਿਸੇ ਹੋਰ ਗ੍ਰਹਿ ਤੋਂ ਆਉਂਦੇ ਹਨ? ਜੇ ਕੋਈ ਰਾਜ 'ਆਪਣਿਆਂ' ਦੇ ਸਿਰਾਂ ਦੇ ਮੁੱਲ ਰੱਖ ਕੇ ਜਾਨਵਰਾਂ ਵਾਂਗ ਉਨ੍ਹਾਂ ਦਾ ਸ਼ਿਕਾਰ ਕਰਦਾ ਹੈ ਤਾਂ ਕੌਣ ਮੰਨ ਲਵੇਗਾ ਕਿ ਉਹ ਰਾਜ ਦੇ 'ਆਪਣੇ' ਹਨ!

ਇਸ ਢੌਂਗੀ ਬਿਆਨ ਪਿੱਛੇ ਇਕ ਕਾਰਨ ਸਿਵਲ ਸੁਸਾਇਟੀ ਵੱਲੋਂ ਮਾਓਵਾਦੀਆਂ ਦੇ ਕਤਲੇਆਮ ਵਿਰੁੱਧ ਉਠਾਈ ਜਾ ਰਹੀ ਆਵਾਜ਼ ਦਾ ਦਬਾਅ ਹੈ। ਜਨਵਰੀ 2024 'ਚ 'ਓਪਰੇਸ਼ਨ ਕਗਾਰ' ਸ਼ੁਰੂ ਕੀਤੇ ਜਾਣ ਦੇ ਸਮੇਂ ਤੋਂ ਹੀ ਦੇਸ਼-ਬਦੇਸ਼ 'ਚੋਂ ਕਤਲੇਆਮ ਨੂੰ ਰੋਕਣ ਅਤੇ ਮਾਓਵਾਦੀਆਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਮੰਗ ਉੱਠਦੀ ਆ ਰਹੀ ਹੈ। ਜਨਵਰੀ 2024 ਤੋਂ ਲੈ ਕੇ ਹੁਣ ਤੱਕ ਇਸ ਓਪਰੇਸ਼ਨ ਦੁਆਰਾ 400 ਤੋਂ ਵੱਧ ਲੋਕਾਂ ਦੀ ਜਾਨ ਲਈ ਜਾ ਚੁੱਕੀ ਹੈ, ਜਿਨ੍ਹਾਂ ਵਿਚ ਡੇਢ ਸੌ ਔਰਤਾਂ ਹਨ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਪਿਛਲੇ ਦਿਨੀਂ 50 ਤੋਂ ਵੱਧ ਸਿਵਲ ਸੁਸਾਇਟੀ ਜਥੇਬੰਦੀਆਂ ਤੇ ਟਰੇਡ ਯੂਨੀਅਨਾਂ ਅਤੇ 200 ਤੋਂ ਵੱਧ ਸ਼ਖ਼ਸੀਅਤਾਂ ਨੇ ਸਾਂਝੇ ਬਿਆਨ ਰਾਹੀਂ ਮਾਓਵਾਦੀਆਂ ਅਤੇ ਸਰਕਾਰ ਦਰਮਿਆਨ ਯੁੱਧਬੰਦੀ ਦੀ ਅਪੀਲ ਕੀਤੀ ਹੈ ਅਤੇ ਇਹ ਅਪੀਲ ਰਾਸ਼ਟਰਪਤੀ ਨੂੰ ਵੀ ਭੇਜੀ ਜਾ ਰਹੀ ਹੈ। ਛੱਤੀਸਗੜ੍ਹ ਦੀਆਂ 29 ਜਥੇਬੰਦੀਆਂ ਨੇ ਵੀ ਇਸ ਅਪੀਲ ਨਾਲ ਸਹਿਮਤੀ ਪ੍ਰਗਟਾਈ ਹੈ ਅਤੇ ਇਹ ਸੂਚੀ ਲੰਮੀ ਹੋ ਰਹੀ ਹੈ। ਪੂਰੇ ਮੁਲਕ ਪੱਧਰ 'ਤੇ ਇਹ ਜਥੇਬੰਦੀਆਂ ਪ੍ਰੈੱਸ ਕਾਨਫਰੰਸਾਂ, ਕਨਵੈਨਸ਼ਨਾਂ ਅਤੇ ਹੋਰ ਮੰਚਾਂ ਰਾਹੀਂ 'ਸ਼ਾਂਤੀ ਗੱਲਬਾਤ' ਸ਼ੁਰੂ ਕਰਨ ਅਤੇ 'ਓਪਰੇਸ਼ਨ ਕਗਾਰ' ਬੰਦ ਕਰਨ ਦੀ ਮੰਗ ਕਰ ਰਹੀਆਂ ਹਨ।

ਨਿਰਸੰਦੇਹ, 'ਓਪਰੇਸ਼ਨ ਕਗਾਰ' ਨਾਲ ਮਾਓਵਾਦੀ ਲਹਿਰ ਨੂੰ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ ਹੈ ਅਤੇ ਝਾਰਖੰਡ-ਉੜੀਸਾ ਤੋਂ ਬਾਅਦ ਹਕੂਮਤ ਹੁਣ ਉਨ੍ਹਾਂ ਦੇ ਇਸ ਮਜ਼ਬੂਤ ਗੜ੍ਹ ਬਸਤਰ ਵਿਚ ਸੰਨ੍ਹ ਲਾ ਕੇ ਅਤੇ ਸਖ਼ਤ ਘੇਰਾਬੰਦੀ ਕਰਕੇ ਵਿਸ਼ਾਲ ਜੰਗਲੀ ਖੇਤਰ ਉੱਪਰ ਆਪਣਾ ਦਬਦਬਾ ਮੁੜ ਸਥਾਪਤ ਕਰਨ 'ਚ ਕਾਮਯਾਬ ਹੋ ਰਹੀ ਹੈ। ਸਿਲਸਿਲੇਵਾਰ ਤਰੀਕੇ ਨਾਲ ਸੁਰੱਖਿਆ ਲਸ਼ਕਰਾਂ ਦੇ ਕੈਂਪ ਸਥਾਪਤ ਕਰਕੇ, ਸੜਕਾਂ ਅਤੇ ਮੋਬਾਈਲ ਟਾਵਰਾਂ ਰਾਹੀਂ ਇੱਥੇ ਆਪਣੀ ਪਹੁੰਚ ਵਧਾ ਕੇ, ਲਗਾਤਾਰ ਰਾਜਕੀ ਦਹਿਸ਼ਤਵਾਦ ਅਤੇ ਭਰਮਾਊ ਸਕੀਮਾਂ ਰਾਹੀਂ ਆਦਿਵਾਸੀਆਂ 'ਚ ਲਹਿਰ ਦੇ ਵਿਸ਼ਾਲ ਜਨਤਕ ਆਧਾਰ ਨੂੰ ਸੱਟ ਮਾਰ ਕੇ ਅਤੇ ਕਿਸੇ ਕਾਰਨ ਲਹਿਰ ਤੋਂ ਕਿਨਾਰਾ ਕਰ ਚੁੱਕੇ ਸਾਬਕਾ 'ਨਕਸਲੀਆਂ' ਨੂੰ ਮਾਓਵਾਦੀ ਕਾਡਰਾਂ ਦਾ ਕਤਲੇਆਮ ਕਰਨ ਲਈ ਲਾਮਬੰਦ ਕਰਕੇ ਹਕੂਮਤ ਮਾਓਵਾਦੀ ਪਾਰਟੀ ਦੀ ਲੜਾਕੂ ਤਾਕਤ ਉੱਪਰ ਭਾਰੂ ਹੋਣ 'ਚ ਸਫ਼ਲ ਹੋ ਗਈ ਹੈ। ਇਸ ਸਥਿਤੀ 'ਚ ਮਾਓਵਾਦੀ ਪਾਰਟੀ ਆਦਿਵਾਸੀ ਵਸੋਂ ਅਤੇ ਆਪਣੇ ਕਾਡਰਾਂ ਦੇ ਕਤਲੇਆਮ ਨੂੰ ਬੰਦ ਕਰਨ ਲਈ 'ਸ਼ਾਂਤੀ ਗੱਲਬਾਤ' ਦੀ ਇੱਛਾ ਦਿਖਾ ਰਹੀ ਹੈ। ਮਾਓਵਾਦੀ ਪਾਰਟੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਗੱਲਬਾਤ ਦੀ ਪੇਸ਼ਕਸ਼ ਯੁੱਧਨੀਤਕ ਲਾਹੇ ਦੀ ਬਜਾਏ ਲੋਕ ਹਿਤ ਤੋਂ ਪ੍ਰੇਰਿਤ ਹੈ। ਦੀ ਹਿੰਦੂ ਦੀ ਰਿਪੋਰਟ ਅਨੁਸਾਰ 3 ਅਪ੍ਰੈਲ ਨੂੰ ਸੀ.ਪੀ.ਆਈ. (ਮਾਓਵਾਦੀ) ਦੀ ਕੇਂਦਰੀ ਕਮੇਟੀ ਨੇ ਬਿਆਨ ਜਾਰੀ ਕਰਕੇ ਸਰਕਾਰ ਨਾਲ ਸ਼ਾਂਤੀ ਗੱਲਬਾਤ ਕਰਨ ਦੀ ਤਜਵੀਜ਼ ਪੇਸ਼ ਕੀਤੀ। ਮਾਓਵਾਦੀ ਪਾਰਟੀ ਦੇ ਉੱਤਰ-ਪੱਛਮੀ ਸਬ-ਜ਼ੋਨਲ ਖੇਤਰ ਦੇ ਬੁਲਾਰੇ ਰੁਪੇਸ਼ ਨੇ ਆਪਣੀ ਇਸ ਪੁਜ਼ੀਸ਼ਨ ਦੀ ਵਿਸਤਾਰ ਸਹਿਤ ਵਿਆਖਿਆ ਯੂਟਿਊਬ ਚੈਨਲ 'ਬਸਤਰ ਟਾਕੀ' ਨਾਲ ਤਾਜ਼ਾ ਇੰਟਰਵਿਊ ਵਿਚ ਕੀਤੀ ਹੈ। ਇਸ ਦੇ ਉਲਟ ਹਕੂਮਤ ਵੱਲੋਂ ਗੱਲਬਾਤ ਲਈ ਮਾਹੌਲ ਬਣਾਉਣ ਲਈ ਕੋਈ ਪਹਿਲਕਦਮੀ ਕਰਨ ਦੀ ਬਜਾਏ ਮਾਓਵਾਦੀ ਆਗੂਆਂ ਅਤੇ ਆਦਿਵਾਸੀਆਂ ਦੇ ਕਤਲੇਆਮ ਦੀ ਮੁਹਿੰਮ 'ਚ ਹੋਰ ਤੇਜ਼ੀ ਸਾਫ਼ ਦੇਖੀ ਜਾ ਸਕਦੀ ਹੈ। ਇਸ ਦੀ ਤਾਜ਼ਾ ਮਿਸਾਲ ਝਾਰਖੰਡ ਵਿਚ ਦੋ ਚੋਟੀ ਦੇ ਆਗੂਆਂ ਸਮੇਤ ਅੱਠ ਮਾਓਵਾਦੀਆਂ ਨੂੰ 'ਮੁਕਾਬਲੇ' ਵਿਚ ਮਾਰਨਾ ਅਤੇ ਬੀਜਾਪੁਰ-



ਤੇਲੰਗਾਨਾ ਬਾਰਡਰ ਦੀਆਂ ਕਾਰਗੁੱਟਾ ਪਹਾੜੀਆਂ ਦੀ ਘੇਰਾਬੰਦੀ ਹੈ, ਜਿੱਥੇ ਮਾਓਵਾਦੀ ਛਾਪਾਮਾਰਾਂ ਦੇ ਵੱਡੀ ਗਿਣਤੀ 'ਚ ਘਿਰੇ ਹੋਣ ਦੀ ਰਿਪੋਰਟ ਹੈ ਅਤੇ ਕਿਸੇ ਵੀ ਸਮੇਂ ਵੱਡੇ ਕਤਲੇਆਮ ਨੂੰ ਅੰਜਾਮ ਦੇਣ ਦਾ ਖ਼ਦਸ਼ਾ ਬਣਿਆ ਹੋਇਆ ਹੈ। ਇੱਧਰ, ਝਾਰਖੰਡ ਦੇ ਡੀ ਜੀ ਪੀ ਨੇ 15-20 ਦਿਨਾਂ 'ਚ ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਐਲਾਨ ਕੀਤਾ ਹੈ।

ਹਕੂਮਤ ਦਾਅਵੇ ਤਾਂ ਮਾਓਵਾਦੀਆਂ ਦੀ ਹਥਿਆਰਬੰਦ ਤਾਕਤ ਵਿਰੁੱਧ ਲੜਨ ਦੇ ਕਰ ਰਹੀ ਹੈ, ਹਕੀਕਤ ਇਹ ਹੈ ਕਿ ਮਾਰੇ ਜਾ ਰਹੇ ਜ਼ਿਆਦਾਤਰ ਲੋਕ ਨਿਹੱਥੇ ਸਧਾਰਨ ਲੋਕ ਹਨ, ਜਿਵੇਂ ਮਾਓਵਾਦੀ ਪਾਰਟੀ ਦੇ ਪ੍ਰੈੱਸ ਨੋਟਾਂ ਵਿਚ ਸਪੱਸ਼ਟ ਕੀਤਾ ਗਿਆ ਹੈ। ਜ਼ਾਹਿਰ ਹੈ ਕਿ ਕਾਰਪੋਰੇਟ ਪ੍ਰੋਜੈਕਟਾਂ ਦੇ ਆਦਿਵਾਸੀ ਵਿਰੋਧ ਦਾ ਲੱਕ ਤੋੜਨ ਲਈ ਅਤੇ ਵਿਸ਼ਾਲ ਜੰਗਲੀ-ਪਹਾੜੀ ਪੱਟੀਆਂ ਖਾਲੀ ਕਰਾਉਣ ਲਈ ਹਕੂਮਤ ਸਿਲਸਿਲੇਵਾਰ ਤਰੀਕੇ ਨਾਲ ਆਦਿਵਾਸੀਆਂ ਨੂੰ ਖ਼ਤਮ ਕਰ ਰਹੀ ਹੈ। ਲਗਾਤਾਰ ਭਾਰੀ ਨੁਕਸਾਨ ਦੇ ਮੱਦੇਨਜ਼ਰ ਪਾਰਟੀ ਦਾ ਆਪਣੇ ਕਾਡਰਾਂ ਅਤੇ ਆਦਿਵਾਸੀ ਲੋਕਾਂ ਨੂੰ ਕਤਲੇਆਮ ਤੋਂ ਬਚਾਉਣ ਲਈ ਗੱਲਬਾਤ ਦੀ ਪੇਸ਼ਕਸ਼ ਕਰਨਾ ਸੁਭਾਵਿਕ ਹੈ।

ਭਗਵਾਂ ਪ੍ਰਚਾਰ ਮਸ਼ੀਨਰੀ ਅਤੇ 'ਮੁੱਖ ਧਾਰਾ' ਮੀਡੀਆ ਦੇ ਬਹੁਤ ਸਾਰੇ ਵਿਸ਼ਲੇਸ਼ਣਕਾਰਾਂ ਵੱਲੋਂ ਇਹ ਭਰਮ ਫੈਲਾਇਆ ਜਾ ਰਿਹਾ ਹੈ ਕਿ ਮਾਓਵਾਦੀ ਹਮੇਸ਼ਾ ਗੱਲਬਾਤ ਦੇ ਸਮੇਂ ਨੂੰ ਆਪਣੀ ਤਾਕਤ ਨੂੰ ਮੁੜ ਲਾਮਬੰਦ ਕਰਨ ਅਤੇ ਆਪਣੀਆਂ ਹਥਿਆਰਬੰਦ ਤਾਕਤਾਂ ਨੂੰ ਮਜ਼ਬੂਤ ਕਰਨ ਲਈ ਵਰਤਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਾਓਵਾਦੀ ਲੀਡਰਸ਼ਿੱਪ ਦੇ ਗੱਲਬਾਤ ਦੇ ਗੁੱਝੇ ਮਨਸ਼ੇ ਹੋਰ ਹਨ, ਇਸ ਲਈ ਉਨ੍ਹਾਂ ਦੀ ਗੱਲਬਾਤ ਦੀ ਪੇਸ਼ਕਸ਼ ਨੂੰ ਸੰਜੀਦਗੀ ਨਾਲ ਨਹੀਂ ਲਿਆ ਜਾ ਸਕਦਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਮੁਕੰਮਲ ਸਫ਼ਾਇਆ ਹੋ ਜਾਣ ਦੇ ਖ਼ਤਰੇ ਦੇ ਦਬਾਅ ਹੇਠ ਰਾਹਤ ਲੈਣ ਲਈ ਹੀ ਮਾਓਵਾਦੀ ਲੀਡਰਸ਼ਿੱਪ ਗੱਲਬਾਤ ਦੀ ਪੇਸ਼ਕਸ਼ ਕਰ ਰਹੀ ਹੈ ਅਤੇ ਇਸ ਖ਼ਾਤਰ ਹੱਕਾਂ ਦੀਆਂ ਜਥੇਬੰਦੀਆਂ ਅਤੇ ਸ਼ਹਿਰਾਂ ਵਿਚਲੇ ਹਮਾਇਤੀਆਂ/ਹਮਦਰਦ ਅਨਸਰਾਂ ਯਾਨੀ 'ਸ਼ਹਿਰੀ ਨਕਸਲੀਆਂ' ਕੋਲੋਂ ਗੱਲਬਾਤ ਦੀ ਮੰਗ ਕਰਵਾਈ ਜਾ ਰਹੀ ਹੈ।

ਇੱਥੇ ਦੋ ਪੱਖਾਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲੀ ਗੱਲ, ਹਰ ਯੁੱਧ ਵਿਚ ਜੁਟੀਆਂ 'ਦੁਸ਼ਮਣ' ਧਿਰਾਂ ਗੱਲਬਾਤ ਦਾ ਲਾਹਾ ਲੈ ਕੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਇਸੇ ਮਨੋਰਥ ਨਾਲ ਹਮੇਸ਼ਾ ਲੈ-ਦੇ ਕਰਦੀਆਂ ਹਨ। ਦੂਜੀ ਗੱਲ, ਇਤਿਹਾਸ ਗਵਾਹ ਹੈ ਕਿ ਨਕਸਲੀ ਸਰਕਾਰ ਨਾਲ ਗੱਲਬਾਤ ਦੇ ਸਮੇਂ ਦੌਰਾਨ ਯੁੱਧਬੰਦੀ ਸਮਝੌਤੇ ਦੀ ਪਾਲਣਾ ਕਰਦੇ ਰਹੇ ਹਨ। ਇਹ ਸਟੇਟ ਦੀਆਂ ਤਾਕਤਾਂ ਹਨ, ਜੋ ਚੱਲ ਰਹੀ ਗੱਲਬਾਤ ਦੌਰਾਨ 'ਮੁਕਾਬਲੇ' ਬਣਾਉਣ ਜਾਂ ਗੱਲਬਾਤ ਕਰਨ ਲਈ ਆ ਰਹੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਕਤਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਮਿਸਾਲ ਵਜੋਂ, 2002 ਅਤੇ ਅਕਤੂਬਰ 2004 'ਚ ਸਿਵਲ ਸੁਸਾਇਟੀ ਸੰਸਥਾਵਾਂ ਦੀ ਪਹਿਲਕਦਮੀ ਨਾਲ ਤਤਕਾਲੀ ਆਂਧਰਾ ਪ੍ਰਦੇਸ਼ ਸਰਕਾਰ ਨਾਲ ਗੱਲਬਾਤ ਦਾ ਸਿਲਸਿਲਾ ਚੱਲਿਆ। ਗੁਪਤਵਾਸ ਆਗੂ ਜੰਗਲਾਂ 'ਚੋਂ ਬਾਹਰ ਆ ਕੇ ਗੱਲਬਾਤ ਵਿਚ ਸ਼ਾਮਲ ਹੋਏ। ਗੱਲਬਾਤ ਮੁੱਕਦੇ ਸਾਰ ਅਤੇ ਤਿੰਨ ਮਹੀਨੇ ਦੀ ਯੁੱਧਬੰਦੀ ਦੌਰਾਨ ਹੀ ਆਂਧਰਾ ਪ੍ਰਦੇਸ਼ ਪੁਲਸ ਨੇ ਨਕਸਲੀਆਂ ਵਿਰੁੱਧ ਓਪਰੇਸ਼ਨ ਮੁੜ ਸ਼ੁਰੂ ਕਰ ਦਿੱਤੇ, ਕਿਉਂਕਿ ਯੁੱਧਬੰਦੀ ਅਤੇ ਗੱਲਬਾਤ ਪੁਲਸ ਅਫ਼ਸਰਸ਼ਾਹੀ ਦੇ ਹਿੱਤ 'ਚ ਨਹੀਂ ਸੀ ਅਤੇ ਆਖਿਰਕਾਰ ਗੱਲਬਾਤ ਬੇਸਿੱਟਾ ਰਹੀ। ਤਤਕਾਲੀ ਮੁੱਖ ਮੰਤਰੀ ਨੇ ਨਕਸਲੀ ਵਫ਼ਦ ਦੀ ਜ਼ਮੀਨ ਦੀ ਮੁੜ-ਵੰਡ ਕਰਨ ਦੀ ਬੁਨਿਆਦੀ ਮੰਗ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ 'ਜੇ ਅੱਤਵਾਦੀਆਂ ਨੇ ਹੀ ਇਹ ਤੈਅ ਕਰਨਾ ਹੈ ਕਿ ਕਿਹੜੀਆਂ ਜ਼ਮੀਨਾਂ ਵੰਡੀਆਂ ਜਾਣ ਤਾਂ ਫਿਰ ਸਰਕਾਰ ਅਤੇ ਅਦਾਲਤਾਂ ਦੀ ਕੀ ਲੋੜ ਹੈ?'

ਫਿਰ 2010 'ਚ ਉੱਘੇ ਆਰੀਆ ਸਮਾਜੀ ਸਵਾਮੀ ਅਗਨੀਵੇਸ਼ ਦੀ ਪਹਿਲਕਦਮੀ ਨਾਲ ਮਾਓਵਾਦੀ ਪਾਰਟੀ ਨੇ ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਨਾਲ ਅਤੇ 2011 'ਚ ਮਮਤਾ ਬੈਨਰਜੀ ਸਰਕਾਰ ਨਾਲ ਗੱਲਬਾਤ ਕਰਨ ਲਈ ਸਹਿਮਤੀ ਦਿੱਤੀ, ਪਰ ਮਨਮੋਹਣ ਸਿੰਘ-ਚਿਦੰਬਰਮ ਅਤੇ ਮਮਤਾ ਬੈਨਰਜੀ ਨੇ ਬੇਸ਼ਰਮੀ ਨਾਲ ਵਿਸਾਹਘਾਤ ਕੀਤਾ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਖ਼ੁਫ਼ੀਆ ਏਜੰਸੀਆਂ ਨੇ ਪਹਿਲਾਂ ਚੋਟੀ ਦੇ ਮਾਓਵਾਦੀ ਆਗੂ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਫਿਰ ਕਿਸ਼ਨਜੀ ਨੂੰ ਗ੍ਰਿਫ਼ਤਾਰ ਕਰਕੇ 'ਮੁਕਾਬਲੇ' 'ਚ ਮਾਰ ਦਿੱਤਾ, ਜੋ ਗੱਲਬਾਤ ਲਈ ਮਾਓਵਾਦੀ ਪਾਰਟੀ ਦੇ ਮੁੱਖ ਨੁਮਾਇੰਦੇ ਸਨ। ਇਸ ਵਿਸਾਹਘਾਤ ਕਾਰਨ ਗੱਲਬਾਤ ਦੀ ਵਿਚੋਲਗੀ ਕਰਨ ਵਾਲੇ ਸਿਵਲ ਸੁਸਾਇਟੀ ਨੁਮਾਇੰਦਿਆਂ ਨੂੰ ਬੇਹੱਦ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਸਵਾਮੀ ਅਗਨੀਵੇਸ਼ ਨੇ ਤਾਂ ਇਸ ਦੀ ਨਿਰਪੱਖ ਜੁਡੀਸ਼ੀਅਲ ਜਾਂਚ ਕਰਾਏ ਜਾਣ ਦੀ ਮੰਗ ਵੀ ਕੀਤੀ ਸੀ, ਜੋ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਠੁਕਰਾ ਦਿੱਤੀ ਸੀ, ਕਿਉਂਕਿ ਇਸ ਨਾਲ ਉਸ ਦੀ ਸਰਕਾਰ ਦੀ ਗੱਲਬਾਤ ਦੇ ਬਹਾਨੇ ਮਾਓਵਾਦੀ ਆਗੂਆਂ ਨੂੰ ਕਤਲ ਕਰਾਉਣ ਦੀ ਸਾਜ਼ਿਸ਼ ਨੰਗੀ ਹੋ ਜਾਣੀ ਸੀ।

ਹੁਣ ਵੀ 24 ਮਾਰਚ ਨੂੰ ਹੈਦਰਾਬਾਦ ਵਿਚ 'ਸ਼ਾਂਤੀ ਗੱਲਬਾਤ ਕਮੇਟੀ' ਨੇ ਪਹਿਲ ਕਰਕੇ ਇਹ ਮੁੱਦਾ ਚੁੱਕਿਆ ਹੈ ਕਿ ਕੇਂਦਰ ਸਰਕਾਰ ਅਤੇ ਮਾਓਵਾਦੀ ਪਾਰਟੀ ਨੂੰ ਬਿਨਾਂ ਸ਼ਰਤ ਯੁੱਧਬੰਦੀ ਦਾ ਐਲਾਨ ਕਰਨਾ ਚਾਹੀਦਾ ਹੈ ਅਤੇ ਸ਼ਾਂਤੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਮਾਓਵਾਦੀ ਪਾਰਟੀ ਦੇ ਬੁਲਾਰੇ ਕਾ. ਅਭੈ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਲੋਕ ਹਿੱਤ 'ਚ ਅਸੀਂ ਹਮੇਸ਼ਾ ਸ਼ਾਂਤੀ ਗੱਲਬਾਤ ਲਈ ਤਿਆਰ ਹਾਂ। ਉਸ ਦਾ ਇਹ ਵੀ ਕਹਿਣਾ ਹੈ ਕਿ ਜੇ ਕੇਂਦਰ ਤੇ ਰਾਜ ਸਰਕਾਰਾਂ ਗੱਲਬਾਤ ਦੀ ਤਜਵੀਜ਼ ਦਾ ਹਾਂ-ਪੱਖੀ ਹੁੰਗਾਰਾ ਭਰਦੀਆਂ ਹਨ ਤਾਂ ਉਹ ਤੁਰੰਤ ਯੁੱਧਬੰਦੀ ਦਾ ਐਲਾਨ ਕਰ ਦੇਣਗੇ, ਪਰ ਸਵਾਲ ਇਹ ਹੈ ਕਿ ਕੀ ਅਜਿਹੀ ਕਮਜ਼ੋਰ ਸਥਿਤੀ ਵਿਚ ਮਾਓਵਾਦੀ ਲੀਡਰਸ਼ਿੱਪ ਦੀ ਗੱਲਬਾਤ ਦੀ ਪੇਸ਼ਕਸ਼ ਆਦਿਵਾਸੀ ਵਸੋਂ ਅਤੇ ਮਾਓਵਾਦੀ ਕਾਡਰਾਂ ਨੂੰ ਕਤਲੇਆਮ ਤੋਂ ਬਚਾਉਣ ਵਿਚ ਕੋਈ ਭੂਮਿਕਾ ਨਿਭਾਅ ਸਕੇਗੀ? ਕੀ ਫਾਸ਼ੀਵਾਦੀ ਹਕੂਮਤ ਆਪਣਾ ਕਾਰਪੋਰੇਟ ਏਜੰਡੇ ਤੋਂ ਪਿੱਛੇ ਹਟ ਕੇ ਆਦਿਵਾਸੀ ਵਸੋਂ ਵਿਰੁੱਧ ਨੀਮ-ਫ਼ੌਜੀ ਮੁਹਿੰਮ ਬੰਦ ਕਰਨਾ ਚਾਹੇਗੀ, ਜਿਸ ਦਾ ਮੁੱਖ ਮਨੋਰਥ ਹੀ ਕਾਰਪੋਰੇਟ ਪ੍ਰੋਜੈਕਟ ਥੋਪਣ ਲਈ ਆਦਿਵਾਸੀ ਵਿਰੋਧ ਨੂੰ ਕੁਚਲਣਾ ਹੈ?

ਇਸ ਪ੍ਰਸੰਗ 'ਚ ਛੱਤੀਸਗੜ੍ਹ ਦੇ ਡਿਪਟੀ ਮੁੱਖ ਮੰਤਰੀ ਵਿਜੇ ਸ਼ਰਮਾ ਦਾ ਬਿਆਨ ਗੌਰਤਲਬ ਹੈ। ਉਸ ਦਾ ਕਹਿਣਾ ਹੈ ਕਿ ਛੱਤੀਸਗੜ੍ਹ ਵਿਚ ਯੁੱਧ ਵਰਗੇ ਹਾਲਾਤ ਬਿਲਕੁਲ ਨਹੀਂ ਹਨ, ਮਾਓਵਾਦੀ ਐਵੇਂ ਹੀ 'ਯੁੱਧਬੰਦੀ' ਵਰਗੇ ਲਕਬ ਵਰਤ ਰਹੇ ਹਨ। ਉਸ ਨੇ ਇਹ ਵੀ ਕਿਹਾ ਕਿ ਸਰਕਾਰ ਗੱਲਬਾਤ ਲਈ ਤਿਆਰ ਹੈ, ਜੇਕਰ ਮਾਓਵਾਦੀ ਕਰਨਾ ਚਾਹੁੰਦੇ ਹਨ ਤਾਂ ਕਿਸੇ ਨੂੰ ਗੱਲਬਾਤ ਲਈ ਭੇਜ ਦੇਣਾ ਜਾਂ ਨਿਯੁਕਤ ਕਰ ਦੇਣ ਪਰ ਗੱਲਬਾਤ ਲਈ ਕੋਈ ਸ਼ਰਤ ਨਹੀਂ ਹੋਣੀ ਚਾਹੀਦੀ। ਦਰਅਸਲ, ਸਰਕਾਰ ਵੱਲੋਂ ਇਸ ਦਿਸ਼ਾ 'ਚ ਮਾਹੌਲ ਬਣਾਉਣ ਲਈ ਕੋਈ ਕਦਮ ਨਾ ਚੁੱਕਣਾ ਦਰਸਾਉਂਦਾ ਹੈ ਕਿ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਬਜਾਏ ਹੁਕਮਰਾਨ ਧਿਰ ਦੀ ਰੁਚੀ ਕਤਲੇਆਮ ਜਾਰੀ ਰੱਖਣ 'ਚ ਹੈ। ਉਹ ਇਸ ਦਾ ਜਵਾਬ ਨਹੀਂ ਦੇ ਰਹੇ ਕਿ ਜੇ ਇਹ ਆਪਣੇ ਹੀ ਲੋਕਾਂ ਵਿਰੁੱਧ ਯੁੱਧ ਨਹੀਂ ਤਾਂ ਸਰਕਾਰ ਦੇ ਦਾਅਵੇ ਅਨੁਸਾਰ ਕੁਝ ਸੈਂਕੜੇ ਮਾਓਵਾਦੀ ਬਾਗ਼ੀਆਂ ਵਿਰੁੱਧ ਲੱਖਾਂ ਨੀਮ-ਫ਼ੌਜੀ ਤਾਕਤਾਂ ਤਾਇਨਾਤ ਕਰਨ (ਨੌਂ ਆਦਿਵਾਸੀਆਂ ਪਿੱਛੇ ਇਕ ਜਵਾਨ) ਅਤੇ ਹਰ ਦੋ-ਤਿੰਨ ਕਿਲੋਮੀਟਰ ਉੱਪਰ ਕੈਂਪ ਬਣਾਉਣ ਦੀ ਜ਼ਰੂਰਤ ਕਿਉਂ ਪਈ? ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਦਾ ਐਨਾ ਸੰਘਣਾ ਫ਼ੌਜੀਕਰਨ ਅਤੇ ਹਜ਼ਾਰਾਂ ਦੀ ਗਿਣਤੀ 'ਚ ਫੋਰਸ ਭੇਜਣਾ ਕੀ ਸਿਰਫ਼ ਪੁਲਸ ਕਾਰਵਾਈ ਹੈ?

ਭਾਰਤੀ ਹੁਕਮਰਾਨ ਅਜਿਹਾ ਪਹਿਲੀ ਵਾਰ ਨਹੀਂ ਕਰ ਰਹੇ। ਭਾਰਤੀ ਹੁਕਮਰਾਨਾਂ ਦਾ ਆਪਣੇ ਹੀ ਲੋਕਾਂ ਵਿਰੁੱਧ ਛੇੜੇ ਯੁੱਧ ਤੋਂ ਮੁੱਕਰ ਜਾਣ ਦਾ ਪੁਰਾਣਾ ਇਤਿਹਾਸ ਰਿਹਾ ਹੈ। 2009 'ਚ ਮਨਮੋਹਣ ਸਿੰਘ-ਚਿਦੰਬਰਮ ਵੀ 'ਓਪਰੇਸ਼ਨ ਗਰੀਨ ਹੰਟ' ਤੋਂ ਇਸੇ ਤਰ੍ਹਾਂ ਮੁੱਕਰਦੇ ਸਨ, ਇਸ ਦੇ ਬਾਵਜੂਦ ਕਿ ਆਦਿਵਾਸੀ ਇਲਾਕਿਆਂ ਵਿਚ ਲੱਖਾਂ ਦੀ ਤਦਾਦ 'ਚ ਨੀਮ-ਫ਼ੌਜੀ ਲਸ਼ਕਰ ਧਾੜਵੀ ਫ਼ੌਜਾਂ ਵਾਂਗ ਕਤਲੇਆਮ, ਵੱਢਟੁੱਕ, ਲੁੱਟਮਾਰ ਅਤੇ ਸਮੂਹਿਕ ਬਲਾਤਕਾਰ ਕਰ ਰਹੇ ਸਨ ਅਤੇ ਨਕਸਲੀਆਂ ਵਿਰੁੱਧ ਕਥਿਤ ਪੁਲਸ ਕਾਰਵਾਈ ਵਿਚ ਹਵਾਈ ਫ਼ੌਜ ਦੀ ਮਦਦ ਲਏ ਜਾਣ ਦੀਆਂ ਰਿਪੋਰਟਾਂ ਵੀ ਮੀਡੀਆ ਵਿਚ ਆ ਰਹੀਆਂ ਸਨ। ਜੇ ਹੁਕਮਰਾਨ ਯੁੱਧ ਦੇ ਹਾਲਾਤ ਸਵੀਕਾਰ ਕਰਨਗੇ ਤਾਂ ਉਨ੍ਹਾਂ ਨੂੰ ਯੁੱਧ ਦੇ ਕੌਮਾਂਤਰੀ ਅਸੂਲਾਂ ਦੀ ਪਾਲਣਾ ਕਰਨ ਲਈ ਜਵਾਬਦੇਹ ਹੋਣਾ ਪਵੇਗਾ। ਸਾਫ਼ ਮੁੱਕਰ ਜਾਣਾ ਜਵਾਬਦੇਹੀ ਤੋਂ ਬਚਣ ਦਾ ਸੌਖਾ ਤਰੀਕਾ ਹੈ।

ਮਾਓਵਾਦੀ ਪਾਰਟੀ ਦੀ ਛਾਪਾਮਾਰ ਤਾਕਤ ਅਤੇ ਬੁਨਿਆਦੀ ਤਬਦੀਲੀ ਦੀ ਨਕਸਲੀ ਸਿਆਸਤ ਨੂੰ ਭਾਰਤੀ ਰਾਜ ਗੰਭੀਰ ਖ਼ਤਰੇ ਦੇ ਰੂਪ 'ਚ ਦੇਖਦਾ ਹੈ। ਭਾਵੇਂ ਅਜੇ ਇਸ ਪਾਰਟੀ ਦੀ ਤਾਕਤ ਬਹੁਤ ਸੀਮਤ ਹੈ, ਪਰ ਨੰਗੇ ਅਨਿਆਂ, ਧੱਕੇ-ਵਿਤਕਰੇ ਅਤੇ ਘੋਰ ਨਾਬਰਾਬਰੀ 'ਤੇ ਆਧਾਰਤ ਸਮਾਜਿਕ-ਆਰਥਿਕ ਪ੍ਰਬੰਧ ਵਾਲੇ ਮੁਲਕ ਵਿਚ ਭਵਿੱਖ 'ਚ ਇਸ ਦਾ ਵਧਾਰਾ-ਪਸਾਰਾ ਹੋਣ ਦੀ ਵਿਆਪਕ ਗੁੰਜਾਇਸ਼ ਹੈ। ਇਹ ਵੀ ਸਪੱਸ਼ਟ ਹੈ ਕਿ ਭਾਰਤੀ ਹੁਕਮਰਾਨ ਜਮਾਤ ਦਾ ਨਿਸ਼ਾਨਾ ਇਸ ਲਹਿਰ ਨੂੰ ਖ਼ਤਮ ਤੋਂ ਕਿਤੇ ਵਡੇਰਾ ਅਤੇ ਵਿਆਪਕ ਹੈ। ਉਹ ਮਾਓਵਾਦੀ ਲਹਿਰ ਦੀ ਹਥਿਆਰਬੰਦ ਮੌਜੂਦਗੀ ਨੂੰ ਲੋਕਾਂ ਦੀ ਹੱਕ-ਜਤਾਈ ਵਿਰੁੱਧ ਸਟੇਟ ਦੀ ਹਥਿਆਰਬੰਦ ਤਾਕਤ ਝੋਕਣ



ਲਈ ਬਹਾਨੇ ਵਜੋਂ ਵਰਤ ਰਹੇ ਹਨ। ਇਸ ਬਹਾਨੇ ਸਮਾਜ ਦੇ ਉਨ੍ਹਾਂ ਹਿੱਸਿਆਂ ਵਿਰੁੱਧ ਨੀਮ-ਫ਼ੌਜੀ ਤਾਕਤਾਂ ਅਤੇ ਜਾਬਰ ਕਾਨੂੰਨਾਂ ਦੀ ਬੇਦਰੇਗ ਵਰਤੋਂ ਕੀਤੀ ਜਾ ਸਕਦੀ ਹੈ, ਜਿਨ੍ਹਾਂ ਨੂੰ ਹਕੂਮਤੀ ਨੀਤੀਆਂ ਯਾਨੀ ਕਥਿਤ ਵਿਕਾਸ ਮਾਡਲ ਕਾਰਨ ਆਪਣੀ ਹੋਂਦ ਮਿਟ ਜਾਣ ਦਾ ਖ਼ਤਰਾ ਹੈ ਅਤੇ ਉਹ ਆਪਣੇ ਰੈਣ-ਬਸੇਰਿਆਂ ਅਤੇ ਜੀਵਨ-ਗੁਜ਼ਾਰੇ ਦੇ ਵਸੀਲਿਆਂ ਨੂੰ ਬਚਾਉਣ ਲਈ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਲੜ ਰਹੇ ਹਨ। ਉਨ੍ਹਾਂ ਨੂੰ ਵਿਕਾਸ ਦੇ ਵਿਰੋਧੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਅਤੇ ਹਕੂਮਤੀ ਬਿਰਤਾਂਤ ਨਾਲ ਗੁੰਮਰਾਹ ਹੋਏ ਬਹੁਤ ਸਾਰੇ ਲੋਕ ਹਕੂਮਤੀ ਝੂਠ ਨੂੰ ਸੱਚ ਮੰਨੀ ਬੈਠੇ ਹਨ।

ਇਤਫ਼ਾਕ ਨਾਲ ਇਹ ਸਭ ਤੋਂ ਪੱਛੜੇ ਹੋਏ ਜੰਗਲੀ-ਪਹਾੜੀ ਇਲਾਕੇ ਮਾਓਵਾਦੀ ਪਾਰਟੀ ਦੇ 'ਨਵ-ਜਮਹੂਰੀ ਇਨਕਲਾਬ' ਦੇ ਪ੍ਰੋਗਰਾਮ ਤਹਿਤ 'ਯੁੱਧਨੀਤਕ' ਇਲਾਕੇ ਵੀ ਹਨ ਅਤੇ ਉਹ ਦਹਾਕਿਆਂ ਤੋਂ ਇਨ੍ਹਾਂ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਲੋਕਾਂ ਵਿਚ ਕੰਮ ਕਰ ਰਹੇ ਹੋਣ ਕਰਕੇ ਕਾਰਪੋਰੇਟ ਪ੍ਰੋਜੈਕਟਾਂ ਵਿਰੁੱਧ ਲੜਾਈ ਦੀ ਮੋਹਰਲੀ ਕਤਾਰ ਵਿਚ ਹਨ। ਇਸੇ ਲਈ ਭਾਰਤੀ ਹੁਕਮਰਾਨ ਜਮਾਤ ਲਈ ਇਹ ਬਿਰਤਾਂਤ ਸਿਰਜ ਕੇ ਇਨ੍ਹਾਂ ਇਲਾਕਿਆਂ ਦਾ ਬੇਰੋਕ-ਟੋਕ ਫ਼ੌਜੀਕਰਨ ਕਰਨਾ ਅਤੇ ਇੱਥੋਂ ਦੀ ਵਸੋਂ ਨੂੰ ਖ਼ਤਮ ਕਰਨਾ ਬੇਹੱਦ ਸੌਖਾ ਹੋ ਗਿਆ ਹੈ। ਬਹਾਨਾ ਇਹ ਬਣਾਇਆ ਜਾ ਰਿਹਾ ਹੈ ਕਿ ਮਾਓਵਾਦੀ ਸੰਵਿਧਾਨ ਨੂੰ ਨਹੀਂ ਮੰਨਦੇ, ਉਹ ਵਿਕਾਸ ਨਹੀਂ ਹੋਣ ਦਿੰਦੇ ਅਤੇ ਮਾਓਵਾਦੀ ਲਹਿਰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਹੈ। ਇਸੇ ਝੂਠੇ ਬਿਰਤਾਂਤ ਦੇ ਭਰਮਾਏ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਹੈ ਕਿ ਸੰਵਿਧਾਨ ਨੂੰ ਨਾ ਮੰਨਣ ਵਾਲੇ ਮਾਓਵਾਦੀਆਂ/ਨਕਸਲੀਆਂ ਅਤੇ ਉਨ੍ਹਾਂ ਦਾ ਸਾਥ ਦੇ ਰਹੇ ਬਸਤਰ ਤੇ ਹੋਰ ਇਲਾਕਿਆਂ ਦੇ ਆਦਿਵਾਸੀਆਂ ਨੂੰ ਨੀਮ-ਫ਼ੌਜੀ ਤਾਕਤਾਂ ਵੱਲੋਂ ਗ਼ੈਰਕਾਨੂੰਨੀ ਤਰੀਕਿਆਂ ਨਾਲ ਕੁਚਲ ਦੇਣਾ ਗ਼ਲਤ ਨਹੀਂ ਹੈ, ਜੋ ਭਾਰਤ ਦੇ ਵਿਕਾਸ ਦੇ ਰਾਹ ਵਿਚ ਅੜਿੱਕਾ ਹਨ। ਉਹ ਇਸ ਹਕੀਕਤ ਨੂੰ ਨਹੀਂ ਦੇਖ ਰਹੇ ਕਿ ਇਹ ਹਮਲਾ ਤਾਂ ਉਨ੍ਹਾਂ ਆਦਿਵਾਸੀ ਅਤੇ ਗ਼ੈਰ-ਆਦਿਵਾਸੀ ਖੇਤਰਾਂ ਦੇ ਲੋਕਾਂ ਉੱਪਰ ਵੀ ਹੋ ਰਿਹਾ ਹੈ, ਜਿੱਥੇ ਮਾਓਵਾਦੀ ਨਹੀਂ ਹਨ, ਹਾਲਾਂਕਿ ਉੱਥੇ ਹਮਲਾ ਅਜੇ ਬਸਤਰ ਜਿੰਨਾ ਤਿੱਖਾ ਅਤੇ ਵਿਆਪਕ ਨਹੀਂ ਹੈ। ਹੁਕਮਰਾਨ ਇਸ ਨੂੰ ਮਾਓਵਾਦੀਆਂ ਵਿਰੁੱਧ 'ਭਾਰਤੀ ਲੋਕਤੰਤਰ' ਦੀ ਜਾਇਜ਼ ਲੜਾਈ ਬਣਾ ਕੇ ਪੇਸ਼ ਕਰਦੇ ਹਨ। ਦਰਅਸਲ, ਇਹ ਵਿਦੇਸ਼ੀ-ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਹਿੱਤਾਂ ਲਈ ਭਾਰਤੀ ਰਾਜ ਦਾ ਪੂਰੇ ਮੁਲਕ ਦੇ ਆਦਿਵਾਸੀਆਂ ਅਤੇ ਹੋਰ ਦੱਬੇ-ਕੁਚਲੇ ਲੋਕਾਂ ਵਿਰੁੱਧ ਬਕਾਇਦਾ ਯੁੱਧ ਹੈ।

ਜਿੱਥੋਂ ਤੱਕ ਭਾਰਤੀ ਸੰਵਿਧਾਨ ਦਾ ਸਵਾਲ ਹੈ, ਇਸ ਦੀਆਂ ਸਭ ਤੋਂ ਵੱਧ ਧੱਜੀਆਂ ਖ਼ੁਦ ਭਾਰਤੀ ਹੁਕਮਰਾਨ ਉਡਾਉਂਦੇ ਹਨ, ਜੋ ਆਦਿਵਾਸੀ ਤੇ ਹੋਰ ਦੱਬੇ-ਕੁਚਲੇ ਲੋਕਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਕੀਤੀਆਂ ਵਿਸ਼ੇਸ਼ ਸੰਵਿਧਾਨਕ ਵਿਵਸਥਾਵਾਂ (ਪੰਜਵੀਂ ਸੂਚੀ) ਅਤੇ ਕਾਨੂੰਨਾਂ ਨੂੰ ਦਰਕਿਨਾਰ ਕਰਕੇ ਨੀਤੀਆਂ ਘੜਦੇ ਹਨ ਅਤੇ ਫਿਰ ਇਹ ਨੀਤੀਆਂ ਰਾਜ ਦੀ ਹਥਿਆਰਬੰਦ ਤਾਕਤ ਅਤੇ ਧੋਖੇਬਾਜ਼ੀ ਨਾਲ ਲੋਕਾਂ ਦੇ ਹਲਕ 'ਚ ਲੰਘਾਉਂਦੇ ਹਨ।

ਇਹ ਗ਼ੌਰ ਕਰਨਾ ਜ਼ਰੂਰੀ ਹੈ ਕਿ ਅਮਿਤ ਸ਼ਾਹ ਸਮੇਤ ਸਮੁੱਚਾ ਹਾਕਮ ਜਮਾਤੀ ਲਾਣਾ ਮਾਓਵਾਦੀਆਂ ਨੂੰ ਹਥਿਆਰ ਸੁੱਟ ਕੇ 'ਮੁੱਖ ਧਾਰਾ' ਵਿਚ ਸ਼ਾਮਲ ਹੋਣ ਦੀਆਂ ਨਸੀਹਤਾਂ ਦੇ ਰਿਹਾ ਹੈ, ਜਦਕਿ ਅਨਿਆਂ ਅਤੇ ਨਾਬਰਾਬਰੀ ਵਾਲੇ ਜਿਨ੍ਹਾਂ ਹਲਾਤਾਂ ਨੇ ਆਦਿਵਾਸੀਆਂ ਤੇ ਹੋਰ ਹਿੱਸਿਆਂ ਨੂੰ ਹਾਸ਼ੀਏ 'ਤੇ ਧੱਕਿਆ ਅਤੇ ਦਹਿ-ਹਜ਼ਾਰਾਂ ਆਦਿਵਾਸੀਆਂ ਨੇ ਮਾਓਵਾਦੀ ਲਹਿਰ ਵਿਚ ਸ਼ਾਮਲ ਹੋ ਕੇ ਆਪਣੇ ਹੱਕਾਂ ਤੇ ਹਿੱਤਾਂ ਦੀ ਰਾਖੀ ਲਈ ਸਟੇਟ ਵਿਰੁੱਧ ਹਥਿਆਰ ਚੁੱਕੇ ਅਤੇ ਜਿਨ੍ਹਾਂ ਹਾਲਾਤ ਕਾਰਨ ਕਸ਼ਮੀਰ, ਉੱਤਰ-ਪੂਰਬੀ ਰਿਆਸਤਾਂ ਅਤੇ ਹੋਰ ਖੇਤਰਾਂ ਦੇ ਲੋਕ ਭਾਰਤੀ ਹੁਕਮਰਾਨਾਂ ਤੋਂ ਨਿਆਂ ਲੈਣ ਲਈ 'ਇੰਤਹਾ ਪਸੰਦ' ਬਣੇ, ਉਹ ਹਾਲਾਤ ਇਸੇ 'ਮੁੱਖ ਧਾਰਾ' ਅਤੇ ਸਟੇਟ ਦੀਆਂ ਨੀਤੀਆਂ ਦੇ ਪੈਦਾ ਕੀਤੇ ਹੋਏ ਹਨ। ਜੇ ਹਾਕਮ ਜਮਾਤੀ ਪਾਰਟੀਆਂ ਵਿਚ ਭੋਰਾ ਵੀ ਈਮਾਨਦਾਰੀ ਹੈ ਤਾਂ ਉਨ੍ਹਾਂ ਨੂੰ ਮਾਓਵਾਦੀਆਂ ਨੂੰ ਭੰਡਣ ਅਤੇ ਨਸੀਹਤਾਂ ਦੇਣ ਦੀ ਬਜਾਏ ਆਪਣੇ ਉਸ ਕਾਰਪੋਰੇਟ ਹਿਤੈਸ਼ੀ 'ਵਿਕਾਸ ਮਾਡਲ' ਅਤੇ ਸਟੇਟ ਦੀਆਂ ਨੀਤੀਆਂ ਉੱਪਰ ਮੁੜ ਵਿਚਾਰ ਕਰਨੀ ਚਾਹੀਦੀ ਹੈ, ਜੋ ਲੋਕਾਂ ਦੇ ਹਿਤ ਵਿਚ ਨਾ ਹੋਣ ਕਾਰਨ ਲੋਕਾਈ ਨੂੰ ਮਨਜ਼ੂਰ ਨਹੀਂ ਅਤੇ ਜਿਨ੍ਹਾਂ ਨੂੰ ਲਾਗੂ ਕਰਨ ਲਈ ਭਾਰਤੀ ਰਾਜ ਨੂੰ ਐਨੇ ਵਿਆਪਕ ਫ਼ੌਜੀਕਰਨ ਤੇ ਨੀਮ-ਫ਼ੌਜੀ ਓਪਰੇਸ਼ਨਾਂ ਦੀ ਮਦਦ ਲੈਣੀ ਪੈਂਦੀ ਹੈ ਅਤੇ ਆਪਣੇ ਹੀ ਲੋਕਾਂ ਨੂੰ 'ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨਣਾ ਪੈਂਦਾ ਹੈ।

ਮੋਦੀ ਸਰਕਾਰ ਦਾ ਫੋਕਸ ਵੱਧ ਤੋਂ ਵੱਧ ਮਾਓਵਾਦੀਆਂ ਨੂੰ ਮਾਰਨ ਅਤੇ ਆਤਮ-ਸਮਰਪਣ ਕਰਾਉਣ ਉੱਪਰ ਹੋਣ ਕਾਰਨ ਉਨ੍ਹਾਂ ਵੱਲੋਂ ਮਾਓਵਾਦੀਆਂ ਨਾਲ 'ਸ਼ਾਂਤੀ ਗੱਲਬਾਤ' ਸ਼ੁਰੂ ਕਰਨ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ। ਕਤਲੇਆਮ ਦੀ ਕਰੂਰ ਨੀਤੀ ਵਿਰੁੱਧ ਮੁਲਕ ਅੰਦਰੋਂ ਵਿਆਪਕ ਜਨਤਕ ਵਿਰੋਧ ਨਾ ਉੱਠਣ ਕਾਰਨ ਹਕੂਮਤ ਨੂੰ ਕਿਸੇ ਵੱਡੀ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ। ਇਸ ਲਈ ਇਹ ਸਵਾਲ ਅਜੇ ਕੋਈ ਮਾਇਨੇ ਨਹੀਂ ਰੱਖਦਾ ਕਿ ਗੱਲਬਾਤ ਦਾ ਸਿੱਟਾ ਕੀ ਹੋਵੇਗਾ। ਇਸ ਸਮੇਂ ਪ੍ਰਮੁੱਖ ਤਰਜੀਹ ਕਰੂਰ ਕਤਲੇਆਮ ਨੂੰ ਰੋਕਣ ਲਈ ਜਨਤਕ ਦਬਾਅ ਪਾਉਣ ਦੀ ਹੋਣੀ ਚਾਹੀਦੀ ਹੈ। ਸਭਨਾਂ ਜਮਹੂਰੀ ਤੇ ਨਿਆਂਪਸੰਦ ਤਾਕਤਾਂ ਨੂੰ ਇਸ ਲਈ ਗੰਭੀਰ ਹੋਣਾ ਚਾਹੀਦਾ ਹੈ। ਪਰ ਇਕ ਗੱਲ ਤੈਅ ਹੈ ਕਿ ਚਾਹੇ ਹਕੂਮਤ ਮਾਰਚ 2026 ਤੱਕ ਮਾਓਵਾਦੀ ਲਹਿਰ ਨੂੰ ਦਬਾਉਣ 'ਚ ਕਾਮਯਾਬ ਹੋ ਵੀ ਜਾਵੇ, ਇਹ 'ਜਿੱਤ' ਵਕਤੀ ਹੋਵੇਗੀ। ਦਰਅਸਲ, ਜਦੋਂ ਤੱਕ ਸਮਾਜ ਵਿਚ ਅਨਿਆਂ ਅਤੇ ਨਾਬਰਾਬਰੀ ਹੈ, ਜਦੋਂ ਤੱਕ ਇਸ ਨੂੰ ਜ਼ਰਬਾਂ ਦੇਣ ਵਾਲਾ ਕਾਰਪੋਰੇਟ ਹਿਤੈਸ਼ੀ ਆਰਥਿਕ ਮਾਡਲ ਮੌਜੂਦ ਹੈ, ਹਾਸ਼ੀਏ 'ਤੇ ਧੱਕੇ ਲੁੱਟੇ-ਪੁੱਟੇ ਲੋਕ ਬਿਹਤਰ ਜ਼ਿੰਦਗੀ ਲਈ ਸਟੇਟ ਵਿਰੁੱਧ ਬਗ਼ਾਵਤਾਂ ਕਰਦੇ ਰਹਿਣਗੇ ਅਤੇ 'ਨਕਸਲਵਾਦ' ਦੀ ਪ੍ਰਸੰਗਿਕਤਾ ਬਣੀ ਰਹੇਗੀ। ਸਾਬਕਾ ਉੱਚ ਅਧਿਕਾਰੀ ਪ੍ਰਕਾਸ਼ ਸਿੰਘ ਨੇ 2018 'ਚ ਹੀ ਇਹ ਚੇਤਾਵਨੀ ਦੇ ਦਿੱਤੀ ਸੀ ਕਿ 'ਜਦੋਂ ਤੱਕ ਸਮਾਜਿਕ-ਆਰਥਿਕ ਕਾਰਨਾਂ ਨੂੰ ਹੱਲ ਨਹੀਂ ਕੀਤਾ ਜਾਂਦਾ, ਉਦੋਂ ਤੱਕ (ਮਾਓਵਾਦੀ) ਲਹਿਰ ਦੀ ਮੌਤ ਦਾ ਐਲਾਨ ਲਿਖਣਾ ਜਲਦਬਾਜ਼ੀ ਹੋਵੇਗੀ।'

# ਪਹਿਲਗਾਮ ਦੁਖਾਂਤ ਅਤੇ ਦੋ ਗਵਾਂਢੀ ਦੇਸ਼ਾਂ ਦੇ ਟਕਰਾਅ ਦੀ ਚਰਚਾ ਤੋਂ ਉੱਠਦੇ ਸਵਾਲ

ਭਾਰਤ ਦੇ ਲੋਕ ਇਸ ਵਕਤ ਦੁਖੀ ਹਨ, ਸਿਰਫ ਭਾਰਤ ਦੇ ਨਹੀਂ, ਗਵਾਂਢੀ ਪਾਕਿਸਤਾਨ ਦੇ ਲੋਕ ਵੀ ਸੁਖਾਲੇ ਨਹੀਂ ਹੋ ਸਕਦੇ। ਜੋ ਕੁਝ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਪਿਛਲੇ ਦਿਨੀਂ ਵਾਪਰਿਆ ਹੈ, ਉਹ ਕਿਸੇ ਦੇ ਖਿਆਲ ਵਿੱਚ ਵੀ ਸ਼ਾਇਦ ਨਹੀਂ ਹੋਵੇਗਾ, ਸਿਰਫ ਕੁਝ ਕਾਤਲ ਜਾਂ ਉਨ੍ਹਾਂ ਪਿੱਛੇ ਬੈਠੇ ਕੁਝ ਸਾਜ਼ਿਸ਼ ਘੜਨ ਵਾਲੇ ਹਿਰਦੇ ਇਸ ਬਾਰੇ ਜਾਣਦੇ ਹੋਣਗੇ, ਪਰ ਜਦੋਂ ਵਾਪਰ ਗਿਆ ਤਾਂ ਇਸ ਨਾਲ ਫੈਲਣ ਵਾਲੀ ਦਹਿਸ਼ਤ ਦਾ ਸਨਸਨੀ ਦੁਨੀਆ ਭਰ ਦੇ ਲੋਕਾਂ ਨੇ ਮਹਿਸੂਸ ਕੀਤੀ ਹੈ। ਇਸ ਨਾਲ ਭਾਰਤ ਵਿੱਚ ਜਿੱਦਾਂ ਦਾ ਮਾਹੌਲ ਬਣਿਆ ਅਤੇ ਜਿਵੇਂ ਬਦਲਾ ਲੈਣ ਲਈ ਸਰਕਾਰ ਉੱਪਰ ਦਬਾਅ ਪੈਦਾ ਮੀਡੀਏ ਵਿੱਚ ਮਹਿਸੂਸ ਕੀਤਾ ਗਿਆ, ਇਸ ਨਾਲ ਪਾਕਿਸਤਾਨ ਵਿਚਲੇ ਆਮ ਲੋਕ ਵੀ ਇੱਕ ਹੋਰ ਜੰਗ ਲੱਗ ਜਾਣ ਦੇ ਸਹਿਮ ਹੇਠ ਆਉਣੋ ਪ੍ਰਭਾਵਤ ਸਨ ਅਤੇ ਆਏ ਹੋਰ ਦੀਆਂ ਖਬਰਾਂ ਵੀ ਹਨ। ਇਸ ਲਈ ਦੋਵਾਂ ਦੇਸ਼ਾਂ ਵਿੱਚ ਆਮ ਲੋਕ ਦੁਖੀ ਹਨ। ਕਿਸੇ ਵੀ ਹੋਰ ਗੱਲ ਤੋਂ ਪਹਿਲਾਂ ਭਾਰਤੀ ਲੋਕਾਂ ਦੀ ਮਾਨਸਿਕਤਾ ਮਾਰੇ ਜਾਣ ਵਾਲਿਆਂ ਦੇ ਪਰਵਾਰਾਂ ਨਾਲ ਸਭ ਦੀ ਹਮਦਰਦੀ ਵਾਲੀ ਹੈ ਅਤੇ ਇਸ ਮਗਰੋਂ ਇਸ ਦੇ ਕਈ ਪੱਖ ਚੱਲ ਪੈਂਦੇ ਹਨ, ਜਿਨ੍ਹਾਂ ਵਿੱਚ ਭਾਰਤ ਦੇ ਲੋਕਾਂ ਦੇ ਨਾਲ ਜਾਂ ਵਿਰੋਧ ਵਿੱਚ ਖੜ੍ਹਨ ਦੀ ਝਲਕ ਮਿਲਣ ਲੱਗ ਜਾਂਦੀ ਹੈ। ਏਥੇ ਆਣ ਕੇ ਇੱਕਮੁੱਠਤਾ ਖਿੱਲਰਨ ਲੱਗਦੀ ਹੈ।

ਪਹਿਲੀ ਗੱਲ ਇਹ ਕਿ ਏਦਾਂ ਦੇ ਦੁਖਾਂਤ ਦੇ ਜੋ ਵੀ ਅਰਥ ਕੋਈ ਕੱਢਦਾ ਰਹੇ, ਕਾਤਲਾਂ ਨੇ ਜਿਹੋ ਜਿਹੀ ਸੋਚ ਨਾਲ ਹਮਲਾ ਕੀਤਾ ਸੀ ਕਿ ਭਾਰਤੀ ਲੋਕ ਉੱਬਲ ਪੈਣ, ਉਨ੍ਹਾਂ ਦੀ ਇਹ ਸੋਚਣੀ ਅਮਲ ਵਿੱਚ ਸਹੀ ਸਾਬਤ ਹੁੰਦੀ ਲੱਗਦੀ ਹੈ ਤੇ ਭਾਰਤੀ ਲੋਕ ਨਾ ਸਿਰਫ ਉੱਬਲ ਰਹੇ ਹਨ, ਸਗੋਂ ਮੌਕੇ ਦੀ ਸਰਕਾਰ ਤੋਂ ਛੇਤੀ ਕੁਝ ਕਰਨ ਦੀ ਝਾਕ ਰੱਖਦੇ ਹਨ। ਏਦਾਂ ਦੇ ਵਕਤ ਰਾਜਨੀਤੀ ਲਾਂਭੇ ਰਹਿਣੀ ਚਾਹੀਦੀ ਹੈ, ਪਰ ਬਿਆਨਾਂ ਤੇ ਮੀਡੀਆ ਰਿਪੋਰਟਾਂ ਵਿੱਚ ਜਦੋਂ ਰਾਜਨੀਤੀ ਆਪੋ-ਆਪਣੀ ਤੂਤਣੀ ਵਜਾਉਣ ਦਾ ਧਰਵਾ ਚੁੱਕ ਦੇਂਦੀ ਹੈ, ਓਦੋਂ ਕਈ ਕੁਝ ਹੋਰ ਚਰਚਾ ਹੇਠ ਆ ਜਾਂਦਾ ਹੈ। ਦੇਸ਼ ਦੀ ਸਰਕਾਰ ਅਤੇ ਇਸ ਦਾ ਮੁਖੀ ਚਾਹੁੰਦੇ ਹਨ ਕਿ ਸਾਰਾ ਦੇਸ਼ ਇੱਕ ਸੁਰ ਵਿੱਚ ਕਹੇ ਕਿ ਅਸੀਂ ਇਕੱਠੇ ਹਾਂ, ਪਰ ਚਾਹੁਣ ਦੀ ਗੱਲ ਤੋਂ ਅੱਗੇ ਵਧ ਕੇ ਵੇਖੋ ਤਾਂ ਏਦਾਂ ਦੇ ਵਕਤ ਦੇਸ਼ ਵਾਸੀਆਂ ਨੂੰ ਇੱਕ ਸੁਰ ਕਰਨ ਦੀ ਜ਼ਿੰਮੇਵਾਰੀ ਵੀ ਸਭ ਤੋਂ ਵੱਧ ਦੇਸ਼ ਦੀ ਸਰਕਾਰ ਦੀ ਹੁੰਦੀ ਹੈ। ਉਸ ਨੂੰ ਚਾਹੀਦਾ ਹੈ ਕਿ ਆਪਣੇ ਲੋਕਾਂ ਨੂੰ ਜ਼ਬਤ ਵਿੱਚ ਰਹਿਣ ਲਈ ਕਹੇ, ਤਾਂ ਜੋ ਕਿਸੇ ਵੀ ਹੋਰ ਨੂੰ ਵੱਖਰੀ ਸੁਰ ਕੱਢਣ ਤੋਂ ਪਹਿਲਾਂ ਸੌ ਵਾਰ ਸੋਚਣਾ ਪਵੇ, ਪਰ ਹਰ ਵਾਰੀ ਵਾਂਗ ਇਸ ਵਾਰੀ ਫਿਰ ਇਹ ਹੋਇਆ ਹੈ ਕਿ ਰਾਜ ਕਰਦੀ ਧਿਰ ਦੇ ਲੋਕਾਂ ਨੇ ਹੀ ਇਸ ਦੁਖਾਂਤ ਨੂੰ ਰਾਜਨੀਤਕ ਚਾਂਦਮਾਰੀ ਲਈ ਵਰਤਣ ਦਾ ਮੋਰਚਾ ਗਰਮ ਕਰ ਦਿੱਤਾ। ਲਾਸ਼ਾਂ ਅਜੇ ਚੁੱਕੀਆਂ ਨਹੀਂ ਸਨ ਗਈਆਂ ਕਿ ਰਾਜ ਕਰਦੀ ਧਿਰ ਦੇ ਲੋਕਾਂ ਨੇ ਸੋਸ਼ਲ ਮੀਡੀਆ ਉੱਤੇ ਇਹ ਮਿਹਣਾ ਦੇਣਾ ਸ਼ੁਰੂ ਕਰ ਦਿੱਤਾ ਕਿ 'ਧਰਮ ਪੁੱਛ ਕੇ ਗੋਲੀਆਂ ਮਾਰੀਆਂ ਹਨ, ਕਿਸੇ ਨੇ ਜਾਤ ਨਹੀਂ ਸੀ ਪੁੱਛੀ।' ਇਹ ਕਹਿਣ ਦਾ ਭਾਵ ਵਿਰੋਧੀ ਧਿਰ ਨੂੰ ਇਹ ਮਿਹਣਾ ਦੇਣਾ ਸੀ ਕਿ ਤੁਸੀਂ ਭਾਰਤ ਵਿੱਚ ਜਾਤਾਂ ਦੇ ਆਧਾਰ ਉੱਤੇ ਜਨਗਣਨਾ ਦੀ ਦੁਹਾਈ ਦੇਂਦੇ ਹੋ, ਲੜਾਈ ਤਾਂ ਅੱਤਵਾਦੀਆਂ ਨਾਲ ਧਰਮ ਦੇ ਆਧਾਰ ਉੱਤੇ ਹੈ। ਇਹ ਗੱਲਾਂ ਪਾਟਕ ਪਾ ਸਕਦੀਆਂ ਤੇ ਵਧਾ ਸਕਦੀਆਂ ਹਨ।

ਦੂਸਰਾ ਮਾਮਲਾ ਇਹ ਚੁੱਕਿਆ ਗਿਆ ਕਿ ਕਸ਼ਮੀਰੀ 'ਲੋਕ ਖਾਂਦੇ ਏਧਰ ਦਾ ਤੇ ਗਾਉਂਦੇ ਓਧਰ ਦਾ' ਹਨ, ਸਬਕ ਸਿਖਾਉਣਾ ਹੈ ਤਾਂ ਇਨ੍ਹਾਂ ਦਾ ਮਾਲ ਖਰੀਦਣਾ ਬੰਦ ਕਰ ਦਿੱਤਾ ਜਾਵੇ, ਤਾਂ ਕਿ ਇਨ੍ਹਾਂ ਨੂੰ ਅਕਲ ਆ ਜਾਵੇ। ਅਸਲੋਂ ਬੇਹੂਦਾ ਇਹ ਗੱਲ ਇੱਕ ਮੁੱਖ ਮੰਤਰੀ ਨੇ ਜਨਤਕ ਰੋਸ ਪ੍ਰਦਰਸ਼ਨ ਵਿੱਚ ਕਹੀ, ਪਰ ਇਹ ਗੱਲ ਭੁੱਲ ਗਿਆ ਕਿ ਕੇਂਦਰ ਸਰਕਾਰ ਨੂੰ ਉਸ ਦੀ ਆਪਣੀ ਪਾਰਟੀ ਚਲਾਉਂਦੀ ਹੈ ਅਤੇ ਉਸ ਵਿੱਚ ਇੱਕ ਕਸ਼ਮੀਰੀ ਮੰਤਰੀ ਵੀ ਹੈ। ਜਦੋਂ ਸਾਰੇ ਕਸ਼ਮੀਰੀ ਲੋਕਾਂ ਨੂੰ ਸਬਕ ਸਿਖਾਉਣ ਦੀ ਗੱਲ ਚੱਲਦੀ ਹੈ, ਉਨ੍ਹਾਂ ਨੂੰ ਦੁਸ਼ਮਣ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਵਿੱਚ ਕੇਂਦਰੀ ਮੰਤਰੀ ਵੀ ਆਪਣੇ-ਆਪ ਸ਼ਾਮਲ ਹੋ ਜਾਂਦਾ ਹੈ, ਪਰ ਉਸ ਭਾਜਪਾਈ ਮੁੱਖ ਮੰਤਰੀ ਨੂੰ ਇਸ ਦੀ ਪ੍ਰਵਾਹ ਨਹੀਂ ਸੀ ਜਾਪਦੀ। ਕੇਂਦਰ ਵਿੱਚ ਰਾਜ ਕਰਦੀ ਪਾਰਟੀ ਤੋਂ ਆਸ ਇਹ ਰੱਖੀ ਜਾਂਦੀ ਹੈ ਕਿ ਉਹ ਆਪਣੇ ਬੰਦਿਆਂ ਨੂੰ ਜ਼ਬਤ ਵਿੱਚ ਰਹਿਣਾ ਸਿਖਾਵੇਗੀ, ਪਰ ਆਮ ਵਰਕਰਾਂ ਨੂੰ ਕਿਤੇ ਰਿਹਾ, ਭਾਜਪਾ ਦੇ ਮੁੱਖ ਮੰਤਰੀ ਵੀ ਬਦ-ਜ਼ਬਾਨੀ ਦੀ ਹੱਦ ਕਰ ਜਾਂਦੇ ਹਨ। ਏਦੂੰ ਹੋਰ ਅੱਗੇ ਵਧ ਕੇ ਕਸ਼ਮੀਰੀ ਮੁਸਲਮਾਨਾਂ ਉੱਤੇ ਧਾਰਮਿਕ ਪੱਖੋਂ ਹਮਲਾ ਕੀਤਾ ਜਾ ਰਿਹਾ ਹੈ, ਪਰ ਓਥੇ ਗਏ ਅਤੇ ਇਸ ਹਮਲੇ ਵਿੱਚ ਜ਼ਿੰਦਾ ਬਚ ਗਏ ਲੋਕਾਂ ਦੀਆਂ ਇਹ ਗੱਲਾਂ ਅੱਖੋਂ-ਪਰੋਖੇ ਕੀਤੀਆਂ ਜਾ ਰਹੀਆਂ ਹਨ ਕਿ ਔਖੀ ਘੜੀ ਮੁਸਲਮਾਨਾਂ ਨੇ ਆਪਣੇ ਮੋਢਿਆਂ ਉੱਤੇ ਚੁੱਕ ਕੇ ਜ਼ਖਮੀਆਂ ਨੂੰ ਹਸਪਤਾਲ ਵੀ ਪੁਚਾਇਆ ਤੇ ਆਪਣੇ ਘਰੀਂ ਪਨਾਹ ਵੀ ਦਿੱਤੀ ਸੀ। ਹਮਲਾਵਰਾਂ ਦੇ ਨਾਲ ਭਿੜਦਾ ਆਦਿਲ ਨਾਂਅ ਦਾ ਜਿਹੜਾ ਨੌਜਵਾਨ ਉਨ੍ਹਾਂ ਦੀ ਗੋਲੀ ਨਾਲ ਮਾਰਿਆ ਗਿਆ, ਉਹ ਵੀ ਮੁਸਲਮਾਨ ਸੀ ਅਤੇ ਇਸ ਘਟਨਾ ਦੇ ਅਗਲੇ ਦਿਨ ਝੀਲ ਵਿਚਲੇ ਸ਼ਿਕਾਰਿਆਂ ਦੇ ਮਲਾਹਾਂ ਨੇ ਆਪਣੀਆਂ ਕਿਸ਼ਤੀਆਂ ਉੱਤੇ ਅੱਤਵਾਦ ਵਿਰੋਧੀ ਬੈਨਰ ਲਾ ਦਿੱਤੇ ਅਤੇ ਉਸ ਰਾਜ ਵਿੱਚ ਜਾਨ ਦਾ ਖਤਰਾ ਮੁੱਲ ਲੈ ਕੇ ਐਲਾਨ ਕੀਤਾ ਕਿ ਉਹ ਦੇਸ਼ ਨਾਲ ਖੜੇ ਹਨ। ਇਹ ਸਭ ਕੁਝ ਭੁਲਾ ਕੇ ਜਿਵੇਂ ਇੱਕ ਭਾਈਚਾਰੇ ਵਿਰੁੱਧ ਜ਼ਹਿਰ ਉਗਲੱਛਣ ਦਾ ਕੰਮ ਕੀਤਾ ਜਾ ਰਿਹਾ ਸੀ, ਇਹ ਸਰਕਾਰ ਨੂੰ ਰੋਕਣਾ ਚਾਹੀਦਾ ਸੀ, ਪਰ ਰੋਕਣ ਦੀ ਕੋਈ ਕੋਸ਼ਿਸ਼ ਹੋਈ ਹੋਵੇ, ਇਸ ਬਾਰੇ ਕੋਈ ਨਹੀਂ ਜਾਣਦਾ।

ਤੀਸਰਾ ਹਮਲਾ ਇੱਕ ਰਾਜ ਦੀ ਭਾਜਪਾ ਦੇ ਆਪਣੇ ਸੋਸ਼ਲ ਮੀਡੀਆ ਹੈਂਡਲ ਤੋਂ ਰਾਹੁਲ ਗਾਂਧੀ ਖਿਲਾਫ ਇਹ ਕਰ ਦਿੱਤਾ ਗਿਆ ਕਿ ਉਹ ਇਸ ਹਮਲੇ ਦੇ ਵਕਤ ਵਿਦੇਸ਼ ਵਿੱਚ ਸੀ ਅਤੇ ਜਦੋਂ ਵੀ ਉਹ ਵਿਦੇਸ਼ ਜਾਵੇ, ਕੁਝ ਨਾ ਕੁਝ ਵਾਪਰ ਜਾਂਦਾ ਹੈ। ਹਮਲਾ ਕਰਨ ਵਾਲੀ ਸੋਸ਼ਲ ਮੀਡੀਆ ਟੀਮ ਨੇ ਇਹ ਨਹੀਂ ਸੋਚਿਆ ਕਿ ਇਕੱਲਾ ਰਾਹੁਲ ਗਾਂਧੀ ਨਹੀਂ, ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਹਮਲੇ ਵੇਲੇ ਵਿਦੇਸ਼ ਵਿੱਚ ਸਾਊਦੀ ਅਰਬ ਗਏ ਹੋਏ ਸਨ ਅਤੇ ਦੋਵੇਂ ਨੇਤਾ ਇੱਕ ਸਾਊਦੀ ਅਰਬ ਤੋਂ ਅਤੇ ਦੂਸਰਾ ਅਮਰੀਕਾ ਤੋਂ ਖੜੇ ਪੈਰ ਭਾਰਤ ਵਾਪਸ ਆਏ ਸਨ। ਏਦਾਂ ਦੇ ਹਮਲਾਵਰ ਰੁਖ ਦੇ ਨਾਲ ਇਹ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਲੀਡਰਸ਼ਿਪ ਦੇਸ਼ ਦਾ ਭਲਾ ਨਹੀਂ ਕਰਦੀ, ਉਲਟਾ ਔਖ ਦੇ ਸਮੇਂ ਵਿੱਚ ਏਕਤਾ ਦੇ ਰਾਹ ਵਿੱਚ ਕੰਡੇ ਵਿਛਾ ਰਹੀ ਹੈ। ਇਹ ਭਾਰਤ ਦੀ ਰਿਵਾਇਤ ਨਹੀਂ। ਬੰਗਲਾਦੇਸ਼ ਦੀ ਜੰਗ ਵੇਲੇ ਜਾਂ ਕਾਰਗਿਲ ਦੀ, ਭਾਰਤ ਦੀ ਸਾਰੀ ਵਿਰੋਧੀ ਧਿਰ ਅਤੇ ਸਾਰੇ ਲੋਕ ਹਰ ਵਾਰੀ ਦੇਸ਼ ਦੀ ਸਰਕਾਰ ਦੇ ਨਾਲ ਇੱਕ-ਸੁਰ ਰਹੇ ਹਨ ਅਤੇ ਰਹਿਣੇ ਵੀ ਚਾਹੀਦੇ ਹਨ।

ਭਾਰਤੀ ਲੋਕ ਇਸ ਸੰਕਟ ਦੀ ਘੜੀ ਇਕੱਠੇ ਹਨ, ਆਪਣੀ ਸਰਕਾਰ ਦੇ ਨਾਲ ਵੀ ਹਨ, ਪਰ ਉਹ ਇਹ ਗੱਲ ਪੁੱਛ ਸਕਦੇ ਹਨ ਕਿ ਜਿਹੜੇ ਬਿਆਨ ਦਾਗੇ ਜਾ ਰਹੇ ਹਨ, ਕੀ ਉਹ ਅਮਲ ਵਿੱਚ ਆਉਣ ਵਾਲੇ ਵੀ ਹਨ? ਪਿਛਲੇ ਸਮੇਂ ਦੌਰਾਨ ਇਹ ਗੱਲ ਕਿੰਨੀ ਵਾਰ ਕਹੀ ਗਈ ਕਿ ਅਸੀਂ ਪਾਕਿਸਤਾਨ ਨਾਲ ਹੋਇਆ ਸਿੰਧ ਨਦੀ ਦੇ ਪਾਣੀਆਂ ਦਾ ਸਮਝੌਤਾ ਤੋੜ ਦੇਣਾ ਹੈ, ਪਰ ਤੋੜ ਕੇ ਕਰਨਾ ਕੀ ਹੈ, ਇਸ ਦੀ ਕੋਈ ਯੋਜਨਾਬੰਦੀ ਤਾਂ ਅਮਲ ਵਿੱਚ ਦਿੱਸਦੀ ਨਹੀਂ। ਅਸੀਂ ਜਾਣਦੇ ਹਾਂ ਕਿ ਇਹ ਸਮਝੌਤਾ ਤੋੜਿਆ ਤਾਂ ਪਾਕਿਸਤਾਨ ਨੂੰ ਪਾਣੀ ਮਿਲਣਾ ਬੰਦ ਹੋ ਸਕਦਾ ਹੈ, ਪਰ ਸਮਝੌਤਾ ਬੇਸ਼ੱਕ ਟੁੱਟ ਜਾਵੇ, ਪਾਣੀ ਰੋਕ ਲੈਣ ਵਾਲਾ ਕੰਮ ਅਮਲ ਵਿੱਚ ਏਨਾ ਸੌਖਾ ਨਹੀਂ। ਉਸ ਸਮਝੌਤੇ ਮੁਤਾਬਕ ਸਿੰਧ, ਜੇਹਲਮ ਅਤੇ ਚਨਾਬ ਤਿੰਨ ਦਰਿਆਵਾਂ ਦਾ ਪਾਣੀ ਪਾਕਿਸਤਾਨ ਨੂੰ ਦਿੱਤਾ ਗਿਆ ਅਤੇ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਭਾਰਤ ਹਿੱਸੇ ਆਇਆ ਸੀ, ਅਸੀਂ ਅੱਜ ਤੱਕ ਇਨ੍ਹਾਂ ਤਿੰਨ ਦਰਿਆਵਾਂ ਦਾ ਪੂਰਾ ਪਾਣੀ ਉਸ ਪਾਸੇ ਜਾਣ ਤੋਂ ਨਹੀਂ ਰੋਕ ਸਕੇ। ਪਠਾਨਕੋਟ ਜ਼ਿਲ੍ਹੇ ਵਿਚਲੇ ਮਾਧੋਪੁਰ ਹੈੱਡਵਰਕਸ ਤੋਂ ਏਨੇ ਪ੍ਰਬੰਧਾਂ ਦੇ ਬਾਵਜੂਦ ਪਾਣੀ ਅੱਗੇ ਲੰਘੀ ਜਾਂਦਾ ਹੈ, ਅਸੀਂ ਪੂਰਾ ਨਹੀਂ ਰੋਕ ਸਕੇ। ਤਰਨ ਤਾਰਨ ਤੇ ਫਿਰੋਜ਼ਪੁਰ ਵਿਚਾਲੇ ਹਰੀਕੇ ਹੈੱਡਵਰਕਸ ਵਾਲੀ ਝੀਲ ਵਿੱਚ ਜਦੋਂ ਬਿਆਸ ਅਤੇ ਸਤਲੁਜ ਦੇ ਪਾਣੀ ਰੋਕ ਕੇ ਓਥੋਂ ਮਾਲਵੇ ਤੇ ਰਾਜਸਥਾਨ ਲਈ ਨਹਿਰਾਂ ਚਲਾ ਰੱਖੀਆਂ ਹਨ, ਇਸ ਦੇ ਬਾਵਜੂਦ ਓਥੋਂ ਵੀ ਕੁਝ ਪਾਣੀ ਅੱਗੇ ਲੰਘ ਜਾਂਦਾ ਹੈ ਅਤੇ ਫਿਰ ਹੁਸੈਨੀਵਾਲਾ ਵਿਖੇ ਅਗਲੇ ਹੈੱਡਵਰਕਸ ਉੱਤੇ ਰੋਕ ਕੇ ਵੀ ਸਾਰਾ ਨਹੀਂ ਰੋਕਿਆ ਜਾ ਸਕਦਾ। ਉਥੋਂ ਅਗਾਂਹ ਵਗਦਾ ਪਾਣੀ ਕਈ ਕਿਲੋਮੀਟਰ ਅੱਗੇ ਜਾ ਕੇ ਪਾਕਿਸਤਾਨ ਵੱਲੋਂ ਬਣਾਏ ਸੁਲੇਮਾਨਕੀ ਹੈੱਡਵਰਕਸ ਵਿਖੇ ਇਕੱਠਾ ਕਰਨ ਅਤੇ ਖੇਤਾਂ ਨੂੰ ਭੇਜਣ ਦਾ ਪ੍ਰਬੰਧ ਉਹ ਦੇਸ਼ ਕਰੀ ਜਾਂਦਾ ਹੈ। ਜਦੋਂ ਅਸੀਂ ਆਪਣੇ ਹਿੱਸੇ ਦੇ ਤਿੰਨ ਦਰਿਆਵਾਂ ਵਾਲਾ ਪਾਣੀ ਪੌਣੀ ਸਦੀ ਲੰਘ ਜਾਣ ਦੇ ਬਾਅਦ ਅੱਜ ਤੱਕ ਨਹੀਂ ਰੋਕ ਸਕੇ ਤਾਂ ਸਿੰਧ, ਜੇਹਲਮ ਅਤੇ ਚਨਾਬ ਦੇ ਪਾਣੀ ਰਾਤੋ-ਰਾਤ ਰੋਕ ਦੇਣ ਦੇ ਪ੍ਰਬੰਧ ਕਿਸ ਤਰ੍ਹਾਂ ਹੋ ਜਾਣਗੇ, ਇਹ ਸਮਝ ਤੋਂ ਬਾਹਰ ਹੈ। ਅਮਲ ਦੀ ਗੱਲ ਪਹਿਲਾਂ ਸੋਚ ਲੈਣੀ ਚਾਹੀਦੀ ਹੈ।

ਅਗਲਾ ਤੇ ਆਖਰੀ ਪੱਖ ਕਿਸੇ ਵੀ ਸੰਕਟ ਨਾਲ ਸਿੱਝਣ ਲਈ ਮੌਕੇ ਦੀ ਸਰਕਾਰ ਦੀ ਕਿਸੇ ਲਗਾਤਾਰਤਾ ਦੇ ਨਾਲ ਜੁੜਿਆ ਹੁੰਦਾ ਹੈ। ਭਾਰਤ ਦੀ ਵਿਦੇਸ਼ ਨੀਤੀ ਵੀ ਆਮ ਕਰ ਕੇ ਅਤੇ ਪਾਕਿਸਤਾਨ ਵੱਲ ਨੀਤੀ ਖਾਸ ਕਰ ਕੇ ਪਿਛਲੇ ਸਾਰੇ ਸਮੇਂ ਵਿੱਚ ਕਦੀ ਇੱਕ-ਸਾਰ ਨਹੀਂ ਰਹੀ, ਬਲਕਿ ਕਈ ਵਾਰੀ ਜਾਪਣ ਲੱਗ ਪੈਂਦਾ ਹੈ ਕਿ ਬਾਕਾਇਦਾ ਨੀਤੀ ਕਦੇ ਬਣਾਈ ਵੀ ਹੈ ਜਾਂ ਡੰਗ-ਟਪਾਊ ਅਤੇ ਲੀਡਰ ਦੀ ਮਰਜ਼ੀ ਮੁਤਾਬਕ ਚੱਲਦੀ ਰਹਿੰਦੀ ਹੈ। ਪਹਿਲਾਂ ਸਾਡੇ ਆਗੂ ਐਲਾਨ ਕਰਦੇ ਹਨ ਕਿ ਪਾਕਿਸਤਾਨ ਨਾਲ ਕੋਈ ਸੰਬੰਧ ਨਹੀਂ ਰੱਖਣੇ, ਫਿਰ ਪਾਕਿਸਤਾਨ ਦੇ ਲੀਡਰਾਂ ਨੂੰ ਸੱਦੇ ਦੇਣ ਲੱਗਦੇ ਹਨ ਜਾਂ ਦੂਸਰੇ ਦੇਸ਼ ਤੋਂ ਮੁੜਦੇ ਵਕਤ ਕਿਸੇ ਅਗੇਤੇ ਸੱਦੇ ਤੋਂ ਬਿਨਾਂ ਹੀ ਰਾਹ ਵਿੱਚ ਜਹਾਜ਼ ਉਤਾਰ ਕੇ ਓਥੋਂ ਦੇ ਪ੍ਰਧਾਨ ਮੰਤਰੀ ਨਾਲ ਮਿਲਣ ਨਿਕਲ ਪੈਂਦੇ ਹਨ। ਇਹ ਕਿਸੇ ਠੋਸ ਨੀਤੀ ਦਾ ਪ੍ਰਗਟਾਵਾ ਨਹੀਂ ਬਣ ਸਕਦਾ। ਨੀਤੀਆਂ ਜੋ ਵੀ ਹੋਣ, ਲਗਾਤਾਰਤਾ ਦੀ ਲੋੜ ਸਭ ਤੋਂ ਵੱਧ ਹੁੰਦੀ ਹੈ, ਤਾਂ ਕਿ ਬਾਕੀ ਲੋਕ ਵੀ ਉਸ ਨੀਤੀ ਮੁਤਾਬਕ ਚੱਲਦੇ ਰਹਿ ਸਕਣ।

ਹਾਲਾਤ ਦੀ ਵਿਆਖਿਆ ਕਰਨ ਵਾਲੇ ਬਹੁਤ ਸਾਰੇ ਲੋਕ ਕਹੀ ਜਾਂਦੇ ਹਨ ਕਿ ਜੰਗ ਲੱਗ ਕੇ ਰਹੇਗੀ, ਪਰ ਪਿਛਲਾ ਤਜਰਬਾ ਕਿਸੇ ਵੀ ਹੋਰ ਤੋਂ ਵੱਧ ਅਟਲ ਬਿਹਾਰੀ ਵਾਜਪਾਈ ਦੇ ਪੈਂਤੜੇ ਦੀ ਪੁਸ਼ਟੀ ਕਰਦਾ ਹੈ। ਇੱਕ ਵਾਰ ਫੌਜਾਂ ਦੇਸ਼ ਦੇ ਬਾਰਡਰ ਉੱਤੇ ਜਾਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨ੍ਹਾ ਕਿਹਾ ਸੀ ਕਿ ਜਦ ਬੱਦਲ ਗੱਜਦੇ ਹਨ, ਬਿਜਲੀ ਚਮਕਦੀ ਹੈ ਤਾਂ ਅੱਗੋਂ ਜੋ ਹੁੰਦਾ ਹੈ, ਸਭ ਨੂੰ ਪਤਾ ਹੈ। ਫਿਰ ਤਣਾਅ ਘਟ ਗਿਆ ਤਾਂ ਇਹੋ ਸਵਾਲ ਦੁਹਰਾਉਣ ਉੱਤੇ ਉਨ੍ਹਾ ਕਿਹਾ ਸੀ ਕਿ ਹਰ ਗੱਲ ਜ਼ਰੂਰੀ ਨਹੀਂ ਹੁੰਦੀ, ਕਈ ਵਾਰੀ ਬੱਦਲ ਗੱਜਦੇ ਹਨ, ਬਿਜਲੀ ਵੀ ਚਮਕਦੀ ਹੈ, ਪਰ ਬਾਅਦ ਵਿੱਚ ਕੁਝ ਵੀ ਨਹੀਂ ਹੁੰਦਾ, ਹਵਾ ਆਣ ਕੇ ਬੱਦਲ ਉਡਾ ਕੇ ਲੈ ਜਾਂਦੀ ਹੈ। ਏਦਾਂ ਕਈ ਵਾਰੀ ਹੁੰਦਾ ਰਿਹਾ ਹੈ। ਪਾਕਿਸਤਾਨ ਦੇ ਫੌਜੀ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਜਦੋਂ ਕ੍ਰਿਕਟ ਮੈਚ ਦੇ ਬਹਾਨੇ ਭਾਰਤ ਆਏ ਤਾਂ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਗੈਲਰੀ ਵਿੱਚੋਂ ਉਠਾ ਕੇ ਪਰੇ ਲਿਜਾ ਕੇ ਕੰਨ ਵਿੱਚ ਕਹਿ ਗਏ ਸੀ ਕਿ ਪਾਕਿਸਤਾਨ ਕੋਲ ਐਟਮ ਬੰਬ ਵੀ ਹੈ, ਉਸ ਦੇ ਇਹ ਕਹਿਣ ਨੂੰ ਧਮਕੀ ਸਮਝਿਆ ਗਿਆ ਅਤੇ ਜੰਗ ਬਾਰੇ ਚਰਚਾ ਛਿੜ ਗਈ ਸੀ। ਦੋਵਾਂ ਦੇਸ਼ਾਂ ਦੀਆਂ ਫੌਜਾਂ ਬਾਰਡਰਾਂ ਉੱਤੇ ਪਹੁੰਚ ਕੇ ਤੰਬੂ ਬੀੜਨ ਲੱਗ ਪਈਆਂ ਸਨ, ਪਰ ਬਾਅਦ ਵਿੱਚ ਕੁਝ ਵੀ ਨਹੀਂ ਸੀ ਹੋਇਆ ਅਤੇ ਵੱਡੀਆਂ ਤਾਕਤਾਂ ਦੇ ਦਖਲ ਨਾਲ ਦੋਵਾਂ ਦੇਸ਼ਾਂ ਦੀਆਂ ਫੌਜਾਂ ਆਪੋ-ਆਪਣੀਆਂ ਬੈਰਕਾਂ ਵਿੱਚ ਮੁੜ ਆਈਆਂ ਸਨ। ਪੁਲਵਾਮਾ ਵਰਗੇ ਅੱਤਵਾਦੀ ਹਮਲੇ ਦੇ ਵਕਤ ਵੀ ਇਹੋ ਚਰਚਾ ਚੱਲੀ ਤੇ ਜਦੋਂ ਭਾਰਤ ਨੇ ਸਰਜੀਕਲ ਸਟਰਾਈਕ ਕੀਤੀ ਤਾਂ ਉਸ ਨਾਲ ਵੀ ਜੰਗ ਛਿੜ ਜਾਣ ਵਾਲੀ ਚਰਚਾ ਚੱਲੀ ਸੀ, ਪਰ ਬਾਅਦ ਵਿੱਚ ਸਭ ਕੁਝ ਆਮ ਵਰਗਾ ਹੋ ਗਿਆ ਸੀ। ਇਸ ਵਕਤ ਫਿਰ ਜਿੱਦਾਂ ਦੇ ਹਾਲਾਤ ਬਣਦੇ ਪਏ ਹਨ, ਚਰਚਾ ਕਈ ਤਰ੍ਹਾਂ ਦੀ ਚੱਲਦੀ ਪਈ ਹੈ, ਪਰ ਹਰ ਗੱਲ ਹੋਣੀ ਜ਼ਰੂਰੀ ਨਹੀਂ ਹੁੰਦੀ।

ਸਿਰਫ ਇਹੋ ਨਹੀਂ ਕਿ ਇਹੋ ਜਿਹੀ ਚਰਚਾ ਮੁਤਾਬਕ ਕੁਝ ਵਾਪਰਨਾ ਜ਼ਰੂਰੀ ਹੁੰਦਾ ਹੈ ਜਾਂ ਨਹੀਂ, ਸਗੋਂ ਭਾਰਤ ਤੇ ਪਾਕਿਸਤਾਨ ਦੇ ਆਮ ਲੋਕਾਂ ਦੇ ਮਨਾਂ ਦੀ ਇੱਛਾ ਵੀ ਹੈ ਕਿ ਅੱਤਵਾਦ ਨਾਲ ਸਿੱਝਿਆ ਜਾਵੇ ਅਤੇ ਇਸ ਵਿੱਚ ਕੋਈ ਕਸਰ ਨਾ ਰਹਿਣ ਦਿੱਤੀ ਜਾਵੇ, ਪਰ ਜੰਗ ਦੀਆਂ ਗੱਲਾਂ ਕਰਦੇ ਪਹਿਲਾਂ ਨਾ ਸੋਚੀਆਂ ਤੇ ਕਹੀਆਂ ਜਾਣ। ਮੁਸੀਬਤ ਇਸ ਘੜੀ ਤਾਂ ਹਰ ਕਦਮ ਚੁੱਕਣ ਲਈ ਲੋਕ ਆਪਣੀ ਸਰਕਾਰ ਨਾਲ ਹੋਣਗੇ, ਪਰ ਤਿੱਖੇ ਤੇ ਭੜਕਾਊ ਟਿੱਪਣੀਕਾਰਾਂ ਦੀਆਂ ਟਾਹਰਾਂ ਆਮ ਲੋਕਾਂ ਦੇ ਮਨ ਦੀ ਇੱਛਾ ਨਹੀਂ ਹੈ। ਚੰਗੇ ਨੇਤਾ ਦੀ ਪਛਾਣ ਸਿਰਫ ਜੰਗਾਂ ਲੜਨ ਅਤੇ ਜਿੱਤਣ ਨਾਲ ਨਹੀਂ, ਜੰਗ ਵਰਗੇ ਮਾਹੌਲ ਵਿੱਚ ਵਿਰੋਧੀ ਪੱਖ ਵਾਲਿਆਂ ਨੂੰ ਅਕਲ ਦੇ ਰਾਹ ਪੈਣ ਨੂੰ ਮਜਬੂਰ ਕਰਨ ਨਾਲ ਵੀ ਹੋ ਜਾਂਦੀ ਹੈ ਤੇ ਸੰਸਾਰ ਇਹੋ ਜਿਹੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ। ਕਹਿਣ ਲਈ ਬਹੁਤ ਕੁਝ ਹੈ, ਪਰ ਅਸੀਂ ਇਸ ਵੇਲੇ ਏਦੂੰ ਵੱਧ ਕੁਝ ਕਹਿਣ ਦੀ ਥਾਂ ਇਹ ਕਹਿ ਕੇ ਗੱਲ ਮੁਕਾਉਣੀ ਠੀਕ ਸਮਝਦੇ ਹਾਂ ਕਿ ਜੋ ਕੁਝ ਹੋਇਆ, ਅੱਤ ਦਾ ਘਿਨਾਉਣਾ ਕਾਰਾ ਵਰਤਿਆ ਹੈ, ਇਸ ਮੌਕੇ ਪਹਿਲਾ ਕੰਮ ਇਹ ਬਣਦਾ ਹੈ ਕਿ ਅਗਲੇ ਸੁਰੱਖਿਆ ਪ੍ਰਬੰਧ ਸਖਤ ਕੀਤੇ ਜਾਣ ਤੇ ਕਿਸੇ ਹੋਰ ਕਾਰੇ ਲਈ ਰਾਹ ਨਾ ਰਹਿਣ ਦਿੱਤਾ ਜਾਵੇ। ਦੂਸਰਾ ਇਹ ਕਿ ਦੁਖਾਂਤ ਪੀੜਤਾਂ ਦੀ ਹਰ ਪੱਖੋਂ ਮਦਦ ਕਰਨ ਦੇ ਨਾਲ ਇਹ ਯਕੀਨੀ ਕੀਤਾ ਜਾਵੇ ਕਿ ਉਨ੍ਹਾਂ ਦੀ ਪੀੜ ਨੂੰ ਕੋਈ ਧਿਰ ਆਪਣੀ ਰਾਜਨੀਤੀ ਲਈ ਵਰਤ ਕੇ ਉਨ੍ਹਾਂ ਦੇ ਜ਼ਖਮਾਂ ਉੱਤੇ ਲੂਣ ਧੂੜਨ ਦਾ ਕੰਮ ਨਹੀਂ ਕਰੇਗੀ। ਇਸ ਵਿੱਚ ਪਹਿਲ ਰਾਜ ਕਰਦੀ ਪਾਰਟੀ ਨੂੰ ਕਰਨੀ ਪਵੇਗੀ, ਪਰ ਇਸ ਦਾ ਅਰਥ ਇਹ ਨਹੀਂ ਕਿ ਵਿਰੋਧੀ ਧਿਰਾਂ ਲਈ ਮਨ ਵਿੱਚ ਆਇਆ ਸਾਰਾ ਕੁਝ ਕਹੀ ਜਾਣ ਦੀ ਖੁੱਲ੍ਹ ਹੈ, ਉਨ੍ਹਾਂ ਨੂੰ ਵੀ ਦੇਸ਼ ਦੇ ਭਵਿੱਖ ਤੇ ਦੇਸ਼ ਵਾਸੀਆਂ ਦੀ ਜ਼ਖਮੀ ਮਾਨਸਿਕਤਾ ਦਾ ਖਿਆਲ ਰੱਖ ਕੇ ਬਹੁਤ ਸੰਕੋਚ ਨਾਲ ਬੋਲਣਾ ਸਿੱਖਣ ਦੀ ਲੋੜ ਬਣਦੀ ਹੈ।

# ਸੰਭਾਲ ਮਾਲੀ ਅਪਨੇ ਬਾਗ ਕੋ, ਹਮ ਅਪਨੇ ਅਸਲੀ ਘਰ ਚਲੇ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਕਲਮ ਫੜਦਿਆਂ ਹੀ ਤਰ੍ਹਾਂ-ਤਰ੍ਹਾਂ ਦੇ ਵਿਚਾਰ ਇਕਦਮ ਆਣ ਘੇਰਦੇ ਹਨ। ਅਚਾਨਕ ਵਾਪਰੇ ਮਹਾਂ ਦੁਖਾਂਤ ਬਾਬਤ ਕਿੱਥੋਂ ਗੱਲ ਸ਼ੁਰੂ ਕਰਕੇ ਕਿੱਥੇ ਮੁਕਾਈ ਜਾਵੇ? ਸਮੁੱਚੇ ਭਾਰਤ ਦਾ ਸਵਰਗ ਜੋ ਕਸ਼ਮੀਰ ਹੈ, ਜਿਸ ਦੇ ਇੱਕ ਹਿੱਸੇ ਵਿੱਚ ਪਹਿਲਗਾਮ ਅਜਿਹਾ ਇਲਾਕਾ ਹੈ, ਜੋ ਆਪਣੇ ਕਮਾਲ ਦੇ ਕੁਦਰਤੀ ਨਜ਼ਾਰਿਆਂ ਕਰਕੇ ਮਿੰਨੀ ਸਵਿਟਜ਼ਰਲੈਂਡ ਕਹਾਉਂਦਾ ਹੈ, ਉੱਥੇ ਬਹੁਤੇ ਸੈਲਾਨੀ ਕੁਦਰਤ ਦੀ ਗੋਦ 'ਚ ਅਨੰਦ ਲੈਣ ਲਈ ਪਹੁੰਚੇ ਹੋਏ ਸਨ। ਮਿਤੀ 22-4-2025 ਦਿਨ ਮੰਗਲਵਾਰ ਅਚਾਨਕ ਬਘਿਆੜ ਰੁਚੀ ਰੱਖਣ ਵਾਲੇ ਰਾਕਸ਼ਾਂ ਦੇ ਵੱਸ ਪੈ ਕੇ 26-27 ਜਿੰਦਾਂ ਨੂੰ ਸਦਾ ਲਈ ਖਾਮੋਸ਼ ਕਰ ਦਿੱਤਾ। ਕੁਝ ਸਾਲਾਂ ਤੋਂ ਕਸ਼ਮੀਰ 'ਚ ਅਮਨ-ਅਮਾਨ ਦੀ ਹਵਾ ਵਗਣ ਕਰਕੇ ਭਾਰਤੀਆਂ ਸਮੇਤ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ ਤਕਰੀਬਨ ਸਾਢੇ ਤਿੰਨ ਕਰੋੜ ਨੂੰ ਹੱਥ ਲਾਉਣ ਵਾਲੀ ਸੀ ਕਿ ਅਚਾਨਕ ਮੰਗਲਵਾਰ ਨਜ਼ਰ ਲੱਗ ਗਈ। ਇਹਨਾਂ ਸੈਲਾਨੀਆਂ ਕਰਕੇ ਕਸ਼ਮੀਰ 'ਚ ਰੁਜ਼ਗਾਰ ਵੱਧ ਤੋਂ ਵੱਧ ਮੁਹੱਈਆ ਹੋ ਰਿਹਾ ਸੀ।

ਉਂਜ ਤੇ ਹਰ ਪਰਵਾਰ ਲਈ ਜਹਾਨੋਂ ਤੁਰ ਜਾਣ ਦਾ ਲੱਗਭੱਗ ਇੱਕੋ ਜਿਹਾ ਦੁੱਖ ਹੁੰਦਾ ਹੈ। ਸਭ ਪਰਵਾਰ ਜਾਣ ਵਾਲੇ ਨੂੰ ਸ਼ਿਦਤ ਨਾਲ ਯਾਦ ਕਰਦੇ ਅਤੇ ਕਰਦੇ ਰਹਿੰਦੇ ਹਨ। ਸਭ ਪਰਵਾਰਾਂ ਦੇ ਬੱਚਿਆਂ ਦੇ ਰੋਣ ਵਿੱਚ ਇੱਕੋ ਜਿਹਾ ਦਰਦ ਲੁਕਿਆ ਹੁੰਦਾ ਹੈ, ਪਰ ਇਸ ਨਰਸੰਘਾਰ ਵਿੱਚ ਜਿਸ ਘਟਨਾ ਨੇ ਜਨਤਾ ਦਾ ਜ਼ਿਆਦਾ ਧਿਆਨ ਖਿੱਚਿਆ ਹੈ, ਉਹ ਘਟਨਾ ਇੱਕ ਨੇਵੀ ਅਫਸਰ ਨਾਲ ਸੰਬੰਧਤ ਹੈ, ਜਿਹੜਾ ਜਵਾਨ ਪਿੱਛੇ ਜਿਹੇ ਆਪਣੇ ਮਹਿਕਮੇ ਦੀ ਤਰੱਕੀ ਪਾ ਕੇ ਲੈਫਟੀਨੈਂਟ ਕਰਨਲ ਦੇ ਅਹੁਤੇ 'ਤੇ ਪਹੁੰਚਿਆ ਸੀ, ਜਿਸ ਦਾ ਅਜੇ ਹਫਤਾ ਪਹਿਲਾ ਹੀ ਵਿਆਹ ਹੋਇਆ ਸੀ, ਜਿਹੜਾ ਆਪਣਾ ਹਨੀਮੂਨ ਮਨਾਉਣ ਖਾਤਰ ਸਵਿਟਜ਼ਰਲੈਂਡ ਜਾਣਾ ਚਾਹੁੰਦਾ ਸੀ, ਜੋ ਵੀਜ਼ਾ ਨਾ ਮਿਲਣ ਕਰਕੇ ਕਸ਼ਮੀਰ ਦੇ ਉਸ ਇਲਾਕੇ 'ਚ ਪਹੁੰਚਿਆ, ਜੋ ਮਿੰਨੀ ਸਵਿਟਜ਼ਰਲੈਂਡ ਕਰਕੇ ਜਾਣਿਆ ਜਾਂਦਾ ਹੈ। ਅਸਲ ਸਵਿਟਜ਼ਰਲੈਂਡ ਅਤੇ ਮਿੰਨੀ ਭਾਰਤੀ ਸਵਿਟਜ਼ਰਲੈਂਡ 'ਚ ਕੀ ਫਰਕ ਹੁੰਦਾ ਹੈ ਮੰਗਲਵਾਰ ਦੀ ਮਹਾਂਨਿੰਦਣੀ ਘਟਨਾ ਨੇ ਦਰਸਾ ਦਿੱਤਾ ਹੈ।

ਬੀਤੇ ਮੰਗਲਵਾਰ ਦੇ ਨਰਸੰਘਾਰ ਜਿਸ 'ਚ 26-27 ਜਾਨਾਂ ਜਿਊਂਦੇ ਰਹਿਣ ਦੀ ਖੈਰ ਮੰਗਦਿਆਂ-ਮੰਗਦਿਆਂ ਸ਼ਹੀਦੀ ਪਾ ਗਈਆਂ, ਬਾਕੀ ਜੋ ਜ਼ਖਮੀ ਹਾਲਤ ਵਿੱਚ ਹਨ, ਸਾਡੀ ਉਹਨਾਂ ਦੇ ਪਰਵਾਰਾਂ ਨਾਲ ਦਿਲੋਂ ਹਮਦਰਦੀ ਹੈ। ਮਨੁੱਖੀ ਬਘਿਆੜਾਂ ਦੀ ਇਸ ਸੰਬੰਧੀ ਜਿੰਨੀ ਨਿੰਦਿਆ ਕੀਤੀ ਜਾਵੇ, ਓਨੀ ਥੋੜ੍ਹੀ ਹੈ। ਜਿਸ ਦੇ ਨਤੀਜੇ ਬੜੇ ਦੂਰ-ਦਰਸ਼ੀ ਹੋਣਗੇ। ਅਜਿਹੀ ਵਿਆਖਿਆ ਆਉਣਾ ਵਾਲਾ ਸਮਾਂ ਠੀਕ ਸਮੇਂ ਸਿਰ ਕਰੇਗਾ। ਇਸ ਸੰਬੰਧ 'ਚ ਇਕ ਗੱਲ ਹੋਰ ਯਾਦ ਰੱਖਣ ਵਾਲੀ ਹੈ ਕਿ ਜੇਕਰ ਸ਼ਹੀਦ ਹੋਣ ਵਾਲੇ ਮਨੁੱਖੀ ਬਘਿਆੜਾਂ ਦੇ ਸਹੀ-ਸਹੀ ਉੱਤਰ ਵੀ ਦਿੰਦੇ, ਕਲਮਾ ਵੀ ਪੜ੍ਹ ਕੇ ਸੁਣਾ ਦਿੰਦੇ, ਫਿਰ ਵੀ ਇਹ ਸਭ ਅਟੱਲ ਸੀ, ਕਾਰਨ ਇਹ ਪਾਕਿ ਸਮਰਥਕ ਅੱਤਵਾਦੀਆਂ ਨੇ ਆਪਣਾ ਮਿਲਿਆ ਟੀਚਾ ਪੂਰਾ ਕੀਤਾ ਹੈ। ਸਮੁੱਚੇ ਦੇਸ਼ 'ਚ ਮ੍ਰਿਤਕਾਂ ਨੂੰ ਮਿਲੀ ਹਮਦਰਦੀ ਦਰਸਾਉਂਦੀ ਹੈ ਕਿ ਅਜਿਹੇ ਮਨੁੱਖੀ ਬਘਿਆੜਾਂ ਦੀ ਬਕਾਇਆ ਜ਼ਿੰਦਗੀ ਦਿਨਾਂ ਦੀ ਹੀ ਪ੍ਰਾਹੁਣੀ ਹੈ।

ਅਜਿਹੇ ਘਿਨਾਉਣੇ ਐਕਸ਼ਨ ਕਰਕੇ ਬੀਤੇ ਵੀਰਵਾਰ ਦੀਆਂ ਰਿਪੋਰਟਾਂ ਮੁਤਾਬਕ ਕਸ਼ਮੀਰ ਸੈਲਾਨੀ ਵਿਭਾਗ ਨੂੰ ਘਾਟਾ ਪੈਣਾ ਸ਼ੁਰੂ ਹੋ ਗਿਆ ਹੈ। ਰਿਪੋਰਟਾਂ ਮੁਤਾਬਕ ਜੋ ਵੱਖ-ਵੱਖ ਸੈਲਾਨੀਆਂ ਵੱਲੋਂ ਅਗਾਊਂ ਬੁਕਿੰਗ ਕਰਵਾਈ ਗਈ ਸੀ, ਉਸ ਦੀ ਤਕਰੀਬਨ 90 ਫੀਸਦੀ ਕੈਂਸਲੇਸ਼ਨ ਹੋ ਚੁੱਕੀ ਹੈ, ਜਿਸ ਕਰਕੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਨੇ ਇਸ ਸੰਬੰਧੀ ਇੱਕ ਹੰਗਾਮੀ ਮੀਟਿੰਗ ਵੀ ਬੁਲਾ ਲਈ ਹੈ। ਆਉਣ ਵਾਲੇ ਸਮੇਂ ਵਿੱਚ ਸਾਨੂੰ ਸਭ ਨੂੰ ਸੰਭਲ-ਸੰਭਲ ਕੇ ਪੈਰ ਰੱਖਣਾ ਚਾਹੀਦਾ ਹੈ । ਇਸ ਸੰਬੰਧ 'ਚ ਸਭ ਸਿਆਸੀ ਪਾਰਟੀਆਂ ਨੇ ਆਪੋ-ਆਪਣੀ ਪਾਰਟੀ ਦੇ ਅਜੋਕੇ ਹਲਾਤ 'ਤੇ ਵਿਚਾਰ ਕਰਨ ਲਈ ਮੀਟਿੰਗਾਂ ਬੁਲਾ ਲਈਆਂ ਹਨ। ਸੋਸ਼ਲ ਮੀਡੀਏ, ਪ੍ਰਿੰਟ ਮੀਡੀਏ ਅਤੇ ਗੋਦੀ ਮੀਡੀਏ ਨੂੰ ਵੀ ਆਉਣ ਵਾਲੇ ਸਮੇਂ ਵਿੱਚ ਸੰਭਲ-ਸੰਭਲ ਕੇ ਪੈਰ ਰੱਖਣਾ ਚਾਹੀਦਾ ਹੈ। ਭੜਕਾਊ ਭਾਸ਼ਣਾਂ, ਭੜਕਾਊ ਲਿਖਤਾਂ, ਭੜਕਾਊ ਬੇਲੋੜੇ ਬਿਆਨਾਂ ਤੋਂ ਬਚਣਾ ਚਾਹੀਦਾ ਹੈ। ਸ਼ਾਂਤ ਸੁਝਾਅ ਦਿੱਤੇ ਜਾ ਸਕਦੇ ਹਨ। ਸਮੇਂ ਦੀ ਨਜਾਕਤ ਨੂੰ ਸਮਝਿਆਂ ਪ੍ਰਧਾਨ ਮੰਤਰੀ ਆਪਣਾ ਵਿਦੇਸ਼ੀ ਦੌਰਾ ਵਿਚੇ ਛੱਡ ਭਾਰਤ ਪਹੁੰਚ ਚੁੱਕੇ ਹਨ।

ਅਸਲ 'ਚ ਅਜ਼ਾਦੀ ਦੇ ਅਠੱਤਰ ਸਾਲ ਬਾਅਦ ਉਹ ਸਮਾਂ ਆ ਚੁੱਕਾ ਹੈ ਕਿ ਉਹ ਫਿਨਸੀ, ਜੋ ਹੌਲੀ-ਹੌਲੀ ਕੈਂਸਰਨੁਮਾ ਫੋੜੇ ਦਾ ਸਥਾਨ ਲੈ ਚੁੱਕੀ ਹੈ, ਦਾ ਇਲਾਜ ਕਰ ਹੀ ਦੇਣਾ ਚਾਹੀਦਾ ਹੈ, ਪਰ ਸਾਡੀ ਰਾਏ ਮੁਤਾਬਕ ਵੱਡਾ ਕਦਮ ਚੁੱਕਣ ਤੋਂ ਪਹਿਲਾਂ ਉਹਨਾਂ ਛੋਟੇ-ਛੋਟੇ ਕਦਮਾਂ ਵੱਲ ਧਿਆਨ ਜ਼ਰੂਰ ਦੇਣਾ ਚਾਹੀਦਾ ਹੈ, ਜੋ ਤੁਹਾਨੂੰ ਇਲਾਜ 'ਚ ਸਹਾਈ ਹੋਣ।

ਭਾਰਤ-ਪਾਕਿਸਤਾਨ 'ਚ ਅਸਲ ਝਗੜੇ ਦੀ ਜੜ੍ਹ ਆਜ਼ਾਦ ਕਸ਼ਮੀਰ ਹੈ, ਜਿਸ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਵਿਚਾਰਧਰਾਵਾਂ ਚੱਲ ਰਹੀਆਂ ਹਨ। ਆਜ਼ਾਦ ਕਸ਼ਮੀਰ ਨੂੰ ਅੱਜ ਤੱਕ ਭਾਰਤ ਦਾ ਹਿੱਸਾ ਨਾ ਬਣਾਉਣ ਕਰਕੇ ਭਾਰਤ ਨੂੰ ਕਿੰਨਾ ਘਾਟਾ ਪਿਆ? ਨਾਲ ਮਿਲਾਉਣ ਤੋਂ ਬਾਅਦ ਕਿੰਨਾ ਲਾਭ ਹੋਵੇਗਾ? ਹਿੰਦ-ਪਾਕਿ ਦੇ ਕੁੱਲ ਝਗੜਿਆਂ 'ਚੋਂ ਉਹ ਝਗੜੇ ਹਨ, ਜੋ ਆਜ਼ਾਦ ਕਸ਼ਮੀਰ ਕਰਕੇ ਹਨ? ਅਸਲ 'ਚ ਆਜ਼ਾਦ ਕਸ਼ਮੀਰ ਦੇ ਲੋਕ ਵਰਤਮਾਨ ਸਮੇਂ 'ਚ ਕੀ ਚਾਹੁੰਦੇ ਹਨ? ਅਜਿਹੇ ਕਈ ਹੋਰ ਵੀ ਕਾਰਨ ਹੋਣਗੇ, ਜਿਹਨਾਂ 'ਤੇ ਠੰਢੇ ਦਿਮਾਗ ਨਾਲ ਵਿਚਾਰ ਮੌਜੂਦਾ ਸਰਕਾਰ ਨੂੰ ਕਰਨੀ ਚਾਹੀਦੀ ਹੈ। ਅਜਿਹੇ ਝਗੜੇ ਦਾ ਸਦੀਵੀ ਹੱਲ ਭਾਲਣਾ ਚਾਹੀਦਾ ਹੈ। ਅੱਜ ਸਮੁੱਚਾ ਭਾਰਤ ਸਰਕਾਰ ਨਾਲ ਹੈ। ਅੱਗੋਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸਭ ਵਿਰੋਧੀ ਪਾਰਟੀ ਨੇਤਾਵਾਂ ਨੂੰ ਸਮੁੱਚੀ ਜਨਤਾ ਸਮੇਤ ਭਰੋਸੇ 'ਚ ਲੈ ਕੇ ਅਗਲੀ ਕਾਰਵਾਈ ਕਰਨ। ਬਾਕੀ ਜਿਵੇਂ ਮੋਦੀ ਜੀ ਜਾਣਦੇ ਹਨ, ਜੇਕਰ ਪ੍ਰਾਪਤੀ ਦਾ ਸਿਹਰਾ ਸਮੁੱਚੀ ਸਰਕਾਰ ਸਿਰ ਬੱਝਦਾ ਹੈ ਤਾਂ ਕਿਸੇ ਨਾਕਾਮੀ ਕਰਕੇ ਵਿਰੋਧੀ ਜਾਂ ਜਨਤਾ ਦੀ ਉਂਗਲ ਵੀ ਸੱਤਾ ਵੱਲ ਉੱਠੇਗੀ। ਬਾਕੀ 22-4-2025 ਵਾਲੇ ਸ਼ਹੀਦਾਂ ਸ਼ਹੀਦੀ ਪਾਉਣ ਤੋਂ ਪਹਿਲਾਂ ਆਪ-ਮੁਹਾਰੇ ਉਨ੍ਹਾਂ ਦੀ ਆਤਮਾ ਨੇ ਆਖਿਆ ਹੋਵੇਗਾ, 'ਹਮ ਤੋ ਆਏ ਥੇ ਸੈਰ ਕਰਨੇ, ਪਹਿਲਗਾਮ ਕੀ ਸੈਰ ਕਰ ਚਲੇ, ਸੰਭਾਲ ਮਾਲੀ ਅਪਨੇ ਬਾਗ ਕੋ, ਹਮ ਅਪਨੇ ਅਸਲੀ ਘਰ ਚਲੇ।'

*ਸੰਪਰਕ : 98721-65741*

# ਵੇ ਦਾਤੀ ਨੂੰ ਲੁਆ ਦੇ ਘੁੰਗਰੂ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-13**

**ਸੁਰਜੀਤ ਸੁਮਨ**

ਪੰਜਾਬੀ ਦੇ ਲੋਕ ਗੀਤ ਦੀਆਂ ਇਹ ਸਤਰਾਂ 'ਵੇ ਦਾਤੀ ਨੂੰ ਲੁਆ ਦੇ ਘੁੰਗਰੂ' ਅੱਜ ਵਾਂਗ ਆਊਟਡੇਟਿਡ ਵੀ ਹੋ ਜਾਣਗੀਆਂ, ਵੀਹਵੀਂ ਸਦੀ ਦੇ ਅੰਤਲੇ ਦੋ-ਤਿੰਨ ਦਹਾਕਿਆਂ ਨੂੰ ਹੰਢਾ ਰਹੇ ਲੋਕਾਂ ਨੇ ਸੁਫਨੇ ਵਿੱਚ ਵੀ ਕਦੇ ਸੋਚਿਆ ਨਹੀਂ ਹੋਣਾ।ਇਸੇ ਤਰ੍ਹਾਂ 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ' ਗੀਤ ਦੇ ਬੋਲ ਵੀ ਆਪਣੀ ਸਾਰਥਿਕਤਾ ਗੁਆਉਂਦੇ ਜਾ ਰਹੇ ਹਨ। ਚੇਤੇ ਕਰਦਾ ਹਾਂ। ਉਨ੍ਹਾਂ ਵੇਲ਼ਿਆਂ ਵਿੱਚ ਵਾਢੀ ਤੋਂ ਮਹੀਨਾ-ਡੇਢ ਮਹੀਨਾ ਪਹਿਲਾਂ ਹੀ ਕਣਕ ਵੱਢਣ ਦੀਆਂ ਤਿਆਰੀਆਂ ਹੋਣ ਲੱਗਦੀਆਂ ਸਨ। ਦਾਤੀਆਂ ਨੂੰ ਦੰਦੇ ਕਢਵਾ ਲਏ ਜਾਂਦੇ ਸਨ। ਦਿੱਭ ਲਿਆ ਕੇ ਉਸ ਦੀਆਂ ਬੇੜਾਂ ਵੱਟਣੀਆਂ ਸ਼ੁਰੂ ਹੋ ਜਾਂਦੀਆਂ ਸਨ। ਟੋਭੇ ਵਿੱਚ ਸੁੱਟੀਆਂ ਸਣ ਦੀਆਂ ਭਰੀਆਂ, ਰੱਸੀਆਂ ਵੱਟਣ ਲਈ ਕਿਨਾਰਿਆਂ 'ਤੇ ਸੁੱਟ ਲਈਆਂ ਜਾਂਦੀਆਂ ਸਨ।ਘੁਮਿਆਰਾਂ ਤੋਂ ਘੜੇ ਖਰੀਦ ਲਏ ਜਾਂਦੇ ਸਨ।ਤੂੜੀ ਸਾਂਭਣ ਲਈ ਕਾਹੀ ਦਾ ਅਗਾਊਂ ਪ੍ਰਬੰਧ ਕਰ ਲਿਆ ਜਾਂਦਾ। ਹੁਣ ਇਹ ਸਭ ਕੁਝ ਸੁਫਨਾ ਈ ਹੋ ਗਿਆ ਹੈ।ਕਿੱਥੇ ਗਏ ਉਹ ਸਮੇਂ? ਕਿੱਧਰ ਗਏ ਉਹ ਲੋਕ? ਵਿਗਿਆਨਕ ਕਾਢਾਂ ਨੇ ਹਾੜ੍ਹੀ ਦੀ ਫਸਲ ਸਮੇਟਣ ਲਈ ਸਭ ਤੋਂ ਪਹਿਲਾਂ ਡਰੰਮੀਆਂ ਖੇਤਾਂ ਵਿੱਚ ਪੁਚਾਈਆਂ। ਫਿਰ ਤਕਨੀਕੀ ਸੁਧਾਰਾਂ ਦੇ ਚੱਲਦਿਆਂ ਥਰੈਸ਼ਰ, ਹਿੜੰਬਾ ਤੇ ਫਿਰ ਇਨ੍ਹਾਂ ਸਾਰਿਆਂ ਦੇ ਸਮੁੱਚੇ ਬਦਲ ਵਜੋਂ ਕੰਬਾਈਨ ਖੇਤਾਂ ਦੀ ਰਾਣੀ ਬਣ ਬੈਠੀ। ਇਨ੍ਹਾਂ ਵਿਗਿਆਨਕ ਕਾਢਾਂ ਸਦਕਾ ਖੇਤੀ ਨਾਲ਼ ਜੁੜਿਆ ਮਨੁੱਖ ਸੁਖਾਲ਼ਾ ਤਾਂ ਹੋਇਆ, ਪਰ ਕਿਰਤ ਪ੍ਰਤੀ ਉਸ ਦੇ ਵਿਚਾਰਾਂ ਵਿੱਚ ਵੀ ਚੋਖਾ ਬਦਲਾਅ ਆਉਣ ਲੱਗ ਪਿਆ। ਹੁਣ ਧਨਾਢ ਜ਼ਿਮੀਦਾਰਾਂ ਅਤੇ ਸਾਧਨ ਸੰਪੰਨ ਕਿਸਾਨਾਂ ਲਈ ਖੇਤ ਮਜ਼ਦੂਰ ਬਹੁਤੇ ਕੰਮ ਦੀ ਸ਼ੈਅ ਨਾ ਰਿਹਾ। ਖੇਤ ਮਜ਼ਦੂਰ ਦੇ ਵਿਹਲਾ ਹੋਣ ਨੇ ਹੀ ਦਾਤੀ ਨੂੰ ਘੁੰਗਰੂ ਲੁਆਉਣ ਵਾਲ਼ੀ ਉਹਦੀ ਸਾਥਣ ਦੇ ਚਾਅ ਅਤੇ ਕਿਰਤ ਸੱਭਿਆਚਾਰ ਮਧੋਲ਼ ਸੁੱਟਿਆ।ਇਸ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਜ਼ਮਾਨੇ ਵਿੱਚ ਵਿਚਰ ਰਹੀ ਅੱਜ ਦੀ ਪੀੜ੍ਹੀ ਲਈ ਇਹ ਸਭ ਹੈਰਾਨ ਕਰਨ ਵਾਲ਼ੀਆਂ ਗੱਲਾਂ ਹਨ। ਆਧੁਨਿਕ ਸਹੂਲਤਾਂ ਦੀ ਕਮੀ ਦੇ ਬਾਵਜੂਦ ਓਸ ਵੇਲ਼ੇ ਖੇਤੀ ਨੂੰ ਉੱਤਮ ਮੰਨਿਆ ਜਾਂਦਾ ਸੀ। ਇਸ ਦਾ ਕਾਰਨ ਸੀ ਮਨੁੱਖ ਦਾ ਕਿਰਤੀ ਹੋਣਾ, ਸਬਰ-ਸਬੂਰੀ ਪਾਲ਼ਦਿਆਂ ਬੇਸਬਰਾ ਨਾ ਹੋਣਾ। ਅੱਜ ਦੇ ਬੇਸਬਰੇ ਮਨੁੱਖ ਨੇ ਤਾਂ ਆਪਣੀ ਨਲਾਇਕੀ ਅਤੇ ਭੁੱਖ ਕਾਰਨ ਕੁਦਰਤੀ ਸਰੋਤ ਹੀ ਗੁਆ ਲਏ ਹਨ। ਉਨ੍ਹਾਂ ਵੇਲ਼ਿਆਂ ਵਿੱਚ ਹੱਥੀਂ ਕੀਤੀ ਜਾਂਦੀ ਕਿਰਤ ਮਨੁੱਖ ਦਾ ਮਨ ਡੋਲਣ ਨਹੀਂ ਸੀ ਦਿੰਦੀ। ਮਨੁੱਖ ਇੱਕ-ਦੂਜੇ ਦੇ ਕੰਮ ਆਉਂਦਾ ਸੀ। ਇੱਕ-ਦੂਜੇ ਦੀ ਝੇਂਪ ਮੰਨਦਾ ਸੀ। ਉਸ ਦੇ ਮਨ ਵਿੱਚ ਇਹ ਵਿਚਾਰ ਟਰੈਵਲ ਕਰਦਾ ਰਹਿੰਦਾ ਸੀ ਕਿ ਜੇ ਅੱਜ ਕਿਸੇ ਦੂਸਰੇ ਦੇ ਕੰਮ ਆਵਾਂਗਾ ਤਾਂ ਉਹ ਵੀ ਵੇਲ਼ੇ-ਕੁਵੇਲ਼ੇ ਮੇਰਾ ਸਾਥ ਦੇਵੇਗਾ। ਅੱਜ ਇਹ ਵਿਚਾਰ ਹਵਾ ਹੋ ਗਏ ਹਨ। ਅੱਜ ਦਾ ਮਨੁੱਖ ਇਹ ਕਹਿੰਦਾ ਨਹੀਂ ਥੱਕਦਾ, 'ਮੈਨੂੰ ਕਿਸੇ ਨਾਲ਼ ਕੀ ਮਤਲਬ? ਮੈਂ ਕਿਸੇ ਤੋਂ ਕੀ ਲੈਣਾ?' ਇਸੇ ਲਈ ਅੱਜ ਦਾ ਮਨੁੱਖ ਇਕੱਲਾ ਹੋ ਗਿਆ ਹੈ। ਡਿਪਰੈਸ਼ਨ ਦਾ ਸ਼ਿਕਾਰ ਹੋ ਗਿਆ ਹੈ। ਕਿਸੇ ਨੂੰ ਆਪਣਾ ਕਹਿਣ ਲਈ ਉਸ ਕੋਲ਼ ਕੁਝ ਨਹੀਂ ਬਚਿਆ।ਉਸ ਦਾ ਅੰਦਰ ਖਾਲੀ ਖਾਲੀ ਹੋਇਆ ਪਿਆ ਹੈ। ਇਹ ਖਾਲੀਪਣ ਹੀ ਉਸ ਨੂੰ ਜੀਣ ਨਹੀਂ ਦਿੰਦਾ। ਉਸ ਨੇ ਆਪਣੀ ਕੰਚਨ ਦੇਹੀ ਨੂੰ ਸੌ ਤਰ੍ਹਾਂ ਦੇ ਰੋਗ ਲੁਆ ਲਏ ਹਨ। ਖੇਤਾਂ ਵਿੱਚ ਹੱਡ-ਭੰਨਵੀਂ ਮਿਹਨਤ ਕਰਦਾ-ਕਰਦਾ ਉਹ ਆਪਣੀ ਔਲਾਦ ਨੂੰ ਅੱਜ ਦੇ ਜਿੰਮ ਕਲਚਰ ਦੀ ਅਹੂਤੀ ਦੇ ਗਿਆ ਹੈ। ਖੇਤਾਂ ਵੱਲੋਂ ਮੂੰਹ ਮੋੜ ਲੈਣ ਦੇ ਖ਼ਬਤ ਨੇ ਖੇਤੀ ਨਾਲ਼ ਜੁੜੇ ਕਿਸਾਨ ਦੀ ਅਗਲੀ ਪੀੜ੍ਹੀ ਦਾ ਮੂੰਹ ਵਿਦੇਸ਼ਾਂ ਵੱਲ ਕਰ ਦਿੱਤਾ ਹੈ। ਵਿਦੇਸ਼ੀ ਖਿੱਚ ਦੀ ਏਸ ਮ੍ਰਿਗ-ਤ੍ਰਿਸ਼ਨਾ ਨੇ ਉਸ ਦੀਆਂ ਜੜ੍ਹਾਂ ਨੂੰ ਖੱਗ ਕੇ ਤ੍ਰਿਸ਼ੰਕੂ ਵਾਂਗ ਅੱਧ-ਵਿਚਕਾਰ ਲਟਕਾ ਦਿੱਤਾ ਹੈ। ਵਿਹਲਾ ਮਨ ਸ਼ੈਤਾਨ ਦਾ ਘਰ। ਸ਼ੈਤਾਨ ਨੇ ਹਮੇਸ਼ਾ ਮਨੁੱਖ ਨੂੰ ਕੁਰਾਹੇ ਪਾਉਣਾ ਹੁੰਦੈ। ਇਹ ਕੰਮ ਉਸ ਨੇ ਵਿਹਲੇ ਮਨੁੱਖ ਨੂੰ ਨਸ਼ਿਆਂ ਨਾਲ਼ ਜੋੜ ਕੇ ਪੂਰਾ ਕੀਤਾ। ਇਹੋ ਕਾਰਨ ਹੈ ਕਿ ਉਹ ਨਸ਼ਿਆਂ ਵਿੱਚ ਐਸਾ ਗਲਤਾਨ ਹੋਇਆ ਕਿ ਆਪਣੀ ਹੋਸ਼ ਹੀ ਗੁਆ ਬੈਠਾ। ਉਸ ਨੂੰ ਇਹ ਪਤਾ ਹੀ ਨਹੀਂ ਲੱਗਿਆ, ਅਜਗਰ ਵਾਂਗ ਕਦੋਂ ਇਹ ਨਸ਼ਾ ਉਸ ਨੂੰ ਸਮੁੱਚਾ ਹੀ ਨਿਗਲ਼ ਗਿਆ। ਇਨ੍ਹਾਂ ਹੀ ਵੇਲ਼ਿਆਂ ਵਿੱਚ ਸੌਦਾਗਰਾਂ ਨੇ ਰਾਜ ਦਰਬਾਰਾਂ ਨਾਲ਼ ਮਿਲ਼ ਕੇ ਐਸੀ ਡੁਗਡੁਗੀ ਵਜਾਈ, ਉਹ ਆਪਣੇ ਪੈਰੀਂ ਘੁੰਗਰੂ ਬੰਨ੍ਹ ਨੱਚਣ ਲੱਗਾ। ਨੱਚਦਿਆਂ ਹੋਇਆਂ ਤਰ੍ਹਾਂ-ਤਰ੍ਹਾਂ ਦੇ ਨਸ਼ੇ ਮੰਗਣ ਲੱਗਾ। ਹੌਲ਼ੀ-ਹੌਲ਼ੀ ਉਸ ਨੂੰ ਪਤਾ ਹੀ ਨਾ ਲੱਗਾ ਕਿ ਇਹ ਧਰਤੀ, ਇਹ ਖੇਤ ਉਸ ਦੀ ਮਲਕੀਅਤ ਹਨ, ਉਸ ਦਾ ਸਰਮਾਇਆ ਹਨ। ਕਿਰਤ ਦੀ ਤਮੰਨਾ ਨੇ ਤਾਂ ਦਾਤੀ ਨੂੰ ਘੁੰਗਰੂ ਲੁਆਉਣ ਲਈ ਪ੍ਰੇਰਿਆ ਸੀ, ਓਸ ਦੀ ਹਵਸ ਨੇ ਘੁੰਗਰੂ ਉਸ ਦੇ ਪੈਰਾਂ ਨੂੰ ਜਾ ਬੰਨ੍ਹੇ। ਹੁਣ ਕਿਸੇ ਇੱਕ ਪਿੰਡ ਵਿੱਚ ਸੌਦਾਗਰ ਇਹ ਡੁਗਡੁਗੀ ਵਜਾਉਂਦਾ ਹੈ, ਥੋੜ੍ਹੀ ਜਿਹੀ ਉੱਚੀ ਬੋਲੀ ਲਾਉਂਦਾ ਹੈ, ਤਾਂ ਖੇਤਾਂ ਦਾ ਮਾਲਕ ਆਪਣੇ ਪੈਰੀਂ ਬੰਨ੍ਹੇ ਘੁੰਗਰੂ ਛਣਕਾਉਣ ਲੱਗ ਜਾਂਦਾ ਹੈ। ਲੋਕੀਂ ਹੈਰਾਨੀ ਨਾਲ਼ ਤੱਕਦੇ ਰਹਿ ਜਾਂਦੇ ਹਨ। ਪਤਾ ਈ ਨਹੀਂ ਲਗਦਾ ਕਿਹੜੇ ਵੇਲ਼ੇ ਝੰਡਾ ਚੁੱਕੀ ਖੜ੍ਹਾ ਕਿਸਾਨ ਔਲਾਦ ਦਾ ਸਤਾਇਆ ਰਾਤੋ-ਰਾਤ ਓਸ ਸੌਦਾਗਰ ਕੋਲ਼ ਖੇਤ ਦੀ ਸੇਲ ਡੀਡ 'ਤੇ ਹਸਤਾਖਰ ਕਰ ਬੈਂਕ ਦੀ ਕਾਪੀ ਦੀਆਂ ਸਿਫਰਾਂ ਗਿਣਨ ਲੱਗ ਜਾਂਦਾ ਹੈ, ਪਰ ਕਦੇ-ਕਦਾਈਂ ਇਸ ਗੀਤ ਦੇ ਬੋਲ ਉਸ ਦਾ ਧੀਰਜ ਬੰਨ੍ਹਾਉਂਦੇ ਹਨ, ਧਰਵਾਸ ਦਿੰਦੇ ਹਨ, ਉਸ ਨੂੰ ਆਸਰਾ ਦਿੰਦੇ ਹਨ, 'ਗੋਰੀ ਕਿਉਂ ਹੈ ਤੂੰ ਬੇਕਲ/ ਤੇਰੇ ਘੁੰਗਰੂ ਟੁਟ ਗਏ ਤੋ ਕਿਆ? 'ਏਅਰਪੋਰਟ ਰੋਡ ਨੇੜੇ ਮੇਰੇ ਘਰ ਦੇ ਸਾਹਮਣੇ ਵਾਲੇ' ਘਰਾਂ ਵਾਲ਼ੀ ਕਤਾਰ ਦੇ ਪਿਛਲੇ ਪਾਸੇ ਖਾਲ਼ੀ ਪਏ ਦੋ ਕੁ ਕਿੱਲੇ ਦੇ ਖੇਤ ਵਿੱਚ ਕਿਸਾਨ ਵੱਲੋਂ ਕਣਕ ਬੀਜੀ ਹੋਈ ਸੀ। ਪਿਛਲੇ ਦਿਨੀਂ ਮੈਂ ਦੇਖਿਆ, ਮਜ਼ਦੂਰਾਂ ਕਣਕ ਵੱਢ ਕੇ ਉਸ ਦੀਆਂ ਭਰੀਆਂ ਬੰਨ੍ਹ ਦਿੱਤੀਆਂ ਸਨ। ਸ਼ਾਮ ਹੁੰਦਿਆਂ ਆਕਾਸ਼ ਵਿੱਚ ਸੰਘਣੇ ਬੱਦਲ਼ ਤੈਰਨ ਲੱਗੇ। ਅੱਧੀ ਰਾਤੀਂ ਮੀਂਹ-ਹਨੇਰੀ ਦੇ ਦਿਖਾਏ ਜਲਵੇ ਨੇ ਪੈਂਤੀ-ਚਾਲ਼ੀ ਸਾਲ ਪਹਿਲਾਂ ਆਏ ਐਸੇ ਹੀ ਮੀਂਹ-ਹਨੇਰੀ ਨੇ ਓਸ ਸਮੇਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਯਾਦ ਕਰਕੇ ਦਿਲ ਕੰਬ ਉੱਠਿਆ। ਉਨ੍ਹਾਂ ਦਿਨਾਂ ਵਿੱਚ ਬੰਨ੍ਹੀਆਂ ਹੋਈਆਂ ਭਰੀਆਂ ਵਿੱਚ ਹੀ ਕਣਕਾਂ ਦੁਬਾਰਾ ਉੱਗ ਆਈਆਂ ਸਨ। ਕਿਸਾਨ-ਮਜ਼ਦੂਰ ਭਰੀਆਂ ਖੋਲ੍ਹ-ਖੋਲ੍ਹ ਸੁਕਾਉਂਦੇ, ਫਿਰ ਮੀਂਹ ਆ ਜਾਂਦਾ। ਇੰਝ ਕਣਕਾਂ ਦਾ ਲਾਅਣ ਕਾਲ਼ਾ ਹੋ ਜਾਂਦਾ। ਇਸ ਤਰ੍ਹਾਂ ਓਸ ਸਾਲ ਦਾਤੀਆਂ ਨੂੰ ਲੁਆਏ ਘੁੰਗਰੂ ਟੁੱਟ ਕੇ ਬਿਖਰ ਗਏ ਸਨ। ਹੁਣ ਬੇਸ਼ੱਕ ਤੇਜ਼-ਤਰਾਰ ਕੰਬਾਈਨਾਂ ਨੇ ਕਣਕ ਦੀ ਵਾਢੀ ਨੂੰ ਦਿਨਾਂ ਵਿੱਚ ਹੀ ਸਮੇਟ ਲੈਣਾ ਹੈ, ਪਰ ਮੀਂਹ ਅਤੇ ਝੱਖੜ ਦੇ ਮੌਸਮ ਦੀਆਂ ਭਵਿੱਖਬਾਣੀਆਂ ਘੁੰਗਰੂਆਂ ਦੀ ਖਣਕ ਨੂੰ ਮੱਠਾ ਪਾ ਰਹੀਆਂ ਜਾਪਦੀਆਂ ਹਨ। ਮੇਰਾ ਮਨ ਕਣਕ ਦੀ ਵਾਢੀ ਦੇ ਆਧੁਨਿਕ ਤੇ ਪੁਰਾਣੇ ਸਮਿਆਂ ਵਿੱਚ ਗੁਆਚਿਆ ਪਿਆ ਹੈ। ਵੀਰ ਦਲੇਰ ਸਿੰਘ ਦੇ ਵੱਜ ਰਹੇ ਫੋਨ ਦੀ ਰਿੰਗ ਟੋਨ ਮੈਨੂੰ ਉਨ੍ਹਾਂ ਸਮਿਆਂ ਦੇ ਦ੍ਰਿਸ਼ਾਂ ਨਾਲ਼ੋਂ ਤੋੜ ਕੇ ਸੁੱਟ ਦੇਣਾ ਚਾਹੁੰਦਾ ਹੈ। ਉਹ ਹੁਣ ਆਪਣੇ ਸਮਾਜ ਵਿਗਿਆਨ ਤੇ ਰਾਜਨੀਤੀ ਸ਼ਾਸਤਰ ਦੀ ਪਟਾਰੀ ਖੋਲ੍ਹ ਕੇ ਤਾਜ਼ਾ ਤਬਸਰਾ ਕਰੇਗਾ। ਜਦੋਂ ਤੱਕ ਮੈਂ ਉਸ ਦੀਆਂ ਨਹੀਂ ਸੁਣਦਾ, ਉਸ ਖਹਿੜਾ ਨਹੀਂ ਛੱਡਣਾ। ਹੁਣ ਮੈਨੂੰ ਉਸ ਦੀਆਂ ਈ ਸੁਣਨੀਆਂ ਪੈਣਗੀਆਂ। ਵੇਖਦੇ ਆਂ ਉਹ ਕੀ ਕਹਿ ਰਿਹੈ।'ਹੋਰ ਸੁਣਾ ਬਰੋਅ ਕੀ ਕਰਦੈਂ? ਮੇਰੇ ਆਰ ਲੋਕ ਤਾਂ ਹੁਣ ਸੱਤਾਧਾਰੀਆਂ ਦੇ ਹੱਥੀਂ ਪੈਣ ਲੱਗ ਪਏ ਨੇ।ਬਈ ਤਿੰਨ ਸਾਲ ਲੰਘ ਗਏ ਨੇ। ਲੋਕ ਹੁਣ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੇ ਵੇਰਵੇ ਮੰਗ ਰਹੇ ਹਨ। ਯੁੱਧ ਨਸ਼ਿਆਂ ਵਿਰੁੱਧ, ਸਿੱਖਿਆ ਕ੍ਰਾਂਤੀ, ਮੁਲਾਜ਼ਮਾਂ ਦੀ ਭਰਤੀ ਨੂੰ ਬਰੇਕਾਂ, ਕਿਸਾਨ ਅੰਦੋਲਨ ਨੂੰ ਖਦੇੜੇ ਜਾਣਾ, ਟਰਾਲੀਆਂ ਦਾ ਇੱਧਰ-ਉੱਧਰ ਹੋਣਾ। ਐਦਾਂ ਦੀਆਂ ਸਕੀਮਾਂ ਕੌਣ ਘੜਦੈ ਬਈ? ਸਰਕਾਰ ਲੋਕ ਮਨਾਂ ਤੋਂ ਦੂਰ ਜਾ ਰਹੀ ਆ ਭਰਾ। ਹੋਰ ਸੁਣ, ਪਿੰਡਾਂ ਦੀਆਂ ਪੰਚਾਇਤਾਂ, ਪੰਚਾਇਤੀ ਜ਼ਮੀਨਾਂ ਹੁਣ ਲੀਜ਼ 'ਤੇ ਦੇਣ ਤੋਂ ਮੁੱਕਰ ਰਹੀਆਂ ਨੇ। ਕਿਉਂ ਦੇਣ ਬਈ? ਕਹਿੰਦੀਆਂ ਅਸੀਂ ਆਪੇ ਬਣਾਲਾਂਗੇ ਪਾਰਕਾਂ ਜਾਂ ਖੇਡ ਸਟੇਡੀਅਮ। ਸ੍ਰੀ ਚਮਕੌਰ ਸਾਹਿਬ ਦੇ ਪਿੰਡ ਬਸੀ ਗੁਜਰਾਂ ਦੀ ਜ਼ਮੀਨ ਪੇਪਰ ਮਿੱਲ ਲਈ ਲੀਜ਼ 'ਤੇ ਦੇਣੀ ਸੀ, ਓਹਦਾ ਵੀ ਰੌਲ਼ਾ ਈ ਆ। ਲੋਕ ਵਿਰੋਧ ਕਰ ਰਹੇ ਨੇ। ਕਹਿੰਦੇ ਡੇਢ ਦਰਜਨ ਪੰਚਾਇਤਾਂ ਨੇ ਆਪਣੇ ਫੈਸਲੇ ਬਦਲ ਲਏ ਨੇ। ਓਧਰ ਵਕਫ ਬੋਰਡ ਬਾਰੇ ਮਾਮਲਾ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਐ। ਰਾਜਨੀਤੀਵਾਨਾਂ ਨੂੰ ਹੁਣੇ ਤੋਂ ਸਤਾਈ ਦੀਆਂ ਇਲੈਕਸ਼ਨਾਂ ਦਾ ਡਰ ਸਤਾਈ ਜਾ ਰਿਹੈ। ਆਮ ਲੋਕਾਂ ਦੇ ਮਸਲੇ ਜਿਉਂ ਦੇ ਤਿਉਂ ਨੇ।' ਉਸ ਦਾ ਫੋਨ ਕੱਟਿਆ ਗਿਆ। ਮੇਰੀ ਸੁਤਾਅ ਫਿਰ ਖੇਤਾਂ ਦਾ ਗੇੜਾ ਲਾਉਣ ਤੁਰ ਪਈ। ਕੰਬਾਈਨਾਂ ਵਾਢੀ ਕਰ ਰਹੀਆਂ ਹਨ। ਆਕਾਸ਼ 'ਚ ਸੰਘਣੇ ਬੱਦਲਾਂ ਨੇ ਮਟਮੈਲ਼ੀ ਚਾਦਰ ਤਾਣੀ ਹੋਈ ਹੈ। ਕੰਬਾਈਨ ਦੇ ਡਰਾਈਵਰ ਨਾਲ਼ ਅੱਠ ਦਸ ਯੂਪੀਏ-ਬਿਹਾਰੀਏ ਕੋਈ ਆਪਣਾ ਗੀਤ ਗਾ ਰਹੇ ਹਨ।'ਵੇ ਦਾਤੀ ਨੂੰ ਲੁਆ ਦੇ ਘੁੰਗਰੂ' ਲੋਕ ਗੀਤ ਦੇ ਬੋਲ ਮੇਰੇ ਬੁੱਲ੍ਹਾਂ 'ਤੇ ਆਉਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

**ਮੋਬਾ. 98144-30874**

# ਕਾਸ਼ ! ਮਿਟ ਜਾਵਣ ਇਹ ਲੀਕਾਂ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਲੀਕਾਂ ਸਾਡੇ ਚਾਰੇ ਪਾਸੇ। ਲੀਕਾਂ ਦਾ ਕੇਹਾ ਧੁੰਦੂਕਾਰਾ, ਕੇਹਾ ਵਰਤਾਰਾ ਕਿ ਇਸ ਵਿਚ ਉਲਝ ਕੇ ਰਹਿ ਗਿਆ ਸਮੁੱਚਾ ਸੰਸਾਰਾ। ਕੁਝ ਸਿੱਧੀਆਂ, ਕੁਝ ਵਿੰਗੀਆਂ, ਕੁਝ ਗੋਲਾਕਾਰ ਅਤੇ ਕੁਝ ਟੁੱਟਵੀਆਂ। ਇਹ ਲੀਕਾਂ ਸਾਡੀ ਜ਼ਿੰਦਗੀ ਨੂੰ ਬਹੁਤ ਸਾਰੇ ਤਰੀਕਿਆਂ ਨਾਲ ਪ੍ਰਭਾਵਿਤ ਕਰਦੀਆਂ।

ਮਸਤਕ 'ਤੇ ਉੱਕਰੀਆਂ ਲੀਕਾਂ ਨੂੰ ਅਕਸਰ ਕਰਮ-ਰੇਖਾਵਾਂ ਕਿਹਾ ਜਾਂਦਾ। ਪਰ ਕਰਮ-ਰੇਖਾਵਾਂ ਤਾਂ ਮਨੁੱਖ ਵੱਲੋਂ ਆਪਣੇ ਕਰਮ-ਧਰਮ ਰਾਹੀਂ ਸਿਰਜੀਆਂ ਜਾਂਦੀਆਂ। ਕਦੇ ਮੱਥੇ ਦੀਆਂ ਲਿਖੀਆਂ ਨੂੰ ਪੜ੍ਹਨਾ ਅਤੇ ਫਿਰ ਇਸ ਵਿਚੋਂ ਕਿਸੇ ਦੇ ਜੀਵਨ ਨੂੰ ਪ੍ਰਭਾਸ਼ਤ ਕਰਨਾ, ਕੁਝ ਕੁ ਵਿਰਲਿਆਂ ਦਾ ਸਬੱਬ। ਬਹੁਤ ਕਰਮਾਂ ਵਾਲੇ ਉਹ ਹੱਥ ਹੁੰਦੇ, ਜੋ ਕਰਮ-ਰੇਖਾਵਾਂ ਦੇ ਸਿਰਜਣਹਾਰੇ। ਇਸ ਤੋਂ ਜ਼ਿਆਦਾ ਵਡਭਾਗੀ ਉਹ ਹੱਥ ਜੋ ਕਰਮਹੀਣਾਂ ਦੇ ਕਰਮਾਂ ਲਈ ਤਰਜੀਹਾਂ ਬਣਦੇ।

ਕਈ ਵਾਰ ਮੱਥੇ 'ਤੇ ਉੱਗਣ ਵਾਲੀਆਂ ਲੀਕਾਂ ਈਰਖਾ, ਘ੍ਰਿਣਾ, ਨਫ਼ਰਤ, ਗ਼ੁੱਸਾ, ਅਵੱਗਿਆ ਨੂੰ ਵੀ ਪ੍ਰਗਟਦੀਆਂ। ਇਹ ਲੀਕਾਂ ਮਰਨ-ਮਿੱਟੀ ਵੀ ਬਣਦੀਆਂ, ਸਮਾਜਿਕ ਵਰਤਾਰਿਆਂ ਵਿਚ ਵੰਡੀਆਂ ਪਾਉਣ ਅਤੇ ਰਿਸ਼ਤਿਆਂ, ਸੰਬੰਧਾਂ ਤੇ ਸਾਂਝਾਂ ਵਿਚ ਤਿੜਕਣ ਅਤੇ ਚੀਸ ਵੀ ਹੁੰਦੀਆਂ। ਅਜਿਹੀਆਂ ਲੀਕਾਂ ਮੱਥੇ ਦਾ ਵਿਗਾੜ ਅਤੇ ਵਿਅਕਤੀਤਵ ਦਾ ਧੁੰਧਲਕਾ। ਇਸ ਤੋਂ ਬਚਣਾ ਹੀ ਮਾਨਵੀ ਮਾਰਗ ਨੂੰ ਜਾਣ ਦਾ ਉੱਦਮ।

ਮੱਥੇ ਦੀ ਕੇਹੀ ਕਿਸਮਤ ਕਿ ਉਹ ਲੀਕਾਂ ਦੇ ਬਹੁਤ ਸਾਰੇ ਰੰਗਾਂ ਨੂੰ ਆਪਣੀ ਧਰਾਤਲ 'ਤੇ ਉਪਜਾਉਂਦਾ। ਇਨ੍ਹਾਂ ਰੰਗਾਂ ਵਿਚ ਸਭ ਤੋਂ ਉੱਤਮ ਹੈ ਬਜ਼ੁਰਗਾਂ ਦੇ ਚਿਹਰਿਆਂ 'ਤੇ ਝੁਰੜੀਆਂ ਦੀ ਕਲਾਕਾਰੀ, ਜਿਸ ਵਿੱਚੋਂ ਤੁਸੀਂ ਉਨ੍ਹਾਂ ਦੀ ਹੰਢਾਈ ਜ਼ਿੰਦਗੀ ਦੇ ਨਕਸ਼, ਉਨ੍ਹਾਂ ਦੇ ਜੀਵਨ ਦੀਆਂ ਪ੍ਰਾਪਤੀਆਂ, ਸੁਖਨ, ਜੀਵਨ ਦਾ ਸੱਚ-ਕੱਚ, ਤਜਰਬਿਆਂ ਤੇ ਤਲਖ਼ੀਆਂ ਵਿੱਚੋਂ ਆਪਣੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਅਤੇ ਸੰਦੇਸ਼ਮਈ ਸੰਦੇਸ਼ ਪ੍ਰਾਪਤ ਕਰ ਸਕਦੇ ਹੋ। ਯਾਦ ਰਹੇ ਕਿ ਬਜ਼ੁਰਗਾਂ ਦੀਆਂ ਸੁਮੱਤਾਂ ਹੀ ਸਾਡੇ ਲਈ ਸਭ ਤੋਂ ਮਹੱਤਵਪੂਰਨ ਰਾਹ-ਦਸੇਰਾ। ਬਜ਼ੁਰਗਾਂ ਨੂੰ ਮਿਲਦੇ ਰਹੋ ਅਤੇ ਉਨ੍ਹਾਂ ਦੀ ਸੰਗਤ ਵਿੱਚੋਂ ਉਹ ਕੁਝ ਪ੍ਰਾਪਤ ਕਰ ਲਵੋਗੇ, ਜੋ ਹੋਰ ਕਿਸੇ ਨੇ ਤੁਹਾਨੂੰ ਨਹੀਂ ਦੇਣੀਆਂ?

ਮਿਹਨਤਕਸ਼ ਦੇ ਹੱਥਾਂ 'ਤੇ ਪਏ ਰਟਨ ਅਜਿਹੀਆਂ ਲਕੀਰਾਂ ਹੁੰਦੀਆਂ, ਜਿਨ੍ਹਾਂ ਵਿੱਚੋਂ ਝਲਕਦਾ ਹੈ ਸਿਰੜ, ਸਾਧਨਾ, ਸਖ਼ਤ ਮਿਹਨਤ, ਸੁਪਨਸਾਜ਼ੀ ਦਾ ਸੱਚ ਅਤੇ ਮੁੜ੍ਹਕੇ ਦੇ ਮੋਤੀ। ਇਹ ਮੁੜ੍ਹਕੇ ਦੀ ਮਹਿਕ ਹੀ ਹੁੰਦੀ, ਜੋ ਤੁਹਾਡੇ ਚੌਗਿਰਦੇ ਨੂੰ ਮਹਿਕਾਉਂਦੀ ਤੇ ਤੁਹਾਡੇ ਸਮੁੱਚ ਨੂੰ ਸੁਗੰਧਿਤ ਕਰਦੀ।

ਅੱਡੀਆਂ ਦੀਆਂ ਫੱਟੀਆਂ ਬਿਆਈਆਂ 'ਚੋਂ ਸਪੱਸ਼ਟ ਹੁੰਦਾ ਕੀਤੇ ਸਫ਼ਰਾਂ ਦਾ ਇਤਿਹਾਸ, ਹਲ ਵਾਹੁੰਦਿਆਂ ਖੇਤਾਂ ਵਿਚ ਬੀਜੀ ਆਸ, ਡੰਡੀਆਂ ਨੂੰ ਪਹਿਆਂ ਦਾ ਨਾਮਕਰਨ ਅਤੇ ਸਿਆਲਾਂ 'ਚ ਸੱਪਾਂ ਦੀਆਂ ਸਿਰੀਆਂ ਮਿੱਧਣ ਦੀ ਦਸਤਾਵੇਜ਼।

ਕਈ ਵਾਰ ਮਾਂ ਦੀਆਂ ਕੰਧ 'ਤੇ ਮਾਰੀਆਂ ਦਾ ਰੁਦਨ ਕਾਗ਼ਜ਼ ਨੂੰ ਭਿਉਂ ਦਿੰਦਾ;

ਮਾਂ ਮੇਰੀ ਕੰਧਾਂ 'ਤੇ ਲੀਕਾਂ ਤਾਂ ਉਲੀਕਦੀ ਹੋਣੀ।
ਖੜਾਕ ਸੁਣ ਬੂਹੇ ਵੰਨੀਂ ਪੈਰ ਧਰੀਕਦੀ ਹੋਣੀ।
ਮੈਥੋਂ ਹੀ ਹੁਣ ਵਾਪਸ ਮੁੜਿਆ ਨਹੀਂ ਜਾਣਾ,
ਉਂਜ ਤਾਂ ਹਰ ਪਲ ਮਾਂ ਮੈਨੂੰ ਉਡੀਕਦੀ ਹੋਣੀ।

ਅਕਸਰ ਹੀ ਬੰਦਾ ਕਈ ਵਾਰ ਕਈ ਲੀਕਾਂ ਵਾਹੁੰਦਾ ਵਾਹੁੰਦਾ ਖ਼ੁਦ ਵੀ ਇਕ ਲੀਕ ਬਣ ਜਾਂਦਾ;

ਮੈਂ ਬਹੁਤ ਲੀਕਾਂ ਵਾਹੁੰਦਾ ਰਿਹਾ
ਨਾਲ ਹੀ ਲੀਕਾਂ ਮਿਟਾਉਂਦਾ ਰਿਹਾ
ਪਰ
ਫਿਰ ਵੀ ਕੁਝ ਜ਼ਿੱਦੀ ਲੀਕਾਂ
ਮੇਰੇ ਸੋਚ ਸਫ਼ੇ 'ਤੇ
ਸਦਾ ਲਈ ਉੱਕਰੀਆਂ ਗਈਆਂ।

ਧਰਤ 'ਤੇ ਵਾਹੀਆਂ ਲੀਕਾਂ ਦੇਸ਼ਾਂ ਦੀ ਨਿਸ਼ਾਨਦੇਹੀ। ਦੇਸ਼ ਵਿਚਲੀਆਂ ਲੀਕਾਂ ਸੂਬਿਆਂ ਦਾ ਨਾਂਅ। ਸੂਬਿਆਂ ਵਿਚਲੀਆਂ ਲੀਕਾਂ ਜ਼ਿਲ੍ਹੇ ਅਤੇ ਜ਼ਿਲ੍ਹੇ ਵਿਚਲੀਆਂ ਪਿੰਡ। ਪਿੰਡ ਵਿਚਲੀਆਂ ਲੀਕਾਂ ਪੱਤੀਆਂ ਵਿਚ ਵੰਡ ਹੋ ਜਾਂਦੀਆਂ ਅਤੇ ਪੱਤੀਆਂ ਵਿਚੋਂ ਹੀ ਘਰ ਉੱਗਦੇ। ਘਰ ਵਿਚਲੀਆਂ ਲੀਕਾਂ ਨਾਲ ਘਰ ਦਲਾਨ, ਵਿਹੜਾ, ਰਸੋਈ, ਗ਼ੁਸਲਖ਼ਾਨਾ, ਕੋਠੜੀ ਆਦਿ ਵਿਚ ਤਕਸੀਮ ਹੋ ਜਾਂਦਾ।

ਬੰਦੇ ਦੀ ਕੇਹੀ ਫ਼ਿਤਰਤ ਕਿ ਉਹ ਲੀਕਾਂ ਵਾਹੁਣ ਵਿਚ ਲੀਨ। ਕਦੇ ਉਹ ਇਹ ਸੋਚਦਾ ਹੀ ਨਹੀਂ ਕਿ ਲੀਕਾਂ ਵਾਹੁਣ ਨਾਲੋਂ ਵੀ ਜ਼ਿਆਦਾ ਅਹਿਮ ਹੁੰਦਾ ਬੇਲੋੜੀਆਂ ਲੀਕਾਂ ਨੂੰ ਮਿਟਾ ਦੇਣਾ। ਸਮਾਜ ਵਿਚ ਬੰਦੇ ਦੀਆਂ ਵਾਹੀਆਂ ਲੀਕਾਂ ਹੀ ਜਾਤ-ਪਾਤ, ਊਚ-ਨੀਚ ਅਤੇ ਵਰਨ-ਵੰਡ ਦੀ ਉਪਜ। ਮੰਨੂ ਮਾਨਸਿਕਤਾ ਤੋਂ ਉੱਪਰ ਉੱਠਣਾ ਹੀ ਮਨੁੱਖ ਦਾ ਅਸਲੀ ਧਰਮ। ਮਨੁੱਖੀ ਮਾਨਸਿਕਤਾ ਵਿਚਲੀ ਸੰਕੀਰਨਤਾ ਨੇ ਧਾਰਮਿਕ ਆਸਥਾ ਵਿਚ ਕੇਹੀਆਂ ਲੀਕਾਂ ਵਾਹੀਆਂ ਕਿ ਬੰਦਾ ਹਿੰਦੂ, ਈਸਾਈ, ਮੁਸਲਮਾਨ, ਸਿੱਖ, ਬੋਧੀ, ਜੈਨੀ ਰੂਪਾਂ ਵੰਡਿਆ ਗਿਆ। ਬੰਦਾ, ਬੰਦਾ ਹੀ ਨਾ ਰਿਹਾ। ਪਤਾ ਨਹੀਂ ਕਦੋਂ ਬੰਦਾ, ਬੰਦਾ ਬਣੇਗਾ। ਹੁਣ ਤਾਂ ਖ਼ੁਦਾ ਵੀ ਪੁੱਛਦਾ ਕਿ ਮੇਰਾ ਬੰਦਾ ਕਿਧਰ ਗਿਆ? ਪਤਾ ਨਹੀਂ ਧਾਰਮਿਕ ਸੰਕੀਰਨਤਾ ਨੇ ਨਿਗਲ ਲਿਆ ਜਾਂ ਫ਼ਿਰਕਾਪ੍ਰਸਤੀ 'ਚ ਉੱਧਲ ਗਿਆ।

ਕਈ ਵਾਰ ਅਜਿਹਾ ਵੀ ਹੁੰਦਾ ਕਿ ਘਰ 'ਚ ਲੀਕਾਂ ਉੱਗਦੀਆਂ ਤਾਂ ਘਰ ਟੋਟਿਆਂ ਵਿਚ ਵੰਡਿਆਂ ਨਿੱਕੇ-ਨਿੱਕੇ ਮਕਾਨ ਬਣ ਜਾਂਦਾ।

ਬਾਪ ਦੇ ਜਾਣ ਤੋਂ ਇਕਦਮ ਬਾਅਦ ਹਾਬੜੀ ਔਲਾਦ ਵੱਲੋਂ ਜਦ ਜ਼ਮੀਨ-ਜਾਇਦਾਦ ਵਿਚ ਲੀਕਾਂ ਵਾਹੁੰਦੀ ਤਾਂ ਖੇਤਾਂ ਅਤੇ ਘਰ ਵਿਚ ਉੱਗਿਆ ਹਉਕਾ ਕਈ ਫ਼ਸਲਾਂ ਅਤੇ ਨਸਲਾਂ ਬਰਬਾਦ ਕਰ ਦਿੰਦਾ।

ਟੁੱਟਦੇ ਤਾਰੇ ਵੱਲੋਂ ਰਾਤ ਦੀ ਹਿੱਕ 'ਚ ਪਾਈ ਚਾਨਣ-ਲੀਕ ਅੰਬਰ ਦੀ ਹਿੱਕ ਵਿਚ ਚੀਰ ਪਾਉਂਦੀ, ਅਸਮਾਨ ਤੜਫ਼ਦਾ, ਪਰ ਅੰਬਰ ਕਦੇ ਵੀ ਦੋਫਾੜ ਨਹੀਂ ਹੁੰਦਾ, ਕਿਉਂਕਿ ਚਾਨਣ ਦੇ ਵਣਜਾਰੇ ਅੰਬਰ ਨੂੰ ਕੌਣ ਵੰਡ ਸਕਦਾ। ਚਾਨਣ ਕਦੇ ਮਰਿਆ ਨਹੀਂ ਕਰਦੇ।

ਪਾਣੀ 'ਤੇ ਜਿੰਨੀਆਂ ਵੀ ਲੀਕਾਂ ਵਾਹ ਲਓ, ਸਭ ਹੀ ਮਿਟ ਜਾਣੀਆਂ, ਕਿਉਂਕਿ ਪਾਣੀ ਵਿਚ ਕੋਈ ਵੀ ਚੀਰ ਨਹੀਂ ਪਾ ਸਕਦਾ।

ਨਾ ਹੀ ਇਹ ਲੀਕਾਂ ਪਾਣੀ ਦੀ ਤਾਸੀਰ ਬਦਲ ਸਕਦੀਆਂ, ਭਾਵੇਂ ਕਿ ਅੰਗਰੇਜ਼ ਹਾਕਮਾਂ ਨੇ ਬੜਾ ਜ਼ੋਰ ਲਾ ਲਿਆ ਸੀ ਹਿੰਦੂ ਪਾਣੀ ਅਤੇ ਮੁਸਲਮਾਨ ਪਾਣੀ ਬਣਾ ਕੇ, ਪਰ ਨਾ ਤਾਂ ਪਾਣੀ ਹੀ ਵੰਡਿਆ ਗਿਆ ਅਤੇ ਨਾ ਹੀ ਭਾਈਚਾਰਾ ਟੁਕੜੇ-ਟੁਕੜੇ ਹੋਇਆ।

ਬੰਦਾ ਇਹ ਜਾਣਦਾ ਹੋਇਆ ਕਿ ਪਾਣੀ ਨੂੰ ਵੰਡਿਆ ਨਹੀਂ ਜਾ ਸਕਦਾ। ਪਰ ਫਿਰ ਉਹ ਸਮੁੰਦਰਾਂ ਦੀ ਵੰਡ-ਵੰਡਾਈ ਵਿਚ ਉਲਝਿਆ ਹੋਇਆ ਹੈ। ਪਾਣੀ ਨੇ ਬੰਦੇ ਨੂੰ ਕਦੇ ਨਹੀਂ ਦੱਸਣਾ ਕਿ ਉਹ ਕਿਹੜੇ ਸਮੁੰਦਰ ਤੋਂ ਹੋ ਕੇ ਕਿਹੜੇ ਸਮੁੰਦਰ ਨੂੰ ਮਿਲਣ ਗਿਆ। ਪਾਣੀਆਂ ਦੇ ਸੰਗਮ ਹੁੰਦੇ, ਨਾ ਕਿ ਹੱਦਬੰਦੀ।

ਬੰਦਾ ਦਾ ਕਰਮ ਹੀ ਲੀਕਾਂ ਵਾਹੋ ਅਤੇ ਲੀਕਾਂ ਮਿਟਾਓ, ਪਰ ਕਿੰਨੀਆਂ ਵੀ ਲੀਕਾਂ ਮਿਟਾ ਦਿਓ, ਕਿਸੇ ਨਾ ਕਿਸੇ ਲਕੀਰ ਦੇ ਨਕਸ਼ ਅਮਿੱਟ ਹੁੰਦੇ। ਇਹ ਅਮਿੱਟ ਲੀਕਾਂ ਹੀ ਨੇ, ਜਿਨ੍ਹਾਂ ਨੇ ਮੁਲਕ ਵੰਡੇ, ਪਰਵਾਰ, ਭਾਈਚਾਰਾ, ਵਿਰਾਸਤ ਅਤੇ ਆਖ਼ਰ ਬੰਦੇ ਨੂੰ ਅਮੀਰ-ਗ਼ਰੀਬ ਵਿਚ ਵੰਡਿਆ।

ਬੰਦੇ ਦੇ ਮਨ ਵਿਚ ਉੱਗੀਆਂ ਇਹ ਕਿਹੀਆਂ ਮਾਨਸਿਕ ਲੀਕਾਂ, ਜਿਸ ਨੇ ਬੰਦੇ ਦੀ ਮਾਨਸਿਕਤਾ ਵਿਚ ਬਹੁਤ ਕੁਝ ਭਰ ਦਿੱਤਾ। ਬੰਦਾ ਹਾਲਾਤ, ਮਜਾਜ਼, ਵਰਤਾਰਾ ਅਤੇ ਨਿੱਜੀ ਮੁਫ਼ਾਦ ਦੇਖ ਕੇ ਖ਼ੁਦ ਨੂੰ ਮਨ-ਪਸੰਦ ਲੀਕ ਦੀ ਨਿਸ਼ਾਨਦੇਹੀ ਰਾਹੀਂ ਖ਼ੁਦ ਨੂੰ ਪ੍ਰਗਟ ਕਰਦਾ ਅਤੇ ਬਾਕੀ ਲੀਕਾਂ ਨੂੰ ਇਕ ਓਹਲੇ ਵਿਚ ਰੱਖਦਾ।

ਕਦੇ ਕਦੇ ਤਾਂ ਇੰਜ ਵੀ ਹੁੰਦਾ;
ਚਾਰੇ ਪਾਸੇ ਲੀਕਾਂ ਵਿਚ ਘਿਰਿਆ ਹੋਇਆ ਬੰਦਾ।

ਹਰ ਦਮ ਲੀਕਾਂ ਵਾਹੀ ਜਾਣਾ ਬੰਦੇ ਦਾ ਹੀ ਧੰਦਾ
ਲੀਕਾਂ ਦਾ ਉਹ ਪੱਛਿਆ ਬਣਿਆ ਦਰਦਾਂ-ਵੰਤਾ।
ਤਾਂ ਹੀ ਉਸ ਦੇ ਸਾਹ ਸੰਤਾਪੇ ਤੇ ਵਿਚ ਗਲ਼ੇ ਦੇ ਫੰਦਾ।

ਕਦੇ ਲੀਕਾਂ ਵਿਚੋਂ ਸੁੰਦਰ ਅਕਾਰਾਂ, ਦ੍ਰਿਸ਼ਾਂ ਅਤੇ ਬਿੰਬਾਂ ਨੂੰ ਚਿਤਾਰਨਾ । ਕਦੇ ਮਾਰੂਥਲ ਦੇ ਪਿੰਡੇ 'ਤੇ ਰੇਤ ਦੀਆਂ ਲਹਿਰਾਂ ਵਿਚੋਂ ਸੁਹਾਵਣੇ ਚਿੱਤਰਾਂ ਨੂੰ ਮਨ ਵਿਚ ਉੱਕਰਨਾ, ਤੁਹਾਨੂੰ ਪਤਾ ਲੱਗੇਗਾ ਕਿ ਬੰਦੇ ਦੇ ਮਨ ਵਿਚ ਕਿਹੜੀ ਕਲਾਕਾਰੀ ਉਸ ਦੇ ਵਿਅਕਤੀਤਵ ਨੂੰ ਪਰਿਭਾਸ਼ਿਤ ਕਰਦੀ। ਕਲਾਕਾਰ ਤਾਂ ਲੀਕਾਂ ਰਾਹੀਂ ਕਿਸੇ ਕੈਨਵਸ 'ਤੇ ਸ਼ਾਖਸ਼ਾਤ, ਸੁਹਜ ਅਤੇ ਸੰਗਮਰਮਰੀ ਸੂਰਤਾਂ ਦੀ ਸਿਰਜਣਾ ਕਰਦੇ।

ਕਦੇ ਬੱਚੇ ਵੱਲੋਂ ਕੰਧ 'ਤੇ ਮਾਰੀਆਂ ਬਚਪਨੀ ਲੀਕਾਂ 'ਚੋਂ ਬਚਪਨੀ ਨਕਸ਼ ਚਿਤਾਰਨੇ। ਬੀਤਿਆ ਸਮਾਂ ਸਾਖਸ਼ਾਤ ਨਜ਼ਰ ਆਵੇਗਾ। ਬੱਚੇ ਦੀ ਖ਼ੁਸ਼ੀ ਅਤੇ ਉਸ ਦੀ ਰੁਚੀ ਨੂੰ ਕਿਆਸਿਆ ਜਾ ਸਕਦਾ। ਦਰਅਸਲ ਘਰ ਦੇ ਚੌਗਿਰਦੇ ਵਿਚ ਬੱਚੇ ਦੀ ਅਣਭੋਲਤਾ ਹੀ ਹੁੰਦੀ ਕਿ ਕੰਧਾਂ 'ਤੇ ਕੋਲਿਆਂ, ਪੈਨਸਿਲ ਜਾਂ ਪੈੱਨ ਨਾਲ ਮਨਪਸੰਦ ਚਿੱਤਰਕਾਰੀ ਕਰਨ ਵਿਚ ਅਨੰਦ ਮਹਿਸੂਸ ਕਰਦਾ। ਇਨ੍ਹਾਂ ਵਿੱਚੋਂ ਹੀ ਬੱਚੇ ਦੀ ਬਾਦਸ਼ਾਹਤ, ਬਹਿਸ਼ਤ ਅਤੇ ਬੇਪਰਵਾਹੀ ਦਾ ਬਿਰਤਾਂਤ ਨਜ਼ਰ ਆਉਂਦਾ।

ਸੱਜ-ਵਿਆਹੀ ਨਾਰ ਵੱਲੋਂ ਆਪਣੇ ਪਤੀ ਦੀ ਉਡੀਕ ਵਿਚ ਕੰਧ 'ਤੇ ਮਾਰੀਆਂ ਲੀਕਾਂ, ਵਿਛੋੜੇ ਵਿਚ ਬਿਹਬਲ ਪਤਨੀ ਦੀ ਪਤੀ ਨੂੰ ਮਿਲਣ ਦੀ ਤਾਂਘ, ਪਲੰਘ ਨੂੰ ਸੇਜ ਬਣਾ ਕੇ ਮਾਨਣ ਦੀ ਕਲਪਨਾ, ਗਲਵੱਕੜੀ ਵਿਚਲੇ ਨਿੱਘ ਨੂੰ ਮਾਨਣ ਦੀ ਲੋਚਾ, ਨੈਣਾਂ ਵਿਚ ਸੰਜੋਏ ਸੰਦਲੀ ਸੁਪਨਿਆਂ ਦਾ ਸੱਚ, ਹਾਣੀ ਦੇ ਸਾਹਾਂ ਦੇ ਸੇਕ ਵਿਚ ਪਿਘਲ ਜਾਣ ਦੀ ਤਮੰਨਾ ਅਤੇ ਜਿਸਮਾਂ ਦੀ ਮਹਿਕ 'ਚ ਮਦਹੋਸ਼ ਹੋਣ ਦੀ ਤਲਬ ਹੁੰਦੀ। ਹੌਲੀ-ਹੌਲੀ ਜਦ ਲੀਕਾਂ ਮਿਟ ਜਾਂਦੀਆਂ ਤਾਂ ਉਡੀਕ ਖ਼ਤਮ ਅਤੇ ਆਸ ਪੂਰਨ ਹੋ ਜਾਂਦੀ। ਰੂਹ ਦੇ ਹਾਣੀ ਨੂੰ ਉਡੀਕਦੀ ਜਿੰਦ ਅਪੂਰਨ ਤੋਂ ਸੰਪੂਰਨ ਹੋ ਜਾਂਦੀ।

ਕਈ ਵਾਰ ਇਹ ਲੀਕਾਂ ਵਿਰਲਾਂ ਤੇ ਵਿੱਥਾਂ ਪੈਦਾ ਕਰਦੀਆਂ, ਤਰੇੜਾਂ ਤੇ ਤੰਗ-ਦਿਲੀਆਂ ਦੀ ਅਧਾਰ-ਸ਼ਿਲਾ ਅਤੇ ਸੁਖਨ ਤੇ ਸਕੂਨ ਦਾ ਸੰਤਾਪ ਵੀ ਵਣਜ ਜਾਂਦੀਆਂ।

ਬੰਦ ਕਮਰੇ ਵਿਚ ਝੀਤ 'ਚੋਂ ਆਉਂਦੀ ਚਾਨਣ-ਲੀਕ ਕਮਰੇ ਦੀ ਹੋਂਦ ਅਤੇ ਇਸ ਵਿਚ ਪੈਦਾ ਹੋਰ ਹੀ ਹਲਚਲ ਦੀ ਨਿਸ਼ਾਨਦੇਹੀ ਕਰਦੀ। ਬੰਦੇ ਨੂੰ ਆਪਣੇ ਹੋਣ ਦਾ ਅਹਿਸਾਸ ਪੈਦਾ ਹੁੰਦਾ। ਹਨੇਰੇ ਦੀ ਹਿੱਕ ਵਿਚ ਇਹ ਚਾਨਣ ਦਾ ਛੇਕ ਹੀ ਬੰਦੇ ਨੂੰ ਆਪਣੇ ਅੰਤਰੀਵ ਦੇ ਨੇੜੇ ਕਰਕੇ ਰੂਹ ਵਿਚ ਚਾਨਣ ਬੀਜਣ ਦੀ ਜਾਚ ਸਿਖਾਉਂਦਾ।

ਲੀਕਾਂ ਸਿਰਫ਼ ਲੜਾਉਂਦੀਆਂ, ਮਰਵਾਉਂਦੀਆਂ, ਮਾਤਮ ਵਿਛਾਉਂਦੀਆਂ, ਸਿਵੇ ਮਘਾਉਂਦੀਆਂ ਅਤੇ ਕਬਰਾਂ ਉਗਾਉਂਦੀਆਂ। ਲੀਕਾਂ ਤੋਂ ਬੇਮੁਖਤਾ ਹੀ ਦਰਅਸਲ ਬੰਦੇ ਦੇ ਅੰਦਰ ਦੀ ਯਾਤਰਾ 'ਤੇ ਤੁਰਨ ਦਾ ਅਹਿਦ ਹੁੰਦਾ।

ਲੀਕਾਂ ਸਿੱਧੀਆਂ ਅਤੇ ਸਪਾਟ ਹੋਣ ਤਾਂ ਮੰਜ਼ਲਾਂ ਦਾ ਮਾਰਗ ਸਪੱਸ਼ਟ। ਟੇਢੀਆਂ-ਮੇਢੀਆਂ ਹੋਣ ਤਾਂ ਮੰਜ਼ਲਾਂ ਵਲ-ਵਲਾਵਿਆਂ ਵਿਚ ਹੀ ਗਵਾਚ ਜਾਂਦੀਆਂ।

ਕੇਹਾ ਵਕਤ ਕਿ ਲੀਕਾਂ ਹੀ ਲੀਕਾਂ ਅਤੇ ਲੀਕਾਂ ਦੀ ਸਰਦਾਰੀ।
ਲੀਕਾਂ ਸਭ ਨੂੰ ਵਣਜਦੀਆਂ ਤਾਅ-ਉਮਰਾ ਖੱਜਲ ਖ਼ੁਆਰੀ।
ਲੀਕਾਂ ਸੂਲ਼ਾਂ ਤੇ ਸੂਲ਼ੀਆਂ ਬਣਦੀਆਂ ਤੇ ਕਿਸੇ ਲਈ ਸਲੀਬ,
ਪਰ ਤਖ਼ਤਾਂ ਵਾਲੇ ਸਦਾ ਕਰੇਂਦੇ ਲੀਕਾਂ ਦੀ ਅਸਵਾਰੀ।
ਲੀਕਾਂ ਰੂਹ ਤੇ ਰਿਸ਼ਤਿਆਂ 'ਚ ਉੱਗੇ ਹੋਏ ਖੱਡੇ,
ਤਾਂ ਹੀ ਸਾਂਝਾਂ ਦੀ ਉੱਜੜੀ ਬਸਤੀ ਵੱਸਦੀ ਏ ਦੁਸ਼ਵਾਰੀ।
ਇਹ ਲੀਕਾਂ ਦੇ ਅਜਬ ਵਤੀਰੇ ਕੇਹਾ ਜੱਗ ਭਰਮਾਇਆ,
ਕਿ ਆਪਣੇ ਹੀ ਆਪਣਿਆਂ ਦੀ ਕਰਦੇ ਕਬਰ-ਉਸਾਰੀ।
ਲੀਕਾਂ ਲੀਕਾਂ ਹਰ ਕੋਈ ਆਖੇ ਪਰ ਖ਼ੁਦ ਵੀ ਲੀਕਾਂ ਵਾਹੇ,
ਲੀਕਾਂ ਦਾ ਹੀ ਖੱਟਿਆ ਖਾਂਦੇ ਇਹ ਲੀਕਾਂ ਦੇ ਵਿਉਪਾਰੀ।
ਲੋਕਾ ਵੇ ਹੁਣ ਲੀਕਾਂ ਮੇਟਣ ਲਈ ਖ਼ੁਦ ਹੀ ਉੱਠਣਾ ਪੈਣਾ,
ਤਾਂ ਹੀ ਪੀੜਾਂ ਝੰਬੀ ਧਰਤ 'ਤੇ ਆਓ ਸੁਖਨ ਦੀ ਵਾਰੀ।

ਕਦੇ-ਕਦਾਈਂ ਲੀਕਾਂ ਬਾਰੇ ਸੋਚਣ ਦੇ ਨਾਲ-ਨਾਲ ਇਹ ਜ਼ਰੂਰ ਸੋਚਣਾ ਕਿ ਲੀਕਾਂ ਦੇ ਦਰਮਿਆਨ ਕੀ ਏ? 'ਕੇਰਾਂ ਸੋਚਣਾ, ਸਮਝਣਾ, ਪਹਿਚਾਨਣਾ, ਤੁਹਾਡੇ ਸੋਚ ਕਿਵਾੜ ਖੁੱਲ੍ਹ ਜਾਣਗੇ। ਲੀਕਾਂ ਦੇ ਵਿਚਕਾਰ ਬਹੁਤ ਕੁਝ ਹੁੰਦਾ ਜਿਹੜਾ ਅਸੀਂ ਸਮਝਣ ਤੋਂ ਅਸਮਰੱਥ। ਇਹੀ ਨਾਸਮਝੀ ਸਾਡੇ ਲਈ ਜੋਖ਼ਮ, ਪੀੜਾ ਅਤੇ ਦਰਦ ਬਣ ਕੇ ਕਹਿਰਵਾਨ ਹੁੰਦੀ। ਲੀਕਾਂ ਵਿਚਲੀ ਸੰਵੇਦਨਾ, ਸਰੋਕਾਰ, ਭਾਵਨਾਵਾਂ, ਮਨੋਵੇਗ ਅਤੇ ਉਥਲ-ਪੁਥਲ ਕਿਹੜੀ ਸੋਚ ਤੇ ਸੰਭਾਵਨਾਵਾਂ ਦਾ ਸੰਦੇਸ਼ ਦਿੰਦੀ, ਇਹ ਸਮਝਣਾ ਅਹਿਮ। ਦਰਅਸਲ ਲੀਕਾਂ ਦੇ ਦਰਮਿਆਨ ਦੇ ਇਹੀ ਸੱਚ ਤੋਂ ਮੁਨਕਰ ਹੈ ਅਜੋਕਾ ਮਨੁੱਖ ਤੇ ਇਹੀ ਉਸ ਦੀ ਤਰਾਸਦੀ, ਤਾਂ ਹੀ ਉਹ ਹਰਦਮ ਲੀਕਾਂ ਵਾਹੁਣ ਲਈ ਕਾਹਲਾ।

ਲੀਕਾਂ ਦਾ ਕਸਬ ਹੀ ਵੰਡਣਾ, ਪਰ ਇਹ ਲੀਕਾਂ ਨਹੀਂ ਵੰਡ ਸਕਦੀਆਂ ਵਗਦੇ ਪਾਣੀ, ਰੁਮਕਦੀ ਹਵਾ, ਉੱਡਦੇ ਬੱਦਲ, ਫੈਲਿਆ ਹੋਇਆ ਅੰਬਰ, ਸੂਰਜ, ਚੰਨ ਤੇ ਤਾਰੇ। ਨਹੀਂ ਵੰਡ ਸਕਦੀਆਂ ਪੰਛੀਆਂ ਦੀ ਪਰਵਾਜ਼, ਬੰਦਿਆਈ ਤੇ ਭਲਿਆਈ ਦਾ ਸੰਦੇਸ਼, ਅਬਲਾ ਦੀ ਹੂਕ, ਪੀੜਤਾਂ ਦੀ ਦਰਦ-ਕਹਾਣੀ, ਕੁਹਰਾਮ ਦੀ ਕੂਕ, ਭੁੱਖੇ ਤੇ ਨੰਗੇ ਢਿੱਡਾਂ ਦਾ ਵਿਰਲਾਪ, ਅੱਲੇ ਫੱਟਾਂ ਦੀ ਚੀਸ, ਭਾਈਚਾਰਕ ਸਾਂਝ, ਭਰਾਤਰੀ ਭਾਵ, ਵਿਰਾਸਤੀ ਖ਼ਜ਼ਾਨੇ, ਸ਼ਾਇਰਾਂ, ਗੁਰੂਆਂ, ਪੀਰਾਂ ਤੇ ਫ਼ਕੀਰਾਂ ਦੀ ਰੂਹੀ ਰਮਜ਼ਾਂ ਅਤੇ ਇਨਸਾਨਾਂ ਅੰਦਰ ਪਨਪਦੀ ਅੰਤਰੀਵੀ ਖਿੱਚ।


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਇਜ਼ਰਾਈਲੀ ਜੁਗਤੀਪੁਣੇ ਦੇ ਮਾਨਵੀ ਸਰੋਕਾਰਾਂ ਨੂੰ ਉਭਾਰਦੀ ਪੁਸਤਕ

ਤੁਸਾਂ ਹਨ ਲੱਭਣੇ

## ਨਵੇਂ ਤੋਂ ਨਵੇਂ ਹੱਲ

**ਕਿਵੇਂ ਇਜ਼ਰਾਇਲੀ ਜੁਗਤੀਪੁਣਾ ਦੁਨੀਆ ਸਵਾਰ ਰਿਹਾ ਹੈ**
**ਆਵੀ ਯੋਰਿਸ਼**
**ਅਨੁ.-ਪੂਨਮ ਸਿੰਘ**
**ਸਫੇ : 230, ਮੁੱਲ : 500 ਰੁਪਏ**
**ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ**




ਫੋਕਸ



**ਚਰਚਾ ਇਕ ਪੁਸਤਕ ਦੀ**

**ਨਿਰੰਜਨ ਬੋਹਾ**

ਜੇ ਹਜ਼ਾਰਾਂ ਸਾਲ ਜਲਾਵਤਨੀ ਤੇ ਉਜਾੜੇ ਦਾ ਸੰਤਾਪ ਭੋਗਣ ਦੇ ਬਾਵਜੂਦ ਯਹੂਦੀ ਕੌਮ ਆਪਣੀਆਂ ਜ਼ਾਇਅਨਵਾਦੀ ਨੀਤੀਆਂ ਕਾਰਨ ਦੁਨੀਆ ਭਰ ਦੀਆਂ ਆਰਥਿਕ ਵਿਵਸਥਾਵਾਂ 'ਤੇ ਹਾਵੀ ਪ੍ਰਭਾਵੀ ਹੋਣ ਵਿੱਚ ਸਫਲ ਰਹੀ ਹੈ ਤਾਂ ਇਸ ਵਿਚ ਇਜ਼ਰਾਈਲ ਦੇ ਲੋਕਾਂ ਦੇ ਜੁਗਤੀਪੁਣੇ ਦਾ ਸਭ ਤੋਂ ਅਹਿਮ ਯੋਗਦਾਨ ਹੈ। ਵਿਸ਼ਵ ਭਰ ਦੀ ਬੈਂਕਿੰਗ ਪ੍ਰਨਾਲੀ ਰਾਹੀਂ ਦੁਨੀਆ ਦੇ ਸਾਰੇ ਮੁਲਕਾਂ ਨੂੰ ਕਰਜ਼ਦਾਰ ਬਣਾਉਣ ਵਾਲਾ ਇਹ ਮੁਲਕ ਜੇ ਭਾਰਤ ਸਮੇਤ ਸਾਰੇ ਵਿਕਾਸਸ਼ੀਲ ਤੇ ਗਰੀਬ ਮੁਲਕਾਂ ਦੀਆਂ ਅਰਥ ਵਿਵਸਥਾਵਾਂ ਨੂੰ ਆਪਣੇ ਹਿੱਤਾਂ ਅਨੁਸਾਰ ਢਾਲਣ ਵਿਚ ਕਾਮਯਾਬ ਹੋਇਆ ਹੈ ਤਾਂ ਇਸ ਦਾ ਸਿਹਰਾ ਦੇਸ਼ ਦੇ ਉਨ੍ਹਾਂ ਵਿਗਿਆਨੀਆਂ ਸਿਰ ਵੀ ਬੱਝਦਾ ਹੈ, ਜਿਨ੍ਹਾਂ ਆਪਣੀਆਂ ਕਾਢਾਂ ਰਾਹੀਂ ਦੇਸ਼ ਦੇ ਅਰਥਚਾਰੇ ਨੂੰ ਏਨਾ ਮਜ਼ਬੂਤ ਬਣਾ ਦਿੱਤਾ ਕਿ ਅੱਜ ਇਸ ਛੋਟੇ ਜਿਹੇ ਮੁਲਕ ਦੀ ਗਿਣਤੀ ਦੁਨੀਆ ਦੇ ਵੱਡੇ ਸ਼ਾਹੂਕਾਰ ਮੁਲਕਾਂ ਵਿਚ ਹੁੰਦੀ ਹੈ। ਇਸ ਮੁਲਕ ਦੇ ਰਾਸ਼ਟਰਵਾਦੀ ਲੇਖਕ ਆਵੀ ਯੋਰਿਸ਼ ਦੀ ਹੱਥਲੀ ਪੁਸਤਕ 'ਤੁਸਾਂ ਲੱਭਣੇ ਹਨ-ਨਵੇਂ ਤੋਂ ਨਵੇਂ ਹੱਲ' ਵਿੱਚ ਇਜ਼ਰਾਈਲ ਦੀ ਕਾਢਕਾਰੀ ਤੇ ਖੋਜ ਨਾਲ ਸੰਬੰਧਤ ਅਜਿਹੀਆਂ ਕਹਾਣੀਆਂ ਸ਼ਾਮਲ ਕੀਤੀਆਂ ਹਨ, ਜਿਨ੍ਹਾਂ ਨੇ ਪੂਰੀ ਦੁਨੀਆ ਨੂੰ ਨਵੀਂ ਦਿਸ਼ਾ ਦੇਣ ਸੰਬੰਧੀ ਆਪਣੀ ਇਤਿਹਾਸਕ ਭੂਮਿਕਾ ਨਿਭਾਈ ਹੈ। ਇਸੇ ਲਈ ਲੇਖਕ ਦਾਅਵਾ ਕਰਦਾ ਹੈ, ਇਹ ਪੁਸਤਕ ਦਿਖਾਏਗੀ ਕਿ ਇਸ ਵੇਲੇ ਇਜ਼ਰਾਈਲ ਦੁਨੀਆ ਸੁਆਰਨ ਲਈ ਕੀ ਕਰ ਰਿਹਾ ਹੈ ਤੇ ਇਸ ਦੇਸ਼ ਦਾ ਵਿਸ਼ਵ ਤੌਰ 'ਤੇ ਕੀ ਅਸਰ ਪੈ ਰਿਹਾ ਹੈ।

ਇਸ ਪੁਸਤਕ ਵਿਚਲੀ ਪ੍ਰੇਰਨਾਮਈ ਇਬਾਰਤ ਦਾ ਪੰਜਾਬੀ ਅਨੁਵਾਦ 'ਪ੍ਰੀਤਲੜੀ' ਦੀ ਸੰਪਾਦਕ ਪੂਨਮ ਸਿੰਘ ਵੱਲੋਂ ਕੀਤਾ ਗਿਆ ਹੈ। ਅਨੁਵਾਦਿਕਾ ਨੇ ਸਿਰਫ ਪੁਸਤਕ ਦੀ ਭਾਸ਼ਾ ਹੀ ਤਬਦੀਲ ਨਹੀਂ ਕੀਤੀ, ਸਗੋਂ ਇਜ਼ਰਾਇਲੀ ਵਿਗਿਆਨਕਾਂ ਦੇ ਉਸ ਜਨੂੰਨ ਦਾ ਵੀ ਅਨੁਵਾਦ ਕੀਤਾ ਹੈ, ਜਿਸ ਨੂੰ ਪੰਜਾਬੀ ਪਾਠਕਾਂ ਤੱਕ ਪੁੱਜਦਾ ਕਰਨਾ ਉਹ ਜ਼ਰੂਰੀ ਸਮਝਦੀ ਹੈ। ਇਹ ਅਨੁਵਾਦ ਪੁਸਤਕ ਦੇ ਮੂਲ ਲੇਖਕ ਅੰਦਰਲੀ ਸਿਰਜਨਾਤਮਕ ਮੌਲਿਕਤਾ ਨਾਲ ਵੀ ਨਿਆਂ ਕਰਦਾ ਹੈ ਤੇ ਪੰਜਾਬੀ ਭਾਸ਼ਾ ਦੇ ਪਾਠਕਾਂ ਦੀਆਂ ਜਗਿਆਸੂ ਬਿਰਤੀਆਂ ਨੂੰ ਵੀ ਰੱਜਵੀਂ ਖੁਰਾਕ ਦਿੰਦਾ ਹੈ। ਪੁਸਤਕ ਦਾ ਲੇਖਕ ਤੇ ਅਨੁਵਾਦਕ ਸਮਕਾਲੀ ਹਨ, ਇਸ ਲਈ ਉਨ੍ਹਾਂ ਦੇ ਆਪਸੀ ਤਾਲਮੇਲ ਤੇ ਸਹਿਯੋਗ ਨੇ ਇਸ ਦੇ ਪੰਜਾਬੀ ਐਡੀਸ਼ਨ ਦੇ ਪਾਠ ਨੂੰ ਬਹੁਤ ਦਿਲਚਸਪ ਬਣਾ ਦਿੱਤਾ ਹੈ। ਇਸ ਪੰਜਾਬੀ ਐਡੀਸ਼ਨ ਲਈ ਮੂਲ ਲੇਖਕ ਆਵੀ ਯੋਰਿਸ਼ ਵੱਲੋਂ ਉਚੇਚੇ ਤੌਰ 'ਤੇ ਕੁਝ ਸ਼ਬਦ ਵੀ ਲਿਖੇ ਗਏ ਹਨ।

ਇਜ਼ਰਾਈਲ ਇੱਕ ਅਜਿਹਾ ਭੂਗੋਲਿਕ ਖਿੱਤਾ ਹੈ, ਜਿਸ ਕੋਲ ਜੀਵਨ ਵਿਕਾਸ ਲਈ ਲੋੜੀਂਦੇ ਕੁਦਰਤੀ ਵਸੀਲੇ ਬਹੁਤ ਘੱਟ ਹਨ ਤੇ ਇਸ ਦੇ ਦੁਸ਼ਮਣਾਂ ਦੀ ਗਿਣਤੀ ਬੇ-ਸ਼ੁਮਾਰ ਹੈ। ਕੌਮਾਂਤਰੀ ਪੱਧਰ ਦੇ ਵਿਰੋਧ ਦਾ ਸਾਹਮਣਾ ਕਰਦਿਆਂ ਵੀ ਉਸ ਆਪਣੀ ਵਿਕਸਿਤ ਤਕਨਾਲੋਜੀ, ਵਿਗਿਆਨਕ ਕਾਢਾਂ ਤੇ ਜੁਗਤਾਂ ਦੇ ਬਲਬੂਤੇ 'ਤੇ ਆਪਣੇ ਅਰਥਚਾਰੇ ਨੂੰ ਏਨਾ ਮਜ਼ਬੂਤ ਕਰ ਲਿਆ ਹੈ ਕਿ ਸਾਰੀ ਦੁਨੀਆ ਉਸ ਵੱਲ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖ ਰਹੀ ਹੈ। ਇਸ ਮੁਲਕ ਦੇ ਵਿਗਿਆਨੀਆਂ ਨੂੰ ਦਿਨ-ਰਾਤ ਕੰਮ ਕਰਨ ਦਾ ਜਾਨੂੰਨ ਆਪਣੇ ਜੰਗਾਂ-ਯੁੱਧਾਂ ਵਾਲੇ ਇਤਿਹਾਸਕ ਵਿਰਸੇ ਵਿੱਚੋਂ ਹੀ ਮਿਲਿਆ ਹੈ। ਇਜ਼ਰਾਈਲ ਨੇ ਬਹੁਤ ਸਾਰੀਆਂ ਰਾਜਨੀਤਕ ਤੇ ਆਰਥਿਕ ਰੋਕਾਂ ਦਾ ਸਾਹਮਣਾ ਕੀਤਾ ਹੈ, ਪਰ ਯਹੂਦੀ ਲੋਕਾਂ ਅੰਦਰਲੀ ਸਰਵੋਤਮਤਾ ਦੀ ਭਾਵਨਾ ਨੇ ਕਿਸੇ ਕੁਦਰਤੀ ਜਾਂ ਗੈਰ ਕੁਦਰਤੀ ਮੁਸੀਬਤ ਸਾਹਮਣੇ ਹਾਰ ਨਹੀਂ ਮੰਨੀ। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਉਹ ਰੱਬ ਦੇ ਭਾਈਵਾਲ ਹਨ, ਇਸ ਲਈ ਦੁਨੀਆ ਵਿੱਚ ਸਦਾਚਾਰ ਤੇ ਇਨਸਾਫ਼ ਨੂੰ ਫੈਲਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਮੁਲਕ ਦੇ ਵਿਗਿਆਨੀਆਂ ਅੰਦਰ ਵੀ ਇਹੀ ਜ਼ਾਇਨਵਾਦੀ ਭਾਵਨਾ ਕੰਮ ਕਰਦੀ ਹੈ, ਇਸ ਲਈ ਉਹ ਦੇਸ਼ ਦੇ ਲੋਕਾਂ ਨੂੰ ਕਿਸੇ ਕੁਦਰਤੀ ਜਾਂ ਗੈਰ ਕੁਦਰਤੀ ਮੁਸੀਬਤ ਦਾ ਸ਼ਿਕਾਰ ਹੋਇਆ ਵੇਖਦੇ ਹਨ ਤਾਂ ਸਾਰੇ ਸੁੱਖ-ਅਰਾਮ ਤਿਆਗ ਕੇ ਇਸ ਦਾ ਵਿਗਿਆਨਕ ਹੱਲ ਤਲਾਸ਼ ਕਰਨ ਦੇ ਕਾਰਜ ਵਿਚ ਜੁਟ ਜਾਂਦੇ ਹਨ।

ਪੁਸਤਕ ਦਾ ਚੈਪਟਰ 'ਯਹੂਦੀ ਅਲੱਗ ਨਹੀਂ ਰਹਿ ਸਕਦੇ' ਦੁਨੀਆ ਵਿੱਚ ਇਜ਼ਰਾਈਲ ਦੇ ਹਮਲਾਵਰ ਦੇਸ਼ ਹੋਣ ਬਾਰੇ ਬਣੇ ਅਕਸ਼ ਨੂੰ ਤਬਦੀਲ ਕਰਨਾ ਚਾਹੁੰਦਾ ਹੈ। ਇਸ ਲਈ ਉਹ ਇਸ ਨੂੰ ਵੱਡੇ ਦਿਲ ਵਾਲਾ ਅਜਿਹਾ ਮੁਲਕ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਦੀਆਂ ਵਿਗਿਆਨਕ ਕਾਢਾਂ ਸਾਰੀਆਂ ਦੁਨੀਆ ਨੂੰ ਸੰਵਾਰ ਰਹੀਆਂ ਹਨ। ਪੁਸਤਕ ਵਿੱਚੋਂ ਮਿਲਦੀ ਜਾਣਕਾਰੀ ਅਨੁਸਾਰ ਅਰਬ ਦੇਸ਼ਾਂ ਵੱਲੋਂ ਕੀਤੇ ਬਾਈਕਾਟ ਦੇ ਅਸਰ ਨੂੰ ਘਟਾਉਣ ਲਈ ਇਜ਼ਰਾਈਲ ਨੇ ਪਹਿਲਾਂ ਅਫਰੀਕੀ ਦੇਸ਼ਾਂ ਨਾਲ ਨੇੜਤਾ ਬਣਾਈ ਤੇ ਉਹਨਾਂ ਦੀ ਅਰਥ ਵਿਵਸਥਾ ਨੂੰ ਉੱਪਰ ਚੁੱਕਣ ਲਈ ਵਿੱਤੀ ਸਹਾਇਤਾ ਵੀ ਦਿੱਤੀ। ਜਦੋਂ ਅਰਬ ਮੁਲਕਾਂ ਦੇ ਦਬਾਅ ਅੱਗੇ ਝੁਕਦਿਆਂ ਇੱਕ ਦੋ ਕਾਲੇ ਮੁਲਕਾਂ ਨੂੰ ਛੱਡ ਕੇ ਸਾਰੇ ਅਫਰੀਕੀ ਦੇਸ਼ਾਂ ਨੇ ਉਸ ਨਾਲੋਂ ਆਪਣੇ ਕੂਟਨੀਤਕ ਸੰਬੰਧ ਤੋੜ ਲਏ ਤਾਂ ਫਿਰ ਇਸ ਭਾਰਤ-ਪਾਕਿਸਤਾਨ ਸਮੇਤ ਬਹੁਤ ਸਾਰੇ ਏਸ਼ੀਆਈ ਮੁਲਕਾਂ ਦੇ ਵਿਕਾਸ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ। ਭਾਵੇਂ ਵੱਖ-ਵੱਖ ਮੁਲਕਾਂ ਦੀ ਆਰਥਿਕ ਮਦਦ ਕਰਨ ਵੇਲੇ ਇਸ ਦੇ ਆਪਣੇ ਕੂਟਨੀਤਕ ਹਿੱਤ ਵੀ ਕਾਰਜਸ਼ੀਲ ਰਹਿੰਦੇ ਹਨ, ਫਿਰ ਵੀ ਇਸ ਵੱਲੋਂ ਛੋਟੇ ਤੇ ਵਿਕਾਸਸ਼ੀਲ ਮੁਲਕਾਂ ਦੇ ਅਰਥਚਾਰੇ ਨੂੰ ਉੱਪਰ ਚੁੱਕਣ ਅਤੇ ਆਫ਼ਤ ਮਾਰੇ ਲੋਕਾਂ ਨੂੰ ਰਾਹਤ ਪਹੁੰਚਾਉਣ ਦੇ ਰੋਲ ਨੂੰ ਛੁਟਿਆਇਆ ਨਹੀਂ ਜਾ ਸਕਦਾ।

ਪੁਸਤਕ ਦੇ ਵੱਖ-ਵੱਖ ਚੈਪਟਰ ਇਜ਼ਰਾਈਲੀ ਜੁਗਤੀਪੁਣੇ ਨਾਲ ਸੰਬੰਧਤ ਕੁਝ ਅਜਿਹੀਆਂ ਕਾਢਾਂ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੰਦੇ ਹਨ, ਜੋ ਪਹਿਲੇ ਪੜਾਅ 'ਤੇ ਵਿਗਿਆਨੀਆਂ ਦੇ ਮਨ ਵਿਚ ਇੱਕ ਫੁਰਨੇ ਵਜੋਂ ਹੀ ਪੈਦਾ ਹੋਈਆਂ। ਜਦੋਂ ਇਹ ਵਿਗਿਆਨੀ ਆਪਣੇ ਫੁਰਨੇ ਨੂੰ ਅਮਲ ਦੇ ਰੂਪ ਵਿੱਚ ਸਾਕਾਰ ਹੋਇਆ ਵੇਖਣ ਲਈ ਦਿਨ-ਰਾਤ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਤਾਂ ਉਨ੍ਹਾਂ ਦੇ ਆਤਮ-ਵਿਸ਼ਵਾਸ ਵੱਲ ਵੇਖਦਿਆਂ ਸਰਕਾਰ ਤੇ ਇਨਵੈਸਟਰ ਵੀ ਉਨ੍ਹਾਂ ਦਾ ਪੂਰਾ ਸਾਥ ਦੇਣ ਲੱਗਦੇ ਹਨ।

ਜਦੋਂ ਹਾਦਸਾ ਵਾਪਰਨ 'ਤੇ ਜ਼ਖਮੀਆਂ ਦੀ ਸੰਭਾਲ ਲਈ ਹੁੰਦੀ ਦੇਰੀ ਨੌਜਵਾਨ ਵਲੰਟੀਅਰ ਬੀਅਰ ਦੀ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ ਤਾਂ ਉਸ ਦੇ ਮਨ ਵਿਚ ਇਕ ਅਜਿਹੀ ਐਂਬੂਸਾਈਕਲ (ਮੋਟਰ ਸਾਈਕਲ ਰਾਹੀਂ ਬਣਾਈ ਮਿੰਨੀ ਐਂਬੂਲੈਂਸ) ਬਣਾਉਣ ਦਾ ਫੁਰਨਾ ਫੁਰਦਾ ਹੈ ਜਿਹੜੀ ਵਕਤ ਸਿਰ ਪਹੁੰਚ ਕੇ ਜ਼ਖਮੀਆਂ ਦਾ ਇਲਾਜ ਸ਼ੁਰੂ ਕਰ ਸਕੇ। ਇਸ ਤਰ੍ਹਾਂ ਉਸ ਵੱਲੋਂ ਬਣਾਈ ਐਂਬੂਸਾਈਕਲ ਜੱਥੇਬੰਦੀ (ਐੱਮ ਡੀ ਏ) ਹਜ਼ਾਰਾਂ ਮਨੁੱਖੀ ਜਾਨਾਂ ਨੂੰ ਬਚਾਉਣ ਵਿੱਚ ਸਫਲ ਰਹਿੰਦੀ ਹੈ। ਵਿਗਿਆਨੀ ਚੈਨਕ ਲਵੀਨ ਵੀ ਅਜਿਹੀ ਕਾਢ ਕੱਢ ਕੇ ਹਜ਼ਾਰਾਂ ਮਨੁੱਖੀ ਜਾਨਾਂ ਨੂੰ ਬਚਾਉਂਦਾ ਹੈ, ਜਿਹੜੀ ਹਮਲਾਵਰ ਮਿਜ਼ਾਈਲਾਂ ਨੂੰ ਰਾਹ ਵਿਚ ਤਬਾਹ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਉਸ ਦੀ ਆਪਣੇ ਮਿਸ਼ਨ ਪ੍ਰਤੀ ਸਮਰਪਿਤ ਭਾਵਨਾ ਦਾ ਹੀ ਪ੍ਰਮਾਣ ਹੈ ਕਿ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਹ ਆਪਣੀ ਪਤਨੀ ਨੂੰ ਫੋਨ ਕਰ ਦਿੰਦਾ ਹੈ ਕਿ ਅਗਲੇ ਪੰਜ ਸਾਲ ਉਹ ਉਸ ਨੂੰ ਨਹੀਂ ਮਿਲ ਸਕੇਗਾ।

ਇਜ਼ਰਾਈਲ ਨੂੰ ਜਿੱਥੇ ਅਰਬ ਦੇਸ਼ਾਂ ਨਾਲ ਲਗਾਤਾਰ ਲੜਾਈਆਂ ਲੜਨੀਆਂ ਪਈਆਂ, ਉੱਥੇ ਵਧੇਰੇ ਖੇਤਰ ਰੇਤਲਾ ਹੋਣ ਕਾਰਨ ਜੀਵਨ ਦੇ ਮੁੱਖ ਸਰੋਤ ਪਾਣੀ ਦੀ ਸੰਭਾਲ ਸੰਬੰਧੀ ਇਕ ਵੱਖਰੀ ਜੰਗ ਵੀ ਲੜਨੀ ਪਈ। ਦੇਸ਼ ਨੂੰ ਇਸ ਲੋੜ ਨਾਲ ਜੂਝਦਿਆਂ ਵੇਖ ਕੇ ਹੀ ਪਾਣੀ ਮਾਹਿਰ ਵਿਗਿਆਨੀ ਸਿਮਹਾ ਬਲਾਸ ਦੇ ਮਨ ਵਿਚ ਸਿੰਚਾਈ ਵੇਲੇ ਅਜਾਈਂ ਜਾਂਦੇ ਪਾਣੀ ਨੂੰ ਬਚਾਉਣ ਦਾ ਫੁਰਨਾ ਫੁਰਿਆ। ਜਦੋਂ ਮੁਲਕ ਨੇ ਇਕ ਅਜਿਹਾ ਸਿੰਝਾਈ ਇੰਤਜ਼ਾਮ ਲੱਭ ਲਿਆ, ਜਿਹੜਾ ਪਾਣੀ ਅਤੇ ਖਾਦ ਦੀ ਵੱਡੀ ਮਾਤਰਾ ਬਚਾ ਸਕਦਾ ਸੀ। ਖੁਰਾਕ ਮਾਹਿਰ ਵਿਗਿਆਨੀ ਸਲੋਮੋ ਨਾਵਾਰੋ ਨੂੰ ਇਸ ਗੱਲ ਦੀ ਚਿੰਤਾ ਰਹੀ ਕਿ ਦੁਨੀਆ ਦੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹਨ, ਪਰ ਉਹਨਾਂ ਦੇ ਹਿੱਸੇ ਦੀ ਖੁਰਾਕ ਕੀੜੇ ਖਾ ਰਹੇ ਹਨ। ਉਸ ਦੀ ਇਹ ਚਿੰਤਾ ਜਦੋਂ ਚਿੰਤਨ ਵਿਚ ਬਦਲੀ ਤਾਂ ਉਹ ਅਜਿਹੇ ਸੀਲਬੰਦ ਗ੍ਰੇਨ ਕਾਕੂਨ (ਥੈਲਾ) ਤਿਆਰ ਕਰਨ ਵਿੱਚ ਸਫ਼ਲ ਹੋ ਗਿਆ, ਜਿਸ ਵਿੱਚ ਸਾਲਾਂਬੱਧੀ ਬਗੈਰ ਕਿਸੇ ਨੁਕਸਾਨ ਤੋਂ ਅਨਾਜ ਦਾ ਭੰਡਾਰਨ ਕੀਤਾ ਜਾ ਸਕਦਾ ਹੈ।

ਪੁਸਤਕ ਦੇ ਵਧੇਰੇ ਲੇਖ ਇਜ਼ਰਾਈਲੀ ਵਿਗਿਆਨੀਆਂ ਵੱਲੋਂ ਮਾਨਵਤਾਵਾਦੀ ਤੇ ਲੋਕ ਭਲਾਈ ਦੇ ਦ੍ਰਿਸ਼ਟੀ ਤੋਂ ਕੀਤੀਆਂ ਖੋਜਾਂ ਨੂੰ ਆਪਣੇ ਕੇਂਦਰ ਵਿਚ ਰੱਖਦੇ ਹਨ। ਡਾ. ਅਮੀਤ ਗੋਫ਼ਰ ਜਦੋਂ ਇੱਕ ਦੁਰਘਟਨਾ ਦਾ ਸ਼ਿਕਾਰ ਹੋ ਕੇ ਤੁਰਨ-ਫਿਰਨ ਤੋਂ ਅਸਮਰੱਥ ਹੋ ਜਾਂਦਾ ਹੈ ਤਾਂ ਉਹ ਦੂਜਿਆਂ 'ਤੇ ਬੋਝ ਬਣਨ ਦੀ ਬਜਾਇ ਆਪਣੀ ਸਾਰੀ ਸੰਘਰਸ਼ੀ ਅਤੇ ਸੋਚਣ ਸ਼ਕਤੀ ਦੀ ਕਾਬਲੀਅਤ ਨੂੰ ਬਹਾਲ ਕਰਕੇ ਅਜਿਹੀ ਖੋਜ ਵਿੱਚ ਜੁਟ ਜਾਂਦਾ ਹੈ, ਜਿਹੜੀ ਅੱਗੇ ਜਾ ਕੇ ਅੰਗਹੀਣਾਂ ਲਈ ਵਰਦਾਨ ਸਾਬਤ ਹੁੰਦੀ ਹੈ। ਉਸ ਵੱਲੋਂ ਬਿਜਲਈ ਜੰਤਰ ਰੀਵਾਂਕ ਦੀ ਕੱਢੀ ਕਾਢ ਨੇ ਪੈਰੇਲਾਈਜ਼ ਦੇ ਸ਼ਿਕਾਰ ਲੋਕਾਂ ਨੂੰ ਫਿਰ ਤੋਂ ਤੁਰਨ-ਫਿਰਨ ਦੇ ਕਾਬਲ ਹੀ ਨਹੀਂ ਬਣਾਇਆ, ਸਗੋਂ ਲੰਗੜਿਆਂ ਅੰਦਰ ਦੌੜਨ ਦਾ ਸੁਫਨਾ ਵੀ ਪੈਦਾ ਕੀਤਾ। ਸਿਹਤ ਖੇਤਰ ਦੇ ਵਿਗਿਆਨੀ ਈਮਾਦ ਤੇ ਰੀਮ ਦੀ ਜੋੜੀ ਨੂੰ ਦਿਮਾਗ ਦਾ ਜੀ ਪੀ ਐੱਸ ਤਿਆਰ ਕਰਨ ਲਈ ਆਪਣੀ ਕਾਰ ਤੇ ਹੋਰ ਐਸ਼ੋ-ਅਰਾਮ ਦਾ ਸਾਮਾਨ ਵੇਚਣਾ ਪਿਆ, ਪਰ ਅੰਤ ਉਹ ਮਸ਼ੀਨੀ ਬੌਧਿਕਤਾ 'ਤੇ ਅਧਾਰਤ ਅਜਿਹੀ ਤਕਨੀਕ ਲੱਭਣ ਵਿਚ ਕਾਮਯਾਬ ਹੋ ਹੀ ਗਏ, ਜੋ ਬਿਨਾਂ ਇਨਸਾਨੀ ਮਦਦ ਦੇ ਦਿਮਾਗੀ ਤੰਤੂਆਂ ਦਾ ਸੰਤੁਲਨ ਬਣਾਈ ਰੱਖ ਸਕਦੀ ਹੈ। ਵਿਗਿਆਨੀ ਇਡਨ ਤੇ ਗਵੈਰੀਆਲ ਨੇ ਪੇਟ ਤੇ ਅੰਤੜੀਆਂ ਦੇ ਰੋਗਾਂ ਦੇ ਇਲਾਜ ਲਈ ਇਕ ਅਜਿਹਾ ਨਿੱਕਾ ਕੈਮਰਾ ਤਿਆਰ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ, ਜਿਹੜਾ ਕੈਪਸੂਲ ਰਾਹੀਂ ਛੋਟੀ ਆਂਤ ਵਿਚ ਦਾਖਲ ਹੋ ਕੇ ਇਸ ਵਿਚ ਆਏ ਵਿਗਾੜ ਬਾਰੇ ਸਾਫ਼ ਫੋਟੋਆਂ ਖਿੱਚ ਸਕਦਾ ਹੈ। ਜਿੱਥੇ ਮੋਸ਼ੇ ਸੋਹਮ ਤੇ ਜ਼ੇਹਾਵੀ ਵੱਲੋਂ ਰੀੜ੍ਹ ਦੀ ਹੱਡੀ ਦੇ ਇਲਾਜ ਲਈ ਰੋਬੋਟ ਤਕਨੀਕ ਦੀ ਕੱਢੀ ਕਾਢ ਦਾ ਲਾਭ ਵੀ ਅੱਜ ਲੱਖਾਂ ਲੋਕ ਉਠਾ ਰਹੇ ਹਨ ਤੇ ਉੱਥੇ ਬਰਨੱਡਬਾਰ ਨੇਤਨ ਵੱਲੋਂ ਤਿਆਰ ਕੀਤੀਆਂ ਐਮਰਜੈਂਸੀ ਕੀਟ ਰਹਿਤ ਮੈਡੀਕਲ ਪੱਟੀਆਂ ਵੀ ਗੰਭੀਰ ਰੂਪ ਵਿਚ ਜ਼ਖਮੀ ਹੋਏ ਲੋਕਾਂ ਲਈ ਵਰਦਾਨ ਸਾਬਤ ਹੋਈਆਂ ਹਨ।

ਆਪਣੇ ਨਵ-ਨਿਰਮਾਣ ਤੇ ਸਾਰੀਆਂ ਦੁਨੀਆ ਤੋਂ ਆਏ ਯਹੂਦੀਆਂ ਦੇ ਪੁਨਰ ਵਸੇਬੇ ਦੀ ਸਮੱਸਿਆ ਨਾਲ ਜੂਝਦੇ ਰਹੇ ਇਜ਼ਰਾਈਲ ਲਈ ਵੱਡੀ ਮੁਸ਼ਕਲ ਇਹ ਵੀ ਹੈ ਕਿ ਇਸ ਕੋਲ ਤੇਲ ਤੇ ਕੋਲੇ ਦੇ ਰੂਪ ਵਿੱਚ ਬਲਣ ਊਰਜਾ ਦੇ ਭੰਡਾਰ ਨਹੀਂ ਹਨ। ਵਿਗਿਆਨੀ ਜ਼ਵੀ ਟੇਬਰ ਤੇ ਬੇਨ ਨੇ ਇਸ ਘਾਟ ਦੀ ਪੂਰਤੀ ਸੂਰਜੀ ਤਾਕਤ ਰਾਹੀਂ ਕਰਨ ਬਾਰੇ ਸੋਚਿਆ ਤਾਂ ਧੁੱਪ ਦੇ ਸੰਜੋਅ ਰਾਹੀਂ ਪਾਣੀ ਗਰਮ ਕਰਨ ਵਾਲੇ ਜੰਤਰ ਦੀ ਕਾਢ ਨੇ ਜਨਮ ਲਿਆ। ਸੂਰਜੀ ਊਰਜਾ ਨਾਲ ਸੰਬੰਧਤ ਦੁਨੀਆ ਭਰ ਦੇ ਖੋਜੀ ਇਸ ਗੱਲ ਨੂੰ ਖੁੱਲ੍ਹੇ ਮਨ ਨਾਲ ਸਵੀਕਾਰਦੇ ਹਨ ਕਿ ਇਜ਼ਰਾਈਲ ਹੀ ਸੂਰਜੀ ਊਰਜਾ ਨਾਲ ਸੰਬੰਧਤ ਖੋਜਾਂ ਦਾ ਪਿਤਾਮਾ ਹੈ। ਦੁਨੀਆ ਵਿਚ ਵਧ ਰਹੇ ਸਾਈਬਰ ਅਪਰਾਧਾਂ ਤੇ ਡਾਟਾ ਚੋਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਇਜ਼ਰਾਈਲ ਵਿਗਿਆਨੀ ਗਿਲ ਸ਼ਾਵਿਦ ਤੇ ਸਲੋਮੋ ਕ੍ਰੇਮਰ ਦੀ ਕੰਪਨੀ ਚੈੱਕ ਪੁਆਇੰਟ ਵੱਲੋਂ ਤਿਆਰ ਕੀਤਾ ਸਾਫਟ ਵੇਅਰ ਫਾਇਰਵਾਲ-1 ਅੱਜ ਡਾਟਾ ਚੋਰਾਂ ਤੇ ਹੈਕਰਾਂ ਲਈ ਵੱਡੀ ਚੁਨੌਤੀ ਬਣਿਆ ਹੋਇਆ ਹੈ। ਪੁਸਤਕ ਵਿੱਚੋਂ ਮਿਲਦੀ ਜਾਣਕਾਰੀ ਅਨੁਸਾਰ ਅੱਜ ਦੇ ਸਮੇਂ ਵਿਚ ਇਹ ਅਗਨਕੰਧ ਤਕਨੀਕ 100.000 ਤੋਂ ਵੱਧ ਕਾਰੋਬਾਰਾਂ ਦੀ ਸੁਰੱਖਿਆ ਕਰ ਰਹੀ ਹੈ। ਅਕਾਸ਼ ਵਿਚ ਉੱਡਦੇ ਪੰਛੀਆਂ ਕਾਰਨ ਦੁਰਘਟਨਾਗ੍ਰਸਤ ਹੁੰਦੇ ਇਜ਼ਰਾਈਲ ਜਹਾਜ਼ਾਂ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਭਾਵੇਂ ਵਿਗਿਆਨੀ ਸੈਸ਼ੈਮ ਨੂੰ ਕਈ ਵਰ੍ਹੇ ਪੰਛੀਆਂ ਦੀ ਪਰਵਾਜ਼ 'ਤੇ ਨਜ਼ਰ ਰੱਖਣੀ ਪਈ, ਪਰ ਆਖਿਰ ਉਹ ਜਹਾਜ਼ਾਂ ਦੀ ਉਡਾਨ ਲਈ ਸਮੇਂ ਤੇ ਨਿਯਮਾਂ ਦੀ ਸਾਰਣੀ ਬਣਾਉਣ ਵਿੱਚ ਸਫਲ ਹੋ ਹੀ ਗਿਆ। ਬਨਸਪਤੀ ਵਿਗਿਆਨੀ ਯਿਗੈਲ ਯਾਦਿਨ ਵੱਲੋਂ ਵੀ ਦੋ ਸੌ ਸਾਲ ਪੁਰਾਣੇ ਬੀਜ ਨੂੰ ਫਿਰ ਤੋਂ ਜਿਉਂਦੇ ਕਰਕੇ ਵਿਗਿਆਨ ਦੇ ਖੇਤਰ ਵਿਚ ਇਕ ਨਵਾਂ ਇਤਿਹਾਸ ਰਚਿਆ ਗਿਆ ਹੈ। ਲੇਖਕ ਦਾ ਮੱਤ ਹੈ ਜਿਹੜੀ ਬਨਸਪਤੀ ਹੁਣ ਖਤਮ ਹੋ ਚੁੱਕੀ ਹੈ, ਉਸ ਦੀ ਪੁਨਰ ਸੁਰਜੀਤੀ ਜੀਵਨ ਰੱਖਿਅਕ ਦਵਾਈਆਂ ਦੇ ਨਿਰਮਾਣ ਵਿਚ ਬਹੁਤ ਸਹਾਈ ਸਿੱਧ ਹੋ ਸਕਦੀ ਹੈ।

ਅੰਤਲੇ ਦੋ ਚੈਪਟਰ ਲੇਖਕ ਦੀਆਂ ਹੁਣ ਤੱਕ ਛਪੀਆਂ ਸਾਰੀਆਂ ਕਿਤਾਬਾਂ ਦੇ ਮੰਤਵੀ ਉਦੇਸ਼ ਨੂੰ ਸਪੱਸ਼ਟ ਕਰਦੇ ਹਨ। ਲੇਖਕ ਆਪਣੇ ਮੁਲਕ ਦੀਆਂ ਸਫਲਤਾਵਾਂ ਬਾਰੇ ਵੀ ਲਿਖਦਾ ਹੈ ਤੇ ਮੁਸ਼ਕਲਾਂ ਬਾਰੇ ਵੀ। ਉਸ ਦੀਆਂ ਲਿਖਤਾਂ ਉਨ੍ਹਾਂ ਆਦਰਸ਼ਾਂ ਦੀ ਨਿਸ਼ਾਨਦੇਹੀ ਵੀ ਕਰਦੀਆਂ ਹਨ, ਜਿਨ੍ਹਾਂ 'ਤੇ ਚੱਲ ਕੇ ਕੋਈ ਮੁਲਕ ਮਹਾਨ ਬਣ ਸਕਦਾ ਹੈ। ਚਾਹੇ ਮੈਂ ਇਜ਼ਰਾਈਲ ਦੇ ਹਮਲਾਵਰ ਤੇ ਸਾਮਰਾਜੀ ਨਜ਼ਰੀਏ ਦਾ ਵਿਰੋਧੀ ਹਾਂ, ਪਰ ਮਾਨਵਤਾ ਦੇ ਪੱਖ ਵਿਚ ਭੁਗਤਣ ਵਾਲੀਆਂ ਇਸ ਦੀ ਗੈਰ ਸੈਨਿਕ ਖੇਤਰ ਦੀਆਂ ਖੋਜਾਂ ਦਾ ਸਵਾਗਤ ਕਰਨ ਵੇਲੇ ਮੈਨੂੰ ਕੋਈ ਸੰਕੋਚ ਨਹੀਂ ਹੈ। ਅਨੁਵਾਦਿਕਾ ਪੂਨਮ ਸਿੰਘ ਨੇ ਵੀ ਖੁੱਲ੍ਹੇ ਮਨ ਨਾਲ ਇਹਨਾਂ ਦਾ ਸਵਾਗਤ ਕੀਤਾ ਹੈ। ਇਸੇ ਲਈ ਹੀ ਪੁਸਤਕ ਵਿਚਲੀ ਲੇਖ ਲੜੀ ਪਹਿਲਾਂ 'ਪ੍ਰੀਤਲੜੀ' ਵਿਚ ਛਪਦੀ ਰਹੀ ਤੇ ਹੁਣ ਅਨੁਵਾਦਿਤ ਪੁਸਤਕ ਦੇ ਰੂਪ ਵਿਚ ਪੰਜਾਬੀ ਪਾਠਕਾਂ ਤੱਕ ਪਹੁੰਚੀ ਹੈ। ਪੁਸਤਕ ਦਾ ਅਨੁਵਾਦ ਬਹੁਤ ਸੁਚੱਜਾ ਹੈ। ਭਾਵੇਂ ਸੰਸਾਰ ਪੱਧਰੀ ਵਿਗਿਆਨਕ ਖੋਜਾਂ ਤੇ ਇਹਨਾਂ ਨਾਲ ਸੰਬੰਧਤ ਉਪਕਰਨਾਂ ਤੇ ਜੰਤਰਾਂ ਦੇ ਨਾਂਅ ਨਾ ਵਧੇਰੇ ਕਰਕੇ ਅੰਗਰੇਜ਼ੀ ਭਾਸ਼ਾ ਵਿਚ ਹੀ ਮਿਲਦੇ ਹਨ, ਫਿਰ ਅਨੁਵਾਦਕ ਨੇ ਪੰਜਾਬੀ ਭਾਸ਼ਾ ਵਿਚ ਇਹਨਾਂ ਦਾ ਬਦਲ ਲੱਭਣ ਦੀ ਯਥਾ-ਸੰਭਵ ਕੋਸ਼ਿਸ਼ ਜ਼ਰੂਰ ਕੀਤੀ ਹੈ।

**ਮੋਬਾਇਲ**- 89682-82700

# .ਗ਼ੈਰ-ਮਨੁੱਖੀ ਵਰਤਾਰਿਆਂ ਦੇ ਸੰਤਾਪ ਦਾ ਬਿਰਤਾਂਤ

## ਧੀਆਂ ਡਾਲਰ ਖੋਜਣ ਚੱਲੀਆਂ

**ਪ੍ਰੋ. ਕੁਲਵੰਤ ਸਿੰਘ ਔਜਲਾ**
**ਸਫੇ : 143, ਮੁੱਲ : 275 ਰੁਪਏ**
**ਸੁੰਦਰ ਬੁੱਕ ਡਿਪੋ, ਜਲੰਧਰ**

**ਸਾਹਿਤ ਚਿੰਤਨ**

**ਗੋਪਾਲ ਸਿੰਘ ਬੁੱਟਰ**

'ਧੀਆਂ ਡਾਲਰ ਖੋਜਣ ਚੱਲੀਆਂ' ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਦੂਜੀ ਵਾਰਤਕ ਪੁਸਤਕ ਹੈ। ਇਸ ਤੋਂ ਪਹਿਲਾਂ ਉਹ 'ਮਾਂ ਵਰਗੀ ਕਵਿਤਾ', 'ਜਾਗ ਪੰਜਾਬ ਤੂੰ ਜਾਗ' ਤੇ 'ਹਰਫ਼ਾਂ ਦੀ ਜਾਗੀਰ' ਨਾਮਕ ਤਿੰਨ ਕਾਵਿ ਸੰਗ੍ਰਹਿ ਅਤੇ ਇੱਕ ਵਾਰਤਕ ਪੁਸਤਕ 'ਕਵਿਤਾ ਵਰਗੀਆਂ ਧੀਆਂ' ਨਾਲ ਪੰਜਾਬੀ ਸ਼ਬਦ ਸੰਸਾਰ ਵਿੱਚ ਆਪਣੀ ਭਰਪੂਰ ਹਾਜ਼ਰੀ ਲਗਵਾ ਚੁੱਕਾ ਹੈ। ਉਂਜ ਪੰਜਾਬੀ ਸਾਹਿਤ ਜਗਤ ਵਿੱਚ ਉਹ ਆਪਣੇ ਵਿਦਿਆਰਥੀ ਜੀਵਨ ਦੇ ਦੌਰ ਤੋਂ ਹੀ ਸਰਗਰਮ ਹੈ, ਜਦ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਕ ਸਾਹਿਤਕ ਮੈਗਜ਼ੀਨ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਉਪਰੰਤ ਸਾਹਿਤਕ ਸੰਗਠਨ ਉਸਾਰ ਕੇ ਉਨ੍ਹਾਂ ਮੰਚਾਂ ਤੋਂ ਨਵੇਂ ਕਲਮਕਾਰਾਂ ਨੂੰ ਪ੍ਰਮੋਟ ਅਤੇ ਸਥਾਪਤ ਸਾਹਿਤਕਾਰਾਂ ਨੂੰ ਸਨਮਾਨਤ ਕਰਨ ਹਿੱਤ ਵੱਡੇ ਸਾਹਿਤਕ ਸਮਾਗਮ ਕਰਵਾਉਣੇ ਉਸ ਦੇ ਜੀਵਨ ਦਾ ਅਟੁੱਟ ਹਿੱਸਾ ਰਿਹਾ ਹੈ।

ਪ੍ਰੋ. ਔਜਲਾ ਬਹੁਪੱਖੀ ਪ੍ਰਤਿਭਾ ਦਾ ਸਵਾਮੀ ਹੈ। ਉਹ ਪ੍ਰਬੁੱਧ ਅਧਿਆਪਕ, ਬਹੁਤ ਹੀ ਸੂਖਮਭਾਵੀ ਤੇ ਸੰਵੇਦਨਸ਼ੀਲ ਸ਼ਾਇਰ ਹੋਣ ਦੇ ਨਾਲ-ਨਾਲ ਉਚੇਰੀ ਬੌਧਿਕ ਚਿੰਤਨੀ ਖੂਬੀ ਵੀ ਰੱਖਦਾ ਹੈ, ਜਿਸ ਤੋਂ ਬਿਨਾਂ ਸਾਹਿਤ ਚਿੰਤਨ ਨਾਲ ਹੀ ਨਹੀਂ, ਸਗੋਂ ਵਾਰਤਕ ਰੂਪੀ ਕਰਤਾਰੀ ਵਿਧਾ ਨਾਲ ਵੀ ਨਹੀਂ ਨਿਭਿਆ ਜਾ ਸਕਦਾ। ਭਾਵੇਂ ਪ੍ਰੋ. ਔਜਲਾ ਦੀ ਵਾਰਤਕ ਰਚਨਾ ਵਿੱਚ ਵੀ ਉਸ ਦੇ ਅੰਦਾਜ਼-ਏ-ਬਿਆਂ ਵਿੱਚ ਸ਼ਾਇਰਾਨਾ ਝਲਕ ਪੇਸ਼ ਹੈ, ਪਰ ਉਸ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਦਰਪੇਸ਼ ਅਸਤਿਤਵੀ ਚੁਣੌਤੀਆਂ ਦੇਖਣ, ਸਮਝਣ ਦੀ ਗਹਿਨ ਚਿੰਤਨੀ ਸੋਝੀ ਦੀ ਕਰਾਮਾਤ ਵੀ ਸ਼ਾਮਲ ਹੈ। ਰੂਪਾਕਾਰਕ ਪੱਖੋਂ ਵੀ ਵਾਰਤਕ ਲਿਖਣ ਲਈ ਲੇਖਕ ਦੀ ਬਾਰੀਕਬੀਨੀ ਅਤੇ ਉਸ ਦੇ ਗਿਆਨ ਘੇਰੇ ਦਾ ਵਸੀਹ ਹੋਣਾ ਨਿਰਧਾਰਨੀ ਮਹੱਤਵ ਰੱਖਦਾ ਹੈ। ਭਾਵ ਚੰਗੀ ਵਾਰਤਕ ਲਿਖਣ ਲਈ ਸਿਰਜਣਾਤਮਕ ਪ੍ਰਤਿਭਾ ਦੇ ਨਾਲ-ਨਾਲ ਲੇਖਕ ਦਾ ਉਚੇਰੀ ਬੌਧਿਕ ਪ੍ਰਤਿਭਾ ਸੰਪੰਨ ਜਾਂ ਤੀਖਣ ਬੁੱਧ ਅਤੇ ਗਿਆਨਵਾਨ ਹੋਣਾ ਅਤਿਅੰਤ ਲਾਜ਼ਮੀ ਹੁੰਦਾ ਹੈ। ਜਗਿਆਸੂ ਪਾਠਕ ਲੇਖਕ ਪਾਸੋਂ ਕੁਝ ਨਵੇਂ, ਰੌਚਕ ਅਤੇ ਗਿਆਨਵਰਧਕ ਸਾਹਿਤ ਦੀ ਤਵੱਕੋਂ ਰੱਖਦਾ ਹੈ। ਇਸ ਪੱਖੋਂ ਸਮਰੱਥ ਲੇਖਕ ਹੀ ਵਾਰਤਕ ਖੇਤਰ ਵਿੱਚ ਵਧੇਰੇ ਪ੍ਰਵਾਨੇ ਜਾਂਦੇ ਹਨ। ਇਸ ਦਾ ਕਾਰਨ ਅਨਾਤੋਲੀ ਲੂਨਾ ਚਾਰਸਕੀ ਦੇ ਸ਼ਬਦਾਂ ਵਿੱਚ ਇਹ ਹੈ ਕਿ ਬੁੱਧੀ ਵਾਲੇ ਮਨੁੱਖ ਲਈ ਜਿਹੜਾ ਆਪਣੀ ਤਰਕ-ਸ਼ਕਤੀ ਨੂੰ ਇੱਕ ਉੱਜਲੀ ਮਸ਼ਾਲ ਵਜੋਂ ਵਰਤਦਾ ਹੈ, ਬਹੁਤ ਸਾਰੀਆਂ ਚੀਜ਼ਾਂ ਸਪੱਸ਼ਟ ਹੋ ਜਾਂਦੀਆਂ ਹਨ, ਜਿਹੜੀਆਂ ਸਾਧਾਰਨ ਲੋਕਾਂ ਲਈ ਹਾਲੇ ਹਨੇਰੇ ਵਿੱਚ ਹੁੰਦੀਆਂ ਹਨ।




ਇਸ ਪੁਸਤਕ ਦੇ ਸਭ ਲੇਖਾਂ ਦੇ ਵਸਤੂ ਦੀ ਸਮੱਸਿਆ ਭਾਵੇਂ ਇਨਸਾਨੀ ਜੀਵਨ ਦੇ ਕਿਸੇ ਵੀ ਪਾਸਾਰ ਨਾਲ ਸੰਬੰਧਤ ਹੋਵੇ, ਪਰ ਬੌਧਿਕ ਪ੍ਰਤਿਭਾ ਦਾ ਸਵਾਮੀ ਲੇਖਕ ਉਸ ਪਿੱਛੇ ਕੰਮ ਕਰਦੀ ਸ਼ਕਤੀ ਨੂੰ ਪਛਾਨਣ ਵਿੱਚ ਕਿਤੇ ਕੁਤਾਹੀ ਨਹੀਂ ਕਰਦਾ। ਨਿਰਸੰਦੇਹ ਪਦਾਰਥਕ ਜੀਵਨ ਵਿੱਚ ਸਰਮਾਏਦਾਰੀ ਆਰਥਕ ਵਿਵਸਥਾ ਦੇ ਉਗਮਣ ਨਾਲ ਸਨਅਤੀਕਰਨ ਦੇ ਅਮਲ ਤਹਿਤ ਹੋਂਦ ਵਿੱਚ ਆਈਆਂ ਵਿਗਿਆਨਿਕ ਤੇ ਟੈਕਨਾਲੋਜੀਕਲ ਪ੍ਰਾਪਤੀਆਂ ਤੇ ਪਦਾਰਥਕ ਨਾਬਰਾਬਰੀਆਂ ਨੇ ਇਕ ਨਵੀਂ ਬੌਧਿਕ ਤੇ ਭਾਵਾਤਮਕ ਉਪਰਾਮਤਾ, ਅਕਾਂਖਿਆ ਤੇ ਅਸੁਰੱਖਿਆ ਨੂੰ ਜਨਮ ਦਿੱਤਾ ਹੈ। ਇਸੇ ਲਈ ਤਾਂ ਕਾਰਲ ਮਾਰਕਸ ਕਹਿੰਦਾ ਹੈ ਕਿ ਸਰਮਾਏਦਾਰਾਨਾ ਉਤਪਾਦਨ ਵਿਧੀਆਂ ਆਤਮਿਕ ਕਿਸਮ ਦੀਆਂ ਸਿਰਜਨਾਵਾਂ ਜਿਹੜੀਆਂ ਮਨੁੱਖ ਨੂੰ ਰੂਮਾਨੀ ਭਰਪੂਰ ਆਨੰਦ ਤੇ ਵਿਸਮਾਦ ਪ੍ਰਦਾਨ ਕਰਦੀਆਂ ਹਨ, ਨਾਲ ਦੁਸ਼ਮਣੀ ਭਾਵ ਰੱਖਦੀਆਂ ਹਨ। ਇਸ ਸੰਦਰਭ ਵਿਚ ਸਰਮਾਏਦਾਰੀ ਦੇ ਵਰਤਮਾਨ ਕਾਰਪੋਰੇਟੀ ਮੰਡੀ ਦੇ ਕਰੂਰ ਚਿਹਰੇ ਨੇ ਜਿਸ ਵਿੱਚ ਸਰਕਾਰਾਂ ਵੀ ਕਾਰਪੋਰੇਟ ਘਰਾਣਿਆਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਗਈਆਂ ਹਨ, ਜਿਸ ਤਰ੍ਹਾਂ ਮਾਨਵੀ ਮਨ ਦੀਆਂ ਕਾਮਨਾਵਾਂ ਤੇ ਲਾਲਸਾਵਾਂ ਵਿੱਚ ਭੜਕਾਹਟ, ਭਟਕਾਹਟ ਪੈਦਾ ਕਰਕੇ ਆਪਾ-ਧਾਪੀ ਦਾ ਭੁਚਾਲ ਲੈ ਆਂਦਾ ਹੈ, ਉਸ ਵਿੱਚ ਅਰਥਹੀਣ ਹੋ ਰਹੇ ਮਨੁੱਖ ਹੋਣ ਦੀ ਤਮੀਜ਼ ਤੇ ਮਾਨਵੀ ਪ੍ਰਤਿਮਾਨ ਪ੍ਰੋ. ਕੁਲਵੰਤ ਸਿੰਘ ਔਜਲਾ ਦੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਦੇ ਹਨ। ਆਪਣੀਆਂ ਰਚਨਾਵਾਂ ਵਿੱਚ ਰੂਪਾਂਤ੍ਰਤ ਇਸ ਕਿਸਮ ਦੇ ਸਮਾਜਿਕ ਯਥਾਰਥ ਬਾਰੇ ਲੇਖਕ ਆਪਣੇ ਸਵੈ-ਕਥਨ ਵਿੱਚ ਦੱਸਦਾ ਹੈ, 'ਵਿਕਾਸ ਦਾ ਕਾਰਪੋਰੇਟ ਮਾਡਲ ਸਮਾਜ ਨੂੰ ਕੰਗਾਲੀ ਵੱਲ ਧਕੇਲ ਰਿਹਾ ਹੈ। ਸੱਤਾ ਨਹੀਂ ਬਦਲਦੀ ਸਿਰਫ਼ ਚਿਹਰੇ ਬਦਲਦੇ ਹਨ। ਪਹਿਰਾਵੇ ਬਦਲਦੇ ਹਨ। ਸੱਤਾਧਾਰੀਆਂ ਦੀਆਂ ਹਰਕਤਾਂ ਦੇਖ-ਦੇਖ ਬੰਦਾ ਮਾਯੂਸ ਨਾ ਹੋਵੇ ਤਾਂ ਕੀ ਕਰੇ? ਮਾਯੂਸੀ ਅਜੋਕੇ ਮਾਤਮੀ ਮਾਹੌਲ ਦੀ ਪੈਦਾਇਸ਼ ਹੈ। ਰੋਹ-ਵਿਦਰੋਹ ਦੀ ਕੋਈ ਸ਼ਕਤੀਸ਼ਾਲੀ ਤੇ ਸੰਗਠਿਤ ਲਹਿਰ ਨਾ ਹੋਣ ਕਾਰਨ ਵਕਤ ਦਿਸ਼ਾਹੀਣ ਹੋਣ ਨੂੰ ਫਿਰਦਾ ਹੈ। ਕੁਝ ਲੋਕ ਹਨ, ਜੋ ਅਜਿਹੇ ਮਾਹੌਲ ਵਿੱਚ ਵੀ ਜੂਝ ਰਹੇ ਹਨ। ਨਿੱਕੇ-ਨਿੱਕੇ ਧੜਿਆਂ ਵਿੱਚ ਵੰਡੇ ਹੋਣ ਕਰਕੇ ਜੂਝ ਰਹੇ ਲੋਕਾਂ ਦਾ ਸੰਘਰਸ਼ ਪਰ ਆਵਾਮ ਨੂੰ ਸੰਤੁਸ਼ਟ ਨਹੀਂ ਕਰਦਾ। ਲੋਕ ਚਾਹੁੰਦੇ ਨੇ ਕੋਈ ਵੱਡੀ ਤਬਦੀਲੀ ਆਵੇ, ਪਰ ਅਜਿਹਾ ਕੁਝ ਵੀ ਵਾਪਰਦਾ ਨਜ਼ਰ ਨਹੀਂ ਆਉਂਦਾ। ਅਸਫ਼ਲਤਾਵਾਂ ਦਾ ਵਾਪਰਨਾ ਉਦਾਸੀ, ਉਦਰੇਵੇਂ ਤੇ ਅਗਲਾਵ ਨੂੰ ਜਨਮ ਦਿੰਦਾ ਹੈ। ਆਤੰਕ ਤੇ ਅੱਤਵਾਦ ਦੇ ਕਈ ਪ੍ਰਕਾਰ ਦੇ ਹਮਲੇ ਜਨ-ਜੀਵਨ ਨੂੰ ਬੇਚੈਨ ਕਰਦੇ ਹਨ।' ਉਸ ਦਾ ਇਸ ਪੁਸਤਕ ਵਿਚਲਾ 'ਆਂਦਰਾਂ ਵਿੱਚ ਬਚਿਆ ਰਹਿਣ ਦੇ ਮੌਲ਼ਾ ਥੋੜ੍ਹਾ ਜਿਹਾ ਮੋਹ' ਸਾਰੇ ਦਾ ਸਾਰਾ ਲੇਖ ਕਾਰਪੋਰੇਟੀ ਤਾਕਤਾਂ ਦੀ ਇਸ ਮਾਨਵਘਾਤੀ ਚਾਲ ਤੋਂ ਉਪਜੇ ਸੰਤਾਪ ਨਾਲ ਸੰਬੰਧਤ ਹੈ, ਜਿਸ ਵਿੱਚ ਦੁਨੀਆ ਭਰ ਦੀਆਂ ਸੁੱਖ-ਸਹੂਲਤਾਂ ਉੱਪਰ ਮੁਕੰਮਲ ਕਬਜ਼ੇ ਦੀ ਅਤਿਅੰਤ ਤੇਜ਼ ਹੋੜ ਵਿੱਚ ਮਨੁੱਖ ਮਾਨਵੀ ਸਰੋਕਾਰਾਂ ਅਤੇ ਸੰਵੇਦਨਾਵਾਂ ਪੱਖੋਂ ਕੋਰਾ ਹੁੰਦਾ ਜਾ ਰਿਹਾ ਹੈ। ਪੁਸਤਕ ਦੇ ਪਹਿਲੇ ਲੇਖ ਵਿੱਚ ਪ੍ਰੋ. ਔਜਲਾ ਧੀਆਂ ਦੇ ਵਿਦੇਸ਼ ਵੱਲ ਰੁਖ ਕਰਨ ਲਈ ਮਜਬੂਰ ਹੋਣ ਪਿੱਛੇ ਕਾਰਪੋਰੇਟੀ ਹਕੂਮਤਾਂ ਦੀ ਬਦਨੀਅਤ, ਵਕਤ ਦੀ ਬੇਰੁਖੀ ਤੇ ਰਿਜ਼ਕ ਦੀ ਮਹਾਂਮਾਰੀ ਦਾ ਕਰੂਰ ਚਿਹਰਾ ਦੇਖਦਾ ਹੈ, ਜੋ ਬੱਚਿਆਂ ਵਿੱਚ ਘੋਰ ਮੋਹ ਭੰਗਤਾ ਅਤੇ ਬੇਗਾਨਗੀ ਦੀ ਇੰਤਹਾ ਪੈਦਾ ਕਰ ਦਿੰਦਾ ਹੈ। ਜਾਇਜ਼-ਨਜਾਇਜ਼ ਤਰੀਕੇ ਨਾਲ ਵਿਦੇਸ਼ ਪਹੁੰਚੀਆਂ ਪੰਜਾਬੀ ਧੀਆਂ ਦੀਆਂ ਪ੍ਰੇਸ਼ਾਨੀਆਂ ਦੀ ਕਥਾ ਬੇਚੈਨ ਕਰਨ ਵਾਲੀ ਹੈ। ਉਹ ਸਾਰੀਆਂ ਸਥਿਤੀਆਂ ਦਾ ਪ੍ਰੋ. ਔਜਲਾ ਦੀ ਲਿਖਤ ਵਿੱਚ ਜ਼ਿਕਰ ਤੇ ਫਿਕਰ ਹੈ। ਪ੍ਰੋ. ਔਜਲਾ ਦੀ ਇਹ ਰਚਨਾ ਜਿਸ ਨੂੰ ਉਸ ਨੇ ਇਕ ਕਵੀ ਮਨ ਨਾਲ ਮਹਿਸੂਸਿਆ ਅਤੇ ਵਿਚਾਰਾਂ ਨੂੰ ਹਲੂਣਾ ਦੇਣ ਵਾਲੀ ਵਾਰਤਕ ਵਿੱਚ ਚਿਤਰਿਆ ਹਰ ਕੋਮਲ-ਚਿਤ ਆਦਮੀ ਨੂੰ ਉਪਰਾਮ ਕਰ ਸਕਦੀ ਹੈ। 'ਭਲੇ ਦਿਨਾਂ ਦੀ ਉਡੀਕ ਬਖਸ਼ ਮੌਲਾ' ਲੇਖ ਵਿੱਚ ● **ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

## ਸੱਜਰਾ ਸਾਹਿਤ

### ਪੰਛੀ ਤੇ ਕੁਦਰਤ

**ਗੁਰਪ੍ਰੀਤ ਸਿੰਘ ਜਖਵਲੀ**
**ਸਫੇ : 72, ਮੁੱਲ : 150 ਰੁਪਏ**
**ਜੇ ਪੀ ਪਬਲੀਕੇਸ਼ਨ, ਪਟਿਆਲਾ**




ਇਸ ਪੁਸਤਕ ਵਿੱਚ ਬਾਲਾਂ ਦੀ ਜ਼ਿੰਦਗੀ ਨਾਲ ਜੁੜੀਆਂ ਕਈ ਰੌਚਕ ਘਟਨਾਵਾਂ ਨੂੰ ਲੇਖਕ ਨੇ ਸਾਡੇ ਸਨਮੁੱਖ ਕੀਤਾ ਹੈ। ਪਹਿਲੀ ਰਚਨਾ ਸੁਪਨੇ ਵਿੱਚ ਰੱਬ ਰਾਹੀਂ ਬੜੀ ਮਨਮੋਹਕ ਜੁਗਤ ਰਾਹੀਂ ਪ੍ਰਕਿਰਤੀ ਦੇ ਨਿਯਮ ਦਾ ਵਿਸ਼ਲੇਸ਼ਣ ਸਾਡੇ ਸਨਮੁੱਖ ਕੀਤਾ ਗਿਆ ਹੈ। ਬਾਲ ਕਵਿਤਾਵਾਂ ਸਫਾਈ, ਪੇਰਪਾਂ ਦੀ ਤਿਆਰੀ, ਹੁਸ਼ਿਆਰ ਬੱਚੇ ਰਾਹੀਂ ਵੀ ਸੂਖਮਤਾ ਨਾਲ ਸੰਦੇਸ਼ ਦਿੱਤਾ ਗਿਆ ਹੈ। ਬੱਚੇ ਖੇਡ ਖੇਡ ਰਾਹੀਂ ਸਾਰਾ ਕੁਝ ਸਿੱਖਦੇ ਨੇ, ਟਰੈਫਿਕ ਰੂਲ ਕਵਿਤਾ ਵਿੱਚ ਬਿੱਲੀ ਤੇ ਚੂਹੇ ਵਿਚਲੇ ਸੰਵਾਦ ਰਾਹੀਂ ਇੱਕ ਵਾਤਾਵਰਣ ਸਿਰਜ ਕੇ ਬੱਚਿਆ ਨੂੰ ਟਰੈਫਿਕ ਰੂਲਾਂ ਤੋਂ ਜਾਣੂ ਕਰਵਾਉਣ ਦਾ ਸਾਰਥਕ ਉਪਰਾਲਾ ਕੀਤਾ ਗਿਆ ਹੈ। ਹੋਰ ਅਨੇਕਾ ਕਵਿਤਾਵਾਂ ਜੋ ਇਸ ਬਾਲ ਪੁਸਤਕ ਵਿੱਚ ਸ਼ਾਮਲ ਹਨ। ਇੱਕ ਤਰ੍ਹਾਂ ਨਾਲ ਬੱਚਿਆਂ ਨੂੰ ਆਪੋ ਆਪਣੇ ਵਿਲੱਖਣ ਅਦਭੁਤ ਢੰਗ ਨਾਲ ਸੰਦੇਸ਼ ਦਿੰਦੀਆਂ ਹਨ।

**-ਦੋ ਸ਼ਬਦ 'ਚੋਂ**

### ਜੰਗਲੀ ਜੀਵਾਂ ਦੀਆਂ ਕਹਾਣੀਆਂ

**ਬਾਲ ਬਾਤਾਂ**
**ਮੁਖ਼ਤਾਰ ਗਿੱਲ**
**ਸਫੇ : 43, ਮੁੱਲ : 150 ਰੁਪਏ**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**




ਇਨ੍ਹਾਂ ਕਹਾਣੀਆਂ ਦੇ ਪਾਤਰ ਵੰਨ ਸਵੰਨੇ ਜੀਵ ਜੰਤੂ ਹਨ ਜੋ ਮਨੁੱਖਾਂ ਦੀ ਭਾਂਤੀ ਬੋਲਦੇ ਵਿਚਰਦੇ ਤੇ ਵਿਵਹਾਰ ਕਰਦੇ ਹਨ, ਪ੍ਰੰਤੂ ਪ੍ਰਤੀਕਾਤਮਕ ਅਰਥਾਂ ਵਿੱਚ ਇਹ ਕਹਾਣੀਆਂ ਮਨੁੱਖੀ ਮਾਨਸਿਕਤਾ ਦੀ ਹੀ ਪੇਸ਼ਕਾਰੀ ਕਰਦੀਆਂ ਹਨ। ਇਹ ਕਹਾਣੀਆਂ ਬੱਚਿਆਂ ਨੂੰ ਹਰ ਪ੍ਰਕਾਰ ਦੀਆ ਚੁਣੌਤੀਆ ਅਤੇ ਸੰਕਟਾਂ ਦਾ ਡਟ ਕੇ ਮੁਕਾਬਲਾ ਕਰਨ ਦੀ ਊਰਜਾ ਅਤੇ ਪ੍ਰੇਰਨਾ ਦਿੰਦੀਆਂ ਹਨ।

**-ਦਰਸ਼ਨ ਸਿੰਘ ਆਸ਼ਟ**

### ਸਰਘੀ ਵੇਲੇ ਟੁੱਟਾ ਤਾਰਾ





**(ਮਰਹੂਮ ਲੱਕੀ ਦੀਆਂ ਯਾਦਾਂ ਦਾ ਕਾਵਿ ਸੰਗ੍ਰਹਿ)**
**ਮਾਸਟਰ ਗਿਆਨ ਚੰਦ ਨਈਅਰ**
**ਸਫੇ : 180, ਮੁੱਲ : 200 ਰੁਪਏ**
**ਮਨੀਸ਼ਾ ਪ੍ਰਕਾਸ਼ਨ, ਜਲੰਧਰ**

ਸਰਘੀ ਵੇਲੇ ਟੁੱਟਾ ਤਾਰਾ ਪੰਜਾਬੀ ਸਾਹਿਤ ਵਿੱਚ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ, ਜੋ ਪੋਤਰੇ ਦੇ ਵਿਯੋਗ ਵਿੱਚ ਦੁਖੀ ਬਾਬੇ ਦੀ ਵੇਦਨਾ ਹੈ। ਸਾਰੀ ਦੀ ਸਾਰੀ ਪੁਸਤਕ ਲੱਕੀ ਦੀਆਂ ਯਾਦਾਂ ਨੂੰ ਸਮਰਪਤ ਹੈ ਜੋ ਪਰਵਾਰ ਦੀ ਭੂਤਕਾਲ, ਵਰਤਮਾਨ ਤੇ ਭਵਿੱਖ ਦੇ ਨਕਸ਼ਾਂ ਦਾ ਚਿਤਰਣ ਕਰਦੀ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਪੁਸਤਕ ਵਿਚਲੀਆਂ ਕਵਿਤਾਵਾਂ ਸਧਾਰਨ ਹੁੰਦਿਆਂ ਵੀ ਆਸਾਧਰਨ ਮਹੱਤਤਾ ਰੱਖਦੀਆਂ ਹਨ ਜਿਸ ਨੂੰ ਪਾਠਕ ਆਪਣੇ ਆਪਣੇ ਢੰਗ ਨਾਲ ਅਤੇ ਵਾਚਣਗੇ।

**-ਰੂਪ ਲਾਲ ਰੂਪ**

### ਸੱਚ ਦਾ ਦੀਵਾ

**(ਕਾਵਿ ਸੰਗ੍ਰਹਿ)**
**ਸੁਖਵਿੰਦਰ ਕੌਰ ਮਣਕੂ**
**ਸਫੇ : 111, ਮੁੱਲ : 200 ਰੁਪਏ**
**ਸਾਹਿਤਯ ਕਲਸ਼ ਪਬਲਿਕੇਸ਼ਨ, ਪਟਿਆਲਾ**




ਇਸ ਨੌਜਵਾਨ ਕਵਿਤਰੀ ਨੇ ਆਪਣੇ ਕਾਵਿ-ਸੰਗ੍ਰਹਿ ਸੱਚ ਦਾ ਦੀਵਾ ਵਿੱਚ ਮੁੱਢ ਤੋਂ ਲੈ ਕੇ ਅਖੀਰ ਤੱਕ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਭਾਵਾਂ ਨੂੰ ਇਸ ਪੁਸਤਕ ਵਿੱਚ ਰੂਪਮਾਨ ਕੀਤਾ ਹੈ। ਕਵਿਤਰੀ ਨੇ ਸਮਾਜ ਬਾਰੇ, ਆਰਥਿਕ ਲੁੱਟ ਕਸੁੱਟ ਬਾਰੇ ਭ੍ਰਿਸ਼ਟ ਰਾਜਨੀਤੀ ਬਾਰੇ, ਧਰਮ ਬਾਰੇ ਪੂਰਾ ਵਿਸ਼ਾਲ ਗਿਆਨ ਆਪਣੇ ਨਿਵੇਕਲੀ ਸੂਚ ਨਾਲ ਇਸ ਕਾਵਿ ਸੰਗ੍ਰਹਿ ਵਿੱਚ ਰੂਪਮਾਨ ਕੀਤਾ ਹੈ। ਇਸ ਕਵਿਤਰੀ ਨੇ ਉਹ ਵਿਸ਼ੇ ਉਪਲਬੱਧ ਕਰਵਾਏ ਹਨ, ਜਿਨ੍ਹਾਂ ਨੂੰ ਅਜੇ ਤੱਕ ਧਨੰਤਰ ਕਵੀਆਂ ਲੇਖਕਾਂ ਨੇ ਆਪਣੀ ਕਲਮ ਦਾ ਸ਼ਿੰਗਾਰ ਨਹੀਂ ਬਣਾਇਆ। ਇਸ ਨੇ ਬੜੀ ਸੂਝ ਨਾਲ ਕਾਵਿ ਸੰਗ੍ਰਹਿ ਰੂਪੀ ਫੁਲਕਾਰੀ ਤੇ ਕਸੀਦਾਕਾਰੀ ਕੀਤੀ ਹੈ।


**- ਪ੍ਰੋ. ਜੀਤ ਸਿੰਘ ਚਾਹਿਲ**

# ਪੁਸਤਕ ਰੀਵਿਊ

## ਸਵੈ ਵਿਕਾਸ ਬਾਰੇ

**(ਵਾਰਤਕ)**
**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਪੰਨੇ-176, ਮੁੱਲ-250 ਰੁਪਏ**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

ਅਵਤਾਰ ਤਰਕਸ਼ੀਲ ਨਿਊਜ਼ੀਲੈਂਡ ਮਨੁੱਖੀ ਜੀਵਨ ਬਾਰੇ ਤਰਕਸ਼ੀਲ, ਵਿਵਹਾਰਕ ਤੇ ਉਸਾਰੂ ਨਜ਼ਰੀਆ ਰੱਖਣ ਵਾਲਾ ਲੇਖਕ ਹੈ। ਮਨੁੱਖੀ ਜੀਵਨ ਨੂੰ ਤਰਕਸ਼ੀਲ ਦ੍ਰਿਸ਼ਟੀਕੋਨ ਤੋਂ ਨਵੀਂ ਦਿਸ਼ਾ ਦੇਣ ਵਾਲੀਆਂ ਉਸ ਦੀਆਂ ਰਚਨਾਵਾਂ ਅਕਸਰ ਦੇਸ਼-ਵਿਦੇਸ਼ ਦੇ ਅਖ਼ਬਾਰਾਂ/ਮੈਗਜ਼ੀਨਾਂ ਵਿੱਚ ਵੀ ਛਪਦੀਆਂ ਰਹਿੰਦੀਆਂ ਹਨ ਅਤੇ ਕਿਤਾਬੀ ਰੂਪ ਵਿੱਚ ਵੀ ਪਾਠਕਾਂ ਤੱਕ ਆਪਣੀ ਪਹੁੰਚ ਬਣਾਈ ਰੱਖਦੀਆਂ ਹਨ। ਉਸ ਦੀ ਨਵੀਂ ਪੁਸਤਕ 'ਸਵੈ ਵਿਕਾਸ ਬਾਰੇ' ਮਿਹਨਤਕਸ਼ ਸ਼੍ਰੇਣੀ ਦੇ ਲੋਕਾਂ ਨੂੰ ਉਨ੍ਹਾਂ ਦੀ ਮਹੱਤਵਪੂਰਨ ਸਮਾਜਿਕ ਹੋਂਦ ਦਾ ਅਹਿਸਾਸ ਕਰਵਾ ਕੇ ਉਨ੍ਹਾਂ ਨੂੰ ਆਪਣੇ ਸਵੈ ਦੇ ਵਿਕਾਸ ਵਿੱਚ ਸਹਾਈ ਬਣ ਸਕਦੇ ਚਿੰਤਨ ਨਾਲ ਜੋੜਦੀ ਹੈ। ਇਹ ਪੁਸਤਕ ਨਿਊਜ਼ੀਲੈਂਡ ਵੱਲ ਪਰਵਾਸ ਕਰਨ ਵਾਲੇ ਭਾਰਤੀਆਂ ਲਈ ਅਜਿਹੇ ਦਿਸ਼ਾ-ਨਿਰਦੇਸ਼ਾਂ ਦੀ ਸਿਰਜਣਾ ਕਰਦੀ ਹੈ, ਜਿਨ੍ਹਾਂ 'ਤੇ ਅਮਲ ਕਰਕੇ ਉਹ ਨਵੀਂ ਧਰਤੀ ਵਿੱਚ ਆਪਣੀਆਂ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਜੜ੍ਹਾਂ ਬਹੁਤ ਛੇਤੀ ਲਾ ਸਕਦੇ ਹਨ। ਇਸ ਪੁਸਤਕ ਵਿਚਲਾ ਮੂਲ ਮੰਤਰ ਦੱਸਦਾ ਹੈ ਕਿ ਜੇ ਅਸੀਂ ਮਿਲੇ ਮੌਕਿਆਂ ਦੀ ਸਹੀ ਵਰਤੋਂ ਕਰਦੇ ਹਾਂ ਤਾਂ ਸਾਨੂੰ ਸਫ਼ਲ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਲਈ ਉਹ ਦਾਅਵੇ ਨਾਲ ਆਖਦਾ ਹੈ ਕਿ ਬਹੁਗਿਣਤੀ ਲੋਕਾਂ ਦੇ ਅਮੀਰ ਨਾ ਬਣ ਸਕਣ ਦਾ ਵੱਡਾ ਕਾਰਨ ਉਨ੍ਹਾਂ ਵੱਲੋਂ ਸਮੇਂ ਸਿਰ ਸਹੀ ਫੈਸਲਾ ਨਾ ਕਰ ਪਾਉਣਾ ਵੀ ਹੈ।




ਪੰਜਾਬ ਵਿਚ ਨੌਕਰੀ ਨਾ ਮਿਲਣ ਅਤੇ ਜ਼ਮੀਨ ਘੱਟ ਹੋਣ ਕਾਰਨ ਉਸ ਨੂੰ ਆਪਣਾ ਦੇਸ਼ ਛੱਡ ਕੇ ਨਿਊਜ਼ੀਲੈਂਡ ਨੂੰ ਆਪਣੀ ਕਰਮ ਭੂਮੀ ਬਣਾਉਣਾ ਪਿਆ ਤਾਂ ਉਸ ਆਪਣੀ ਮਿਹਨਤ, ਸੂਝ, ਇਮਾਨਦਾਰੀ ਤੇ ਹਾਂ-ਪੱਖੀ ਤਰਕਸ਼ੀਲ ਨਜ਼ਰੀਏ ਰਾਹੀਂ ਬਿਗਾਨੇ ਕਹੇ ਜਾਂਦੇ ਮੁਲਕ ਨੂੰ ਆਪਣਾ ਬਣਾ ਕੇ ਉੱਥੋਂ ਦੇ ਕਾਰੋਬਾਰ ਖੇਤਰ ਵਿੱਚ ਵੱਡਾ ਮੁਕਾਮ ਹਾਸਲ ਕਰ ਲਿਆ। ਕਾਰੋਬਾਰ ਦੇ ਖੇਤਰ ਵਿਚ ਜਿੰਨੀ ਸਫਲਤਾ ਉਸ ਹਾਸਲ ਕੀਤੀ ਹੈ, ਉਹ ਪਰਵਾਸ ਕਰਨ ਵਾਲੇ ਬਹੁਤ ਘੱਟ ਭਾਰਤੀਆਂ ਦੇ ਹਿੱਸੇ ਆਉਂਦੀ ਹੈ। ਉਸ ਦਾ ਮੰਨਣਾ ਹੈ ਕਿ ਜੇ ਅਸੀਂ ਆਪਣੇ ਕੰਮ 'ਚ ਮਾਹਰ ਹਾਂ ਤਾਂ ਕੂੜੇ ਦੇ ਢੇਰ ਵਿੱਚੋਂ ਵੀ ਹਜ਼ਾਰਾਂ ਡਾਲਰ ਕਮਾ ਸਕਦੇ ਹਾਂ। ਉਹ ਪੱਛਮ ਦੇ ਲੋਕਾਂ ਦੇ ਆਰਥਿਕ ਤੌਰ 'ਤੇ ਵਿਕਸਿਤ ਹੋਣ ਦਾ ਇਕ ਕਾਰਨ ਇਹ ਵੀ ਮੰਨਦਾ ਹੈ ਕਿ ਉਹ ਲੋਕ ਭਾਰਤੀਆਂ ਵਾਂਗ ਅਗਲਾ ਜਨਮ ਸੁਆਰਨ ਦੀ ਫਿਕਰ ਨਹੀਂ ਕਰਦੇ, ਸਗੋਂ ਇਸ ਜਨਮ ਨੂੰ ਸੁਆਰਨ ਦਾ ਟੀਚਾ ਰੱਖਦਿਆਂ ਕੰਮ ਨੂੰ ਹੀ ਪੂਜਾ ਸਮਝਦੇ ਹਨ। ਲੇਖਕ ਨਿਊਜ਼ੀਲੈਂਡ ਵਿਚ ਰਹਿ ਰਹੇ ਚੀਨ ਦੇ ਲੋਕਾਂ ਦੀ ਆਰਥਿਕ ਪ੍ਰਗਤੀ ਦਾ ਵਿਵਹਾਰਕ ਅਧਿਐਨ ਕਰਦਾ ਹੈ ਤਾਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਚੀਨ ਦੇ ਲੋਕ ਨੌਕਰੀ ਦੀ ਬਜਾਇ ਆਪਣੇ ਕਾਰੋਬਾਰ ਕਰਨ ਨੂੰ ਪਹਿਲ ਦਿੰਦੇ ਹਨ ਅਤੇ ਛੋਟੇ ਪੱਧਰ 'ਤੇ ਕਾਰੋਬਾਰ ਦੀ ਸ਼ੁਰੂਆਤ ਕਰਕੇ ਉਸ ਨੂੰ ਵੱਡੇ ਕਾਰੋਬਾਰ ਵਿਚ ਬਦਲਣ ਦੀ ਮੁਹਾਰਤ ਰੱਖਦੇ ਹਨ।

ਬੇਸ਼ੱਕ ਕੋਈ ਮੁਲਕ ਆਰਥਿਕ ਤੌਰ 'ਤੇ ਕਿੰਨਾ ਵੀ ਵਿਕਸਤ ਹੋਵੇ ਉਸ ਦੀਆਂ, ਫਿਰ ਵੀ ਉੱਥੇ ਦੇ ਵਸਨੀਕਾਂ ਤੇ ਸਰਕਾਰਾਂ ਨੂੰ ਕੁਝ ਵੱਖਰੀ ਤਰ੍ਹਾਂ ਦੀਆਂ ਸਮਾਜਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਿਊਜ਼ੀਲੈਂਡ ਦੇ ਲੋਕਾਂ ਲਈ ਮੁੱਖ ਸਮੱਸਿਆ ਰਹਿਣ ਲਈ ਨਵੇਂ ਘਰਾਂ ਦੀ ਘਾਟ ਦੀ ਹੈ। ਇਸ ਪੁਸਤਕ ਦੇ ਵਧੇਰੇ ਲੇਖ ਇਸ ਸਮੱਸਿਆਵਾਂ ਨੂੰ ਆਪਣੇ ਕੇਂਦਰ ਵਿਚ ਰੱਖ ਕੇ ਜਾਣਕਾਰੀ ਦਿੰਦੇ ਹਨ ਕਿ ਮੁਲਕ ਦੀ ਅਬਾਦੀ ਦੇ ਮੁਕਾਬਲੇ ਵਿਚ ਰਹਿਣ ਯੋਗ ਘਰਾਂ ਦੀ ਗਿਣਤੀ ਬਹੁਤ ਘੱਟ ਹੈ। ਇਸ ਲਈ ਇੱਥੇ ਘਰਾਂ ਦੀ ਉਸਾਰੀ, ਵੇਚ-ਖਰੀਦ ਤੇ ਘਰ ਕਿਰਾਏ 'ਤੇ ਦੇਣਾ ਵੀ ਇਕ ਵੱਡਾ ਕਾਰੋਬਾਰ ਹੈ। ਲੇਖਕ ਆਪਣੇ ਪਰਵਾਸ ਦੇ ਮੁੱਢਲੇ ਸਮੇਂ ਤੋਂ ਹੀ ਇਸ ਕਾਰੋਬਾਰ ਦੀਆਂ ਬਾਰੀਕੀਆਂ ਨੂੰ ਸਮਝਣ ਲੱਗ ਪਿਆ ਸੀ ਤੇ ਉਸ ਨੇ ਇਸ ਕਾਰੋਬਾਰ ਵਿਚ ਬਹੁਤ ਲਾਭ ਵੀ ਕਮਾਇਆ ਹੈ। ਪੁਸਤਕ ਵਿਚਲੇ ਕਈ ਲੇਖ ਆਪਣਾ ਘਰ ਬਣਾਉਣ ਦਾ ਸੁਪਨਾ ਵੇਖਣ ਵਾਲੇ ਲੋਕਾਂ ਲਈ ਇੱਕ ਗਾਈਡ ਦੀ ਭੂਮਿਕਾ ਨਿਭਾਉਂਦੇ ਹਨ। ਇਹ ਲੇਖ ਨਿਊਜ਼ੀਲੈਂਡ ਵਿਚ ਜਾ ਕੇ ਪੜ੍ਹਾਈ ਕਰਨ ਦਾ ਇਰਾਦਾ ਰੱਖਦੇ ਭਾਰਤੀ ਵਿਦਿਆਰਥੀਆਂ ਨੂੰ ਦਰਪੇਸ਼ ਆ ਸਕਦੀਆਂ ਮੁਸ਼ਕਲਾਂ ਤੇ ਇਹਨਾਂ ਦਾ ਮੁਕਾਬਲਾ ਕਰਨ ਦੇ ਹੀਲੇ-ਵਸੀਲਿਆਂ ਬਾਰੇ ਵੀ ਭਰਵੀਂ ਜਾਣਕਾਰੀ ਦਿੰਦੇ ਹਨ।

ਭਾਵੇਂ ਘਰਾਂ ਦੀ ਵੇਚ-ਖਰੀਦ ਨਾਲ ਸੰਬੰਧਤ ਲੇਖ ਦੁਹਰਾਓ ਦੇ ਸ਼ਿਕਾਰ ਹਨ, ਪਰ ਕੁਲ ਮਿਲਾ ਕੇ ਇਹ ਪੁਸਤਕ ਪਾਠਕਾਂ ਨੂੰ ਨਿਊਜ਼ੀਲੈਂਡ ਮੁਲਕ ਦੀ ਸਮਾਜਿਕਤਾ ਤੇ ਅਰਥਚਾਰੇ ਬਾਰੇ ਬਹੁਤ ਸਾਰੀਆਂ ਨਵੀਆਂ ਜਾਣਕਾਰੀਆਂ ਪ੍ਰਦਾਨ ਕਰਕੇ ਉਨ੍ਹਾਂ ਦੇ ਆਮ ਗਿਆਨ ਵਿਚ ਬਹੁਤ ਵਾਧਾ ਕਰਨ ਵਾਲੀ ਹੈ। ਮੈਂ ਤਰਕਸ਼ੀਲ ਨਜ਼ਰੀਏ ਵਾਲੀ ਇਸ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ।

**— ਨਿਰੰਜਣ ਬੋਹਾ**

## ਪੰਜਾਬੀ ਖੋਜਕਾਰ

**(ਵਾਰਤਕ)**
**ਹਰੀ ਕ੍ਰਿਸ਼ਨ ਮਾਇਰ**
**ਪੰਨੇ-112, ਮੁੱਲ-140 ਰੁਪਏ**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**

ਸਾਹਿਤਕ ਵੰਨਗੀਆਂ ਵਿੱਚੋਂ ਵਾਰਤਕ ਵਿਧਾ ਦਾ ਵੱਖਰਾ ਸਥਾਨ ਹੈ। ਵਾਰਤਕ ਵਿਚ ਸੰਬੰਧਤ ਵਿਸ਼ੇ ਦੀ ਜਾਣਕਾਰੀ ਦੇ ਨਾਲ-ਨਾਲ ਜਾਣਕਾਰੀ ਕਿਵੇਂ ਮੁਹੱਈਆ ਕਰਵਾਈ ਗਈ ਹੈ, ਵਾਰਤਕ ਸ਼ੈਲੀ ਅਤੇ ਭਾਸ਼ਾ ਦਾ ਆਪਸੀ ਸਮਤੋਲ ਕਿਵੇਂ ਰੱਖਿਆ ਗਿਆ ਹੈ, ਇਸ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਲੇਖਕ ਨੂੰ ਇਹ ਦੇਖਣਾ ਪੈਂਦਾ ਹੈ ਕਿ ਉਹ ਕਿਸ ਵਰਗ ਦੇ ਪਾਠਕਾਂ ਲਈ ਲਿਖ ਰਿਹਾ ਹੈ, ਜਿਹੜੇ ਵਿਸ਼ੇ 'ਤੇ ਲਿਖ ਰਿਹਾ ਹੈ, ਉਸ ਦਾ ਕੀ ਮਹੱਤਵ ਹੈ, ਕੀ ਵਿਸ਼ੇ ਅਨੁਸਾਰ ਭਾਸ਼ਾ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਜੇ ਵਿਸ਼ਾ ਬੱਚਿਆਂ ਨਾਲ ਸੰਬੰਧਤ ਹੈ, ਪਰ ਭਾਸ਼ਾ ਔਖੀ ਵਰਤੀ ਗਈ ਹੈ ਤਾਂ ਲਿਖਣ ਦਾ ਮਕਸਦ ਹੀ ਪੂਰਾ ਨਹੀਂ ਹੁੰਦਾ। ਜੇ ਭਾਸ਼ਾ ਵੀ ਬੱਚਿਆਂ ਅਨੁਸਾਰ ਵਰਤੀ ਹੈ, ਪਰ ਲੇਖਕ ਦੀ ਸ਼ੈਲੀ ਵਿਚ ਹੀ ਕੋਈ ਖਿੱਚ ਨਹੀਂ ਤਾਂ ਪਾਠਕਾਂ ਨੂੰ ਉਹ ਲਿਖਤ ਕਦੇ ਵੀ ਪ੍ਰਭਾਵਿਤ ਨਹੀਂ ਕਰ ਸਕਦੀ।




ਪੰਜਾਬੀ ਸਾਹਿਤ ਦੇ ਇਕ ਹਸਤਾਖਰ ਪ੍ਰਿੰਸੀਪਲ ਹਰੀ ਕ੍ਰਿਸ਼ਨ ਮਾਇਰ ਦੀ ਪੁਸਤਕ 'ਪੰਜਾਬੀ ਖੋਜਕਾਰ' ਪੜ੍ਹਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਵਿਦਵਾਨ ਲੇਖਕ ਇਕ ਸਫਲ ਵਾਰਤਾਕਾਰ ਦੇ ਤੌਰ 'ਤੇ ਆਪਣੀ ਵੱਖਰੀ ਪਹਿਚਾਣ ਬਣਾਉਣ ਵਿਚ ਸਫਲ ਹੋਇਆ ਹੈ। ਇਸ ਪੁਸਤਕ ਵਿਚ ਪੰਜਾਬ ਨਾਲ ਸੰਬੰਧਤ 22 ਵਿਗਿਆਨਕਾਂ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਹਨਾਂ ਵਿੱਚੋਂ ਕਈ ਵਿਗਿਆਨਕ ਖੋਜੀਆਂ ਨੇ ਪੰਜਾਬ ਜਾਂ ਭਾਰਤ ਨੂੰ ਹੀ ਆਪਣੀ ਕਰਮ ਭੂਮੀ ਬਣਾਉਣ ਵਿਚ ਫਖਰ ਮਹਿਸੂਸ ਕੀਤਾ ਅਤੇ ਕਈਆਂ ਨੇ ਆਪਣੀ ਖੋਜ ਦੇ ਖੇਤਰ ਦੀ ਵਿਸ਼ਾਲਤਾ ਨੂੰ ਪਹਿਚਾਣਦੇ ਹੋਏ ਵਿਦੇਸ਼ਾਂ ਵੱਲ ਉਡਾਨ ਭਰੀ ਅਤੇ ਵਿਸ਼ੇਸ਼ ਪ੍ਰਾਪਤੀਆਂ ਕਰਦੇ ਹੋਏ ਆਪਣਾ ਅਤੇ ਆਪਣੀ ਜਨਮ ਭੂਮੀ ਦੇ ਨਾਂਅ ਨੂੰ ਚਮਕਾਇਆ। ਪ੍ਰਸਤੁਤ ਪੁਸਤਕ ਦੀ ਇਕ ਵਿਸ਼ੇਸ਼ਤਾ ਹੋਰ ਹੈ ਕਿ ਲੇਖਕ ਨੇ ਇਸ ਪੁਸਤਕ ਵਿਚ ਕਈ ਅਜਿਹੇ ਖੋਜਕਾਰ ਵਿਗਿਆਨੀਆਂ ਨਾਲ ਪਾਠਕਾਂ ਦੀ ਜਾਣ-ਪਛਾਣ ਕਰਵਾਈ ਹੈ, ਜਿਨ੍ਹਾਂ ਸੰਬੰਧੀ ਪੰਜਾਬੀ ਵਿਚ ਪਹਿਲਾਂ ਬਹੁਤ ਕੁਝ ਨਹੀਂ ਸੀ ਲਿਖਿਆ ਗਿਆ। ਇਸ ਪੁਸਤਕ ਵਿਚ ਪੰਜਾਬੀ ਵਿਗਿਆਨਕ ਖੋਜੀਆਂ ਸੰਬੰਧੀ ਲੇਖ ਲਿਖੇ ਗਏ ਹਨ, ਪ੍ਰਮੁੱਖ ਹਨ-ਡਾ. ਰੁਚੀ ਰਾਮ ਸਾਹਨੀ, ਡਾ. ਬੀਰਬਲ ਸਾਹਨੀ, ਡਾ. ਸ਼ਾਂਤੀ ਸਰੂਪ ਭਟਨਾਗਰ, ਡਾ. ਬੈਂਜਾਮਿਨ ਪੀਅਰੀ ਪਾਲ, ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਪਿਆਰਾ ਸਿੰਘ ਗਿੱਲ, ਡਾ. ਹਰਗੋਬਿੰਦ ਖੁਰਾਣਾ, ਮੁਹੰਮਦ ਅਬਦੁਸ ਸਲਾਮ, ਡਾ. ਨਰਿੰਦਰ ਸਿੰਘ ਕੰਪਾਨੀ, ਪ੍ਰੋ. ਯਸ਼ਪਾਲ, ਡਾ. ਓਮ ਪ੍ਰਕਾਸ਼ ਬਹਿਲ, ਡਾ. ਦਿਲਬਾਗ ਸਿੰਘ ਅਟਵਾਲ, ਡਾ. ਖੇਮ ਸਿੰਘ ਗਿੱਲ, ਰਾਜ ਕੁਮਾਰ ਪਥਰੀਆ, ਡਾ. ਗੁਰਦੇਵ ਸਿੰਘ ਖੁਸ਼, ਪ੍ਰੋ. ਕਮਲਜੀਤ ਸਿੰਘ ਬਾਵਾ, ਪ੍ਰੋ. ਵੇਦ ਪ੍ਰਕਾਸ਼ ਸੈਂਡਲਸ, ਡਾ. ਹਰਦੇਵ ਸਿੰਘ ਵਿਰਕ, ਡਾ. ਬਲਦੇਵ ਸਿੰਘ ਢਿੱਲੋਂ, ਡਾ. ਸੁਰੇਸ਼ ਰਤਨ, ਡਾ. ਗਗਨਦੀਪ ਕੰਗ, ਪ੍ਰੋ. ਅਰਵਿੰਦ। ਇਹਨਾਂ ਵਿਚੋਂ ਕੁਝ ਖੋਜਕਾਰਾਂ ਸੰਬੰਧੀ ਤਾਂ ਪੰਜਾਬੀ ਦੇ ਆਮ ਪਾਠਕ ਵੀ ਜਾਣਦੇ ਹਨ, ਪਰ ਕਈ ਖੋਜੀਆਂ ਸੰਬੰਧੀ ਮਾਇਰ ਨੇ ਪਹਿਲੀ ਵਾਰ ਜਾਣਕਾਰੀ ਮੁਹੱਈਆ ਕਰਵਾਈ ਹੈ।

ਸਾਰੇ ਲੇਖਾਂ ਵਿਚ ਲੇਖਕ ਨੇ ਇਕ ਹੀ ਢੰਗ ਵਰਤਿਆ ਹੈ, ਮਸਲਨ ਵਿਗਿਆਨਕ ਬਾਰੇ ਕੁਝ ਸ਼ਬਦ, ਜਨਮ ਅਤੇ ਪਰਵਾਰ ਸੰਬੰਧੀ ਜਾਣਕਾਰੀ, ਵਿਦਿਅਕ ਯੋਗਤਾ, ਖੋਜ ਦਾ ਵਿਸ਼ਾ, ਆਪਣੇ ਖੇਤਰ ਦੀਆਂ ਪ੍ਰਾਪਤੀਆਂ, ਖੋਜ ਪੱਤਰ ਅਤੇ ਲਿਖੀਆਂ ਪੁਸਤਕਾਂ ਦਾ ਵੇਰਵਾ, ਇਨਾਮ/ ਸਨਮਾਨ, ਸ਼ੌਕ ਅਤੇ ਸਮੇਟਵੀਂ ਟਿੱਪਣੀ ਆਦਿ। ਲੇਖਕ ਨੇ ਇਸ ਢੰਗ ਨਾਲ ਪਾਠਕ ਨੂੰ ਸੰਬੰਧਤ ਖੋਜਕਾਰ ਸੰਬੰਧੀ ਮੁੱਢਲੀ ਜਾਣਕਾਰੀ ਦੇ ਕੇ ਇਹਨਾਂ ਮਹਾਨ ਪੰਜਾਬੀ ਖੋਜੀਆਂ ਸੰਬੰਧੀ ਵਿਸਤਾਰ ਵਿਚ ਜਾਣਕਾਰੀ ਪ੍ਰਾਪਤ ਕਰਨ ਦੀ ਚਿਣਗ ਸੁਲਘਾ ਦਿੱਤੀ ਹੈ। ਇਸ ਨੂੰ ਉੱਚ ਕੋਟੀ ਦੇ ਲੇਖਕ ਅਤੇ ਵਧੀਆ ਲਿਖਤ ਦੀ ਪ੍ਰਾਪਤੀ ਮੰਨਿਆ ਜਾਂਦਾ ਹੈ, ਜਦੋਂ ਪਾਠਕ ਦੇ ਮਨ ਵਿਚ ਸੰਬੰਧਤ ਵਿਸ਼ੇ ਪ੍ਰਤੀ ਹੋਰ ਰੁਚੀ ਪੈਦਾ ਹੋਵੇ। ਹਰੀ ਕ੍ਰਿਸ਼ਨ ਮਾਇਰ ਦੀ ਸ਼ੈਲੀ ਦਾ ਮੀਰੀ ਗੁਣ ਇਹ ਹੈ ਕਿ ਉਹ ਕੁਝ ਸ਼ਬਦਾਂ ਵਿਚ ਹੀ ਬਹੁਤੀ ਜਾਣਕਾਰੀ ਦੇ ਜਾਂਦਾ ਹੈ।

ਨਿਰਸੰਦੇਹ ਇਸ ਪੁਸਤਕ ਨਾਲ ਪੰਜਾਬ ਦੀਆਂ ਖੋਜੀ ਸ਼ਖਸੀਅਤਾਂ ਨਾਲ ਜਾਣ-ਪਛਾਣ ਕਰਵਾ ਕੇ ਪੰਜਾਬੀ ਪਾਠਕਾਂ ਲਈ ਵਧੀਆ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਕੁਝ ਲੇਖਾਂ ਵਿਚ ਨਿਰੋਲ ਵਿਗਿਆਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਪਰ ਉਸ ਲਈ ਲੇਖਕ ਦੀ ਕੋਈ ਗਲਤੀ ਨਹੀਂ, ਬਲਕਿ ਪੰਜਾਬੀ ਵਿਚ ਵਿਗਿਆਨਕ ਸ਼ਬਦਾਵਲੀ ਦੀ ਹੀ ਘਾਟ ਹੈ। ਇਹ ਪੁਸਤਕ ਬੱਚਿਆਂ ਅਤੇ ਵੱਡਿਆਂ ਦੋਹਾਂ ਲਈ ਪੜ੍ਹਨਯੋਗ ਹੈ। ਸੌਖੀ ਸ਼ਬਦਾਵਲੀ ਵਿੱਚ ਰਚੀ ਇਹ ਪੁਸਤਕ ਪਾਠ ਪੁਸਤਕ ਬਣਨ ਦੀ ਸਮਰੱਥਾ ਰੱਖਦੀ ਹੈ।

**- ਰਵਿੰਦਰ ਸਿੰਘ ਸੋਢੀ**



ਸਾਹਿਤਕਾਰ ਮੁਖ਼ਤਿਆਰ ਸਿੰਘ ਬੰਗੜ ਆਪਣੀਆਂ ਲਿਖੀਆਂ ਕਿਤਾਬਾਂ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਨੂੰ ਭੇਟ ਕਰਦੇ ਹੋਏ। ਨਾਲ ਖੜੇ ਹਨ ਸਪੋਰਟਸ ਸੁਪਰਵਾਈਜ਼ਰ ਨਛੱਤਰ ਸਿੰਘ ਮਾਹਲਾ।

## 'ਅਣੂ' ਜੂਨ ਅੰਕ ਲੋਕ ਅਰਪਣ

**ਲੁਧਿਆਣਾ**-ਸਤੀਸ਼ ਧਵਨ ਸਰਕਾਰੀ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ, ਸਮੂਹ ਅਧਿਆਪਕਾਂ ਅਤੇ ਸਾਹਿਤਕਾਰਾਂ ਨੇ ਮਿੰਨੀ ਪੱਤ੍ਰਿਕਾ 'ਅਣੂ' ਦਾ ਅੰਕ ਰਿਲੀਜ਼ ਕੀਤਾ। ਇਸ ਸਮੇਂ 'ਅਣੂ' ਮੰਚ ਦੇ ਸੰਚਾਲਕ ਸੁਰਿੰਦਰ ਕੈਲੇ ਨੇ ਦੱਸਿਆ ਕਿ ਇਹ ਪੱਤ੍ਰਿਕਾ ਚੁਰੰਜਾ ਵਰ੍ਹੇ ਪਹਿਲਾਂ ਕਲਕੱਤੇ ਤੋਂ ਸ਼ੁਰੂ ਹੋਈ ਸੀ ਤੇ ਅੱਜ ਤੱਕ ਲਗਾਤਾਰ ਜਾਰੀ ਹੈ। ਪ੍ਰਿੰਸੀਪਲ ਸੰਧੂ, ਕਾਲਜ ਦੇ ਐਲੂਮਨਾਈ ਬਰਿਜ ਭੂਸ਼ਨ ਗੋਇਲ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ 'ਅਣੂ' ਆਪਣੇ-ਆਪ ਵਿਚ ਸਾਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਦ੍ਰਿਸ਼ ਸਾਹਮਣੇ ਲੈ ਆਉਂਦੀ ਹੈ। ਅਕਾਡਮੀ ਦੇ ਪ੍ਰਬੰਧਕੀ ਬੋਰਡ ਮੈਂਬਰ ਵਾਹਿਦ (ਉਰਫ਼ ਸਤਨਾਮ ਸਿੰਘ) ਸਮੇਤ ਅਧਿਆਪਕ ਅਨੁਰਾਗ ਅਰੋੜਾ, ਦਿਲਬਾਗ ਸਿੰਘ, ਹਰਸਿਮਰਨ ਕੌਰ, ਪਰਮਜੀਤ ਸਿੰਘ, ਲਖਵਿੰਦਰ ਸਿੰਘ, ਅਸ਼ੂਮਨੀ ਸਿੰਗਲਾ, ਸੁਖਜਿੰਦਰ ਕੌਰ, ਦਵਿੰਦਰ ਸਿੰਘ, ਹਰਜਿੰਦਰ ਸਿੰਘ, ਗੀਤਾਂਜਲੀ ਪਪਰੇਜਾ ਆਦਿ ਸ਼ਾਮਲ ਸਨ।

# ਨਵਤੇਜ ਸਿੰਘ ਦੀ ਜਨਮ ਸ਼ਤਾਬਦੀ ਮੌਕੇ ਇਕ ਰੋਜ਼ਾ ਸੈਮੀਨਾਰ



**ਨਵੀਂ ਦਿੱਲੀ** : ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਨਵਤੇਜ ਸਿੰਘ ਦੀ ਜਨਮ ਸ਼ਤਾਬਦੀ ਮਨਾਉਂਦਿਆਂ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ, ਆਈ.ਟੀ.ਓ ਵਿਖੇ ਕਰਵਾਏ ਗਏ ਇਕ-ਰੋਜ਼ਾ ਸੈਮੀਨਾਰ ਵਿਚ ਵਿਦਵਾਨਾਂ ਤੇ ਬੁਲਾਰਿਆਂ ਨੇ ਕਿਹਾ ਕਿ ਨਵਤੇਜ ਸਿੰਘ ਕਹਾਣੀਕਾਰ ਤਾਂ ਵੱਡੇ ਸਨ ਹੀ, ਆਪਣੇ ਪਿਤਾ ਗੁਰਬਖ਼ਸ਼ ਸਿੰਘ ਨਾਲ ਲੱਗਭੱਗ ਪੰਝੀ ਸਾਲ ਤੱਕ ਪ੍ਰੀਤਲੜੀ ਦੇ ਸਹਿ-ਸੰਪਾਦਕ ਦੇ ਤੌਰ 'ਤੇ ਵੀ ਪੰਜਾਬੀ ਸਾਹਿਤ ਜਗਤ ਨੂੰ ਉਹਨਾਂ ਦੀ ਵਿਸ਼ੇਸ਼ ਦੇਣ ਹੈ। ਮੁੱਖ ਮਹਿਮਾਨ ਵਜੋਂ ਪਹਿਲੇ ਸੈਸ਼ਨ ਵਿਚ ਸ਼ਾਮਲ ਹੋਈ ਉੱਘੀ ਲੇਖਿਕਾ ਪਦਮਸ੍ਰੀ ਅਜੀਤ ਕੌਰ ਨੇ ਨਵਤੇਜ ਸਿੰਘ ਦੀ ਮਿਕਨਾਤੀਸੀ ਤੇ ਨਿਮਰ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਵਿਸ਼ੇਸ਼ ਮਹਿਮਾਨ ਡਾ. ਤਰਲੋਚਨ ਸਿੰਘ, ਸਾਬਕਾ ਐੱਮ.ਪੀ. ਅਤੇ ਸਾਬਕਾ ਚੇਅਰਮੈਨ, ਮਨੁੱਖੀ ਅਧਿਕਾਰ ਕਮਿਸ਼ਨ ਨੇ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਨਵਤੇਜ ਸਿੰਘ ਨੇ ਹੀ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਉਹਨਾਂ ਨਾਲ ਮਿਲਾਇਆ ਸੀ। ਡਾ. ਵਨੀਤਾ ਨੇ ਕਿਹਾ ਕਿ ਮੈਨੂੰ ਸਾਹਿਤ ਦੀ ਜਾਗ ਸ਼ਾਇਦ ਨਵਤੇਜ ਤੋਂ ਹੀ ਲੱਗੀ ਸੀ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਪ੍ਰਧਾਨ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਨਵਤੇਜ ਦੇ ਕਥਾ ਜਗਤ ਤੇ ਵਿਅਕਤੀਤਵ 'ਤੇ ਚਾਨਣਾ ਪਾਇਆ। ਧੰਨਵਾਦੀ ਸ਼ਬਦ ਕਹਿੰਦਿਆਂ ਸਭਾ ਦੇ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਵੱਲੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਪ੍ਰਚਾਰ-ਪ੍ਰਸਾਰ ਲਈ ਗੋਸ਼ਟੀਆਂ ਤੇ ਸੈਮੀਨਾਰ ਕਰਵਾਏ ਜਾਂਦੇ ਹਨ। ਇਸੇ ਲੜੀ ਵਿਚ ਨਵਤੇਜ ਹੁਰਾਂ ਦੀ ਜਨਮ ਸ਼ਤਾਬਦੀ ਮੌਕੇ ਇਹ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਅਗਲਾ ਸੈਸ਼ਨ 'ਯਾਦਾਂ ਨਵਤੇਜ ਸਿੰਘ ਦੀਆਂ' ਪ੍ਰੋ. ਭਗਵਾਨ ਜੋਸ਼ ਦੀ ਪ੍ਰਧਾਨਗੀ 'ਚ ਹੋਇਆ। ਇਸ ਦੌਰਾਨ ਸੁਕੀਰਤ ਨੇ ਨਵਤੇਜ ਸਿੰਘ ਨੂੰ ਇਕ ਸਾਹਿਤਕਾਰ, ਸੰਪਾਦਕ ਤੇ ਰਾਜਸੀ ਕਾਰਕੁੰਨ ਵਜੋਂ ਯਾਦ ਕੀਤਾ। ਇਸ ਸੈਸ਼ਨ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਨਵਤੇਜ ਸਿੰਘ ਦੀ ਮਾਮੀ ਨੇ ਬੜੇ ਭਾਵਪੂਰਕ ਤਰੀਕੇ ਨਾਲ ਨਵਤੇਜ ਨੂੰ ਯਾਦ ਕੀਤਾ। ਸਿੰਮੀ ਨੇ ਵੀ ਆਪਣੇ ਫੁੱਫੜ ਨਵਤੇਜ ਸਿੰਘ ਬਾਰੇ ਦਿਲਚਸਪ ਗੱਲਾਂ ਦੱਸੀਆਂ। ਬਚਿੰਤ ਕੌਰ ਦੀਆਂ ਨਵਤੇਜ ਬਾਰੇ ਲਿਖੀਆਂ ਯਾਦਾਂ ਡਾ. ਗੁਰਦੀਪ ਕੌਰ ਨੇ ਪੜ੍ਹ ਕੇ ਸੁਣਾਈਆਂ ਅਤੇ ਨਵਤੇਜ ਸਿੰਘ ਦੇ ਕਹਾਣੀ ਸੰਗ੍ਰਹਿ 'ਭਾਈਆਂ ਬਾਝ' ਦਾ ਨਵਾਂ ਐਡੀਸ਼ਨ ਰਿਲੀਜ਼ ਕੀਤਾ ਗਿਆ। ਆਖਰੀ ਅਕਾਦਮਿਕ ਸੈਸ਼ਨ ਵਿਚ ਡਾ. ਰਜਨੀ ਬਾਲਾ ਨੇ ਨਵਤੇਜ ਸਿੰਘ ਦੇ ਕਥਾ-ਜਗਤ ਤੇ ਕਥਾ-ਜੁਗਤ ਬਾਰੇ ਗੱਲਾਂ ਕੀਤੀਆਂ। ਡਾ. ਬਲਜਿੰਦਰ ਨਸਰਾਲੀ ਨੇ ਨਵਤੇਜ ਸਿੰਘ ਦੀ ਸਾਹਿਤ ਨੂੰ ਦੇਣ ਬਾਰੇ ਗੱਲ ਕਰਦਿਆਂ ਕਿਹਾ ਕਿ ਪ੍ਰੀਤਲੜੀ ਪਰਵਾਰ ਦਾ ਮਿੱਥ ਵਰਗਾ ਕੰਮ ਹੈ। ਡਾ. ਜਸਵਿੰਦਰ ਕੌਰ ਬਿੰਦਰਾ ਨੇ ਨਵਤੇਜ ਸਿੰਘ ਦੀਆਂ ਕਹਾਣੀਆਂ ਵਿਚਲੇ ਸਰੋਕਾਰਾਂ ਬਾਰੇ ਪੇਪਰ ਪੜ੍ਹਿਆ ਅਤੇ ਡਾ. ਹਰਵਿੰਦਰ ਸਿੰਘ ਨੇ 'ਨਵਤੇਜ ਸਿੰਘ ਦਾ ਰਚਨਾ ਸੰਸਾਰ: ਪ੍ਰਗਤੀਵਾਦ ਅਤੇ ਵਿਚਾਰਧਾਰਕ ਜ਼ਮੀਨ' ਵਿਸ਼ੇ 'ਤੇ ਪਰਚਾ ਪੇਸ਼ ਕੀਤਾ।ਇਸ ਮੌਕੇ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੇ ਕਨਵੀਨਰ ਤੇ ਚਿੰਤਕ ਪ੍ਰੋ. ਰਵੇਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਨਵਤੇਜ ਸਿੰਘ ਦੇ ਬਿਲਕੁਲ ਅਣਗੌਲੇ ਰਹਿ ਗਏ ਪੱਖ ਬਾਰੇ ਜ਼ਿਕਰ ਕੀਤਾ ਕਿ ਉਹਨਾਂ ਨੇ 'ਲਤਿਕਾ' ਨਾਟਕ ਵਿਚ ਅਦਾਕਾਰੀ ਵੀ ਕੀਤੀ ਸੀ। ਉਹਨਾਂ ਅੱਗੇ ਕਿਹਾ ਕਿ ਜਨਮ ਸ਼ਤਾਬਦੀ ਵਰ੍ਹਾ ਮਨਾ ਕੇ ਅਸੀਂ ਲੇਖਕ ਨੂੰ ਰੀਵਿਜ਼ਿਟ ਕਰਦੇ ਹਾਂ। ਸੈਮੀਨਾਰ ਵਿਚ ਹੋਰਾਂ ਸਮੇਤ ਨਾਮਵਰ ਚਿੱਤਰਕਾਰ ਅਰਪਨਾ ਕੌਰ, ਜੋਤਸਨਾ ਪਾਲ, ਪ੍ਰੋ. ਕੁਲਵੀਰ ਗੋਜਰਾ, ਪੰਜਾਬੀ ਅਕਾਦਮੀ ਦਿੱਲੀ ਦੇ ਸਾਬਕਾ ਸਕੱਤਰ ਗੁਰਭੇਜ ਸਿੰਘ ਗੁਰਾਇਆ, ਹਰਵਿੰਦਰ ਸਿੰਘ ਭਾਟੀਆ (ਖਜ਼ਾਨਚੀ), ਡਾ. ਅਮਨਦੀਪ ਸਿੰਘ, ਤਿਰਲੋਚਨ ਕੌਰ, ਮਨੀਸ਼, ਕੰਵਲਜੀਤ ਢਿੱਲੋਂ, ਮਹਿੰਦਰ ਸਿੰਘ ਕੂਕਾ, ਸੁਰਿੰਦਰ ਸਿੰਘ ਓਬਰਾਏ, ਕੁਝ ਪ੍ਰਕਾਸ਼ਕ, ਖੋਜਾਰਥੀ ਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ।ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਇਸ ਸਫਲ ਆਯੋਜਨ ਵਿਚ ਸ਼ਾਮਲ ਹੋਏ ਸਾਰੇ ਸਾਹਿਤਕਾਰਾਂ, ਪ੍ਰਕਾਸ਼ਕਾਂ, ਖੋਜਾਰਥੀਆਂ ਤੇ ਨਵਤੇਜ ਸਿੰਘ ਦੇ ਪਰਵਾਰ ਦੇ ਮੈਂਬਰਾਂ ਦਾ ਧੰਨਵਾਦ ਕੀਤਾ।

## ਕਹਾਣੀ ਸੰਗ੍ਰਹਿ 'ਲਾਲ ਰੱਤਾ' 'ਤੇ ਵਿਚਾਰ-ਚਰਚਾ

**ਮੋਹਾਲੀ**-ਸਵਪਨ ਫਾਉਂਡੇਸ਼ਨ, ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਮੋਹਾਲੀ ਦੇ ਸਹਿਯੋਗ ਨਾਲ ਭਾਸ਼ਾ ਵਿਭਾਗ ਦੇ ਵਿਹੜੇ ਵਿਖੇ ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' 'ਤੇ ਵਿਚਾਰ ਚਰਚਾ ਕਰਵਾਈ ਗਈ।ਸਭ ਤੋਂ ਪਹਿਲਾਂ ਸੁਆਗਤ ਕਰਦੇ ਹੋਏ ਜ਼ਿਲ੍ਹਾ ਖੋਜ ਅਫ਼ਸਰ ਡਾ. ਦਰਸ਼ਨ ਕੌਰ ਨੇ ਕਿਹਾ ਕਿ ਸਮਕਾਲ ਵਿਚ ਲਿਖੀਆਂ ਜਾ ਰਹੀਆਂ ਕਹਾਣੀਆਂ ਆਪਣੇ ਵਿਸ਼ਾ-ਵਸਤੂ ਕਾਰਨ ਵਿਲੱਖਣ ਹਨ। ਇਸ ਤੋਂ ਬਾਅਦ ਸੁਰਜੀਤ ਸੁਮਨ ਨੇ ਚਰਚਾ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਇਹ ਕਹਾਣੀਆਂ ਇਕ ਵਿਸ਼ੇ ਵਿਚ ਕਈ ਵਿਸ਼ੇ ਸਮੇਟਦੀਆਂ ਹਨ, ਉਹਨਾਂ ਤੁਖਮ, ਵੈਰਾਗ ਕਹਾਣੀ 'ਚੋਂ ਕਈ ਨੁਕਤੇ ਸਾਂਝੇ ਕੀਤੇ। ਇਸ ਉਪਰੰਤ ਉੱਘੇ ਆਲੋਚਕ ਡਾ. ਤੇਜਿੰਦਰ ਸਿੰਘ ਨੇ ਅੱਠ ਕਹਾਣੀਆਂ ਬਾਰੇ ਵਿਸਥਾਰ ਸਹਿਤ ਗੱਲ ਕਰਦੇ ਹੋਏ ਕਿਹਾ ਕਿ ਇਹਨਾਂ ਕਹਾਣੀਆਂ ਵਿਚ ਪੰਜਾਬੀ ਸਮਾਜ ਦੇ ਕਈ ਘਿਣਾਉਣੇ ਪੱਖ ਵੀ ਉਜਾਗਰ ਹੁੰਦੇ ਹਨ। ਉਹਨਾਂ ਨੇ 'ਤੁਖਮ' ਕਹਾਣੀ ਬਾਬਤ ਬੋਲਦਿਆਂ ਕਿਹਾ ਕਿ ਅਸੀਂ ਵਿਗਿਆਨਕ ਤਾਂ ਹੋ ਗਏ ਹਾਂ, ਪਰ ਵਿਗਿਆਨਕ ਵਿਚਾਰਧਾਰਾ ਨਹੀਂ ਅਪਣਾਈ। ਉਹਨਾਂ ਕਿਹਾ ਕਿ ਇਹਨਾਂ ਕਹਾਣੀਆਂ ਦਾ ਸੁਆਗਤ ਹੋਣਾ ਚਾਹੀਦਾ ਹੈ।ਇਸ ਉਪਰੰਤ ਪਰਮਜੀਤ ਮਾਨ ਨੇ ਕਿਹਾ ਕਿ ਕਹਾਣੀ ਸਮਾਜ ਵਿੱਚੋਂ ਹੀ ਉਪਜਦੀ ਹੈ ਅਤੇ ਮਨੁੱਖ ਦੀ ਬਾਤ ਪਾਉਂਦੀ ਹੈ। ਉਹਨਾਂ ਪਹਾੜਾਂ ਦੇ ਸਫ਼ਰ ਦੀ ਕਹਾਣੀ 'ਹੈਪੀ ਐਂਡਿੰਗ ਦੇ' ਕਈ ਪੱਖ ਉਭਾਰੇ। ਚਰਚਾ ਦੇ ਅਗਲੇ ਦੌਰ ਵਿਚ ਦੀਪਤੀ ਬਬੂਟਾ ਨੇ ਕਹਾਣੀਆਂ ਵਿਚ ਵਾਧੂ ਵਿਸਥਾਰ ਵੱਲ ਇਸ਼ਾਰਾ ਕੀਤਾ। ਉਹਨਾਂ ਕਈ ਕਹਾਣੀਆਂ ਦੀ ਬੁਣਤਰ ਦੀ ਵਡਿਆਈ ਵੀ ਕੀਤੀ।

ਡਾ. ਪ੍ਰਵੀਨ ਕੁਮਾਰ ਨੇ ਵੱਖਰੇ ਜ਼ਾਵੀਏ ਤੋਂ ਗੱਲ ਕਰਦੇ ਹੋਏ ਕਹਾਣੀਆਂ ਦੀ ਫਿਲਾਸਫੀ, ਆਧੁਨਿਕਤਾ ਤੇ ਨੈਤਿਕਤਾ ਬਾਰੇ ਗੱਲ ਕੀਤੀ। ਉਹਨਾਂ 'ਇਕ ਮਜ਼ਾਰ ਹੋਰ' ਕਹਾਣੀ ਬਾਬਤ ਬੋਲਦਿਆਂ ਕਿਹਾ ਕਿ ਇਹ ਸੰਸਥਾਵਾਂ ਆਧੁਨਿਕਤਾ ਨੂੰ ਸਿਖਰ 'ਤੇ ਲਿਜਾਣ ਵਾਲੀਆਂ ਹਨ। ਇਸ ਤੋਂ ਬਾਅਦ ਬਲੀਜੀਤ ਨੇ 'ਲਾਲ ਰੱਤਾ' ਬਾਰੇ ਬੋਲਦਿਆਂ ਕਿਹਾ ਕਿ ਇਹ ਕਹਾਣੀਆਂ ਤਜਰਬੇ ਵਿੱਚੋਂ ਆਈਆਂ ਹਨ, ਹਵਾ ਵਿੱਚੋਂ ਨਹੀਂ, ਲੇਖਕ ਦੀ ਘੁੰਮਕੜੀ ਬਿਰਤੀ ਨੇ ਉਸ ਤੋਂ ਇਹ ਕਹਾਣੀਆਂ ਲਿਖਵਾਈਆਂ ਹਨ। ਚਰਚਾ ਦੇ ਅਗਲੇ ਹਿੱਸੇ ਵਿੱਚ 'ਕਹਾਣੀਧਾਰਾ' ਦੇ ਸੰਪਾਦਕ ਭਗਵੰਤ ਰਸੂਲਪੁਰੀ ਨੇ ਕਿਹਾ ਕਿ ਜੇ ਕਹਾਣੀਆਂ ਵਿਚ ਜਾਨ ਸੀ ਤਾਂ ਉਹ ਏਥੇ ਤੱਕ ਪਹੁੰਚੀਆਂ ਹਨ। ਉਹਨਾਂ ਉਦਾਹਰਨ ਦਿੰਦੇ ਹੋਏ ਕਿਹਾ ਕਿ ਖਾਲੀ ਬੋਰੀ ਡਿੱਗ ਪੈਂਦੀ ਹੈ, ਜਿਸ ਬੋਰੀ ਵਿਚ ਦਾਣੇ ਹੋਣਗੇ, ਉਹੀ ਖੜੀ ਰਹੇਗੀ।ਇਸ ਕਿਤਾਬ 'ਚ ਨਿੱਗਰ ਦਾਨਿਆਂ ਦੇ ਰੂਪ 'ਚ ਕਈ ਕਹਾਣੀਆਂ ਹਨ। ਉਹਨਾਂ 'ਇਕ ਮਜ਼ਾਰ ਹੋਰ' ਕਹਾਣੀ ਦਾ ਉਚੇਚ ਨਾਲ ਜ਼ਿਕਰ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਉੱਘੇ ਕਵੀ, ਵਾਰਤਕਕਾਰ ਗੁਰਦੇਵ ਚੌਹਾਨ ਨੇ ਕਿਹਾ ਕਿ ਇਹਨਾਂ ਕਹਾਣੀਆਂ ਵਿਚ ਪ੍ਰਮਾਣਿਕਤਾ ਹੈ। ਉਹਨਾਂ ਨੂੰ ਇਹ ਕਹਾਣੀਆਂ ਅਸਲੀ ਤੇ ਵਾਪਰੀਆਂ ਲੱਗੀਆਂ। ਅੱਜ ਦੀ ਚਰਚਾ ਦਾ ਕੇਂਦਰ ਕਹਾਣੀ ਸੰਗ੍ਰਹਿ ਦੇ ਲੇਖਕ ਭੁਪਿੰਦਰ ਸਿੰਘ ਮਾਨ ਨੇ ਕਿਹਾ ਕਿ ਉਹ ਸਾਰੇ ਸੁਝਾਏ ਨੁਕਤਿਆਂ 'ਤੇ ਅਮਲ ਕਰਨਗੇ। ਆਖ਼ਰ ਵਿਚ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਉੱਘੇ ਲੇਖਕ, ਆਲੋਚਕ ਡਾ. ਮਨਮੋਹਨ ਨੇ ਕਿਹਾ ਕਿ ਇਹ ਕਹਾਣੀਆਂ ਇਮਾਨਦਾਰ ਹਨ, ਇਹ ਹਉਮੈ ਤੋਂ ਮੁਕਤ ਹਨ।ਉਹਨਾਂ ਅਗਾਂਹ ਕਿਹਾ ਕਿ ਕਹਾਣੀਆਂ ਮੂਲ ਵਿਚ ਉਹਨਾਂ ਪਲਾਂ ਨੂੰ ਫੜਦੀਆਂ, ਜਦ ਮਨੁੱਖ ਉਦਾਸ ਹੈ। ਉਹਨਾਂ ਉਮੀਦ ਕਰਦੇ ਹੋਏ ਕਿਹਾ ਕਿ ਕਹਾਣੀਕਾਰ ਆਪਣਾ ਵੱਖਰਾਪਣ ਕਾਇਮ ਰੱਖੇਗਾ। ਮੰਚ ਸੰਚਾਲਨ ਸਵਪਨ ਫਾਉਂਡੇਸ਼ਨ ਦੇ ਜਨਰਲ ਸਕੱਤਰ ਲੇਖਕ ਜਗਦੀਪ ਸਿੱਧੂ ਨੇ ਕੀਤਾ। ਇਸ ਸਮਾਗਮ ਵਿਚ ਕਹਾਣੀਕਾਰ ਗੁਲ ਚੌਹਾਨ, ਹਰਚਰਨ ਛੋਹਲਾ, ਸਰੂਪ ਸਿਆਲਵੀ, ਪ੍ਰਿੰ. ਸਤਨਾਮ ਸ਼ੋਕਰ, ਕੇਵਲਜੀਤ, ਗੁਰਦੀਪ ਸਿੰਘ, ਕੁਲਦੀਪ ਸਿੰਘ, ਅਮਰਜੀਤ ਮਾਨ, ਹਰਵਿੰਦਰ ਸਿੰਘ, ਧਿਆਨ ਸਿੰਘ ਕਾਹਲੋਂ, ਵਰਿੰਦਰ ਸਿੰਘ, ਸੁਰਮੀਤ ਮਾਵੀ, ਮੰਗਾ ਸਿੰਘ, ਭੁਪਿੰਦਰ ਮਲਿਕ ਆਦਿ ਨੇ ਸ਼ਿਰਕਤ ਕੀਤੀ।




## ਹਾਸ-ਵਿਅੰਗ 'ਗਰਾਰੀ ਅੜ ਗਈ' ਰਿਲੀਜ਼



**ਬਠਿੰਡਾ**-ਬਾਰੂ ਰਾਮ ਮੈਮੋਰੀਅਲ ਸ਼ਬਦ ਤ੍ਰਿੰਜਣ ਵੈੱਲਫੇਅਰ ਐਂਡ ਕਲਚਰਲ ਸੁਸਾਇਟੀ ਅਤੇ ਹਾਸ-ਵਿਅੰਗ ਅਕਾਦਮੀ ਵੱਲੋਂ ਲਿਟਲ ਫਲਾਵਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਦੇ ਸਹਿਯੋਗ ਨਾਲ ਸਕੂਲ ਦੇ ਹਾਲ ਵਿੱਚ ਹਾਸ-ਵਿਅੰਗ ਕਵੀ ਦਰਬਾਰ ਅਤੇ ਪੁਸਤਕ ਰਿਲੀਜ਼ ਸਮਾਰੋਹ ਕਰਵਾਇਆ ਗਿਆ। ਕੇ.ਐੱਲ. ਗਰਗ, ਮਹਿੰਦਰ ਸਿੰਘ ਚੇਅਰਮੈਨ, ਕੁਲਦੀਪ ਕੌਰ ਡਾਇਰੈਕਟਰ, ਲਿਟਲ ਫਲਾਵਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ, ਬਿਕਰਮਜੀਤ ਨੂਰ, ਸੁਖਦਰਸ਼ਨ ਗਰਗ, ਜਗਦੀਸ਼ ਰਾਏ ਕੁਲਰੀਆਂ, ਪ੍ਰਿੰ. ਦਰਸ਼ਨ ਸਿੰਘ ਬਰੇਟਾ ਦੀ ਪ੍ਰਧਾਨਗੀ 'ਚ ਚੱਲੇ ਇਸ ਸਮਾਗਮ ਦਾ ਆਗਾਜ਼ ਬੱਚਿਆਂ ਵੱਲੋਂ ਸ਼ਬਦ ਗਾਇਨ ਨਾਲ ਹੋਇਆ। ਕੇ.ਐੱਲ. ਗਰਗ ਦੀ ਹੌਸਲਾ-ਅਫਜ਼ਾਈ ਸਦਕਾ ਮੰਗਤ ਕੁਲਜਿੰਦ ਅਤੇ ਜਗਦੀਸ਼ ਰਾਏ ਕੁਲਰੀਆਂ ਵੱਲੋਂ ਸੰਪਾਦਿਤ 2023 ਦੇ ਚੋਣਵੇਂ ਹਾਸ-ਵਿਅੰਗ ਦੇ ਸਾਂਝੇ-ਸੰਗ੍ਰਹਿ 'ਗਰਾਰੀ ਅੜ ਗਈ' ਨੂੰ ਪ੍ਰਧਾਨਗੀ ਮੰਡਲ ਵੱਲੋਂ ਲੋਕ-ਅਰਪਣ ਕੀਤਾ ਗਿਆ। ਪੰਜਾਬੀ ਹਾਸ ਵਿਅੰਗ ਦੇ ਸੰਦਰਭ ਵਿੱਚ ਕਿਤਾਬ ਦੇ ਵਿਸ਼ਾ ਅਤੇ ਕਲਾ ਪੱਖ ਉਪਰ ਵਿਸਤ੍ਰਿਤ ਜਾਣਕਾਰੀ ਦਿੰਦਾ ਪਰਚਾ ਪ੍ਰਸਿੱਧ ਆਲੋਚਕ ਡਾ. ਜਸਪਾਲਜੀਤ ਵੱਲੋਂ ਪੜ੍ਹਿਆ ਗਿਆ। ਹਾਸ-ਵਿਅੰਗ ਕਾਵਿ ਅਤੇ ਮਾਂ ਬੋਲੀ ਪੰਜਾਬੀ ਨੂੰ ਪ੍ਰਫੁੱਲਤ ਕਰਨ ਹਿੱਤ ਚੱਲੇ ਇਸ ਸਮਾਗਮ ਵਿੱਚ ਨਵਰਾਹੀ ਘੁਗਿਆਣਵੀ ਫਰੀਦਕੋਟ, ਡਾ. ਸਾਧੂ ਰਾਮ ਲੰਗੇਆਣਾ, ਕੰਵਲਜੀਤ ਭੋਲਾ ਬਾਘਾਪੁਰਾਣਾ, ਸਤੀਸ਼ ਧਵਨ ਭਲੂਰ ਤੇ ਹੋਰ ਹਾਜ਼ਰ ਕਵੀਆਂ ਨੇ ਕਾਵਿ ਦੇ ਵੱਖ-ਵੱਖ ਰੂਪ ਪੇਸ਼ ਕੀਤੇ, ਜਿਹਨਾਂ ਵਿੱਚ ਵੱਖੋ-ਵੱਖਰੇ ਸੰਦੇਸ਼ ਹੁੰਦਿਆਂ ਵੀ ਬਹੁਤੇ ਹਾਸ-ਵਿਅੰਗ ਭਰਪੂਰ ਸਨ। ਇਸ ਮੌਕੇ 'ਸ਼ਬਦ ਤ੍ਰਿੰਜਣ' (ਤ੍ਰੈਮਾਸਿਕ ਮੈਗਜ਼ੀਨ), 'ਮਿੰਨੀ' ਤ੍ਰੈ-ਮਾਸਿਕ ਮੈਗਜ਼ੀਨ, 'ਛੜਯੰਤਰ' ਹਿੰਦੀ ਅਨੁਵਾਦਿਤ ਵਿਅੰਗ-ਸੰਗ੍ਰਹਿ, 'ਮੰਮੀ ਨਾਲ ਗਏ ਨਾਨਕੀਂ' ਬਾਲ ਕਾਵਿ-ਸੰਗ੍ਰਹਿ, 'ਸੰਦਲੀ ਪੈੜਾਂ' ਕਾਵਿ-ਸੰਗ੍ਰਹਿ, 'ਨੂਰ ਦੇ ਨੇੜੇ' ਲਘੂ ਲੇਖ-ਸੰਗ੍ਰਹਿ, 'ਤਲ ਤੋਂ ਅਕਾਸ਼ ਤੱਕ' ਪੁਸਤਕਾਂ ਨੂੰ ਪ੍ਰਧਾਨਗੀ ਮੰਡਲ ਵੱਲੋਂ ਰਿਲੀਜ਼ ਕੀਤਾ ਗਿਆ।ਸਕੂਲ ਵੱਲੋਂ ਆਏ ਹੋਏ ਕਵੀਆਂ-ਵਿਦਵਾਨਾਂ ਨੂੰ ਸਨਮਾਨ-ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਮਹਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## 'ਫੁਲਕਾਰੀ' ਤੇ ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਪਾਲ ਕੌਰ ਦੀ ਕਵਿਤਾ ਨਾਲ ਸੰਵਾਦ



**ਜਲੰਧਰ** : ਸਾਹਿਤਕ ਅਤੇ ਸੱਭਿਆਚਾਰਕ ਸੰਸਥਾ ਫੁਲਕਾਰੀ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਜਲੰਧਰ ਵੱਲੋਂ ਦੇਸ ਭਗਤ ਹਾਲ ਜਲੰਧਰ ਵਿਖੇ ਭਾਰਤੀ ਸਾਹਿਤ ਅਕੈਡਮੀ ਇਨਾਮ ਜੇਤੂ ਸ਼ਾਇਰਾ ਪਾਲ ਦਾ ਕਵਿਤਾ ਪਾਠ, ਕਵਿਤਾ ਨਾਲ ਸੰਵਾਦ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਪਾਲ ਕੌਰ ਨੇ ਆਪਣੀ ਸਿਰਜਣਾ ਦੇ ਸਰੋਤ ਸਰੋਤਿਆਂ ਨਾਲ ਸਾਂਝੇ ਕੀਤੇ ਅਤੇ ਆਪਣੀਆਂ ਪ੍ਰਸਿੱਧ ਅਤੇ ਨਵੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਆਪਣੇ ਨਾਲ ਤੋਰ ਲਿਆ। ਉਪਰੰਤ ਸਮਾਗਮ ਵਿੱਚ ਪੁੱਜੇ ਸਾਹਿਤਕਾਰਾਂ ਨੇ ਪਾਲ ਕੌਰ ਨੂੰ ਸਵਾਲ ਵੀ ਕੀਤੇ। ਪਾਲ ਕੌਰ ਤੋਂ ਬਾਅਦ ਕੈਨੇਡਾ ਤੋਂ ਪੁੱਜੀ ਸ਼ਾਇਰਾ ਸੁਰਜੀਤ (ਟਰਾਂਟੋ) ਨੇ ਵੀ ਆਪਣੀ ਸਿਰਜਣਕਾਰੀ ਤੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਉਨ੍ਹਾਂ ਨੇ ਵੀ ਆਪਣੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਵਿੱਚ ਨਵੀਂ ਊਰਜਾ ਭਰੀ। ਉਨ੍ਹਾਂ ਨੇ ਹਾਜ਼ਰ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸਮਾਗਮ ਦਾ ਸੰਚਾਲਨ ਫੁਲਕਾਰੀ ਦੇ ਜਰਨਲ ਸਕੱਤਰ ਮੱਖਣ ਮਾਨ ਨੇ ਕੀਤਾ। ਇਸ ਮੌਕੇ ਭਗਵੰਤ ਰਸੂਲਪੁਰੀ, ਰਕੇਸ਼ ਆਨੰਦ, ਡਾ. ਸ਼ੈਲਸ, ਕੇਸਰ, ਅਜੈ ਕੁਮਾਰ ਨੇ ਚਰਚਾ ਵਿੱਚ ਹਿੱਸਾ ਲਿਆ। ਹਾਜ਼ਰ ਕਵੀਆਂ ਨੇ ਕਵਿਤਾ ਪਾਠ ਕੀਤਾ। ਅੰਤ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਆਪਣੀਆਂ ਗ਼ਜ਼ਲਾਂ ਨਾਲ ਮਹਿਫਿਲ ਦਾ ਰੰਗ ਬੰਨ੍ਹ ਦਿੱਤਾ ਤੇ ਉਨ੍ਹਾਂ ਆਏ ਹੋਏ ਮਹਿਮਾਨ ਸ਼ਾਇਰਾਂ ਤੇ ਸਰੋਤਿਆਂ, ਕਵੀਆਂ ਦਾ ਧੰਨਵਾਦ ਵੀ ਕੀਤਾ। ਅੰਤ ਵਿੱਚ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਕਸਬੇ ਵਿੱਚ ਹੋਏ ਅਤਿਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਅਤੇ ਸੰਸਥਾ 'ਫੁਲਕਾਰੀ' ਨਿੰਦਾ ਕਰਦਾ ਹੈ। ਨਿੰਦਾ ਕਰਦਿਆਂ ਇਕ ਮਤਾ ਪਾਸ ਕੀਤਾ ਕਿ ਇਸ ਅੱਤਵਾਦੀ ਹਮਲੇ ਨੂੰ ਫਿਰਕੂ ਰੰਗਤ ਨਾ ਦਿੱਤੀ ਜਾਵੇ। ਇਹ ਮੁਸਲਮਾਨਾਂ ਵੱਲੋਂ ਕੀਤਾ ਹਮਲਾ ਨਹੀਂ ਬਲਕਿ ਅਤਿਵਾਦੀਆਂ ਵੱਲੋਂ ਕੀਤਾ ਹਮਲਾ ਹੈ।

## ਪ੍ਰਵਾਸੀ ਕਵਿੱਤਰੀ ਸੁਰਜੀਤ ਕੌਰ ਨਾਲ ਰੂਬਰੂ



**ਚੰਡੀਗੜ੍ਹ**-ਪੀ ਜੀ ਜੀ ਸੀ 11 ਦੇ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ ਪਰਵਾਸੀ ਕਵਿੱਤਰੀ ਸੁਰਜੀਤ ਕੌਰ ਨਾਲ ਰੂਬਰੂ ਸਮਾਗਮ ਕੀਤਾ ਗਿਆ । ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਕੁੱਲ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ, ਉੱਘੇ ਪੰਜਾਬੀ ਸ਼ਾਇਰ ਸੁਰਜੀਤ ਜੱਜ ਤੇ ਲੇਖਿਕਾ ਸੁਰਜੀਤ ਕੌਰ ਨੇ ਸ਼ਿਰਕਤ ਕੀਤੀ। ਇਸ ਮੌਕੇ ਡਾ. ਸਰਬਜੀਤ ਸਿੰਘ ਨੇ ਅਕਾਡਮੀ ਦੀਆਂ ਗਤੀਵਿਧੀਆਂ ਦੇ ਨਾਲ-ਨਾਲ ਪੰਜਾਬੀ ਨਾਰੀਵਾਦੀ ਕਵਿਤਾ ਦੇ ਪ੍ਰਸੰਗ ਵਿਚ ਸੁਰਜੀਤ ਕੌਰ ਦੀ ਕਵਿਤਾ ਦੀ ਪ੍ਰਸੰਗਿਕਤਾ ਦੀ ਗੱਲ ਕੀਤੀ।ਇਸ ਮੌਕੇ ਕਵਿੱਤਰੀ ਹਰਲੀਨ ਸੋਨਾ ਨੇ ਸੁਰਜੀਤ ਕੌਰ ਬਾਰੇ ਜਾਣ-ਪਛਾਣ ਕਰਵਾਈ। ਇਸ ਤੋਂ ਮਗਰੋਂ ਸੁਰਜੀਤ ਕੌਰ ਨੇ ਆਪਣੇ ਜੀਵਨ ਸਫ਼ਰ ਦੇ ਨਾਲ-ਨਾਲ ਸਾਹਿਤਕ ਸਫ਼ਰ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਦੇ ਸਵਾਲਾਂ ਦਾ ਸਿਲਸਿਲਾ ਰੌਚਿਕ ਰਿਹਾ, ਜਿਸ ਵਿੱਚ ਜੋਵਿਤਾ, ਕਰਿਸ਼ਪ੍ਰੀਤ ਸਿੰਘ, ਬਲਰਾਜ ਸਹੋਤਾ, ਅਨੁਰਾਗ ਰੈਣਾ ਨੇ ਕਵਿਤਾ ਦੀ ਰਚਨਾਕਾਰੀ ਤੇ ਉਸ ਦੀ ਅਹਿਮੀਅਤ ਨੂੰ ਨਾਰੀਵਾਦੀ ਨੁਕਤਾ ਨਿਗਾਹ ਨਾਲ ਸਮਝਣ ਤੇ ਵਿਚਾਰਨ ਦੇ ਪ੍ਰਸੰਗ ਵਿਚ ਸਵਾਲ ਪੁੱਛੇ। ਇਸ ਮੌਕੇ ਡਾ. ਦਵਿੰਦਰ ਬੋਹਾ ਨੇ ਸੁਰਜੀਤ ਕੌਰ ਦੀ ਕਥਾਕਾਰੀ ਦੇ ਪ੍ਰਸੰਗ ਵਿਚ ਆਪਣੇ ਵਿਚਾਰ ਰੱਖੇ। ਮੁੱਖ ਮਹਿਮਾਨ ਡਾ. ਸੁਖਦੇਵ ਸਿੰਘ ਨੇ ਕੈਨੇਡਾ ਦੀ ਧਰਤੀ 'ਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਵਿਚ ਪਾਏ ਜਾਣ ਵਾਲੇ ਯੋਗਦਾਨ ਦੇ ਸੰਦਰਭ ਵਿੱਚ ਸੁਰਜੀਤ ਕੌਰ ਦੀ ਸ਼ਲਾਘਾ ਕੀਤੀ। ਇਸ ਸਮਾਗਮ ਵਿੱਚ ਐੱਮ ਏ ਪੰਜਾਬੀ ਦੇ ਵਿਦਿਆਰਥੀ ਅਤੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦੇ ਨਾਲ-ਨਾਲ ਕਈ ਅਧਿਆਪਕ ਜਿਨ੍ਹਾਂ ਵਿਚ ਡਾ. ਸੰਜੀਵ, ਡਾ. ਕੁਸਮ ਭਾਟੀਆ, ਡਾ. ਬਬੀਤਾ, ਡਾ. ਪਰਮਜੀਤ ਸਿੰਘ, ਡਾ. ਜਤਿੰਦਰ ਸਿੰਘ, ਡਾ. ਪ੍ਰਕਾਸ਼ ਸਿੰਘ, ਡਾ. ਹਰਦੀਪ ਸਿੰਘ, ਡਾ. ਜਸਬੀਰ ਕੌਰ, ਡਾ. ਲਖਵੀਰ ਸਿੰਘ, ਰਿਸਰਚ ਸਕਾਲਰ ਸੰਦੀਪ ਕੌਰ ਤੇ ਪੂਜਾ ਕੰਬੋਜ ਸ਼ਾਮਲ ਹੋਏ।ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ ਨੇ ਮੰਚ ਸੰਚਾਲਨ ਦੇ ਨਾਲ-ਨਾਲ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਬਾਬੂ ਸਿੰਘ ਰੈਹਲ ਦੀ ਸਵੈ-ਜੀਵਨੀ 'ਵਹਿਣ ਦਰਿਆਵਾਂ ਦੇ' ਲੋਕ ਅਰਪਣ

**ਪਟਿਆਲਾ**- ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਦਰਸ਼ਨ ਸਿੰਘ 'ਆਸ਼ਟ', ਦਰਸ਼ਨ ਖਟਕੜ, ਬੀ.ਐੱਸ. ਰਤਨ, ਡਾ. ਅਮਰ ਕੋਮਲ, ਨਰਿੰਜਨ ਬੋਹਾ, ਡਾ. ਸੁਰਜੀਤ ਸਿੰਘ ਖੁਰਮਾ, ਬਲਵਿੰਦਰ ਕੌਰ ਸ਼ਾਮਲ ਹੋਏ। ਇਸ ਸਮਾਗਮ ਵਿਚ ਪ੍ਰਸਿੱਧ ਪੰਜਾਬੀ ਕਹਾਣੀਕਾਰ ਅਤੇ ਵਾਰਤਕਕਾਰ ਬਾਬੂ ਸਿੰਘ ਰੈਹਲ ਰਚਿਤ ਸਵੈ-ਜੀਵਨੀ 'ਵਹਿਣ ਦਰਿਆਵਾਂ ਦੇ' ਦਾ ਲੋਕ ਅਰਪਣ ਕੀਤਾ ਗਿਆ। ਦਰਸ਼ਨ ਸਿੰਘ 'ਆਸ਼ਟ' ਨੇ ਬਾਬੂ ਸਿੰਘ ਰੈਹਲ ਦੀ ਸਵੈ-ਜੀਵਨੀ 'ਵਹਿਣ ਦਰਿਆਵਾਂ ਦੇ' ਦੇ ਹਵਾਲੇ ਨਾਲ ਕਿਹਾ ਕਿ ਇਹ ਵੰਨਗੀ ਵਿਅਕਤੀ ਵਿਸ਼ੇਸ਼ ਦੇ ਡੂੰਘੇ ਜੀਵਨ ਅਨੁਭਵ ਦਾ ਸਿਰਜਣਾਤਮਕ ਨਤੀਜਾ ਹੁੰਦੀ ਹੈ। ਦਰਸ਼ਨ ਖਟਕੜ ਦਾ ਕਹਿਣਾ ਸੀ ਕਿ ਇਸ ਜੀਵਨੀ ਵਿੱਚੋਂ ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਵਾਲਾ ਸੱਭਿਆਚਾਰਕ ਰਸ ਮਿਲਦਾ ਹੈ। ਬੀ.ਐੱਸ. ਰਤਨ ਦੀ ਧਾਰਨਾ ਸੀ ਕਿ ਬਾਬੂ ਸਿੰਘ ਰੈਹਲ ਨੇ ਨਵੇਂ ਜ਼ਾਵੀਏ ਤੋਂ ਪਾਠਕ ਵਰਗ ਨੂੰ ਠੋਸ ਸੁਨੇਹੇ ਦਿੱਤੇ ਹਨ। ਡਾ. ਅਮਰ ਕੋਮਲ ਨੇ ਕਿਹਾ ਕਿ ਰੈਹਲ ਕੋਲ ਥੋੜ੍ਹੇ ਸ਼ਬਦਾਂ ਰਾਹੀਂ ਵੱਡੀ ਗੱਲ ਕਰਨ ਦਾ ਹੁਨਰ ਮੌਜੂਦ ਹੈ। ਨਰਿੰਜਨ ਬੋਹਾ ਨੇ ਕਿਹਾ ਕਿ ਰੈਹਲ ਦੀ ਸਵੈ-ਜੀਵਨੀ ਉਸ ਦੇ ਲੰਮੇਰੇ ਸੰਘਰਸ਼ ਦੀ ਦਾਸਤਾਨ ਹੈ। ਇਸ ਪੁਸਤਕ ਉਪਰ ਮੁੱਖ ਪੇਪਰ ਪੜ੍ਹਦਿਆਂ ਭਾਸ਼ਾ ਵਿਭਾਗ ਦੇ ਖੋਜ ਅਫ਼ਸਰ ਡਾ. ਸੰਤੋਖ ਸਿੰਘ ਸੁੱਖੀ ਨੇ ਕਿਹਾ ਕਿ ਰੈਹਲ ਦੀ ਸਵੈ-ਜੀਵਨੀ ਨਵੀਂ ਪੀੜ੍ਹੀ ਅੰਦਰ ਨਵਾਂ ਕੁਝ ਕਰਨ ਦੀ ਚੇਸ਼ਟਾ ਪੈਦਾ ਕਰਦੀ ਹੈ, ਜਦੋਂ ਕਿ ਡਾ. ਸੁਰਜੀਤ ਸਿੰਘ ਖੁਰਮਾ ਦਾ ਕਹਿਣਾ ਸੀ ਕਿ ਇਹ ਸਵੈ ਜੀਵਨੀ ਹਕੀਕਤ ਅਤੇ ਯਥਾਰਥ ਦਾ ਸੁੰਦਰ ਸੁਮੇਲ ਹੈ। ਡਾ. ਹਰਜੀਤ ਸਿੰਘ ਸੱਧਰ ਦਾ ਮੱਤ ਸੀ ਕਿ ਸਾਹਿਤਕ ਅਤੇ ਇਨਕਲਾਬੀ ਦ੍ਰਿਸ਼ਟੀਕੋਣ ਉਸਾਰੂ ਸਮਾਜ ਦੀ ਸਿਰਜਣਾ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਸਾਬਕਾ ਵਾਈਸ ਚਾਂਸਲਰ ਡਾ. ਸੰਜੀਵ ਕੁਮਾਰ ਕਾਲੀਆ ਭਾਰਦਵਾਜ ਨੇ ਪੁਸਤਕ ਸੱਭਿਆਚਾਰ ਪੈਦਾ ਕਰਨ ਦੀ ਲੋੜ 'ਤੇ ਬਲ ਦਿੱਤਾ, ਜਦੋਂ ਕਿ ਡਾ. ਅਰਵਿੰਦਰ ਕੌਰ ਕਾਕੜਾ, ਡਾ. ਹਰਪ੍ਰੀਤ ਸਿੰਘ ਰਾਣਾ, ਸਿਮਰਨ ਸਿੰਘ ਗਰੇਵਾਲ ਅਤੇ ਰਘਬੀਰ ਸਿੰਘ ਮਹਿਮੀ ਆਦਿ ਬੁਲਾਰਿਆਂ ਨੇ ਵੀ ਰੈਹਲ ਦੀ ਸਵੈ ਜੀਵਨੀ ਦੇ ਵੱਖ-ਵੱਖ ਪੱਖਾਂ 'ਤੇ ਰੌਸ਼ਨੀ ਪਾਈ। ਬਲਵਿੰਦਰ ਕੌਰ ਨੇ ਸਭਾ ਵੱਲੋਂ ਇਸ ਸਾਰਥਿਕ ਉਦਮ ਦੀ ਸ਼ਲਾਘਾ ਕੀਤੀ ਗਈ। ਬਾਬੂ ਸਿੰਘ ਰੈਹਲ ਨੇ ਆਪਣੀ ਸਿਰਜਣ ਪ੍ਰਕਿਰਿਆ ਵਿਸ਼ੇਸ਼ ਕਰਕੇ ਸਵੈ-ਜੀਵਨੀ ਵਿਚ ਪ੍ਰਸਤੁੱਤ ਸੰਘਰਸ਼ ਨੂੰ ਸੰਖੇਪ ਤੇ ਦਿਲਚਸਪ ਰੂਪ ਵਿਚ ਬਿਆਨ ਕੀਤਾ। ਮੰਚ ਸੰਚਾਲਨ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਬਾਖ਼ੂਬੀ ਨਿਭਾਇਆ ਅਤੇ ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ।

## ਆਸ਼ੀ ਈਸਪੁਰੀ ਦੀ ਪੁਸਤਕ 'ਮੇਰਾ ਰੁਬਾਈਨਾਮਾ' ਲੋਕ ਅਰਪਣ



**ਜਲੰਧਰ**-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ. ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ. ਦੇ ਸਹਿਯੋਗ ਨਾਲ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੰਧੂ ਵਰਿਆਣਵੀ, ਜਗਦੀਸ਼ ਰਾਣਾ, ਆਸ਼ੀ ਈਸਪੁਰੀ, ਸਵਿੰਦਰ ਸੰਧੂ, ਗੁਰਦੀਪ ਸਿੰਘ ਸੈਣੀ ਅਤੇ ਲੈਕ. ਬਲਬੀਰ ਕੌਰ ਰਾਏਕੋਟੀ ਬਿਰਾਜਮਾਨ ਹੋਏ। ਬਲਬੀਰ ਕੌਰ ਰਾਏਕੋਟੀ ਨੇ ਪੁਸਤਕ ਬਾਰੇ ਵਿਸਥਾਰ ਵਿੱਚ ਪਰਚਾ ਪੜ੍ਹਦਿਆਂ ਕਿਹਾ ਕਿ ਸਾਹਿਤ ਦੀ ਵਿਧਾ ਰੁਬਾਈ 'ਤੇ ਕਿਤਾਬ ਪ੍ਰਕਾਸ਼ਿਤ ਕਰਕੇ ਵਧੀਆ ਉਪਰਾਲਾ ਕੀਤਾ ਹੈ। ਸੰਧੂ ਵਰਿਆਣਵੀ, ਗੁਰਦੀਪ ਸਿੰਘ ਸੈਣੀ ਅਤੇ ਸਵਿੰਦਰ ਸੰਧੂ ਨੇ ਆਸ਼ੀ ਨੂੰ ਵਧਾਈਆਂ ਦਿੰਦਿਆਂ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ ।ਜਗਦੀਸ਼ ਰਾਣਾ ਨੇ ਕਿਹਾ ਕਿ ਆਸ਼ੀ ਬਹੁਵਿਧਾਵੀ ਸ਼ਾਇਰ ਹੈ ਤੇ ਹੰਸ ਰਾਜ ਹੰਸ, ਸਾਬਰਕੋਟੀ ਤੇ ਹੋਰ ਪ੍ਰਸਿੱਧ ਗਾਇਕਾਂ ਨੇ ਆਸ਼ੀ ਦੇ ਲਿਖੇ ਗੀਤ ਗਾਏ ਹਨ।ਪ੍ਰਸਿੱਧ ਗੀਤਕਾਰ ਹਰਵਿੰਦਰ ਸਿੰਘ ਵੀਰ ਨੇ ਵੀ ਆਸ਼ੀ ਨੂੰ ਵਧਾਈਆਂ ਦਿੱਤੀਆਂ। ਇਸ ਉਪਰੰਤ ਹੋਏ ਕਵੀ ਦਰਬਾਰ ਵਿੱਚ ਮਾਧਵੀ ਅੱਗਰਵਾਲ, ਸਵਿੰਦਰ ਸੰਧੂ, ਜਗਦੀਸ਼ ਰਾਣਾ, ਕੁਲਵਿੰਦਰ ਗਾਖਲ, ਵਿਜੈ ਵਾਜਿਦ, ਤਰਸੇਮ ਜਲੰਧਰੀ, ਸਾਹਿਬਾ ਜੀਟਨ ਕੌਰ, ਮਨਜੀਤ ਕੌਰ ਮੀਸ਼ਾ, ਰੀਤੂ ਕਲਸੀ, ਸੁਖਦੇਵ ਭੱਟੀ, ਮਨੋਜ ਫਗਵਾੜਵੀ, ਸੁਖਦੇਵ ਸਿੰਘ ਗੰਢਵਾਂ, ਹਰਜਿੰਦਰ ਜਿੰਦੀ, ਅਮਰ ਸਿੰਘ ਅਮਰ, ਮਿੱਤਰ ਮਨਜੀਤ, ਕੀਮਤੀ ਕੈਸਰ, ਲਾਲੀ ਕਰਤਾਰਪੁਰੀ, ਦਲਜੀਤ ਮਹਿਮੀ, ਰੋਹਿਤ ਸਿੱਧੂ ਅਲਗ, ਸੁਰਜੀਤ ਸਾਜਨ, ਸੋਹਣ ਸਹਿਜਲ, ਵਿਜੈ ਫ਼ਿਰਾਕ, ਉਰਮਿਲਜੀਤ ਸਿੰਘ, ਸੀਰਤ ਸਿਖਿਆਰਥੀ, ਅਵਤਾਰ ਸਿੰਘ ਬੈਂਸ, ਅਸ਼ੋਕ ਟਾਂਡੀ, ਦਰਸ਼ਨ ਸਿੰਘ ਨੰਦਰਾ, ਮੋਹਨ ਸਿੰਘ ਮੋਤੀ, ਦਿਲਬਹਾਰ ਸ਼ੌਕਤ, ਸੋਢੀ ਸੱਤੋਵਾਲ਼ੀ ਅਤੇ ਮੁਖਤਿਆਰ ਸਿੰਘ ਸ਼ਿਵਾਂਨ, ਨਗੀਨਾ ਸਿੰਘ ਬਲੱਗਣ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆ।

## ਪਾਠਕਾਂ ਦੇ ਝਰੋਖੇ 'ਚੋਂ

### 'ਦ੍ਰਿਸ਼ਟੀਕੋਣ'

20 ਅਪਰੈਲ ਦੇ 'ਐਤਵਾਰਤਾ' ਵਿਚ ਸਰਬਾਂਗੀ ਸਾਹਿਤਕਾਰ ਡਾ. ਅਮਰ ਕੋਮਲ ਬਾਰੇ ਤੇਜਿੰਦਰ ਚੰਡਿਹੋਕ ਦਾ ਲਿਖਿਆ ਫੁੱਲਾਂ ਦੀ ਮਹਿਕ ਵਰਗਾ ਡਾ. ਅਮਰ ਕੋਮਲ ਪੜ੍ਹ ਕੇ ਲੇਖਕ ਤੇਜਿੰਦਰ ਚੰਡਿਹੋਕ ਦੀ ਡਾ. ਅਮਰ ਕੋਮਲ ਨਾਲ ਸਾਹਿਤਲ ਨੇੜਤਾ ਦੀ ਜਾਣਕਾਰੀ ਮਿਲੀ। ਡਾ. ਅਮਰ ਕੋਮਲ ਰਚਿਤ ਸਾਹਿਤ ਬਹੁਪੱਖੀ ਹੈ। ਇਸ ਅੰਕ ਵਿਚ ਡਾ. ਦੀਪਤੀ ਦੀਆਂ ਨਵੀਆਂ ਕਵਿਤਾਵਾਂ ਵਿਚ ਖਿਆਲਾਂ ਦੀ ਬੁਲੰਦੀ ਹੈ ।ਗੁਰਮੀਤ ਸਿੰਘ ਸ਼ੁਗਲੀ ਨੇ ਇਸ ਵਾਰ ਦੇਸ਼ ਦੀ ਫਿਰਕੂ ਰਾਜਨੀਤੀ ਦੀ ਚਰਚਾ ਕੀਤੀ ਹੈ। ਵਿਜੇ ਬੰਬੇਲੀ ਨੇ ਹਰਿਆਣਾ ਪਿੰਡ ਦਾ ਖੋਜਮਈ ਜ਼ਿਕਰ ਕੀਤਾ ਹੈ। ਹਰੇਕ ਪਿੰਡ ਦੇ ਪਿਛੋਕੜ ਵਿਚ ਬਹੁਤ ਸਾਰੀ ਵਿਰਾਸਤ ਹੈ।ਕੁਝ ਪਿੰਡਾਂ ਦਾ ਇਤਿਹਾਸ ਮਹਾਨ ਪੁਰਸ਼ਾਂ ਤੇ ਯੋਧਿਆਂ ਨਾਲ ਤੇ ਦੇਸ਼ ਭਗਤਾਂ ਨਾਲ ਜੁੜਦਾ ਹੈ ।ਵਿਜੇ ਬੰਬੇਲੀ ਨੇ ਪਹਿਲਾਂ ਵੀ ਕੁਝ ਪਿੰਡਾਂ ਦੀ ਖੋਜਮਈ ਜਾਣਕਾਰੀ ਦਿੱਤੀ ਹੈ। 'ਦ੍ਰਿਸ਼ਟੀਕੋਣ' ਨੇ ਭਾਰਤ ਦੇ ਸਿਆਸੀ ਭਵਿੱਖ ਦੀ ਜਾਣਕਾਰੀ ਦਿੱਤੀ ਹੈ। ਐੱਮ ਐੱਸ ਭਾਟੀਆ ਨੇ ਅਰੁਣਾ ਆਸਫ ਅਲੀ ਦੀ ਸੰਘਰਸ਼ਮਈ ਜ਼ਿੰਦਗੀ ਦੀ ਜਾਣਕਾਰੀ ਦਿੱਤੀ ਹੈ। ਅਨੁਵਾਦ ਚੰਗਾ ਹੈ। ਗਦਰ ਲਹਿਰ ਦਾ ਵਿਸਥਾਰ ਮੁੱਖ ਪੰਨੇ 'ਤੇ ਗੁਰਮੀਤ ਦੀ ਕਲਮ ਤੋਂ ਪੜ੍ਹਿਆ। ਦੇਸ਼ ਇਨ੍ਹਾਂ ਗਦਰੀ ਯੋਧਿਆਂ ਦੀ ਬਦੌਲਤ ਹੀ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ। ਕਿਤਾਬਾਂ ਪੰਨੇ 'ਤੇ ਅਰਵਿੰਦੋ ਦੀ ਇਨਕਲਾਬੀ ਸੋਚ ਦਾ ਜ਼ਿਕਰ ਪੜ੍ਹਿਆ। ਅੰਮ੍ਰਿਤਪਾਲ ਕਲੇਰ ਨੇ ਕਿਤਾਬ 'ਬਾਲ ਤਰੰਗਾਂ' ਦੀ ਚੰਗੀ ਜਾਣਕਾਰੀ ਦਿੱਤੀ ਹੈ। ਬੱਚਿਆਂ ਲਈ ਕਿਤਾਬ ਲਾਹੇਵੰਦ ਹੈ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।
atwartazamana@gmail.com
- ਸੰਪਾਦਕ

### ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਮਾਰਕਸਵਾਦੀ ਪ੍ਰਸੰਗਤਾ ਅਤੇ ਵੰਨਗੀਆਂ : ਜਗਰੂਪ
ਸੋਹਣ ਸਿੰਘ ਜੋਸ਼ : ਅਨਿਲ ਰਾਜੀਮਵਾਲੇ
'ਕਵਿਤਾ ਦਾ ਦੇਸ਼' : ਸੁਖਦੇਵ ਸਿਰਸਾ , (ਫੋਕਸ) ਅਰਵਿੰਦਰ ਕੌਰ ਕਾਕੜਾ
ਮਾਲਵਿੰਦਰ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

## ਸਮਕਾਲੀ ਸਾਹਿਤ : ਨਵਤੇਜ ਸਿੰਘ ਜਨਮ ਸ਼ਤਾਬਦੀ ਵਿਸ਼ੇਸ਼ ਅੰਕ




'ਸਮਕਾਲੀ ਸਾਹਿਤ', ਅਪ੍ਰੈਲ-ਜੂਨ, 2025 ਅੰਕ ਵਿੱਚ ਪ੍ਰਸਿੱਧ ਕਥਾਕਾਰ ਨਵਤੇਜ ਸਿੰਘ ਦੀ ਜਨਮ ਸ਼ਤਾਬਦੀ ਤੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਇਸ ਅੰਕ ਦੇ ਮਹਿਮਾਨ ਸੰਪਾਦਕ ਨੇ ਆਪਣੇ ਸੰਪਾਦਕੀ ਨੋਟ ਵਿੱਚ ਲਿਖਿਆ ਹੈ ਕਿ 'ਨਵਤੇਜ ਸਿੰਘ ਦੀ ਯਾਦ ਵਿੱਚ ਉਹਨਾਂ ਦੀ ਜਨਮ ਸ਼ਤਾਬਦੀ ਦੇ ਮੌਕੇ ਸਮਕਾਲੀ ਸਾਹਿਤ ਦੇ ਪਾਠਕਾਂ ਲਈ ਇਸ ਅੰਕ ਨੂੰ ਉਚੇਚੇ ਤੌਰ ਉੱਤੇ ਵਿਓਂਤਿਆ ਗਿਆ ਹੈ।' ਇਸ ਅੰਕ ਦੇ ਸ਼ੁਰੂ ਵਿੱਚ ਉਨ੍ਹਾਂ ਦੀਆਂ ਤਿੰਨ ਕਹਾਣੀਆਂ ਛਾਪੀਆਂ ਜਾ ਰਹੀਆਂ ਹਨ।' ਹੱਥਲੇ ਅੰਕ ਵਿੱਚ ਨਵਤੇਜ ਸਿੰਘ ਦੀਆਂ ਤਿੰਨ ਪ੍ਰਸਿੱਧ ਕਹਾਣੀਆਂ ਮਨੁੱਖ ਤੇ ਉਹਦਾ ਝੰਡਾ, ਭਾਈਆਂ ਬਾਝ ..ਤੇ 'ਕੋਟ ਤੇ ਮਨੁੱਖ' ਛਾਪੀਆਂ ਗਈਆਂ ਹਨ। ਜਿਨ੍ਹਾਂ ਕਹਾਣੀਆਂ ਨੇ ਨਵੀਂ ਹੁਨਰੀ ਕਹਾਣੀ ਦਾ ਮੁਹਾਂਦਰਾ ਘੜਨ ਵਿੱਚ ਅਹਿਮ ਰੋਲ ਅਦਾ ਕੀਤਾ ਸੀ। ਅਗਾਂਹ ਦਰਸ਼ਨ ਸਿੰਘ ਨੇ 'ਅੱਧ ਚੜ੍ਹਿਆ ਚੰਨ-ਨਵਤੇਜ ਸਿੰਘ', ਕਰਨਜੀਤ ਸਿੰਘ ਨੇ 'ਨਵਤੇਜ ਸਿੰਘ-ਸਾਹਿਤਕਾਰ, ਪੱਤਰਕਾਰ', ਸੁਕੀਰਤ ਨੇ 'ਆਪਣੇ ਲੇਖਕ ਮਾਮੇ ਨੂੰ ਯਾਦ ਕਰਦਿਆਂ' ਆਦਿ ਤਿੰਨ ਸ਼ਬਦ ਚਿੱਤਰਾਂ ਵਿੱਚ ਨਵਤੇਜ ਦੇ ਜੀਵਨ, ਉਸ ਦੇ ਪਰਿਵਾਰਕ ਪਿਛੋਕੜ ਅਤੇ ਉਸ ਦੀ ਸ਼ਖ਼ਸੀਅਤ ਦੇ ਭਿੰਨ ਭਿੰਨ ਪਹਿਲੂਆਂ ਨੂੰ ਬੜੀ ਸੁਹਿਰਦਤਾ ਨਾਲ ਪੇਸ਼ ਕੀਤਾ ਗਿਆ ਹੈ। ਸਤਵਿੰਦਰ ਸਿੰਘ ਉੱਪਲ ਅਤੇ ਵਨੀਤਾ ਨੇ ਨਵਤੇਜ ਦੇ ਰਚਨਾ ਸੰਸਾਰ ਤੇ ਕਹਾਣੀ ਕਲਾ ਦੇ ਪਹਿਲੂਆਂ ਉੱਤੇ ਗੰਭੀਰ ਕਿਸਮ ਨਾਲ ਆਪਣੇ ਲੇਖਾਂ ਵਿੱਚ ਗੱਲ ਕੀਤੀ ਹੈ। 76 ਪੰਨਿਆਂ 'ਤੇ ਫੈਲੀ ਸਮੱਗਰੀ ਨਵਤੇਜ ਸਿੰਘ ਬਾਰੇ ਹੈ।

ਪਰਮਜੀਤ ਢੀਂਗਰਾ ਹੁਰਾਂ ਸੰਸਾਰ ਸਾਹਿਤ ਨਾਲ ਪੰਜਾਬੀ ਪਾਠਕਾਂ ਦੀ ਸਾਂਝ ਪਾਈ ਹੈ ਆਪਣੇ ਲੇਖ 'ਯੂਨੋ ਦੀ ਉਦਾਸ ਪਿਆਰ ਕਹਾਣੀ' ਤਹਿਤ ਜਾਪਾਨੀ ਲੇਖਕ ਯਾਸੂਨਾਰੀ ਕਾਵਾਬਾਤਾ ਦੇ ਜੀਵਨ ਪ੍ਰਸੰਗ ਅਤੇ ਲੇਖਕਾ ਨੇ ਆਪਣੇ ਨਾਵਲਾਂ ਵਿੱਚ ਜਿਸ ਤਰੀਕੇ ਨਾਲ 'ਐਪੀਸੋਡਿਕ' ਸ਼ੈਲੀ ਨੂੰ ਵਰਤਿਆ ਹੈ, ਦਾ ਜ਼ਿਕਰ ਕੀਤਾ ਹੈ। ਜਿਸ ਰਾਹੀ ਉਸਨੇ ਔਰਤ ਮਨ ਦੀਆਂ ਸੈਕਸ ਭਾਵਨਾਵਾਂ ਦੀ ਬੜੀ ਸੂਖ਼ਮਤਾ ਤੇ ਸੰਵੇਦਨਸ਼ੀਲਤਾ ਨਾਲ ਚਿਤਰਿਆ। 'ਸਲੀਪਿੰਗ ਬਿਊਟ', 'ਬਿਊਟੀ ਐਂਡ ਸੈਡਨੈੱਸ', ਤੇ 'ਥਾਊਜੈਂਡ ਕ੍ਰੇਨਜ਼' ਨਾਵਲਾਂ ਦੀ ਵਿਸਥਾਰ ਨਾਲ ਗੱਲ ਕੀਤੀ ਹੈ। ਸ਼ਸ਼ੀਕਾਂਤ ਉੱਪਲ ਦੀਆਂ ਪੰਜ ਗ਼ਜ਼ਲਾਂ ਅਤੇ ਜਸਵੰਤ ਜ਼ਫ਼ਰ ਦੀਆਂ ਛੇ ਕਵਿਤਾਵਾਂ ਵੀ ਛਪੀਆਂ ਹਨ। ਸੁਰਿੰਦਰ ਗੀਤ ਦੀ ਪੰਜਾਬੀ ਕਹਾਣੀ 'ਨੀਵਾਂ ਕੌਣ ' ਵੀ ਮਹੱਤਵਪੂਰਨ ਵਿਸ਼ੇ ਨੂੰ ਲੈ ਕੇ ਤੁਰਦੀ ਹੈ। ਅਸ਼ਫ਼ਾਕ ਅਹਿਮਦ ਦੀ ਉਰਦੂ ਕਹਾਣੀ 'ਅਸ਼ਰਫ਼ ਸਟੀਲ ਮਾਰਟ' ਜੋ ਜਿੰਦਰ ਨੇ ਅਨੁਵਾਦ ਕੀਤੀ ਹੈ ਅੰਕ ਦਾ ਹਾਸ਼ਲ ਹੈ। ਇਲਿਆਸ ਘੁੰਮਣ ਦੀ ਮੁਲਾਕਾਤ ਜੋ ਕਿ ਏਜਾਜ਼ ਨੇ ਕੀਤੀ ਹੋਈ ਹੈ ਤੇ ਜਿਸ ਨੂੰ ਜੋਗਿੰਦਰ ਪਾਲ ਮਾਨ ਨੇ ਲਿਪੀਆਂਤਰ ਕੀਤਾ ਹੈ ਬਹੁਤ ਅਹਿਮ ਹੈ। ਹਰਿਭਜਨ ਸਿੰਘ ਭਾਟੀਆ ਨੇ ਬੀਬਾ ਬਲਵੰਤ ਦੀ ਸ਼ਾਇਰੀ ਦੇ ਨਕਸ਼ ਤੇ ਪਾਸਾਰਾਂ ਨੂੰ ਆਪਣੇ ਲੰਮੇ ਲੇਖ ਵਿੱਚ ਪਛਾਣਿਆ ਹੈ। ਪਰਚੇ ਦੇ ਅਗਲੇ ਪੰਨਿਆਂ ਉੱਤੇ ਚਾਂਗ ਮੇ ਚੂਨ (ਕਿੰਗ-ਮਿੰਗ ਚੀਨੀਆਂ ਦੇ ਸ਼ਰਾਧ) ਤੇ ਗੁਰਵਿੰਦਰ ਸਿੰਘ (ਪੰਜਾਬੀ ਸਫ਼ਰਨਾਮਾ ਦੱਖਣੀ ਏਸ਼ੀਆ ਦੇਸ਼ਾਂ ਸਾਰਕ ਦੇ ਸਮਾਜ ਸੱਭਿਆਚਾਰਕ ਪ੍ਰਸੰਗ ਵਿਚ) ਦੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਅੰਤਲੇ ਪੰਨਿਆਂ ਉੱਤੇ ਪੰਜ ਮਹੱਤਵਪੂਰਨ ਕਿਤਾਬਾਂ ਦੇ ਰੀਵਿਊ ਨਿਬੰਧ ਛਪੇ ਹਨ। ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਬਾਰੇ ਜਸਵਿੰਦਰ ਕੌਰ ਬਿੰਦਰਾ, ਸੁਰਜੀਤ ਬਰਾੜ ਦੇ ਨਾਵਲ 'ਡੁੱਬ ਰਿਹਾ ਪਿੰਡ' ਬਾਰੇ ਹਰਬੰਸ ਸਿੰਘ ਧੀਮਾਨ, ਅਰਵਿੰਦਰ ਕੌਰ ਕਾਕੜਾ ਨੇ ਮਦਨ ਵੀਰਾ ਦੇ ਸੰਗ੍ਰਹਿ 'ਘੇਰੇ ਤੋਂ ਬਾਹਰ' ਬਾਰੇ, ਸੁਰਜੀਤ ਸਿੰਘ ਸਿਰੜੀ ਦੀ ਕਿਤਾਬ 'ਮਿੱਟੀ ਕਰੇ ਸੁਆਲ' ਬਾਰੇ ਸੁਵਰਨ ਸਿੰਘ ਵਿਰਕ ਨੇ ਆਲੋਚਨਾਤਮਿਕ ਨਿਬੰਧ ਲਿਖੇ ਹਨ। ਅੰਤ ਤੋਂ ਪਹਿਲਾਂ ਭਗਵਾਨ ਜੋਸ਼ ਦੀ ਅਹਿਮ ਚਿੱਠੀ ਛਾਪੀ ਗਈ ਹੈ। ਪੰਜਾਬੀ ਭਵਨ ਦੀਆਂ ਸਰਗਰਮੀਆਂ ਤੋਂ ਪੰਜਾਬੀ ਸਾਹਿਤ ਸਭਾ ਦੇ ਕੰਮਾਂ ਦਾ ਪਤਾ ਲੱਗਦਾ ਹੈ।

ਪਰਚੇ ਦੇ ਪੰਨੇ : 203, ਮੁੱਲ : 80 ਰੁਪਏ, , ਪਤਾ : ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ, ਫ਼ੋਨ-20832498

ਪਰਚੇ ਦੇ ਮਹਿਮਾਨ ਸੰਪਾਦਕ ਹਨ ਸੁਕੀਰਤ।

## ਚਿਰਾ.ਗ : ਛੇ ਕਹਾਣੀਆਂ

ਚਿਰਾਗ਼ ਦਾ ਅੰਕ 127, ਅਪ੍ਰੈਲ-ਜੂਨ, 2025 ਛਪ ਕੇ ਪੁੱਜ ਗਿਆ ਹੈ। ਇਸ ਵਾਰ ਜੰਗ ਜਾਂ ਅਮਨ ਉੱਤੇ ਸੰਪਾਦਕੀ ਹੈ। ਅੰਕ ਵਿੱਚ ਪੰਜਾਬੀਆਂ ਦੀਆਂ ਪੰਜ ਮਹੱਤਵ ਪੂਰਨ ਕਹਾਣੀਆਂ ਛਪੀਆਂ ਹਨ। ਪ੍ਰਵੇਜ਼ ਸੰਧੂ (ਪੈਰ ਦੀ ਜੁੱਤੀ), ਬਲਦੇਵ ਸਿੰਘ ਢੀਂਡਸਾ (ਗ੍ਰਹਿਣ), ਰਤਨ ਸਿੰਘ ਕਵਲ (ਮੋਨਾਲੀਜ਼ਾ ਚੀਖ਼ ਪਈ), ਜੋਗੇ ਭੰਗਲ (ਟੁੱਟੀ ਕਲੀ ਦਾ ਕਿਹੜਾ ਦੇਸ਼ ਪਤਝੜ ਕਿ ਬਹਾਰ) ਅਤੇ ਅਲਫ਼ਾਜ਼ (ਅੜਿੱਕਾ) ਕਹਾਣੀਆਂ ਛਪੀਆਂ ਹਨ। ਇਹ ਕਹਾਣੀਆਂ ਸਮਕਾਲੀ ਯਥਾਰਥ ਨੂੰ ਆਪਣੇ ਕਲਾਵੇ ਵਿੱਚ ਲੈਣ ਦੇ ਸਮਰੱਥ ਹਨ। ਸੁਰਿੰਦਰ ਰਾਮਪੁਰੀ ਹੁਰਾਂ ਵੱਲੋਂ ਅਨੁਵਾਦ ਉਰਦੂ ਕਹਾਣੀ 'ਛੋਟੀ ਮੱਛੀ ਬੜੀ ਮੱਛੀ' ਵੀ ਪ੍ਰਕਾਸ਼ਤ ਹੋਈ ਹੈ ਜਿਸ ਦੇ ਲੇਖਕ ਹਨ ਸ਼ੀਰੀ ਨਿਆਜ਼ੀ। ਅੰਕ ਵਿੱਚ ਨੌਜਵਾਨ ਤੇ ਗੰਭੀਰ ਸ਼ਾਇਰ ਵਾਹਿਦ ਦੀ ਪੰਜ ਨਵੀਆਂ ਗ਼ਜ਼ਲਾਂ ਵੀ ਛਪੀਆਂ ਹਨ। ਜਿਸ ਦੇ ਸ਼ੇਅਰਾਂ ਵਿੱਚ ਤਾਜਗੀ ਵਾਲੇ ਚਿਹਨ ਹਨ। ਪੰਜਾਬੀ ਦੇ ਵੱਡੇ ਗ਼ਜ਼ਲਗੋ ਸਿਰੀ ਰਾਮ ਅਰਸ਼ ਦੀਆਂ ਚਾਰ ਗ਼ਜ਼ਲਾਂ ਵੀ ਪਰਚੇ ਦਾ ਹਾਸ਼ਲ ਹਨ। ਬਲਵਿੰਦਰ ਸੰਧੂ ਦੀਆਂ ਤਿੰਨ ਕਵਿਤਾਵਾਂ, ਵਲੀ ਮੁਹੰਮਦ ਅਜ਼ਮੀ ਦੀ ਗ਼ਜ਼ਲ, ਗੁਰਨਾਮ ਢਿੱਲੋਂ ਦੀਆਂ ਦੋ ਕਵਿਤਾਵਾਂ ਵੀ ਰੰਗ ਬੰਨ੍ਹਦੀਆਂ ਹਨ। ਭੀਮਇੰਦਰ ਸਿੰਘ ਦਾ ਆਲੇਖ 'ਲਾਲ ਸਿੰਘ ਦੀ ਦਾਸਤਾਨ-ਵਿਭਿੰਨ ਪਾਸਾਰ', ਡਾ. ਜਸਪਾਲਜੀਤ ਦਾ ਲਿਖਿਆ 'ਘਰ ਘਰ ਤੇ ਘਰ' (ਅਰਤਿੰਦਰ ਸੰਧੂ) ਤੇ ਸੁਰਜੀਤ ਦਾ ਲਿਖਿਆ 'ਬਾਰੀਂ ਬਰਸੀ ਖੱਟਣ ਗਿਆ ਸੀ' (ਜਤਿੰਦਰ ਰੰਧਾਵਾ) ਰੀਵਿਊ ਵੀ ਪ੍ਰਕਾਸ਼ਤ ਕੀਤੇ ਗਏ ਹਨ। ਅੰਕ ਵਿੱਚ ਮਹੱਤਵਪੂਰਨ ਸਮੱਗਰੀ ਛਪੀ ਹੈ।




ਪਰਚੇ ਦੇ ਪੰਨੇ : 88, ਮੁੱਲ : 60 ਰੁਪਏ, , ਪਤਾ : ਸੰਪਾਦਕ ਚਿਰਾਗ਼, ਜੋਤੀ ਨਿਵਾਸ, 251-34 ਨਿਊ ਹਰੀ ਨਗਰ, ਹੁਸਿਆਰਪੁਰ ਪਰਚੇ ਦੇ ਸੰਪਾਦਕ ਹਨ ਡਾ. ਕਰਮਜੀਤ ਸਿੰਘ (98763-23862)।

## ਏਕਮ : ਨੌਂ ਕਹਾਣੀਆਂ

ਚਰਚਿਤ ਪਰਚਾ 'ਏਕਮ' ਵੰਨ ਸੁਵੰਨੀ ਸਮੱਗਰੀ ਨਾਲ ਛਪ ਗਿਆ ਹੈ। ਹੱਥਲਾ ਅੰਕ ਅਪ੍ਰੈਲ-ਜੂਨ, 2025 ਹੈ। ਸੰਪਾਦਕੀ 'ਚ ਪਰਵਾਸ ਦੇ ਆਰ ਪਾਰ ਝਾਕਣ ਦੀ ਕੋਸ਼ਿਸ ਕੀਤੀ ਗਈ ਹੈ। ਅੰਕ ਵਿੱਚ ਨੋ ਮੈਨਜ਼ ਲੈਂਡ (ਜਸਬੀਰ ਭੁੱਲਰ), ਮੋਹ ਮੁਹੱਬਤ ਦੇ ਪੁੰਜ ( ਪ੍ਰੇਮ ਮਾਨ), ਖੜ-ਸੁੱਕ ਰੁੱਖ ਤੇ ਰੰਗ-ਬਰੰਗੀਆਂ ਕਰੂੰਬਲਾਂ ( ਗੁਰਦਿਆਲ ਦਲਾਲ), ਕੀੜੀਆਂ-ਕਾਢ੍ਹੇ ਵੀ ਜੀਵ (ਜੋਗੇ ਭੰਗਲ), ਟੈਕਸੀ (ਦਵਿੰਦਰ ਸਿੰਘ ਮਲਹਾਂਸ), ਮੈਂ ਤਾਂ ਇਥੇ ਹੀ ਰਹਾਂਗੀ (ਦੇਵਿੰਦਰ ਮਹਿੰਦਰੂ), ਕਾਮਦੇਵੀ (ਜਸਵਿੰਦਰ ਰੱਤੀਆਂ), ਅਮਰਦੀਪ (ਐਡਵੋਕੇਟ ਨਰਿੰਦਰ ਸ਼ਰਮਾ) ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕਹਾਣੀਆਂ ਸਮਕਾਲ ਦੇ ਯਥਾਰਥ ਨੂੰ ਫੜਨ ਵਿੱਚ ਸਫ਼ਲ ਰਹੀਆਂ ਹਨ। ਮਹਿੰਦਰ ਰਿਸ਼ਮ ਵੱਲੋਂ ਅਨੁਵਾਦ ਹਿੰਦੀ ਕਹਾਣੀਕਾਰ ਸੰਜੀਵ ਦੀ ਕਹਾਣੀ 'ਦੁਨੀਆ ਅਜੇ ਵੀ ਖ਼ੂਬਸੂਰਤ ਹੈ' ਵੀ ਪ੍ਰਕਾਸ਼ਤ ਕੀਤੀ ਗਈ ਹੈ।




ਸ਼ਾਇਰ ਵਿਸ਼ੇਸ਼ ਤਹਿਤ ਸੁਰਜੀਤ ਜੱਜ ਦੀਆਂ ਗ਼ਜ਼ਲਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਗ਼ਜ਼ਲਾਂ ਤੋਂ ਪਹਿਲਾਂ ਜੱਜ ਹੁਰਾਂ ਸਿਰਜਣਾ ਦੇ ਪ੍ਰਸੰਗ ਲਿਖੇ ਹਨ। ਅੰਕ ਵਿੱਚ ਤਾਰਨ ਗੁਜਰਾਲ, ਇੰਦਰ ਸਿੰਘ ਰਾਜ਼, ਸੁਰਿੰਦਰਪ੍ਰੀਤ ਘਣੀਆਂ, ਹਰਦੀਪ ਕੌਰ ਸੰਧੂ, ਕਰਮਜੀਤ ਰਿੰਪੀ, ਜਗਤਾਰਜੀਤ ਸਿੰਘ, ਹਰਵਿੰਦਰ ਸਿੰਘ ਸਿੱਧੂ, ਇਕਬਾਲ ਸਿੰਘ ਕੋਟਕਪੂਰਾ, ਲਾਭ ਸਿੰਘ ਖੀਵਾ, ਡਾ. ਹਰਪ੍ਰੀਤ ਕੌਰ ਸੰਧੂ, ਤੇਜਿੰਦਰ ਚੰਡਿਹੋਕ, ਜਸਪਾਲ ਸੰਧੂ, ਹਰਦੀਪ ਸਭਰਵਾਲ, ਫੈਸਲ ਖ਼ਾਨ, ਮੁਨੱਜ਼ਾ ਇਰਸ਼ਾਦ, ਰਘੁਬੀਰ ਸਿੰਘ ਕਲੋਆ, ਮਾਲਵਿੰਦਰ ਸ਼ਾਇਰ ਦੀਆਂ ਕਵਿਤਾਵਾਂ, ਗ਼ਜ਼ਲਾਂ, ਗੀਤ ਤੇ ਦੋਹੇ ਪ੍ਰਕਾਸ਼ਤ ਕੀਤੇ ਗਏ ਹਨ। ਗੁਰਬਚਨ ਸਿੰਘ ਭੁੱਲਰ (ਲੋਕਗੀਤ ਉਮਰ ਭਰ ਦੇ ਹਮਸਫ਼ਰ), ਸੁਰਜੀਤ (ਵਿਸ਼ਵ ਸ਼ਾਂਤੀ ਵਿਚ ਕਵਿਤਾ ਦਾ ਯੋਗਦਾਨ), ਠਾਕੁਰ ਦਲੀਪ ਸਿੰਘ (ਨਾਨਕ ਸਾਇਰ ਏਵ ਕਹਿਤ ਹੈ), ਜਸਬੀਰ ਕਲਸੀ (ਯਾਦ ਆਇਆ ਕਹਾਣੀਕਾਰ ਅਜੀਤ ਸਿੰਘ ਪੱਤੋ) ਆਦਿ ਲੇਖ ਵੀ ਪਰਚੇ ਵਿੱਚ ਛਪੇ ਹਨ। ਪੁਸਤਕ ਚਰਚਾ ਤਹਿਤ ਤਕਰੀਬਨ ਦੋ ਦਰਜ਼ਨ ਪੁਸਤਕਾਂ ਬਾਰੇ ਜਾਣਕਾਰੀ ਛਪੀ ਹੈ।

ਪਰਚੇ ਦੇ ਪੰਨੇ : 80, ਮੁੱਲ : 80 ਰੁਪਏ, , ਪਤਾ : ਸੰਪਾਦਕ : ਏਕਮ, 404 ਤਿਲਕ ਨਗਰ, ਅੰਮ੍ਰਿਤਸਰ।

ਪਰਚੇ ਦੇ ਸੰਪਾਦਕ ਹਨ : ਅਰਤਿੰਦਰ ਸੰਧੂ (98153-02081)।

**- ਭਗਵੰਤ ਰਸੂਲਪੁਰੀ**



*ਬਲਜੀਤ ਕੌਰ ਪੰਜਾਬੀ ਮਿੰਨੀ ਕਹਾਣੀ ਦੇ ਦਰਵਾਜ਼ੇ ਵਿੱਚੋਂ ਲੰਘ ਕੇ ਅਦਬੀ ਦੁਨੀਆ ਵਿੱਚ ਪ੍ਰਵੇਸ਼ ਕਰਨ ਵਾਲੀ ਨਵੀਂ ਅਦਬੀ ਸਵਾਰੀ ਹੈ। ਪਲੇਠਾ ਮਿੰਨੀ ਕਹਾਣੀ ਸੰਗ੍ਰਹਿ 'ਉਹ ਜ਼ਰੂਰ ਪਰਤੇਗੀ' ਨਾਲ ਉਸ ਦੀਆਂ ਮਿੰਨੀ ਕਹਾਣੀਆਂ ਚਰਚਾ 'ਚ ਆ ਗਈਆਂ ਹਨ। ਉਸ ਦੀਆਂ ਮਿੰਨੀ ਕਹਾਣੀਆਂ ਪੜ੍ਹਦਿਆਂ ਇਹ ਗੱਲ ਸਹਿਜੇ ਕਹੀ ਜਾ ਸਕਦੀ ਹੈ ਕਿ ਉਸ ਕੋਲ ਨਿਵੇਕਲੀ ਵਸਤੂ ਸਮੱਗਰੀ ਹੈ। ਇਸੇ ਸਮੱਗਰੀ ਦੇ ਅਧਾਰ 'ਤੇ ਉਹ ਸਮਕਾਲ ਨਾਲ ਗੰਭੀਰ ਕਿਸਮ ਦਾ ਸੰਵਾਦ ਰਚਾਉਂਦੀ ਹੈ। ਅੱਜ ਦੇ ਸਮੇਂ 'ਚ ਵਸਤੂ ਤੇ ਵਰਤਾਰੇ ਐਨੀ ਤੇਜ਼ੀ ਨਾਲ ਬਦਲ ਰਹੇ ਹਨ ਕਿ ਇਨ੍ਹਾਂ ਨੂੰ ਸਮਝਣਾ ਹਾਰੀ-ਸਾਰੀ ਦੇ ਵੱਸ ਦਾ ਰੋਗ ਨਹੀਂ ਹੈ। ਲੇਖਕਾ ਨੇ ਇਨ੍ਹਾਂ ਮਿੰਨੀ ਕਹਾਣੀਆਂ 'ਚ ਨਵੇਂ ਵਿਸ਼ੇ ਛੂਹਣ ਦੀ ਕੋਸ਼ਿਸ਼ ਕੀਤੀ ਹੈ। ਕਹਾਣੀਆਂ 'ਚ ਉਹ ਅਜਿਹੇ ਮੈਟਾਫਰ ਵਰਤਦੀ ਹੈ, ਜੋ ਰਚਨਾ ਦੀ ਵਸਤੂ ਸਮੱਗਰੀ ਨੂੰ ਪ੍ਰਭਾਵਸ਼ਾਲੀ ਬਣਾ ਦਿੰਦੇ ਹਨ। ਆਪਣੀਆਂ ਮਿੰਨੀ ਕਹਾਣੀਆਂ 'ਚ ਪਾਤਰਾਂ ਦੀਆਂ ਮਾਨਸਿਕ ਗੁੰਝਲਾਂ ਨੂੰ ਵੀ ਪੇਸ਼ ਕਰਦੀ ਹੈ ਤੇ ਪਾਠਕਾਂ ਨੂੰ ਸਾਰਥਿਕ ਸੁਨੇਹਾ ਵੀ ਦਿੰਦੀ ਹੈ।*

# ਬਲਜੀਤ ਕੌਰ ਨਵੀਂਆਂ ਮਿੰਨੀ ਕਹਾਣੀਆਂ

## ਇੱਕੋ ਕਿਸ਼ਤੀ

ਦਫ਼ਤਰੋਂ ਪਰਤ ਕੇ ਉਹਨੇ ਆਪਣਾ ਬੈਗ ਸੋਫ਼ੇ 'ਤੇ ਰੱਖ ਦਿੱਤਾ। ਬੈੱਡਰੂਮ ਵਿੱਚ ਆ ਕੇ ਬੂਟ ਲਾਹੁਣ ਲਈ ਉਹ ਬੈੱਡ ਦੇ ਇਕ ਕੰਨੀ 'ਤੇ ਬੈਠ ਗਿਆ। ਪਤਨੀ ਹਮੇਸ਼ਾ ਵਾਂਗ ਫੋਨ ਵਿੱਚ ਗਹਿਰੀ ਖੁੱਭੀ ਹੋਈ ਸੀ। ਟੱਕ-ਟੱਕ ਦੀ ਅਵਾਜ਼ ਟਾਈਪ ਕਰਨ ਵੱਲ ਸੰਕੇਤ ਕਰ ਰਹੀ ਸੀ ਅਤੇ ਵਾਰ-ਵਾਰ ਹੋ ਰਹੀ ਟੂੰ .. .. ਟੂੰ .. .. ਦੱਸ ਰਹੀ ਸੀ ਕਿ ਉਹ ਕਿਸੇ ਨਾਲ "ਚੈਟ" ਕਰ ਰਹੀ ਹੈ। ਬੂਟ ਜੁਰਾਬਾਂ ਲਾਹ ਕੇ ਉਸ ਨੇ ਸ਼ਰਟ ਲਾਹ ਕੇ ਬੈੱਡ 'ਤੇ ਸੁੱਟ ਦਿੱਤੀ। ਅਲਮਾਰੀ ਖੋਲ੍ਹ ਕੇ ਉਸ ਨੇ ਅੰਦਰ ਪਏ ਕੱਪੜਿਆਂ ਵਿੱਚੋਂ ਇੱਕ ਟੀ-ਸ਼ਰਟ ਖਿੱਚ ਲਈ ਅਤੇ ਖਹੁਰੇ ਤਰੀਕੇ ਨਾਲ ਪਾ ਲਈ। ਪਤਨੀ ਨੇ ਕੁਝ ਅਸਹਿਜ ਮਹਿਸੂਸ ਕਰਦਿਆਂ ਉਸ ਨੇ ਫੋਨ ਦੀ ਸੈਟਿੰਗ ਵਿੱਚ ਕੁਝ ਬਦਲਾਵ ਕਰ ਦਿੱਤਾ। ਟੂੰ-ਟੂੰ ਅਤੇ ਟੁਕ-ਟੁਕ ਦੀ ਅਵਾਜ਼ ਹੁਣ ਵਾਰ-ਵਾਰ ਪਾਜ਼ ਨਹੀਂ ਖੋਲ੍ਹ ਸਕਦੀ ਸੀ, ਕਿਉਂ ਜੋ ਉਹਦੇ ਮੂੰਹ ਵਿੱਚ ਸਾਈਲੈਂਟ ਮੋਡ ਥੁੰਨ ਦਿੱਤਾ ਜਾ ਚੁੱਕਾ ਸੀ, ਪਰ ਉਂਗਲਾਂ ਦੀ ਹਰਕਤ ਬਾ-ਦਸਤੂਰ ਜਾਰੀ ਸੀ।

ਇਕ ਪਲ ਲਈ ਉਸ ਨੇ ਆਪਣਾ ਮਨ ਪੀਡਾ ਜਿਹਾ ਕਰ ਲਿਆ ਅਤੇ ਰੋਜ਼-ਰੋਜ਼ ਦੇ ਇਸ ਕਜ਼ੀਏ ਤੋਂ ਛੁਟਕਾਰਾ ਪਾਉਣ ਲਈ ਤਿਆਰ ਹੋ ਗਿਆ। ਬੈੱਡ ਦੇ ਕੋਨੇ ਤੋਂ ਘੁੰਮ ਕੇ ਉਹ ਢੋਹ ਵੱਲ ਜਾਣਾ ਚਾਹੁੰਦਾ ਸੀ ਤਾਂ ਜੋ ਕੁਝ ਰੰਗੇ ਹੱਥੀਂ ਫੜਿਆ ਜਾਵੇ ਤੇ ਨਿੱਤ ਦੀ ਇਸ ਮਾਨਸਿਕ ਗੁੰਝਲ ਜੋ ਹੁਣ ਬਿਮਾਰੀ ਬਣਦੀ ਜਾ ਰਹੀ ਸੀ, ਉਸ ਤੋਂ ਛੁਟਕਾਰਾ ਮਿਲੇ।

"ਕਦੇ ਨਾ ਕਦੇ ਤਾਂ ਇਹ ਹੋਣਾ ਹੀ ਹੈ। ਫਿਰ ਕਿਉਂ ਨਾ ਅੱਜ ਹੀ .. .. ", ਖੁਦ ਨੂੰ ਕਹਿੰਦਿਆਂ ਉਸ ਨੇ ਬੈੱਡ ਦੀ ਢੋਹ ਨਾਲ ਟੇਕ ਲਾ ਕੇ ਬੈਠੀ ਪਤਨੀ ਦੀ ਸਥਿਤੀ ਨੂੰ ਜਾਂਚਿਆ। ਉਸ ਨੂੰ "ਰੰਗੇ ਹੱਥੀਂ" ਫੜਨ ਲਈ ਉਸ ਨੇ ਆਪਣੇ ਬੂਟ ਚੁੱਕੇ ਅਤੇ ਢੋਹ ਵਾਲੇ ਪਾਸੇ ਪਏ ਸ਼ੂ-ਰੈਕ ਵਿੱਚ ਰੱਖਣ ਦਾ ਬਹਾਨਾ ਕਰ ਆਪਣੀ ਮਾਨਸਿਕ ਗੁੰਝਲ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਉਸ ਪਾਸੇ ਵੱਲ ਵਧਿਆ।

ਅਚਾਨਕ ਘੂੰ.. .. ਘੂੰ .. .. ਘੂੰ .. .. ਕੋਈ ਮਸ਼ੀਨ ਆਪਣੀ ਮੌਜੂਦਗੀ ਦਰਜ ਕਰਾਉਣ ਲੱਗੀ। ਇਹ ਪਤਨੀ ਦਾ ਨਹੀਂ, ਸਗੋਂ ਉਸ ਦਾ ਫੋਨ ਸੀ, ਜੋ ਉਸ ਦੀ ਪੈਂਟ ਦੀ ਜੇਬ ਵਿੱਚ ਚੁੱਕੇ ਜਾਣ ਲਈ ਲਾਈਟਾਂ ਕੱਢਦਾ ਤੜਫ ਰਿਹਾ ਸੀ। ਇਕਦਮ ਘਬਰਾ ਕੇ ਉਸ ਨੇ ਫੋਨ ਜੇਬ ਵਿੱਚੋਂ ਕੱਢਿਆ ਅਤੇ ਨੰਬਰ ਵੇਖ ਕੇ ਵੌਲਿਊਮ ਬਟਨ ਦੱਬ ਕੇ ਸਾਈਲੈਂਟ ਕਰ ਲਿਆ। ਛੇਤੀ ਨਾਲ ਕਮਰੇ 'ਚੋਂ ਬਾਹਰ ਆਉਂਦਿਆਂ ਪਤਨੀ ਦੀ ਰੇਂਜ ਤੋਂ ਪਰ੍ਹਾਂ ਹੋ ਕੇ ਉਸ ਨੇ ਫੋਨ ਚੁੱਕਿਆ, " ਹੈਲੋ .. .. ਮੈਂ ਹੁਣੇ ਹੀ ਆਇਆ ਹਾਂ ਘਰ .. .. ਤੁਸੀਂ ਵੀ ਚੇਂਜ ਕਰ ਲਓ ਫੇਰ ਕਰਦੇ ਆਂ ਗੱਲ.. .. " ਕਹਿ ਕੇ ਉਸ ਨੇ ਫੋਨ ਰੱਖ ਦਿੱਤਾ ਅਤੇ ਪਤਨੀ ਦੀ ਚੋਰੀ ਨੂੰ ਫੜਨ ਦਾ ਇਰਾਦਾ ਤਿਆਗਦਿਆਂ ਮੂੰਹ ਹੱਥ ਧੋ ਕੇ ਉਹ ਦੱਬੇ ਪੈਰੀਂ ਸਟੱਡੀ ਰੂਮ ਵਿੱਚ ਵੜ ਗਿਆ।

## ਮਲਕੀਅਤ

ਸ਼ਾਇਦ ਕੱਲ੍ਹ ਰਾਤ ਹੀ ਇਸ ਨੇ ਬੱਚੇ ਜਨਮੇ ਸਨ। ਮੈਂ ਦੁੱਧ ਦਾ ਗਲਾਸ ਤੇ ਦੋ ਰੋਟੀਆਂ ਇਸ ਨੂੰ ਦੇਣਾ ਚਾਹੁੰਦਾ ਸਾਂ। ਦੋਪਾਇਆ ਜਾਨਵਰ ਤੋਂ ਡਰਦਿਆਂ ਉਸ ਨੇ ਮੈਨੂੰ ਰੋਕਣ ਲਈ ਪਹਿਲਾਂ ਤਾਂ ਗੁੱਸੇ ਵਿੱਚ ਦੰਦੀਆਂ ਵਿਖਾਈਆਂ ਤੇ ਫਿਰ ਭੌਂਕਣਾ ਸ਼ੁਰੂ ਕਰ ਦਿੱਤਾ। ਮੇਰੇ ਕਿਆਸੋਂ ਵੱਧ ਕੌੜ ਸੀ ਇਸ ਮਾਂ ਅੰਦਰ। ਆਪਣੇ ਭਾਵ ਉਸ ਤੱਕ ਨਾ ਪਹੁੰਚਦੇ ਵੇਖ ਕੇ ਮੈਂ ਰੋਟੀਆਂ ਅਤੇ ਦੁੱਧ ਉਸ ਦੇ ਘੁਰਨੇ ਦੇ ਬਾਹਰ ਹੀ ਰੱਖ ਆਇਆ। ਉਸ ਦੇ ਕਤੂਰੇ ਕੁਝ ਵੱਡੇ ਹੋ ਚੁੱਕੇ ਸਨ, ਪਰ ਅਜੇ ਵੀ ਉਹ ਆਪਣੇ ਘੁਰਨੇ ਦੇ, ਬੱਚਿਆਂ ਦੇ ਨੇੜੇ ਕਿਸੇ ਨੂੰ ਫੜਕਣ ਵੀ ਨਾ ਦਿੰਦੀ। ਉਸ ਦੇ ਬਾਹਰ ਗਿਆਂ ਗੋਲੂ-ਮੋਲੂ ਜਿਹੇ ਕਤੂਰੇ ਘੁਰਨੇ ਤੋਂ ਬਾਹਰ ਖੇਡਦੇ ਰਹਿੰਦੇ, ਪਰ ਉਸ ਦੇ ਆਉਂਦਿਆਂ ਹੀ ਛਾਂਈਂ-ਮਾਂਈਂ ਹੋ ਜਾਂਦੇ ਸੀ।

ਇੱਕ ਦਿਨ ਮੂੰਹ ਵਿੱਚ ਰੋਟੀਆਂ ਦੱਬ ਕੇ ਸੜਕ ਪਾਰ ਕਰਨ ਸਮੇਂ ਕਿਸੇ ਸਾਧਨ ਦੀ ਚਪੇਟ ਵਿੱਚ ਆ ਕੇ ਉਸ ਦੀ ਮੌਤ ਹੋ ਗਈ। ਉਸ ਦੇ ਘੁਰਨੇ ਨੂੰ ਵੀ ਗਲੀ ਦੇ ਸ਼ਰਾਰਤੀ ਬੱਚਿਆਂ ਵੱਲੋਂ ਤੋੜ ਦਿੱਤਾ ਗਿਆ। ਮੈਨੂੰ ਇਸ ਬਾਰੇ ਪਤਾ ਲੱਗਾ ਤਾਂ ਮੇਰਾ ਮਨ ਤੜਫ ਉੱਠਿਆ ਤੇ ਮੈਂ ਉਸ ਦੇ ਕਤੂਰਿਆਂ ਨੂੰ ਆਪਣੇ ਪਸ਼ੂਆਂ ਵਾਲੀ ਹਵੇਲੀ ਵਿਚ ਲੈ ਆਇਆ। ਮੈਂ ਉਹਨਾਂ ਲਈ ਉੱਥੇ ਪੱਕੀਆਂ ਇੱਟਾਂ ਅਤੇ ਫੂਸ ਦਾ ਆਰਜ਼ੀ ਜਿਹਾ ਘੁਰਨਾ ਬਣਾ ਦਿੱਤਾ।

## ਦੈਂਤ

"ਪ੍ਰੀਤੇ .. .. ਮੇਰਾ ਪੁੱਤ .. .. ਛੱਡ ਦੇ ਚਲਾਂਵੀਂ ਨਾ ਮਾਰੀਂ .... ਨਾ ਮੇਰਾ ਸੋਹਣਾ ਪੁੱਤ।" ਹਰਨਾਮ ਕੌਰ ਪੁੱਤਰ ਦੇ ਤਰਲ਼ੇ ਕਰ ਰਹੀ ਸੀ।

ਦੋ ਸੁਰਖ਼ ਅੱਖਾਂ ਨੇ ਉਸ ਵੱਲ ਵੇਖਿਆ। ਹਰਨਾਮ ਕੌਰ ਕੰਬ ਗਈ, ਕਿਉਂਕਿ ਉਹਨਾਂ ਸੁਰਖ਼ ਅੱਖਾਂ ਦੀ ਤੱਕਣੀ ਵਿੱਚ ਉਸ ਨੂੰ ਆਪਣਾ ਪੁੱਤਰ ਦੂਰ-ਦੂਰ ਤੱਕ ਨਹੀਂ ਸੀ ਦਿਖਦਾ। ਪ੍ਰੀਤੇ ਤੇ ਇਕ ਪਾਗਲਪਨ ਜਿਹਾ ਤਾਰੀ ਸੀ।

ਅੱਧੀਆਂ ਖੁੱਲ੍ਹੀਆਂ ਅੱਖਾਂ ਨਾਲ ਉਸ ਨੇ ਹੱਥ ਵਿਚਲੀ ਫੱਟੀ ਵੱਲ ਵੇਖਿਆ ਤੇ ਬੇਦਰਦੀ ਨਾਲ ਚਲਾਂਵੀਂ ਸੁੱਟ ਦਿੱਤੀ। ਬੇਸ਼ੱਕ ਉਹ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਆ ਸੀ, ਪਰ ਹੈ ਤਾਂ ਛੇ ਫੁੱਟਾ ਨੌਜੁਆਨ ਸੀ। ਫੱਟੀ ਛੂਕਦੀ ਗਈ; ਕੂਲਰ ਦੀ ਅਗਲੀ ਜਾਲ਼ੀ ਭੰਨ ਕੇ ਠਾਹ ਕਰਕੇ ਫ਼ਰਸ਼ 'ਤੇ ਡਿੱਗੀ ਅਤੇ ਡਿੱਗਦਿਆਂ ਹੀ ਦੋ ਟੋਟੇ ਹੋ ਗਈ। ਫੱਟੀ ਸੁੱਟ ਕੇ ਜਿਵੇਂ ਉਸ ਦਾ ਗੁੱਸਾ ਕੁਝ ਮੱਠਾ ਹੋਇਆ ਅਤੇ ਉਹ ਧੜੰਮ ਕਰਕੇ ਕੋਲ ਪਈ ਮੰਜੀ 'ਤੇ ਡਿੱਗ ਪਿਆ। ਉਸ ਦਾ ਧੜ ਮੰਜੀ 'ਤੇ ਅਤੇ ਲੱਤਾਂ ਹੇਠਾਂ ਲਮਕ ਰਹੀਆਂ ਸਨ। ਇਸੇ ਸਥਿਤੀ ਵਿੱਚ ਉਹ ਕੰਬਦੇ ਹੱਥਾਂ ਨਾਲ ਛੇਤੀ-ਛੇਤੀ ਆਪਣੀ ਜੇਬ ਵਿੱਚੋਂ ਕੁਝ ਕੱਢਣ ਦਾ ਯਤਨ ਕਰਨ ਲੱਗਾ। ਮਾਂ ਤੜਫ਼ ਰਹੀ ਸੀ, ਪਰ ਅੱਗੇ ਵਧ ਕੇ ਉਸ ਨੂੰ ਰੋਕਣ ਦਾ ਹੀਆ ਨਹੀਂ ਕਰ ਸਕਦੀ ਸੀ। ਉਸ ਦੀ ਪਤਨੀ ਤੇ ਛੋਟੀ ਬੱਚੀ ਰਸੋਈ ਦੀ ਨੁੱਕਰੇ ਛਹਿ ਕੇ ਬੈਠੀਆਂ ਸਨ। ਪਿਤਾ, ਜਿਸ ਨੂੰ ਕਿ ਸਾਹਮਣੇ ਕਮਰੇ ਵਿੱਚ ਬੰਦ ਕਰ ਦਿੱਤਾ ਹੋਇਆ ਸੀ, ਰਹਿ-ਰਹਿ ਕੇ ਬੂਹੇ 'ਤੇ ਹੌਲੀ-ਹੌਲੀ ਧੱਫ਼ੇ ਮਾਰਦਾ ਪਰ ਬਾਹਰ ਦੇ ਹਾਲਾਤ ਅਤੇ ਚੰਡਾਲ ਪੁੱਤਰ ਦੇ ਡਰੋਂ ਜ਼ਿਆਦਾ ਕੋਸ਼ਿਸ਼ ਨਹੀਂ ਕਰ ਰਿਹਾ ਸੀ।

"ਪਾਣੀ .. .. ਪਾਣੀ ਲਿਆਦੇ ਨ੍ਰਾਮੀਏ .. .. ਔਂਤਰੀਏ .. .. ਔਂਤਰੀ ਹੋ ਜੇਂਗੀ ਤੂੰ .. .. ਮਰ ਜੂ ਮੈਂ .. .. ਛੇਤੀ ਮਰ ਜੂ .. .. ਰੱਖ ਲਿਓ ਪੈਸੇ ਛਾਤੀ ਤੇ ਤੂੰ ਤੇ ਮੇਰਾ ਬਾਪ ਮੈਂ .. .. ਮੈਂ .. .. ਮੰਗਦਾ ਕੀ ਆ ਓਇ ਤੁਹਾਡੇ ਕੋਲੋ .. .. " ਥੋੜ੍ਹਾ ਚਿਰ ਪਹਿਲਾਂ ਰਾਕਸ਼ ਬਣਿਆ ਪ੍ਰੀਤਾ ਜ਼ਾਰੋ-ਕਤਾਰ ਰੋਣ ਲੱਗਾ।

ਮਾਂ ਦੀ ਮਮਤਾ ਪੁੱਤ ਨੂੰ ਰੋਂਦੇ ਵੇਖ ਕੇ ਤੜਫ਼ ਉੱਠੀ। ਭੱਜ ਕੇ ਪੁੱਤਰ ਨੂੰ ਜੱਫ਼ੀ 'ਚ ਭਰ ਲਿਆ ਤੇ ਕੁਰਲਾ ਉੱਠੀ, "ਪ੍ਰੀਤਿਆ ਪੁੱਤ ਬੜੀਆਂ ਸੁੱਖਣਾਂ ਸੁੱਖੀਆਂ ਸੀ ਚੰਨ ਮੇਰਿਆ। ਤਿੰਨ ਧੀਆਂ ਬਾਅਦ ਫੇਰ ਕਿਤੇ ਜਾ ਕੇ ਫਲ ਲੱਗਿਆ ਸੀ ਸਾਡੀਆਂ ਅਰਦਾਸਾਂ ਨੂੰ।" ਹਰਨਾਮ ਕੌਰ ਦੇ ਹੌਕੇ ਉੱਚੇ ਹੁੰਦੇ ਗਏ ਅਤੇ ਵੈਣਾਂ ਵਰਗੀਆਂ ਆਵਾਜ਼ਾਂ 'ਚ ਤਬਦੀਲ ਹੋ ਗਏ।

ਮਾਂ ਦਾ ਰੋਣਾ ਸੁਣ ਕੇ ਉਸ ਨੇ ਨਫਰਤ ਨਾਲ ਉਸ ਵੱਲ ਵੇਖਿਆ ਅਤੇ ਆਪਣੇ ਦੁਆਲੇ ਵਲੇ ਹੋਏ ਉਸ ਦੇ ਹੱਥ ਝਟਕ ਦਿੱਤੇ, "ਜਾਹ .. .. ਮਰ ਪਰ੍ਹਾਂ .. .. ਡੁਸਕਦੀ ਐ .. .. ਪਾਣੀ ਲਿਆਦੇ ਬੁੜੀਏ .. .. ਪਾਣੀ .. .. ਜਾਹ ।" ਮਣਾਂ-ਮੂੰਹੀਂ ਖੌਫ਼ ਥੱਲੇ ਹਰਨਾਮ ਕੌਰ ਉੱਠੀ ਅਤੇ ਰਸੋਈ ਵੱਲ ਨੂੰ ਤੁਰ ਪਈ।

ਰਸੋਈ ਦੀ ਨੁੱਕਰੇ ਲੱਗ ਕੇ ਰੋਂਦੀਆਂ ਮਾਂਵਾਂ-ਧੀਆਂ ਨੂੰ ਤੱਕ ਕੇ ਠੰਢੇ ਹੌਕੇ ਭਰਦੀ ਉਹ ਪਾਣੀ ਵਾਲਾ ਗਲਾਸ ਲੈ ਕੇ ਮੁੜ ਪਈ। ਕੰਬਦੇ ਹੱਥ ਨਾਲ ਪਾਣੀ ਦਾ ਗਲਾਸ ਫੜ ਕੇ ਪ੍ਰੀਤੇ ਨੇ ਖੱਬੇ ਹੱਥ ਦੀ ਮੁੱਠੀ ਵਿੱਚ ਫੜੀਆਂ ਗੋਲੀਆਂ ਦਾ ਫੱਕਾ ਮਾਰ ਲਿਆ। ਪਾਣੀ ਨਾਲ ਗੋਲੀਆਂ ਸੰਘੋਂ ਥੱਲੇ ਕਰਦੇ ਹੋਏ ਉਸ ਨੇ ਅੱਧੇ ਤੋਂ ਜ਼ਿਆਦਾ ਪਾਣੀ ਆਵਦੀ ਦਾੜ੍ਹੀ ਤੇ ਕੁਰਤੇ ਉੱਤੇ ਡੋਲ੍ਹ ਲਿਆ ਸੀ। ਮਾਂ ਚੁੱਪਚਾਪ ਖੜੀ ਵੇਖਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦੀ ਸੀ। ਦਸ-ਪੰਦਰਾਂ ਮਿੰਟਾਂ ਬਾਅਦ ਹੁਣ ਉਸ ਘਰ ਵਿੱਚ ਮੁਰਦੇਹਾਣ ਸ਼ਾਂਤੀ ਸੀ।

ਪ੍ਰੀਤੇ ਦੀ ਪਤਨੀ ਨੇ ਆਪਣੀ ਬੱਚੀ ਨਾਲ ਰਸੋਈ 'ਚੋਂ ਬਾਹਰ ਨਿਕਲ ਕੇ ਸਾਹਮਣੇ ਕਮਰੇ ਵਿੱਚੋਂ ਆਪਣੇ ਸਹੁਰੇ ਨੂੰ ਵੀ ਅਜ਼ਾਦ ਕਰ ਦਿੱਤਾ। ਚਿੱਟੀ ਦਾੜ੍ਹੀ ਤੇ ਮੈਲੇ ਕੰਮ ਕਰਨ ਵਾਲੇ ਕੱਪੜਿਆਂ ਵਿੱਚ ਉਹ ਫਕੀਰ ਲੱਗ ਰਿਹਾ ਸੀ। ਉਹਨਾਂ ਸਾਰਿਆਂ ਨੂੰ ਜਦੋਂ ਪ੍ਰੀਤੇ ਦੇ ਸੌਂ ਚੁੱਕੇ ਹੋਣ ਦਾ ਪੱਕਾ ਹੋ ਗਿਆ, ਦੱਬੇ ਕਦਮਾਂ ਨਾਲ ਇੱਕ-ਇੱਕ ਕਰਕੇ ਉਹ ਕੂਲਰ ਦੀ ਟੁੱਟੀ ਜਾਲ਼ੀ ਨੂੰ ਝਾਤੀ ਮਰਾਨ ਲਈ ਗਏ। ਫਿਰ ਉਸ ਵੱਲ ਖੌਫ਼ ਨਾਲ ਵੇਖਦਿਆਂ ਕਮਰੇ 'ਚੋਂ ਬਾਹਰ ਚਲੇ ਗਏ ਤੇ ਉਸ ਦੇ ਕਮਰੇ ਨੂੰ ਬਾਹਰੋਂ ਕੁੰਡੀ ਲਾ ਦਿੱਤੀ। ਸਾਹਮਣੇ ਕਮਰੇ ਵਿੱਚ ਉਹ ਸੋਗ ਮਨਾਉਣ ਵਾਲਿਆਂ ਵਾਂਗੂੰ ਜਾ ਬੈਠੇ। ਸ਼ਮਸ਼ਾਨ ਜਿਹੀ ਚੁੱਪ ਨੂੰ ਤੋੜਦਿਆਂ ਪ੍ਰੀਤੇ ਦੇ ਪਿਤਾ ਨੇ ਦੁੱਖ ਛੋਹਿਆ, "ਹਰਨਾਮ ਕੁਰੇ ਮੈਂ ਘਰ ਦੇ ਖਰਚੇ ਤੋਰਾਂ ਜਾਂ ਇਹਦੇ ਨਸ਼ੇ ਮੈਨੂੰ ਕੁਝ ਸਮਝ ਨਹੀਂ ਆਉਂਦਾ। ਮਰ ਜਾਏ ਇਹ ਨਿਕਰਮਾਂ .. .. ਮਰ ਜਾਏ ਉਹ ਜਿਹਨੇ ਇਹਨੂੰ ਇਹ ਭੈੜਾ ਨਸ਼ਾ ਲਾ ਕੇ ਸਾਡੀ ਜ਼ਿੰਦਗੀ ਜਿਉਂਦੇ ਜੀ ਨਰਕ ਕਰ ਦਿੱਤੀ .. .. ਮਰ ਜਾਣ ਸਰਕਾਰਾਂ, ਜੋ ਕੁਝ ਨਹੀਂ ਕਰਦੀਆਂ .. .. ਮਰ ਜਾਈਏ ਆਪਾਂ ਜੋ ਜਿਊਣਾ ਚਾਹੁੰਦੇ ਹੋਏ ਵੀ ਮਰਿਆਂ ਵਰਗੇ ਆਂ.. .. " ਪਿਛਲੇ ਸੱਤ-ਅੱਠ ਸਾਲਾਂ ਤੋਂ ਇਕ ਦੁਖੀ ਪਿਤਾ ਅੰਦਰਲਾ ਗੁਬਾਰ ਅੱਜ ਰੁਕ ਨਹੀਂ ਸੀ ਰਿਹਾ। ਸਾਰਾ ਪਰਵਾਰ ਹੌਕੇ ਲੈਂਦਿਆਂ ਘੁੰਮਣਘੇਰੀ ਵਿਚ ਫਸੀ ਹੋਈ ਕਿਸ਼ਤੀ ਵਾਂਗ ਡਿਕ-ਡੋਲੇ ਖਾ ਰਿਹਾ ਸੀ।

## ਨਿਆਂ

"ਤੇਰੇ ਮਾਮੇ ਨੂੰ ਦੱਸਿਆ ਸੀ ਮੈਂ ਉਹ ਕਹਿੰਦਾ ਸੀ ਅਨਸਾਫ਼ ਲੈ ਕੇ ਹਟਾਂਗੇ। ਤੇਰੇ ਪਿਉ ਨੂੰ ਨਹੀਂ ਦੱਸਣਾ ਐਵੇਂ ਝਗੜਾ ਕਰੇਗਾ" ਮਾਂ ਨੇ ਦੱਬੀ ਅਵਾਜ਼ ਵਿੱਚ ਆਪਣਾ ਡਰ ਗੀਤੂ ਦੇ ਕੰਨਾਂ ਵਿੱਚ ਪਾਇਆ।

"ਠੀਕ ਹੈ ਮਾਂ ਕੋਈ ਗੱਲ ਨਹੀਂ, ਪਰ ਉਹਨੂੰ ਛੱਡਦੇ ਤਾਂ ਨਹੀਂ। ਉਹਨੇ ਆਪਣੀ ਸੀਮੂ ਨਾਲ ਚੰਗਾ ਨਹੀਂ ਕੀਤਾ।" ਗੀਤੂ ਦੇ ਬੋਲਾਂ ਵਿੱਚ ਉਸ ਅੰਦਰਲਾ ਲਾਵਾ ਵਹਿ ਰਿਹਾ ਸੀ।

ਇਹ ਲਾਵਾ ਉਸ ਅੰਦਰ ਤਿੰਨ-ਚਾਰ ਦਿਨਾਂ ਤੋਂ ਬਾ-ਦਸਤੂਰ ਵਹਿ ਰਿਹਾ ਸੀ। ਕਾਰਨ ਸੀ ਕਾਲਜ ਦੇ ਆਖਰੀ ਸਾਲ ਵਿੱਚ ਪੜ੍ਹ ਰਹੀ ਉਸ ਦੀ ਤਿੰਨਾਂ ਭੈਣਾਂ 'ਚੋਂ ਸਭ ਤੋਂ ਛੋਟੀ ਭੈਣ ਸੀਮੂ ਨਾਲ ਹੋਈ ਘਟਨਾ। ਸੀਮੂ ਦਾ ਉਸ ਦੇ ਕਾਲਜ ਦੇ ਹੀ ਇਕ ਤਲਾਕਸ਼ੁਦਾ ਪ੍ਰੋਫੈਸਰ ਨੇ ਸ਼ਬਦਜਾਲ ਵਿੱਚ ਉਲਝਾ ਕੇ ਜਿਣਸੀ ਸ਼ੋਸ਼ਣ ਕਰ ਲਿਆ ਸੀ। ਸੀਮੂ ਦੇ ਦੱਸੇ ਅਨੁਸਾਰ ਉਸ ਪ੍ਰੋਫੈਸਰ ਨੇ ਉਸ ਨੂੰ ਵਿਆਹ ਦੇ ਸੁਪਨੇ ਦਿਖਾਏ ਸਨ। ਉਹ ਕਹਿੰਦਾ ਰਿਹਾ ਸੀ ਸੀਮੂ ਤੇ ਉਸ ਦਾ ਇਕ ਘਰ ਇੱਕ ਸੰਸਾਰ ਹੋਏਗਾ। ਪ੍ਰੋਫੈਸਰ ਦੇ ਸਰਕਾਰੀ ਨੌਕਰ ਹੋਣ ਕਰਕੇ ਸੀਮੂ ਨੂੰ ਇੰਝ ਲੱਗਣ ਲੱਗਾ ਕਿ ਉਹ ਅੰਬਰੋਂ ਚੰਦ ਵੀ ਲਿਆ ਕੇ ਦੇ ਸਕਦਾ ਹੈ, ਪਰ ਹੁਣ ਉਹ ਮੁੱਕਰ ਗਿਆ ਸੀ।

ਸੀਮੂ ਨਾਲੋਂ ਦਸ ਕੁ ਵਰ੍ਹੇ ਵੱਡੀ ਗੀਤੂ ਨੇ ਉਸ ਨੂੰ ਮਾਂ ਜਿਹੇ ਲਾਡ ਨਾਲ ਪਾਲਿਆ ਸੀ। ਸ਼ਰਾਬੀ ਪਿਤਾ ਦੀ ਗ਼ਫ਼ਲਤ ਕਰਕੇ ਅਧਿਆਪਕਾ ਵਜੋਂ ਕੰਮ ਕਰ ਰਹੀ ਗੀਤੂ ਆਪਣੀ ਮਾਂ ਦੀ ਸੱਜੀ ਬਾਂਹ ਸੀ। ਆਪਣੀ ਭੋਲੀ-ਭਾਲੀ ਛੋਟੀ ਭੈਣ ਨਾਲ ਹੋਈ ਵਧੀਕੀ ਨਾਲ ਉਹ ਬਿਲਕੁਲ ਵੀ ਸਮਝੌਤਾ ਨਹੀਂ ਕਰ ਸਕਦੀ ਸੀ। ਪਿਤਾ ਆਪਣੀ ਦਾਰੂ ਦੀ ਆਦਤ ਕਰਕੇ ਕਦੇ ਵੀ ਆਪਣੇ ਪਰਵਾਰ ਦੀ ਸੁੱਧ ਨਹੀਂ ਲੈ ਸਕਿਆ। ਇਸ ਲਈ ਗੀਤੂ ਇਸ ਘਰ ਵਿੱਚ ਮਰਦਾਨਾ ਫੈਸਲੇ ਲੈਣ ਵਾਲੀ ਮਰਦਾਨੀ ਸੀ।

ਕੱਲ੍ਹ ਇਸ ਮਸਲੇ ਨੂੰ ਲੈ ਕੇ ਪੰਚਾਇਤ ਹੋਣੀ ਸੀ। ਗੀਤੂ, ਉਸ ਦੀ ਮਾਂ ਅਤੇ ਉਸ ਦੀਆਂ ਭੈਣਾਂ ਕੰਡਿਆਂ 'ਤੇ ਸਨ। ਨੀਂਦ ਨਾ ਆਉਂਦੀ ਵੇਖ ਕੇ ਗੀਤੂ ਬਰਾਂਡੇ ਵਿੱਚ ਪਏ ਫ਼ਰਿੱਜ 'ਚੋਂ ਪਾਣੀ ਪੀਣ ਲਈ ਬਾਹਰ ਆਈ ਤਾਂ ਇਕ ਕੋਨੇ ਵਿਚ ਪਏ ਮਰੀਅਲ ਜਿਹੇ ਕਤੂਰੇ ਨੂੰ ਵੇਖ ਕੇ ਹੈਰਾਨ ਹੋ ਗਈ। ਜਿੱਥੋਂ ਤੱਕ ਉਸ ਨੂੰ ਯਾਦ ਸੀ, ਉਹਨਾਂ ਦੇ ਘਰ ਕੁਝ ਕੁ ਦਿਨ ਪਹਿਲਾਂ ਇੱਕ ਬਿੱਲੀ ਨੇ ਬੱਚੇ ਜਨਮੇ ਸਨ। ਪਾਣੀ ਪੀ ਕੇ ਉਹ ਅੰਦਰ ਚਲੀ ਗਈ।

"ਬਾਹਰ ਦੀ ਲੈਟ ਬੰਦ ਕਰ ਆਈ ਏਂ?" ਅੰਦਰ ਆ ਕੇ ਆਪਣੇ ਮੰਜੇ 'ਤੇ ਪੈਂਦੀ ਨੂੰ ਮਾਂ ਨੇ ਸੁਆਲ ਕੀਤਾ।

"ਹੂੰ .. .. ਪਰ ਇਹ ਕਤੂਰਾ ਕਿੱਥੋਂ ਆਇਆ ਹੈ?" ਗੀਤੂ ਨੇ ਹਲਕਾ ਜਿਹਾ ਸੁਆਲ ਕੀਤਾ।

"ਇਹ ਤਾਂ ਆਪਣੀ ਬਿੱਲੀ ਲੈ ਕੇ ਆਈ ਐ ਕਿਤੋਂ। ਭਿੱਜਿਆ ਹੋਇਆ ਸੀ। ਖੌਰੇ ਕਿਸੇ ਨਾਲ਼ੀ 'ਚੋਂ ਚੁੱਕ ਕੇ ਲਿਆਈ ਹੋਵੇ।" ਮਾਂ ਨੇ ਜੁਆਬ ਵਿੱਚ ਜਾਣਕਾਰੀ ਆਪਣੇ ਕਿਆਸਾਂ ਸਹਿਤ ਦਿੰਦਿਆਂ ਕਿਹਾ।

"ਜੇਕਰ ਬਿੱਲੀ ਦੀ ਮਮਤਾ ਆਪਣੇ ਦੁਸ਼ਮਣ ਦੇ ਬੱਚੇ ਨੂੰ ਬਚਾ ਕੇ ਲੈ ਆਈ ਤਾਂ ਮਾਮਾ ਤਾਂ ਸਾਡਾ ਆਪਣਾ ਹੈ।" ਗੀਤੂ ਦੇ ਪਰੇਸ਼ਾਨ ਮਨ ਨੇ ਕਤੂਰੇ ਵਾਲੀ ਘਟਨਾ ਨੂੰ ਬਿਨਾਂ ਵਜ੍ਹਾ ਹੀ ਵਰਤਮਾਨ ਸਥਿਤੀ ਨਾਲ ਜੋੜਦਿਆਂ ਇਕ ਤੱਥ ਘੜ ਲਿਆ। ਮਨ ਨੇ ਆਪਣੀ ਗੱਲ ਗੀਤੂ ਨਾਲ ਜਾਰੀ ਰੱਖਦਿਆਂ ਕਿਹਾ, "ਕੱਲ੍ਹ ਕਰਦੇ ਆਂ ਉਸ ਕੰਜਰ ਨਾਲ ਗੱਲ।" ਆਪਣੇ-ਆਪ ਨਾਲ ਗੁਫ਼ਤਗੂ ਕਰਦਿਆਂ ਉਸ ਨੂੰ ਰਾਤ ਦੇ ਪਿਛਲੇ ਕੁਝ ਕੁ ਪਹਿਰ ਨੀਂਦ ਆ ਗਈ।

ਪੰਚਾਇਤ ਕੀ ਸੀ ਪਿੜ ਸੀ! ਉਸ ਦੇ ਸਾਰੇ ਸਾਥੀ ਅਧਿਆਪਕ-ਅਧਿਆਪਕਾਵਾਂ ਤੇ ਇਲਾਕੇ ਦਾ ਇਕ ਰਸੂਖ਼ਦਾਰ ਵਿਅਕਤੀ ਜਿਸ ਦੀ ਕੋਈ ਮੋੜ ਨਹੀਂ ਸੀ ਸਕਦਾ। ਮਾਮੇ ਨੇ ਜਾਂਦਿਆਂ ਹੀ ਰਸੂਖਦਾਰ ਬਜ਼ੁਰਗ ਦੇ ਪੈਰੀਂ ਹੱਥ ਲਾਏ। ਗੀਤੂ ਦੇ ਹੱਥ ਵਿੱਚ ਫੜੀਆਂ ਅਰਜ਼ੀਆਂ ਲਰਜ਼ੀਆਂ। ਪਰ ਇਕ ਆਸ ਨਾਲ ਉਹ ਪੰਚਾਇਤ ਵਿੱਚ ਜਾ ਬੈਠੀ। ਗੱਲਬਾਤ ਰਸੂਖਦਾਰ ਨੇ ਹੀ ਸ਼ੁਰੂ ਕੀਤੀ ਅਤੇ ਪ੍ਰੋਫੈਸਰ ਤੋਂ ਮੁਆਫ਼ੀ ਮੰਗਵਾ ਕੇ ਰਾਜ਼ੀਨਾਮਾ ਵੀ ਉਸ ਨੇ ਹੀ ਕਰਵਾ ਦਿੱਤਾ। ਗੀਤੂ ਨੇ ਇਸ ਦੌਰਾਨ ਜਿੰਨੀ ਵਾਰ ਵੀ ਵਿਰੋਧ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਪੰਚਾਇਤ ਨੇ, "ਬੱਸ ਬੇਟਾ ਅਸੀਂ ਬੈਠੇ ਹਾਂ ਧੀਆਂ-ਭੈਣਾਂ ਨੇ ਅਗਲੇ ਘਰ ਵੀ ਜਾਣਾ ਹੁੰਦਾ ਹੈ।"

ਰਾਜ਼ੀਨਾਮਾ ਕਰਵਾ ਕੇ ਰਸੂਖ਼ਦਾਰ ਆਪਣੇ ਅਮਲੇ ਨਾਲ ਬਾਹਰ ਚਲਾ ਗਿਆ ਅਤੇ ਪੰਚਾਇਤ ਉੱਠ ਗਈ। ਗੀਤੂ ਹੁਣ ਉੱਥੇ ਬੈਠ ਕੇ ਕਰਦੀ ਵੀ ਕੀ?

ਮਾਮੇ ਨੇ ਅੱਗੇ ਵਧ ਕੇ ਗੀਤੂ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, "ਪੁੱਤ ਗੀਤੂ ਫੈਸਲਾ ਸਹੀ ਹੋ ਗਿਆ ਨਾ? ਬੇਟੇ ਆਪਾਂ ਕੱਲ੍ਹ ਨੂੰ ਤੁਹਾਡਾ ਵਿਆਹ ਵੀ ਕਰਨਾ ਹੈ।"

ਆਪਣੇ ਵੱਲੋਂ ਲਿਖੀਆਂ ਸ਼ਿਕਾਇਤੀ ਅਰਜ਼ੀਆਂ ਨੂੰ ਮਰੋੜ ਕੇ ਹੱਥਾਂ ਵਿੱਚ ਘੁੱਟਦੇ ਹੋਏ ਆਪਣੇ ਮਾਮੇ ਨੂੰ ਉਸ ਤੋਂ ਬੱਸ ਇੰਨਾ ਹੀ ਕਹਿ ਹੋਇਆ, "ਮਾਮਾ ਜੀ ਤੁਸੀਂ ਤਾਂ ਬਿੱਲੀ ਨਾਲੋਂ ਵੀ ਮਾੜੇ ਨਿਕਲੇ।"

## ਰਾਹ

ਲਿਵਿੰਗ ਰੂਮ ਲਈ ਖਰੀਦੀ ਨਵੀਂ ਐਂਟੀਕ ਮੂਰਤੀ ਬੜੀ ਅੱਡ ਜਿਹੀ ਦਿੱਖ ਵਾਲੀ ਸੀ। ਆਧੁਨਿਕ ਕਲਾ ਦਾ ਪ੍ਰਭਾਵ ਲਈ ਇਹ ਮੂਰਤੀ ਸਮਝ ਤਾਂ ਬੇਸ਼ੱਕ ਨਹੀਂ ਸੀ ਆ ਰਹੀ, ਪਰ ਉਸ ਦਾ ਪ੍ਰਗਟਾਵਾ ਜ਼ਰੂਰ ਕਰ ਰਹੀ ਸੀ। ਸਾਰੇ ਬਹੁਤ ਖੁਸ਼ ਸਨ, ਪਰ ਨਹੀਂ ਖੁਸ਼ ਸੀ ਤਾਂ ਭੋਲੂ। ਤਿੰਨ ਕੁ ਸਾਲ ਦਾ ਭੋਲੂ ਕੱਲ੍ਹ ਤੋਂ ਹੀ ਲਿਵਿੰਗ ਰੂਮ 'ਚ ਜਾਣੋਂ ਇਨਕਾਰੀ ਸੀ। ਕਾਰਨ ਜੋ ਸਭ ਨੂੰ ਸਮਝ ਉਹ ਸੀ, ਉਹੀ ਆਧੁਨਿਕ ਐਂਟੀਕ ਮੂਰਤੀ ਜਿਸ ਨੂੰ ਵੇਖ ਕੇ ਉਹ ਡਰੀ ਜਾ ਰਿਹਾ ਸੀ।

ਇਹ ਸਥਿਤੀ ਘਰ ਲਈ ਇਕ ਨਵੀਂ ਸਮੱਸਿਆ ਵਾਂਗ ਸੀ, ਕਿਉਂਕਿ ਮੂਰਤੀ 'ਤੇ ਪੱਚੀ ਹਜ਼ਾਰ ਦਾ ਖਰਚਾ ਹੋਇਆ ਸੀ। ਲਿਵਿੰਗ ਰੂਮ ਦੀ ਸ਼ਾਨ ਵਧੀ ਸੀ ਉਸ ਦੇ ਆਉਣ ਨਾਲ, ਪਰ ਭੋਲੂ ਦਾ ਕੀ ਕੀਤਾ ਜਾਵੇ, ਉਹ ਉਸ ਕਮਰੇ ਵੱਲ ਮੂੰਹ ਕਰਨ ਤੋਂ ਵੀ ਇਨਕਾਰੀ ਸੀ। ਮਾਂ-ਪਿਉ, ਦਾਦਾ-ਦਾਦੀ ਵਾਰੋ-ਵਾਰੀ ਬਾਲ ਨੂੰ ਆਪਣੀ ਗੋਦ 'ਚ ਚੁੱਕ ਕੇ ਉਸ ਮੂਰਤੀ ਨੂੰ ਹੱਥ ਲਾ ਕੇ ਉਸ ਦਾ ਡਰ ਦੂਰ ਕਰਨ ਦੀ ਅਸਫ਼ਲ ਕੋਸ਼ਿਸ਼ ਕਰਦੇ ਰਹੇ। ਪਰ ਭੋਲੂ ਦੀ ਭੋਲੀ ਸਮਝ ਵਿੱਚ ਪਤਾ ਨਹੀਂ ਕਿਉਂ ਇਸ ਦਾ ਡਰ ਬੈਠ ਗਿਆ ਸੀ।

ਹੁਣ ਵਾਰੀ ਆਈ ਭੋਲੂ ਦੀ ਭੂਆ ਦੀ, ਜੋ ਕਿੱਤੇ ਵਜੋਂ ਇਕ ਅਧਿਆਪਕਾ ਸੀ। ਉਸ ਨੇ ਬੱਚੇ ਨੂੰ ਗੋਦ ਵਿਚ ਲਿਆ ਤੇ ਬਾਲ ਨਾਲ ਕੁਝ ਗੱਲਾਂ ਕਰਦੀ ਇੱਧਰ-ਉੱਧਰ ਘੁੰਮਦੀ ਰਹੀ। ਆਖਿਰ ਭੋਲੂ ਤੇ ਭੂਆ ਲਿਵਿੰਗ ਰੂਮ ਆ ਗਏ। ਐਂਟੀਕ ਮੂਰਤੀ ਆਉਣ ਤੋਂ ਬਾਅਦ ਲਿਵਿੰਗ-ਰੂਮ 'ਚ ਆ ਕੇ ਵੀ ਭੋਲੂ ਦੇ ਚਿਹਰੇ 'ਤੇ ਪਹਿਲੀ ਵਾਰ ਕੋਈ ਡਰ ਜਾਂ ਤਨਾਅ ਨਹੀਂ ਸੀ। ਭੋਲੂ ਨੂੰ ਬਿਨਾਂ ਡਰੇ ਕਮਰੇ 'ਚ ਪੁੱਜਿਆ ਵੇਖ ਕੇ ਪਰਵਾਰ ਦੇ ਸਾਰੇ ਜੀਅ ਹੈਰਾਨ ਸਨ।

ਸਾਰੇ ਇਸ ਰਾਜ ਤੋਂ ਜਾਣੂ ਹੋਣਾ ਚਾਹੁੰਦੇ ਸਨ, ਇਸ ਲਈ ਭੋਲੂ ਦੇ ਪਾਪਾ ਨੇ ਪੁੱਛਿਆ, "ਬੇਟੇ ਭੋਲੂ ਤੁਸੀਂ ਹੁਣ ਤਾਂ ਨਹੀਂ ਡਰਦੇ?"

ਭੋਲੂ ਨੇ ਉੱਤਰ ਦਿੱਤਾ, "ਨਹੀਂ ਪਾਪਾ ਜੀ।"

ਪਿਤਾ ਨੇ ਫਿਰ ਪੁੱਛਿਆ, "ਤੇ ਹੁਣ ਤੁਸੀਂ ਕਿਉਂ ਨਹੀਂ ਡਰਦੇ?"

ਭੋਲੂ ਨੇ ਮਾਸੂਮੀਅਤ ਨਾਲ ਕਿਹਾ, "ਹੁਣ ਮੈਂ ਚਿੜੀਆਂ ਬੁਲਾਉਂਦਾ ਹਾਂ।"

ਗੱਲ ਕਿਸੇ ਦੇ ਵੀ ਸਮਝ ਨਾ ਆਈ।

ਭੂਆ ਨੇ ਪਿਆਰ ਨਾਲ ਭੋਲੂ ਦੇ ਸਿਰ 'ਤੇ ਹੱਥ ਰੱਖਦਿਆਂ ਕਿਹਾ, "ਬੁਲਾ ਕੇ ਵਿਖਾਓ ਬੇਟੇ ਕਿਵੇਂ ਬੁਲਾਉਂਦੇ ਹੋ ਤੁਸੀਂ?"

ਭੋਲੂ ਨੇ ਉਤਲੇ ਦੰਦਾਂ ਨੂੰ ਹੇਠਲੇ ਬੁੱਲ੍ਹ ਨਾਲ ਲਾ ਕੇ ਹਵਾ ਨੂੰ ਦੰਦਾਂ ਦੀਆਂ ਵਿਰਲਾਂ 'ਚੋਂ ਅੰਦਰ ਨੂੰ ਖਿੱਚਦਿਆਂ ਚੀਂ-ਚੀਂ ਜਿਹੀਆਂ ਅਵਾਜ਼ਾਂ ਕੱਢੀਆਂ। ਸਭ ਹੱਸ ਪਏ।

ਸਭ ਦਾ ਧਿਆਨ ਵੰਡਿਆ ਗਿਆ ਵੇਖ ਕੇ ਭੋਲੂ ਨੇ ਆਪਣੀ ਅਵਾਜ਼ ਨੂੰ ਰਤਾ ਉੱਚੀ ਕਰਦਿਆਂ ਕਿਹਾ, "ਨਹੀਂ .. .. ਈਂ .. .. ਈਂ .. .. ਪਾਪਾ ਭੂਆ ਕਹਿੰਦੇ ਕਿ ਜਦੋਂ ਤੈਨੂੰ ਡਰ ਲੱਗੇ ਤਾਂ ਤੂੰ ਉਹ ਕਰਿਆ ਕਰ, ਜੋ ਤੈਨੂੰ ਚੰਗਾ ਲੱਗਦਾ ਐ। ਮੈਨੂੰ ਮੂੰਹ ਨਾਲ ਚਿੜੀਆਂ ਬੁਲਾਉਣੀਆਂ ਚੰਗੀਆਂ ਲੱਗਦੀਆਂ ਨੇ ਪਾਪਾ।" ਭੋਲੂ ਨੇ ਬਿਨਾਂ ਰੁਕੇ ਨਿੱਕੇ ਜਿਹੇ ਮੂੰਹ ਨਾਲ ਕਿਹਾ।

*ਸੰਪਰਕ-79884-85545*

# ਸਮਾਜ ਤੇ ਨੈਤਿਕਤਾ

## *ਨੈਤਿਕਤਾ ਦਾ ਸਮਾਜ ਸ਼ਾਸਤਰ*

**- ਪ੍ਰੋ. ਅਰੁਣ ਕੁਮਾਰ**

ਨੈਤਿਕਤਾ ਸਮਾਜ ਨਾਲ ਜੁੜੀ ਹੋਈ ਚੀਜ਼ ਹੈ ਭਾਵ ਕਿ ਸਮਾਜ 'ਚ ਮਨੁੱਖ ਨੂੰ ਕਿਸ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਬਿਨਾ ਸਮਾਜ ਦੇ ਇਸ ਉੱਤੇ ਗੱਲ ਨਹੀਂ ਕੀਤੀ ਜਾ ਸਕਦੀ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਹੌਲੀ-ਹੌਲੀ ਅਸੀਂ ਆਦਮੀ ਨੂੰ ਮਸ਼ੀਨ ਦੇ ਵਾਂਗ ਮੰਨਣ ਲੱਗ ਪਏ ਹਾਂ। ਆਜ਼ਾਦੀ ਤੋਂ ਬਾਅਦ ਤੋਂ ਸਾਡੇ ਸਾਸਕ ਵਰਗ ਨੇ ਜਿਸ ਨੈਤਿਕਤਾ ਦੀ ਕਸਮ ਖਾਧੀ ਸੀ, ਉਹ ਸਾਰੀ ਢਹਿ ਗਈ। 1965 ਤੱਕ ਮੁੱਢਲੀ ਸਿੱਖਿਆ ਹਰ ਇਕ ਲਈ ਪੂਰੀ ਹੋ ਜਾਣੀ ਚਾਹੀਦੀ ਸੀ ਪਰ ਇਹ ਅੱਜ ਤੱਕ ਹੋ ਨਹੀਂ ਸਕੀ। ਅੱਜ ਦੀ ਨੈਤਿਕਤਾ ਪੈਸੇ ਤੇ ਬਾਜ਼ਾਰ ਉੱਤੇ ਨਿਰਭਰ ਹੈ। ਬਾਜ਼ਾਰ ਵਿਚ ਕੀਮਤ ਪੈਸੇ ਨਾਲ ਪੈਂਦੀ ਹੈ। ਤੁਸੀਂ ਬੁੱਢੇ, ਬੱਚੇ ਜਾਂ ਗਰੀਬ ਹੋ ਅਤੇ ਤੁਹਾਡੀਆਂ ਜ਼ਰੂਰਤਾਂ ਵੱਖਰੀਆਂ ਹਨ ਇਸ ਨਾਲ ਬਜ਼ਾਰ ਨੂੰ ਕੁਝ ਵੀ ਲੈਣਾ ਦੇਣਾ ਨਹੀਂ। ਅੱਜ ਦੀ ਨੈਤਿਕਤਾ ਬਹੁਤ ਹੀ ਪਿਛਾਹ ਖਿੱਚੂ ਹੈ। ਕਿਉਂਕਿ ਬਜ਼ਾਰ ਵਿਅਕਤੀ ਕੇਂਦਰਤ ਹੁੰਦਾ ਹੈ ਇਸ ਲਈ ਉਹ ਵੀ ਵਿਅਕਤੀਵਾਦੀ ਹੋ ਗਈ ਹੈ। ਇਸ ਤਰ੍ਹਾਂ ਸਮੰਤੀ ਅਤੇ ਪੂੰਜੀਵਾਦੀ ਦੋਵੇਂ ਤੰਤ੍ਰ ਸ਼ੋਸ਼ਣ ਉੱਤੇ ਆਧਾਰਿਤ ਅਨੈਤਿਕਤਾ ਦੇ ਨਾਲ ਚੱਲਦੇ ਹਨ। ਬਜ਼ਾਰ ਦੀ ਸੁਤੰਤਰਤਾ ਦੀ ਸੋਚ ਆਮ ਆਦਮੀ ਨੂੰ ਲੁੱਟਣਾ ਹੈ। ਬਜ਼ਾਰ ਬਰਾਬਰੀ ਦੀ ਗੱਲ ਇਕ ਸੀਮਤ ਦਾਇਰੇ 'ਚ ਕਰਦਾ ਹੈ। ਅਮਰੀਕਾ ਦੇ ਸਬੰਧ ਵਿਚ ਲੋਕਾਂ ਦਾ ਕਹਿਣਾ ਹੈ ਕਿ ਉਹ ਬਹੁਤ ਸੁਤੰਤਰ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਥੇ ਜਬਰਦਸਤ ਸ਼ੋਸ਼ਣ ਹੈ ਅਤੇ ਉਹ ਅਮਰੀਕਾ ਬਾਕੀ ਸਾਰੇ ਦੇਸ਼ਾਂ ਦਾ ਸ਼ੋਸ਼ਣ ਕਰਦਾ ਹੈ। ਬਾਜ਼ਾਰ ਦੀ ਸ਼ਰਤ ਹੈ ਕਿ ਸਾਨੂੰ ਸ਼ੋਸ਼ਣ ਦੀ ਪੂਰੀ ਖੁੱਲ ਹੋਣੀ ਚਾਹੀਦੀ ਹੈ। ਚਾਹੇ ਅਸੀਂ ਇਸ਼ਤਿਹਾਰ ਦੇ ਜ਼ਰੀਏ ਕਰੀਏ ਜਾਂ ਵਿਕਰੀ ਦੇ ਜ਼ਰੀਏ। ਔਰਤਾਂ ਦਾ ਸ਼ੋਸ਼ਣ ਸਮੰਤੀ ਯੁੱਗ ਵਿਚ ਸੀ ਅਤੇ ਪੂੰਜੀਵਾਦੀ ਸਮਾਜ ਵਿਚ ਵੀ ਹੈ। ਦੋਹਾਂ ਸਮਾਜਾਂ ਵਿਚ ਸ਼ੋਸ਼ਣ ਦਾ ਰੂਪ ਵੱਖ ਵੱਖ ਹੈ। ਕਿਉਂਕਿ ਦੋਹਾਂ ਦੀ ਸੰਰਚਨਾ ਵੱਖਰੀ ਹੈ। ਉਸ ਸਮਾਜ ਵਿਚ ਔਰਤਾਂ ਬਾਜ਼ਾਰ 'ਚ ਨਹੀਂ ਉਤਰੀਆਂ ਸਨ। ਕੁਝ ਸੀਮਤ ਲੋਕਾਂ ਦੇ ਲਈ ਬਜ਼ਾਰ ਹੁੰਦਾ ਸੀ। ਹੁਣ ਔਰਤਾਂ ਬਜ਼ਾਰ ਵਿਚ ਆ ਰਹੀਆਂ ਹਨ। ਉਦੋਂ ਅਜਿਹਾ ਨਹੀਂ ਸੀ ਕਿ ਅਸੀਂ ਵੱਧ ਤੋਂ ਵੱਧ ਆਪਣੇ ਆਪ ਨੂੰ ਵੇਚਣਾ ਹੈ। ਉਸ ਦੌਰ ਵਿਚ ਸੈਕਸ ਉੱਤੇ ਪਬੰਧੀ ਦੂਜੇ ਰੂਪ ਵਿਚ ਸੀ। ਅੱਜ ਤਾਂ ਔਰਤ ਨੂੰ ਸਿੱਧਾ ਬਜ਼ਾਰ ਵਿਚ ਉਤਾਰਿਆ ਜਾਂਦਾ ਹੈ ਅਤੇ ਉਸਦੇ ਜਿਸਮ ਦਾ ਤਰ੍ਹਾਂ ਤਰ੍ਹਾਂ ਨਾਲ ਇਸਤੇਮਾਲ ਕੀਤਾ ਜਾਂਦਾ ਹੈ। ਚਾਹੇ ਤਸਵੀਰ ਦਿਖਾ ਕੇ, ਇਸ਼ਤਿਹਾਰ ਰਾਹੀਂ, ਚਾਹੇ ਡਾਂਸ ਬਾਰ 'ਚ , ਇਕ ਪਾਸੇ ਉਸ ਨੂੰ ਸੁਤੰਤਰਤਾ ਮਿਲੀ ਹੈ ਕਿ ਉਹ ਜਾਬ ਮਾਰਕੀਟ ਵਿਚ ਆ ਸਕਦੀ ਹੈ। ਦੂਜੇ ਪਾਸੇ ਉਸ ਦੇ ਸ਼ੋਸ਼ਣ ਦੇ ਸੰਦ ਵੀ ਵਧੇ ਹਨ। ਅਮਰੀਕਾ ਵਰਗੇ ਦੇਸ਼ਾਂ ਵਿਚ ਸੈਕਸ ਤੇ ਹਿੰਸਾ ਦੀ ਬਹੁਤ ਜਿਆਦਾ ਵਰਤੋ ਹੈ। ਇਸ ਨਾਲ ਔਰਤ ਦੀ ਮਾਨਸਿਕਤਾ ਤੇ ਕੀ ਅਸਰ ਪੈ ਸਕਦਾ ਹੈ ਇਸ ਦਾ ਬਜ਼ਾਰ ਨੂੰ ਕੋਈ ਮਤਲਬ ਨਹੀਂ। ਉਨ੍ਹਾਂ ਔਰਤਾਂ ਦੇ ਨੌਹ ਕਿਸ ਤਰ੍ਹਾਂ ਦੇ ਹੋਣ, ਵਾਲ਼ ਕਿਸ ਤਰ੍ਹਾਂ ਦੇ ਹੋਣ, ਔਰਤ ਨੂੰ ਕੀ ਖਾਣਾ ਚਾਹੀਦਾ ਹੈ, ਇਹ ਸਾਰਾ ਕੁਝ ਖਰਬਾਂ ਰੁਪਏ ਦਾ ਫਿਲਮ ਉਦਯੋਗ ਤੇ ਇਸ਼ਤਿਆਰ ਤੈਅ ਕਰਦਾ ਹੈ। ਸ਼ੋਸ਼ਣ ਵਿਵਸਥਾ ਨਾਲ ਔਰਤਾਂ ਦਾ ਪੂਰਾ ਸਰੀਰ ਜੁੜ ਜਾਣ ਨਾਲ ਉਸ ਦੇ ਪਰਿਵਾਰ 'ਚ ਜਿਹੜੀ ਸੁੱਖ ਸ਼ਾਂਤੀ ਰਹਿੰਦੀ ਸੀ ਉਹ ਮਰ ਗਈ ਹੈ। ਹਾਲਾਂਕਿ ਪਰਿਵਾਰਾਂ ਵਿਚ ਪਹਿਲਾਂ ਵੀ ਝਗੜੇ ਹੁੰਦੇ ਸਨ। ਤਰ੍ਹਾਂ ਤਰ੍ਹਾਂ ਦੇ ਸ਼ੋਸ਼ਣ ਹਨ। ਹੁਣ ਪਰਿਵਾਰਾਂ ਵਿਚ ਦੂਜੀ ਕਿਸਮ ਦਾ ਸ਼ੋਸ਼ਣ ਸ਼ੁਰੂ ਹੋ ਗਿਆ ਹੈ। ਇਸ ਲਈ ਪਰਿਵਾਰ ਸੰਘਰਸ਼ ਟੁੱਟਣ ਲੱਗਾ ਹੈ। ਹੁਣ ਸੰਘਰਸ਼ ਪੈਸੇ ਨਾਲ ਹੁੰਦਾ ਹੈ। ਪਹਿਲਾਂ ਔਰਤ ਨੂੰ ਨਾਲ ਹੀ ਰਹਿਣਾ ਪੈਂਦਾ ਸੀ ਬੰਦੇ ਦਾ ਕਬਜਾ ਹੁੰਦਾ ਸੀ ਤੇ ਔਰਤ ਪੱਛੜੀ ਰਹਿੰਦੀ ਸੀ। ਹੁਣ ਸੈਕਸ ਮੁਹਿਮ ਮੰਨੋਰੰਜਨ ਦਾ ਸਾਧਨ ਮਾਤਰ ਬਣ ਕੇ ਰਹਿ ਗਿਆ ਹੈ। ਜਦੋਂ ਮਰਜ਼ੀ ਤਲਾਕ ਲੈ ਲਓ। ਇਸਦਾ ਸਮਾਜ, ਪਰਿਵਾਰ ਤੇ ਕੀ ਅਸਰ ਪਵੇਗਾ। ਕਿਸੇ ਦੇ ਕੋਲ ਇਹ ਸੋਚਣ ਲਈ ਸਮਾਂ ਹੀ ਨਹੀਂ। ਇਸ ਲਈ ਅਸੀਂ ਇਕ ਦੂਜੇ ਨੂੰ ਮਸ਼ੀਨ ਦੇ ਵਾਂਗ ਮੰਨਦੇ ਹਾਂ।

ਨੈਤਿਕਤਾ ਦੇ ਨਿਰਮਾਣ ਵਿਚ ਸਾਡੇ ਬੁੱਧੀਜੀਵੀ ਅਤੇ ਸਮਾਜ ਦੋਵੇਂ ਨਕਲਚੀ ਹਨ। ਉਹ ਮੌਲਿਕ ਕੁਝ ਵੀ ਨਹੀਂ ਸੋਚਦਾ। ਏਥੇ ਜਿਹੜੀ ਫਿਲਮ ਬਣਦੀ ਹੈ ਉਹ ਉਸ ਵਿਚ ਪੱਛਮ ਦੀਆਂ ਅਨੇਕਾਂ ਚੀਜਾਂ ਕਾਪੀ ਕਰ ਲਈਆਂ ਜਾਂਦੀਆਂ ਹਨ। ਅਸੀਂ ਨਿੱਤ ਦਿਨ ਭੰਬਲਭੂਸੇ ਵਿਚ ਫਸਦੇ ਜਾ ਰਹੇ ਹਾਂ। ਸਾਡੀ ਸਥਿਤੀ ਪੱਛਮ ਵਰਗੀ ਨਹੀਂ ਹੈ। ਪ੍ਰੰਤੂ ਸਾਡੇ ਉੱਤੇ ਮਾਪਦੰਡ ਪੱਛਮ ਦਾ ਥੋਪਿਆ ਜਾ ਰਿਹਾ ਹੈ। ਸਮੰਤੀ ਸਮਾਜ ਵਿਚ ਧਰਮ ਸ਼ੋਸ਼ਣ ਦਾ ਅਧਾਰ ਸੀ। ਪੂੰਜੀਵਾਦੀ ਸਮਾਜ ਵਿਚ ਇਹ ਹੋਰ ਵੀ ਭਿਆਨਿਕ ਰੂਪ ਧਾਰਨ ਕਰ ਗਿਆ ਹੈ। ਦਰਅਸਲ ਧਰਮ ਦਾ ਰੂਪ ਵੀ ਵਿਵਸਤਾ ਦੀ ਤਬਦੀਲੀ ਨਾਲ ਬਦਲਦਾ ਰਹਿੰਦਾ ਹੈ। ਪੂੰਜੀਵਾਦ ਦੇ ਨਾਲ ਧਰਮ ਦਾ ਸਰੂਪ ਉਦਾਸੀਨ ਰਿਹਾ ਹੈ। ਸਾਮੰਤਵਾਦ ਵਿਚ ਧਰਮ ਦਾ ਸਾਮੰਤੀ ਰੂਪ ਸੀ। ਭਾਵ ਕਿ ਉਸ ਵਿਚ ਇਕ ਇੰਦਰ ਦੇਵਤਾ ਹੋ ਗਿਆ ਉਸਦਾ ਦਾ ਦਰਬਾਰ ਹੋ ਗਿਆ। ਸਾਡੀ ਵਿਵਸਥਾ ਸ਼ੇਣੀ ਵਿਚ ਵੰਡੀ ਸੀ। ਉਥੇ ਰਾਜਾ ਇਸ਼ਵਰ ਦਾ ਪ੍ਰਤੀਨਿੱਧੀ ਸੀ। ਸਾਮੰਤਵਾਦ ਨੂੰ ਤੋੜ ਕੇ ਜਿਹੜਾ ਲੋਕਤੰਤਰ ਆਇਆ ਉਥੇ ਸਾਰਿਆਂ ਲਈ ਸੰਭਾਵਨਾ ਹੈ ਕਿ ਕੋਈ ਵੀ ਪ੍ਰਧਾਨ ਮੰਤਰੀ ਬਣ ਸਕਦਾ ਹੈ। ਪਰੰਤੂ ਕਾਰਪੋਰੇਟ ਜਗਤ ਨੇ ਇਸ ਨੂੰ ਵੀ ਆਪਣੀ ਮੁੱਠੀ ਵਿਚ ਲੈ ਲਿਆ। ਇਸ ਲਈ ਕਾਰਪੋਰੇਟ ਜਿਸ ਤਰ੍ਹਾਂ ਦਾ ਲੋਕਤੰਤਰ ਅੱਜ ਚਾਹੁੰਦੀ ਹੈ ਉਸ ਤਰ੍ਹਾਂ ਦਾ ਲੋਕਤੰਤਰ ਚੱਲਦਾ ਹੈ। ਪੂੰਜੀਵਾਦ ਦਾ ਸਾਮੰਤਵਾਦ ਇਹ ਹੈ ਕਿ ਅਸੀਂ ਸਾਸ਼ਕ ਹਾਂ ਅਤੇ ਸਾਡੇ ਚਾਰੇ ਪਾਸੇ ਸਾਮੰਤ ਬੈਠੇ ਹੋਏ ਹਨ। ਪਾਕਿਸਤਾਨ 'ਚ ਵਿਸ਼ਵ ਬੈਂਕ ਦਾ ਆਦਮੀ ਬਿਠਾਇਆ ਜਾਂਦਾ ਹੈ। ਤਾਨਾਸ਼ਾਹੀ ਦਾ ਸਮਰੱਥਨ ਕੀਤਾ ਜਾਂਦਾ ਹੈ। ਭਾਰਤ ਵਿਚ 1991 ਦੇ ਬਾਅਦ ਇਹ ਰੁਝਾਨ ਬਣਿਆ ਹੈ ਕਿ ਕਿਸੇ ਰਾਜ ਵਿਚ ਜਿਵੇਂ ਹੀ ਕੋਈ ਮੁੱਖਮੰਤਰੀ ਨਿਯੁਕਤ ਹੁੰਦਾ ਹੈ ਤੁਰੰਤ ਅਮਰੀਕਾ ਜਾਂਦਾ ਹੈ। ਜਿਹੜਾ ਵੀ ਪ੍ਰਧਾਨ ਮੰਤਰੀ ਹੁੰਦਾ ਹੈ ਅਮਰੀਕਾ ਵੱਲ ਦੇਖਦਾ ਹੈ। ਇੰਦਰ ਕੁਮਾਰ ਗੁਜਰਾਲ ਨੇ ਏਥੋਂ ਤਕ ਕਹਿ ਦਿੱਤਾ ਕਿ ਇਹ ਸਾਰਾ ਕੁਝ ਅਸੀਂ ਕੀਤਾ ਅਮਰੀਕਾ ਦੇ ਲਈ। ਜਦਕਿ ਕੀਤਾ ਕਿਸੇ ਹੋਰ ਨੇ ਸੀ। ਕਿਉਂਕਿ ਅਮਰੀਕਾ ਤੋਂ ਉਸ ਨੇ ਸਮਰੱਥਨ ਲੈਣਾ ਸੀ ਇਹ ਗੱਲ ਕਹਿ ਦਿੱਤੀ। ਬਜ਼ਾਰ ਤੇ ਮਸ਼ੀਨ ਦੇ ਮਧਿਆਮ ਨਾਲ ਨਵੀਂ ਤਰ੍ਹਾਂ ਦੀ ਨੈਤਿਕਤਾ ਆਈ ਹੈ। ਅਸੀਂ ਨੈਤਿਕਤਾ ਨਾਲ ਅਨੈਤਿਕਤਾ ਦੇ ਵੱਲ ਜਾ ਰਹੇ ਹਾਂ।

## *ਬੁੱਧ ਧਰਮ ਵਿਚ ਨੈਤਿਕਤਾ*

**-ਆਨੰਦ ਸ਼੍ਰੀਕ੍ਰਿਸ਼ਣ**

ਤਥਾਗਤ ਬੁੱਧ, ਉਸਦਾ ਜੀਵਨ ਅਤੇ ਉਸਦਾ ਧਰਮ ਨੈਤਿਕਤਾ ਦਾ ਜਾਮਨ ਹੈ। ਬੁੱਧ ਦੇ ਦਰਸ਼ਨ ਵਿਚ ਪਾਖੰਡ ਅਤੇ ਕੁਕਰਮ ਲਈ ਥਾਂ ਕੇਵਲ ਸਦਾਚਾਰ ਦਾ ਵਿਹਾਰ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤ ਵਿਚ ਬੁੱਧ ਧਰਮ ਹੀ ਪਹਿਲਾ ਨੈਤਿਕਤਾ-ਅਧਾਰਿਤ ਧਰਮ ਹੈ। ਨਾਲ ਹੀ ਇਹ ਵੀ ਕਿ ਬੁੱਧ ਦੇ ਧੰਮ 'ਚ ਸ਼ੀਲ ਭਾਵ ਕਿ ਨੈਤਿਕਤਾ ਦਾ ਸਥਾਨ ਓਨਾ ਹੀ ਮਹੱਤਵਪੂਰਨ ਹੈ ਜਿਨਾਂ ਵਿਗਿਆਨਕ ਦ੍ਰਿਸ਼ਟੀਕੋਣ ਦਾ। ਇਸ ਨੂੰ ਬੁੱਧ ਦੀ ਕੁਸ਼ਲਤਾ ਦੇ ਰੂਪ ਵਿਚ ਨਹੀਂ ਦੇਖਣਾ ਚਾਹੀਦਾ ਬਲਕਿ ਉਸ ਦੀ ਕਹਿਣੀ ਤੇ ਕਰਨੀ ਦੇ ਰੂਪ ਵਿਚ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਗੌਤਮ ਬੁੱਧ ਦੇ ਪੰਚ ਸ਼ੀਲ ਦੇ ਸਿਧਾਂਤ ਉਸਦੀ ਇਸੇ ਨੈਤਿਕਤਾ ਦਾ ਸ਼ੀਸ਼ਾ ਹੈ।

ਨੈਤਿਕਤਾ ਦੇ ਪੰਜਾਂ ਸਿਧਾਂਤਾ ਦੀ ਅਸੀਂ ਅੱਗੇ ਚਲ ਕੇ ਚਰਚਾ ਕਰਾਗੇ। ਪਹਿਲਾਂ ਅਸੀਂ ਦੇਖੀਏ ਕਿ ਕੀ ਬੁੱਧ ਨਿੱਜੀ ਜੀਵਨ ਨੂੰ ਨੈਤਿਕਤਾ 'ਚਸ ਬੰਨ੍ਹਦਾ ਹੈ। ਆਮ ਤੌਰ ਹੁੰਦਾ ਇਹ ਹੈ ਕਿ ਦੂਜੇ ਨੂੰ ਸੰਦੇਸ਼ ਦਿੱਤਾ ਜਾਂਦਾ ਹੈ ਆਪਣੀਆਂ ਜੜ੍ਹਾਂ ਗਾਰ ਵਿਚ ਫਸੀਆਂ ਰਹਿੰਦੀਆਂ ਹਨ। ਬੁੱਧ ਦੇ ਆਲੇ ਦੁਆਲੇ ਵਿਚ ਅਜਿਹੇ ਲੋਕਾਂ ਦੀ ਸੰਖਿਆ ਹੋਵੇਗੀ? ਸਿਧਾਰਥ ਨੇ ਆਪਣੇ ਜੀਵਨ ਨੂੰ ਹੀ ਇਕ ਅਜਿਹਾ ਮੀਲ ਪੱਥਰ ਬਣਾਇਆ ਕਿ ਲੋਕਾਂ ਵਿਚ ਸਦਾਚਾਰ ਅਤੇ ਨੈਤਿਕਤਾ ਨੂੰ ਵਿਹਾਰ ਵਿਚ ਢਾਲਣਾ ਦੀ ਭਾਵਨਾ ਵਧੀ।

ਸੁਖੀ ਵਿਆਹੁਤਾ ਅਤੇ ਰਾਜਸ਼ੀ ਜੀਵਨ ਦੇ ਬਾਵਜੂਦ ਸਿਧਾਰਥ ਚਿੰਤਨ-ਮਨਨ ਕਰਦੇ ਰਹਿੰਦੇ ਸੀ ਕਿ ਆਖਿਰ ਦੁਨੀਆਂ ਵਿਚ ਐਨੇ ਦੁੱਖ ਕਿਉਂ ਹਨ? ਕਿਉਂ ਤਾਕਤਵਰ ਲੋਕ ਗਰੀਬਾਂ ਦਾ ਸ਼ੋਸ਼ਣ ਕਰਦੇ ਹਨ? ਕਿਉਂ ਉਹ ਕੁਕਰਮਾਂ ਵਿਚ ਫਸੇ ਹੋਏ ਹਨ। ਚਿੰਤਨਸ਼ੀਲ ਤੇ ਵਿਚਾਰਮਗਨ ਸਿਧਾਰਥ ਨੂੰ ਦੇਖ ਕੇ ਉਨ੍ਹਾਂ ਦੇ ਪਿਤਾ ਚਿੰਤਤ ਹੋਏ ਕਿ ਕਿਤੇ ਮੇਰਾ ਬੇਟਾ ਸਨਿਆਸੀ ਨਾ ਹੋ ਜਾਵੇ। ਬੁੱਧ ਕਹਿੰਦੇ ਸਨ, "ਇਹ ਜੋ ਤੁਹਾਡਾ ਕਹਿਣਾ ਹੈ ਕਿ ਓਪਰੇ ਮਨ ਨਾਲ ਹੀ ਇਸਤਰੀਆਂ ਨਾਲ ਪਿਆਰ ਕਰਨਾ ਚਾਹੀਦਾ ਹੈ ਚਾਹੇ ਉਸ ਨਾਲ ਪਿਆਰ ਨਾ ਵੀ ਹੋਵੇ। ਇਹ ਕਰਮ ਸਹੀ ਨਹੀਂ। ਮੈਨੂੰ ਵਿਸ਼ਵਾਸ ਹੈ ਕਿ ਆਪ ਮੈਨੂੰ ਇਸ ਰਸਤੇ 'ਤੇ ਚੱਲਣ ਲਈ ਮਜਬੂਰ ਨਹੀਂ ਕਰੋਗੇ।

ਸਿਧਾਰਥ ਸ਼ਾਕਿਆ ਸੰਘ ਦੇ ਮੁੱਖੀ ਸੁਧੋਦਨ ਦੇ ਪੁੱਤਰ ਸਨ। ਕੀ ਇਹ ਸ਼ਾਕਿਆ ਸੰਘ ਆਪਣੇ ਚ੍ਰਤਿਰ ਤੋਂ ਨੈਤਿਕ ਸੀ? ਮੱਧ ਏਸ਼ੀਆ ਤੋਂ ਆਏ ਹੋਏ ਆਰੀਆ ਵਲੋਂ ਸ਼ੁਰੂ ਕੀਤੀ ਗਈ ਵਰਣ ਵਿਵਸਥਾ ਅਤੇ ਜਾਤੀ ਵਿਵਸਥਾ ਸ਼ਾਕਿਆ ਵਿਚ ਨਹੀਂ ਸੀ। ਸਾਕਿਆ ਦਾ ਆਪਣਾ ਸੰਘ ਸੀ ਅਤੇ ਉਸ ਦੇ ਆਪਣੇ ਕਾਨੂੰਨ ਸਨ। 20 ਸਾਲ ਦੀ ਉਮਰ ਵਿਚ ਹਰ ਬੰਦੇ ਨੂੰ ਸ਼ਾਕਿਆ ਸੰਘ ਵਿਚ ਦੀਖਸ਼ਾ ਲੈਣੀ ਪੈਂਦੀ ਸੀ। ਇਹ ਨਿਯਮ ਸਨ- 1. ਆਪਣੇ ਤਨ, ਮਨ ਅਤੇ ਧਨ ਨਾਲ ਸ਼ਾਕਿਆ ਦੇ ਹਿੱਤਾਂ ਦੀ ਰੱਖਿਆ ਕਰਨੀ।, 2. ਸੰਘ ਦੀਆਂ ਸਭਾਵਾਂ ਵਿਚ ਹਾਜ਼ਰ ਰਹਿਣਾ। , 3. ਬਿਨਾ ਕਿਸੇ ਭੈਅ ਜਾਂ ਪੱਖਪਾਤ ਦੇ ਕਿਸੇ ਵੀ ਸ਼ਾਕਿਆ ਦਾ ਦੋਸ਼ ਖੁੱਲ ਕੇ ਕਹਿਣਾ।, 4. ਦੋਸ਼ ਸਿੱਧ ਹੋਣ ਤੇ ਕ੍ਰੋਧ ਵਿਚ ਨਾ ਆਉਣਾ। ਬਲਕਿ ਆਪਣਾ ਦੋਸ਼ ਸਵੀਕਾਰ ਕਰ ਲੈਣਾ। , 5. ਵਿਭਚਾਰ ਨਾ ਕਰਨਾ।, 6. ਕਿਸੇ ਦੀ ਹੱਤਿਆ ਨਾ ਕਰਨਾ।, 7. ਚੋਰੀ ਨਾ ਕਰਨਾ। , 8. ਝੂਠੀ ਗਵਾਹੀ ਨਾ ਦੇਣਾ। ਅਸੀਂ ਦੇਖ ਸਕਦੇ ਹਾਂ ਕਿ ਸੰਘ ਦੀ ਇਹ ਵਿਵਸਥਾ ਅਤੇ ਨੈਤਿਕਤਾ ਆਧੁਨਿਕ ਲੋਕਤੰਤਰ ਰਾਜ ਨਾਲ ਬਹੁਤ ਮਿਲਦੀ ਜੁਲਦੀ ਹੈ। ਬੁੱਧ ਧਰਮ ਤੇ ਦਰਸ਼ਨ ਵਿਚ ਨੈਤਿਕਤਾ ਇਕ ਅਹਿਮ ਪਹਿਲੂ ਹੈ। ਬੁੱਧ ਦੀਆਂ ਸਾਰੀਆਂ ਸਿੱਖਿਆਵਾਂ ਤੇ ਉਸ ਦਾ ਜੀਵਨ ਇਸ ਦੀ ਗਵਾਹੀ ਭਰਦਾ ਹੈ।

## *ਔਰਤ ਹੀ ਔਰਤ ਨੂੰ ਨੈਤਿਕਤਾ ਸਿਖਾਉਂਦੀ ਹੈ*

**- ਗੀਤਾਸ਼੍ਰੀ**

ਮੇਰੀ ਧਾਰਨਾ ਹੈ ਕਿ ਸਰੀਰ ਨਾਲ ਨੈਤਿਕਤਾ ਅਤੇ ਅਨੈਤਿਕਤਾ ਦਾ ਰਿਸ਼ਤਾ ਨਹੀਂ ਹੋਣਾ ਚਾਹੀਦਾ। ਨੈਤਿਕਤਾ ਸਰੀਰ ਤੋਂ ਵੱਡੀ ਚੀਜ਼ ਹੈ। ਉਸਦਾ ਸਰੀਰ ਨਾਲ ਕੋਈ ਰਿਸ਼ਤਾ ਨਹੀਂ। ਉਦਾਹਰਨ ਦੇ ਲਈ ਕੋਈ ਮਰਦ ਦਿਨ ਰਾਤ ਪਖੰਡ ਕਰਦਾ ਰਹਿੰਦਾ ਹੈ ਪ੍ਰੰਤੂ ਉਹ ਸਰੀਰਕ ਰੂਪ ਤੋਂ ਆਪਣੀ ਪਤਨੀ ਦੇ ਨਾਲ ਪੂਰੀ ਤਰ੍ਹਾਂ ਇਮਾਨਦਾਰ ਹੋਵੇ ਤਾਂ ਉਸ ਨੂੰ ਨੈਤਿਕ ਨਹੀਂ ਕਹਾਂਗਾ। ਇਹੀ ਸਥਿਤੀ ਔਰਤ ਦੇ ਪ੍ਰਸੰਗ ਵਿਚ ਵੀ ਹੈ। ਇਸ ਵਿਸ਼ੇ ਤੇ ਬਹਿਸ ਹੋਣੀ ਚਾਹੀਦੀ ਹੈ। ਪਰ ਹੁੰਦਾ ਇਹ ਹੈ ਕਿ ਅਸੀਂ ਸਰੀਰ ਤੋਂ ਨੈਤਿਕਤਾ ਨੂੰ ਜੋੜ ਕੇ ਦੇਖਦੇ ਹਾਂ ਤਾਂ ਬਹੁਤ ਸਾਰੇ ਅਪਰਾਧਾ ਨੂੰ ਇਸ ਕਾਰਨ ਨਜ਼ਰ ਅੰਦਾਜ਼ ਕਰ ਦਿੰਦੇ ਹਾਂ, ਸਮਾਜ ਦੇ ਠੇਕੇਦਾਰ 'ਚਤ੍ਰਿਰ ਨਾਲ ਜੋੜਦੇ ਹਨ-ਨੈਤਿਕਤਾ ਨਾਲ। ਸਮਾਜ ਕੇਵਲ 'ਸਰੀਰ' ਦਾ ਬਹੀ-ਖਾਤਾ ਰੱਖਦਾ ਹੈ। ਸਰੀਰ ਕਿਸੇ ਬ੍ਰਾਹਮਣ ਦੀ ਰਸੋਈ ਨਹੀਂ ਕਿ ਜੂਠੀ ਹੋ ਜਾਵੇਗੀ। ਉਸ ਵਿਚ ਨੈਤਿਕਤਾ ਦਾ ਥਰਮਾ ਮੀਟਰ ਨਾ ਲਗਾਓ। ਬਾਕੀ ਚੀਜ਼ਾਂ ਨਾਲ ਨੈਤਿਕਤਾ ਦੇਖੋ। ਵਿਅਕਤੀ ਆਪਣੇ ਪ੍ਰਤੀ ਇਮਾਨਦਾਰ ਹੈ -ਜਾਂ ਨਹੀਂ। ਕਦਰਾਂ ਕੀਮਤਾਂ ਵਿਚ ਵਿਸ਼ਵਾਸ਼ ਰੱਖਦਾ ਹੈ ਜਾਂ ਨਹੀਂ। ਵਿਅਕਤੀ ਜੇਕਰ ਧੋਖੇਬਾਜ਼ ਹੋਵੇ ਅਤੇ ਸਰੀਰ ਦੇ ਪ੍ਰਤੀ ਇਮਾਨਦਾਰ ਹੋਵੇ ਤਾਂ ਉਹ ਕਿਵੇਂ ਨੈਤਿਕ ਹੋ ਸਕਦਾ ਹੈ। ਜਿਹੜੀਆਂ ਇਸਤਰੀਆਂ ਆਪਣੇ ਸਰੀਰ ਨਾਲ ਰੋਟੀ ਕਮਾ ਰਹੀਆਂ ਹਨ ਉਹ ਔਰਤਾਂ ਨਕਲੀ ਦਵਾਈਆਂ ਨੂੰ ਵੇਚਣ ਵਾਲਿਆਂ ਤੋਂ ਵਧੇਰੇ ਨੈਤਿਕ ਹਨ। ਕਿਉਂਕਿ ਉਸ ਵਿਚ ਧੋਖਾ ਨਹੀਂ ਹੈ। ਇਸ ਲਈ ਜ਼ਹਿਰ ਵੇਚਣ ਵਾਲਿਆਂ ਤੋਂ ਵੱਧ ਨੈਤਿਕ ਰੈਡਲਾਇਟ ਅਤੇ ਚੌਂਕਾਂ ਵਿਚ ਖੜੀਆਂ ਸਰੀਰ ਵੇਚ ਰਹੀਆਂ ਔਰਤਾਂ ਹਨ।

**ਅਨੁਵਾਦ : ਭਗਵੰਤ ਰਸੂਲਪੁਰੀ**

ਸਫ਼ਾ 3 ਦੀ ਬਾਕੀ

## .ਗੈਰ-ਮਨੁੱਖੀ ਵਰਤਾਰਿਆਂ ਦੇ ਸੰਤਾਪ...

ਵਰਤਮਾਨ ਕੱਠਪੁਤਲੀ ਸਰਕਾਰਾਂ ਵੱਲੋਂ ਆਪਣੇ ਆਕਾਵਾਂ ਦੇ ਹਿੱਤ ਪਾਲਣ ਲਈ ਜਿਸ ਤਰ੍ਹਾਂ ਲੋਕ ਹਿਤੈਸ਼ੀ ਸੰਘਰਸ਼ਾਂ ਨੂੰ ਨਿਰੰਤਰ ਕੁਚਲਣ ਦੀ ਪ੍ਰਕਿਰਿਆ ਆਰੰਭ ਕੀਤੀ ਹੈ, ਉਸ ਤੋਂ ਪੈਦਾ ਹੋਈ ਉਦਾਸੀਨਤਾ ਦਾ ਭਾਵਪੂਰਤ ਪ੍ਰਗਟਾਵਾ ਕਰਦਿਆਂ ਲੇਖਕ ਲੋਕ ਯੁੱਧ ਜਾਰੀ ਰਹਿਣ ਦੀ ਕਾਮਨਾ ਕਰਦਾ ਹੈ। 'ਮੈਂ ਤੁਰਦਾ ਹਾਂ ਤਾਂ ਰਾਹ ਬਣਦੇ' ਲੇਖ ਵਿੱਚ ਲੇਖਕ ਚੰਗੇ ਖਿਆਲਾਂ, ਦ੍ਰਿੜ੍ਹ ਇਰਾਦਿਆਂ ਤੇ ਗਹਿਰੇ ਤਜਰਬਿਆਂ ਸਹਿਤ ਸਬਰ, ਪਕਿਆਈ ਤੇ ਸੰਘਰਸ਼ ਦੇ ਅਹਿਸਾਸ ਅੱਗੇ ਵਧਣ ਨਾਲ ਸੁਭਾਵਿਕ ਰੂਪ ਵਿੱਚ ਪੈਦਾ ਹੋਣ ਵਾਲੇ ਸਕੂਨ ਦੀ ਪ੍ਰਾਪਤੀ ਦੇ ਮਹੱਤਵ ਨੂੰ ਉਜਾਗਰ ਕਰਦਾ ਹੋਇਆ ਦਿਖਾਵੇ ਦੇ ਸਚਿਆਰ ਬੰਨ੍ਹਣ ਵਾਲੇ ਦੰਭੀਆਂ ਉੱਤੇ ਕਟਾਖਸ਼ ਕਰਦਾ ਹੈ। 'ਜਿਊਣ ਲਈ ਨਿੱਕੇ-ਨਿੱਕੇ ਸਹਾਰੇ ਚਾਹੀਦੇ ਹਨ' ਨਾਮਕ ਲੇਖ ਵਿੱਚ ਲੇਖਕ ਆਪਣੇ ਅਜ਼ੀਜ਼ ਪ੍ਰੋ. ਪ੍ਰੀਤਮ ਸਿੰਘ ਭੰਗੂ ਦੇ ਹਵਾਲੇ ਨਾਲ ਮਾਨਵੀ ਰਿਸ਼ਤਿਆਂ ਦੇ ਮਹੱਤਵ ਨੂੰ ਉਜਾਗਰ ਕਰਨ ਦੇ ਨਾਲ-ਨਾਲ ਦੰਭੀ ਧਾਰਮਿਕ, ਰਾਜਸੀ ਤੇ ਸਮਾਜੀ ਆਗੂਆਂ ਦੀ ਲਾਲਸਾ ਦਾ ਪਰਦਾ ਚਾਕ ਕਰਦਾ ਹੈ। ਇਸ ਪੁਸਤਕ ਵਿੱਚ ਪ੍ਰੋ. ਔਜਲਾ ਦੀ ਸੰਵੇਦਨਾ ਦੇ ਘੇਰੇ ਵਿੱਚ ਆਉਣ ਵਾਲੇ ਵਸਤੂ ਭਾਵ ਸਮਾਜਿਕ ਯਥਾਰਥ ਦੇ ਹਰ ਪਸਾਰ ਵਿੱਚ ਮਾਨਵ ਵਿਰੋਧੀ ਸ਼ਕਤੀਆਂ ਤੇ ਸਰੋਕਾਰਾਂ ਦੇ ਦੰਭੀ ਤੇ ਘਾਤਕ ਵਿਹਾਰ ਨੂੰ ਬਹੁਤ ਬਾਰੀਕੀ ਵਿੱਚ ਵੇਖਿਆ, ਸਮਝਿਆ ਗਿਆ ਹੈ ਅਤੇ ਬੜੀ ਬੇਬਾਕੀ ਤੇ ਭਾਵਪੂਰਤ ਅੰਦਾਜ਼ ਵਿੱਚ ਰੂਪਾਂਤ੍ਰਿਤ ਕੀਤਾ ਗਿਆ ਹੈ। ਪੁਸਤਕ ਦੇ ਬਹੁਤ ਸਾਰੇ ਲੇਖ ਮਾਨਵੀ ਰਿਸ਼ਤਿਆਂ ਦੇ ਵਿਗਠਨ 'ਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਇਹਨਾਂ ਰਿਸ਼ਤਿਆਂ ਦੇ ਮਾਨਵੀ ਜੀਵਨ ਵਿਚਲੇ ਮਹੱਤਵ ਨੂੰ ਬਿਆਨ ਕਰਕੇ ਇਨ੍ਹਾਂ ਪ੍ਰਤੀ ਸਨੇਹਮਈ ਵਿਹਾਰ ਅਤੇ ਪਹੁੰਚ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ, ਜਿਸ ਦੀ ਮਿਸਾਲ ਵਜੋਂ 'ਕਹਿੰਦਾ ਸੀ ਮੁੜ ਆਵਾਂਗਾ ਲੋੜ ਜੋਗੇ ਡਾਲਰ ਕਮਾ ਕੇ', 'ਪਿਓ-ਦਾਦੇ ਦਾ ਦਿੱਤਾ ਇੰਜ ਨਹੀਂ ਰੋਹੜੀਦਾ', 'ਲੋਕ ਗੀਤਾਂ ਵਰਗਾ ਵਕਤ ਦਾ ਮਿਜਾਜ਼ ਹੋਵੇ' ਵਰਗੇ ਲੇਖ ਦੇਖੇ ਜਾ ਸਕਦੇ ਹਨ। ਪਰਵਾਸੀ ਜੀਵਨ ਦੇ ਬਿਖਮ ਮਾਰਗ ਅਤੇ ਅਸਤਿਤਵੀ ਚੁਣੌਤੀਆਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਮਹਿਸੂਸ ਕਰਨ ਵਾਲਾ ਲੇਖਕ ਪ੍ਰੋ. ਕੁਲਵੰਤ ਸਿੰਘ ਔਜਲਾ 'ਵਾਈਪਰਾਂ ਨਾਲ ਡਾਲਰ ਹੂੰਝਦੇ ਪੰਜਾਬੀ' ਲੇਖ ਵਿੱਚ ਸਿੱਧੇ-ਸਾਦੇ ਸੁਭਾਅ ਵਾਲੇ, ਮੌਲਿਕ ਮੁਹਾਂਦਰੇ, ਮੋਹ-ਖੋਰੇ ਤੇ ਮਾਨਵੀ ਸੁਭਾਅ ਵਾਲੇ ਆਪਣੇ ਪੁਰਖਿਆਂ ਦੀ ਨਿਸਬਤਨ ਇਸ ਦੌਰ ਵਿੱਚ ਕਾਰਪੋਰੇਟ ਕਲਚਰ ਵਿੱਚੋਂ ਉਗਮੇ ਇੰਤਹਾ ਦੇ ਨਿਘਾਰ ਦੇ ਹਰ ਪਸਾਰ ਨੂੰ ਬਾਖੂਬੀ ਪ੍ਰਸਤੁਤ ਕਰਦਿਆਂ ਪ੍ਰਵਾਸੀਆਂ ਦੀ ਬੇਲੋੜੀ ਫਜ਼ੂਲ-ਖਰਚੀ, ਦਿਖਾਵਾਪ੍ਰਸਤੀ ਅਤੇ ਫੋਕੇ ਅਭਿਮਾਨ ਦੇ ਅਫਰੇਵੇਂ ਨੂੰ ਵੀ ਬੜੀ ਬੇਬਾਕੀ ਨਾਲ ਪ੍ਰਸਤੁਤ ਕਰਦਾ ਹੈ।

ਪ੍ਰੋ. ਔਜਲਾ ਨੇ ਆਪਣੇ ਨਿਬੰਧ 'ਫ਼ਿਕਰ ਨੂੰ ਫ਼ਿਰਾਕ, ਫਕੀਰੀ ਤੇ ਫਲਸਫੇ ਵਿੱਚ ਢਾਲਣ ਦੀ ਲੋੜ ਹੈ' ਅਤੇ 'ਦਿਲ ਢੂੰਡਤਾ ਹੈ ਫਿਰ ਵਹੀ ਫੁਰਸਤ ਕੇ ਰਾਤ ਦਿਨ' ਨਾਮਕ ਲੇਖਾਂ ਵਿੱਚ ਪਦਾਰਥਕ ਹਵਸ, ਵੱਡੇ ਦਿਸਣ ਦੀ ਤੜਪ, ਦਿਖਾਵੇ, ਦੰਭ ਤੇ ਹਰ ਪ੍ਰਕਾਰ ਦੀ ਹਵਸ ਵਿਚ ਗ੍ਰਸਤ ਸਾਧਨਸ਼ੀਲ ਲੋਕਾਂ ਦੇ ਥੋਥੇਪਣ ਨੂੰ ਆਪਣੀ ਸੰਵੇਦਨਾ ਦੇ ਕਲਾਵੇ ਵਿੱਚ ਲੈ ਕੇ ਲੋਕ ਹਿਤੈਸ਼ੀ ਨਜ਼ਰੀਏ ਤੋਂ ਪ੍ਰਸਤੁਤ ਕਰਦਿਆਂ ਇਨ੍ਹਾਂ ਨਾਕਾਰਾਤਮਕ ਸਰਗਰਮੀਆਂ ਦੀ ਥਾਂ ਸਾਕਾਰਾਤਮਕਤਾ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

ਲੰਮੇ ਸਮੇਂ ਤੋਂ ਪੂਰੀ ਸਰਗਰਮੀ ਅਤੇ ਦਿਆਨਤਦਾਰੀ ਨਾਲ ਸ਼ਬਦ ਸੱਭਿਆਚਾਰ ਨਾਲ ਜੁੜਿਆ ਇਹ ਲੇਖਕ ਆਪਣੇ 'ਹਰ ਘਰ ਪੁਸਤਕ ਘਰ ਹੋਵੇ', 'ਪੰਜਾਬ ਨੂੰ ਲਾਰਿਆਂ ਦੀ ਨਹੀਂ, ਲਾਇਬ੍ਰੇਰੀਆਂ ਦੀ ਲੋੜ ਹੈ', 'ਪੜ੍ਹਨਾ-ਲਿਖਨਾ ਜਨੂੰਨ ਹੈ' 'ਇਲਮ ਹਰਫ਼ ਦੀ ਮਾਂ ਹੁੰਦੇ ਹਨ ਅਧਿਆਪਕ' ਵਿੱਚ ਸਾਹਿਤ ਅਧਿਐਨ ਅਤੇ ਅਧਿਆਪਨ ਦੇ ਖੇਤਰ ਵਿੱਚ ਆਈਆਂ ਤਰੁੱਟੀਆਂ ਨੂੰ ਵੀ ਬੇਬਾਕੀ ਨਾਲ ਪ੍ਰਸਤੁਤ ਕਰਦਾ ਹੈ, ਪਰ ਇਸ ਖੇਤਰ ਵਿੱਚ ਸੁਹਿਰਦ ਜਤਨਾਂ ਲਈ ਵੀ ਪ੍ਰੇਰਿਤ ਕਰਦਾ ਹੈ। 'ਪਹਿਲਾਂ ਮਾਂ ਬੋਲੀ ਨੂੰ ਭੁੱਲੇ ਹੁਣ ਭੁਲਾਂਗੇ ਮਾਵਾਂ ਨੂੰ', 'ਨਾਨਕ ਦੁਨੀਆ ਕੈਸੀ ਹੋਈ', 'ਕਿੱਥੋਂ ਲਿਆਈਏ ਮੁੜ ਕੇ ਕਾਦਰਯਾਰ ਇੱਕ ਹੋਰ', 'ਹੁਣ ਵੰਡਣ ਨੂੰ ਫਿਰੀਏ ਬਾਬਾ ਰਲ਼ਮਿਲ਼ ਤੇਰੀ ਖ਼ੁਦਾਈ' ਨਾਮਕ ਲੇਖਾਂ ਵਿੱਚ ਵੀ 'ਆਂਦਰਾਂ ਵਿੱਚ ਬਚਿਆ ਰਹਿਣ ਦੇ ਮੌਲ਼ਾ ਥੋੜ੍ਹਾ ਜਿਹਾ ਮੋਹ' ਲੇਖ ਵਾਂਗੂ ਹੀ ਖਪਤ ਸੱਭਿਆਚਾਰ ਦੀਆਂ ਗੈਰ-ਮਾਨਵੀ ਪ੍ਰਵਿਰਤੀਆਂ ਅਤੇ ਮਾਨਵ ਵਿਰੋਧੀ ਰੁਝਾਨਾਂ ਨੂੰ ਬੜੀ ਬਰੀਕੀ ਅਤੇ ਬੇਬਾਕੀ ਨਾਲ ਪ੍ਰਸਤੁਤ ਕਰਦਿਆਂ ਲੇਖਕ ਮਾਨਵਤਾ ਦੇ ਉਜਲ ਤੇ ਸਕੂਨ ਭਰੇ ਜੀਵਨ ਦੀ ਕਾਮਨਾ ਕਰਦਾ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਲੇਖਕ ਦੀ ਰਚਨਾਤਮਕ ਮੁਹਾਰਥ ਦੇ ਨਾਲ-ਨਾਲ ਉਸ ਦੀ ਜਟਿਲ ਪਰਿਸਥਿਤੀਆਂ ਦੀ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਵਾਲੀ ਬੌਧਿਕ ਸਮਰਥਾ ਦੇ ਜਲੌਅ ਦੇ ਗਿਆਨ ਲਿਸ਼ਕਾਰਿਆਂ ਦੇ ਵੀ ਭਰਪੂਰ ਦਰਸ਼ਨ ਹੁੰਦੇ ਹਨ। ਪ੍ਰੋ. ਔਜਲਾ ਦੀ ਇਸ ਸਿਫਤ ਕਾਰਨ ਹੀ ਇਹ ਵਾਰਤਕ ਪੁਸਤਕ ਪੰਜਾਬੀ ਵਾਰਤਕ ਵਿੱਚ ਆਪਣਾ ਬਣਦਾ ਸਨਮਾਨ ਲੈਣ ਦੀ ਹੱਕਦਾਰ ਬਣਦੀ ਹੈ।

ਆਖਰੀ ਸਫ਼ਾ ਦੀ ਬਾਕੀ

## .ਖ਼ਾਨ ਸਾਹਿਬ ਬੜੇ .ਗੁਲਾਮ ਅਲੀ ਖ਼ਾਂ...

ਵਿਚ ਮੈਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਸੰਗੀਤ ਖ਼ਾਤੇ (ਵਿਭਾਗ) ਦਾ ਪ੍ਰਧਾਨ ਬਣਾਇਆ ਗਿਆ। ਉਸੇ ਸਾਲ ਮਈ ਵਿਚ ਗਰਮੀਆਂ ਦੀਆਂ ਛੁੱਟੀਆਂ ਤੇ ਮੈਂ ਬੰਬੇ ਆਇਆ ਤਾਂ ਬੜੀ ਮਾੜੀ ਖ਼ਬਰ ਸੁਣੀ, ਖ਼ਾਨ ਸਾਹਿਬ ਨੂੰ ਅਧਰੰਗ ਹੋ ਗਿਆ ਸੀ। ਉਹ ਬੋਰੀ ਬੰਦਰ ਨੇੜੇ ਸੇਂਟ ਜਾਰਜ ਹਸਪਤਾਲ ਦਾਖ਼ਲ ਸਨ। ਮੈਂ ਉਹਨਾਂ ਨੂੰ ਵੇਖਣ ਗਿਆ। ਕਈਂ ਡਾਕਟਰ ਉਹਨਾਂ ਦਾ ਦਵਾ-ਦਾਰੂ ਪਏ ਕਰਦੇ ਸਨ। ਉਹ ਬਚ ਗਏ। ਉਹਨਾਂ ਨੂੰ ਘਰ ਜਾਣ ਦੀ ਛੁੱਟੀ ਮਿਲ਼ ਗਈ। ਮੈਂ ਮਿਲਣ ਜਾਂਦਾ ਤਾਂ ਭਿੱਜੀਆਂ ਅੱਖਾਂ ਨਾਲ਼ ਏਹੋ ਆਖਦੇ, "ਗ਼ੁਲਾਮ ਅਲੀ ਗੰਵੇਂ ਨਾ ਤੇ ਕੀਹ ਉਹਦਾ ਹੋਵਣ?" ਉਹਨਾਂ ਨੂੰ ਆਪਣੇ ਨਾ ਗੌਂ ਸਕਣ ਦਾ ਦੁੱਖ ਚੰਬੜ ਗਿਆ ਸੀ। ਅੱਠਾਂ ਮਹੀਨਿਆਂ ਨੂੰ ਜਾ ਕੇ ਉਹਨਾਂ ਦਾ ਵਾਜ ਕੁਝ ਸੰਭਲ਼ਿਆ ਪਰ ਸਾਰੇ ਹੀਲੇ ਵਰਤਕੇ ਵੀ ਉਹਨਾਂ ਦਾ ਖੱਬਾ ਪਾਸਾ ਠੀਕ ਨਾ ਹੋਇਆ। ਆਵਾਜ਼ ਸੰਭਲ਼ਦਾ ਗਿਆ ਤੇ 1962 ਈ. ਤਾਈਂ ਉਹ ਕੁਝ ਮਾੜਾ ਮੋਟਾ ਗਾਉਣ ਜੋਗੇ ਹੋ ਗਏ।

ਖ਼ਾਨ ਸਾਹਿਬ ਦੇ ਘਰ ਦਾ ਬੜਾ ਖ਼ਰਚਾ ਸੀ। ਬੀਮਾਰੀ ਨਾਲ਼ ਉਹਨਾਂ ਦੀ ਆਮਦਨ ਨਾ ਰਹੀ। ਪਰ ਗਾਣੇ ਦੀ ਸ਼ੌਕੀਨ ਦੁਨੀਆ ਉਹਨਾਂ ਲਈ ਕੁਝ ਨਾ ਕੁਝ ਕੀਤੀ ਰੱਖਿਆ। ਮਹਾਂ ਰਾਸ਼ਟਰ ਸਰਕਾਰ ਨੇ ਉਹਨਾਂ ਨੂੰ ਪੰਜ ਹਜ਼ਾਰ ਰੁਪੱਈਆ ਭੇਂਟ ਕੀਤਾ। ਸੰਗੀਤ ਨਾਟਕ ਅਕੈਡਮੀ ਨੇ ਉਹਨਾਂ ਨੂੰ ਨੈਸ਼ਨਲ ਐਵਾਰਡ ਦਿੱਤਾ। ਹਿੰਦੋਸਤਾਨੀ ਸਰਕਾਰ ਨੇ ਪਦਮ ਭੂਸ਼ਨ ਦੇ ਨਾਮਣੇ ਨਾਲ਼ ਸਨਮਾਨਿਆ। ਬੰਬੇ ਵਿਚ ਲੋਕਾਂ ਉਹਨਾਂ ਲਈ ਗਾਣਾ ਕਰਾਇਆ ਤੇ ਪੰਝੀ ਹਜ਼ਾਰ ਰੁਪਈਆ ਇਕੱਠਾ ਕੀਤਾ। ਏਸ ਸਾਰੇ ਪੈਸੇ ਤੋਂ ਹੋਵਣ ਵਾਲ਼ੀ ਆਮਦਨ ਨਾਲ਼ ਉਹਨਾਂ ਦਾ ਮਹੀਨੇ ਦਾ ਖ਼ਰਚਾ ਟੁਰਦਾ। ਕਲਕੱਤੇ ਵਾਲ਼ਿਆਂ ਵੀ ਉਹਨਾਂ ਲਈ ਬਹੁਤੇਰਾ ਆਹਰ ਕੀਤਾ। ਇੰਜ ਫੇਰ ਦੁਨੀਆ ਬੀਮਾਰੀ ਵਿਚ ਖ਼ਾਨ ਸਾਹਿਬ ਦੀ ਸੇਵਾ ਕੀਤੀ।

ਗ਼ੁਲਾਮ ਅਲੀ ਖਾਂ ਦਾ ਵਜੂਦ ਰਹਿ ਗਿਆ ਸੀ ਪਰ ਫੇਰ ਵੀ ਉਹਨਾਂ ਹਿੰਮਤ ਨਾ ਛੱਡੀ। ਸਖ਼ਤ ਮਿਹਨਤ ਕਰਕੇ ਮੁੜ ਪਿੜ ਵਿਚ ਉੱਤਰ ਆਏ। ਬਿਸਤਰੇ ਵਿਚ ਬੈਠਾ ਨਹੀਂ ਸਨ ਨੇਂ ਜਾਂਦਾ। ਕਿਧਰੇ ਜਾ ਕੇ ਗਾਉਣਾ ਹੁੰਦਾ ਤਾਂ ਟੈਕਸੀ ਕਰਾਣੀ ਪੈਂਦੀ। ਖ਼ਾਨ ਸਾਹਿਬ ਏਸ ਸਾਰੇ ਵੇਲੇ ਕਈ ਸੰਗੀਤ ਜਲਸਿਆਂ ਵਿਚ ਗੰਵੇਂ। ਬਾਅਜ਼ੀਂ ਵਾਰ ਉਹਨਾਂ ਦਾ ਗਾਣਾ ਫੇਰ ਸਫ਼ਲ ਵੀ ਰਹਿਆ। ਉਹਨਾਂ ਦਾ ਵਾਜ ਅੰਤਲੇ ਸਾਹਵਾਂ ਤਾਈਂ ਕੰਮ ਕਰਦਾ ਰਹਿਆ। ਤਾਨ ਵਿਚ ਉਹ ਪਹਿਲੇ ਵਾਲ਼ਾ ਜ਼ੋਰ ਹੁਣ ਕਿੱਥੋਂ ਰਹਿਣਾ ਸੀ ਪਰ ਸੁਰ ਉਂਜੇ ਨਿਰੋਲ ਸੀ।

ਨਵਾਬ ਜ਼ਹੀਰ ਯਾਰ ਜੰਗ ਖ਼ਾਨ ਸਾਹਿਬ ਦਾ ਆਸ਼ਕ ਸੀ ਤੇ ਉਹਨਾਂ ਦੀ ਦੇਵਤਿਆਂ ਵਾਕਣ ਪੂਜਾ ਕਰਦਾ ਸੀ। ਉਹ ਖ਼ਾਨ ਸਾਹਿਬ ਨੂੰ ਆਪਣੇ ਘਰ ਹੈਦਰਾਬਾਦ ਲੈ ਜਾਂਦਾ ਤੇ ਉਹਨਾਂ ਦੇ ਦਵਾ-ਦਾਰੂ ਉੱਤੇ ਪਾਣੀ ਵਾਕਣ ਪੈਸਾ ਰੋੜ੍ਹਦਾ। ਸੰਨ ਸਤਾਹਟ ਦੀ ਗੱਲ ਏ ਗੰਧਰਵ ਮਹਾ ਵਿਦਿਆਲੇ ਨੇ 23 ਤੋਂ 26 ਦਸੰਬਰ ਤਾਈਂ ਹੈਦਰਾਬਾਦ ਵਿਚ ਮਿਊਜ਼ਕ ਟੀਚਰਜ਼ ਕਾਨਫ਼ਰੰਸ ਕਰਾਣ ਦਾ ਮਤਾ ਪਕਾਇਆ। ਖ਼ਾਨ ਸਾਹਿਬ ਬੜੇ ਗ਼ੁਲਾਮ ਅਲੀ ਖ਼ਾਂ ਤੇ ਫ਼ੀਤਾ ਕੱਟਣ ਤੋਂ ਅੱਡ ਏਹਦੇ ਵਿਚ ਗਾਉਣਾ ਵੀ ਸੀ ਪਰ ਮਸਾਂ ਅੱਧ ਦਿਸੰਬਰ ਈ ਹੋਇਆ ਸੀ ਕਿ ਉਹਨਾਂ ਦੀ ਸਿਹਤ ਮੁੜ ਵਿਗੜ ਗਈ। ਡਾਕਟਰਾਂ ਦੇ ਟਿੱਲ ਮਾਰਨ ਨਾਲ਼ ਉਹ ਕੁਝ ਮਾੜਾ ਮੋਟਾ ਆਸਰਾ ਜੇਹਾ ਕਰ ਗਏ। 22 ਦਸੰਬਰ ਦੀ ਸਵੇਰ ਮੈਂ ਹੈਦਰਾਬਾਦ ਅੱਪੜਿਆ। ਲੌਢੇ ਵੇਲੇ ਖ਼ਾਨ ਸਾਹਿਬ ਨੂੰ ਮਿਲਣ ਗਿਆ। ਮੈਨੂੰ ਵੇਖਕੇ ਖ਼ੁਸ਼ ਹੋਏ ਤੇ ਪੂਰੇ ਦੋ ਘੰਟੇ ਮੇਰੇ ਨਾਲ਼ ਗੱਲਾਂ ਕਰਦੇ ਰਹੇ। ਕੁਝ ਦਿਨ ਪਹਿਲਾਂ ਉਹਨਾਂ ਦੀ ਭੂਪ ਕਲਿਆਣ ਦੀ ਇਕ ਪੁਰਾਣੀ ਰਿਕਾਰਡਿੰਗ ਰੇਡੀਓ ਤੇ ਲੱਗੀ ਸੀ। ਖ਼ਾਨ ਸਾਹਿਬ ਨੇ ਵੀ ਉਹ ਸੁਣੀ। ਮੇਰੇ ਬੈਠਿਆਂ ਯਾਦ ਆ ਗਇਉ ਨੇਂ। ਦੱਸਣ ਲੱਗੇ, "ਭਰਾ ਜੀ ਅਗਲੇ ਦਿਨ ਮੈਂ ਰੇਡੀਓ ਤੋਂ ਆਪਣਾ ਭੂਪ ਕਲਿਆਣ ਸੁਣਿਆ। ਸੱਚੀਂ ਮੈਂ ਏਡਾ ਚੰਗਾ ਭੂਪ ਗਾਉਂਦਾ ਸਾਂ?" ਮੈਂ ਜਵਾਬ ਦਿੱਤਾ, "ਜੀ ਖ਼ਾਨ ਸਾਹਿਬ ਉਹ ਟੇਪ ਮੈਂ ਵੀ ਸੁਣੀ ਏ। ਮੈਂ ਤੁਹਾਨੂੰ ਕਈਆਂ ਮਹਿਫ਼ਲਾਂ ਵਿਚ ਭੂਪ ਗਾਉਂਦਿਆਂ ਸੁਣਿਆ ਏ। ਮੈਨੂੰ ਹਰ ਵਾਰ ਈ ਚਸ ਆਇਆ ਏ।" ਬੋਲੇ, "ਮੈਂ ਇੰਜ ਮੰਜੀ ਉੱਤੇ ਪੈ ਕੇ ਜੀਵਣਾ ਨਹੀਂ ਚਾਹੁੰਦਾ। ਦੁਆ ਏ, ਰੱਬ ਏਸ ਭੂਪ ਕਲਿਆਣ ਵਰਗਾ ਗਾਵਣ ਦੀ ਬਸ ਇਕ ਵਾਰੀ ਫੇਰ ਆਂਗਸ (ਬਲ਼, ਤਾਕਤ) ਚਾ ਦੇਵੇ।"

ਮੈਂ ਦੋ ਚਾਰ ਵਾਰੀ ਉਹਨਾਂ ਕੋਲ਼ ਗਿਆ ਤੇ ਫੇਰ ਬੰਬੇ ਪਰਤ ਆਇਆ। ਅਪ੍ਰੈਲ,1968 ਈ. ਵਿਚ ਉਹਨਾਂ ਦੀ ਹਾਲਤ ਚੋਖੀ ਵਿਗੜ ਗਈ ਤੇ ਉਹ ਏਸੇ ਮਹੀਨੇ ਦੀ 23 ਤਾਰੀਖ਼ ਨੂੰ ਆਪਣਾ ਵਾਰਾ ਪੂਰਾ ਕਰ ਗਏ।

ਖ਼ਾਨ ਸਾਹਿਬ ਦੇ ਗਰਾਮੋਫ਼ੋਨ ਰਿਕਾਰਡ ਉਹਨਾਂ ਦੇ ਗਾਣੇ ਦੀ ਬਾਰੀਕੀ ਤੇ ਵੰਨ-ਸਵੰਨੀ ਬੁਣਤਰ ਦਾ ਸਬੂਤ ਨੇਂ। ਏਹ ਰਿਕਾਰਡ ਅਠੱਤਰ ਤੇ ਪੰਜਤਾਲ਼ੀ ਆਰ. ਪੀ. ਐਮ. ਦੇ ਨੇਂ। ਕੁਝ ਐਲ ਪੀ ਤਵੇ ਵੀ ਹੈਨ।

ਖ਼ਾਨ ਸਾਹਿਬ ਦੇ ਗੁਜ਼ਰ ਜਾਣ ਤੇ ਹਿੰਦੋਸਤਾਨ ਦੀ ਹਰ ਅਖ਼ਬਾਰ ਨੇ ਲਿਖਿਆ। ਸਭਨਾਂ ਦੀ ਸਾਂਝੀ ਗੱਲ ਏਹੋ ਸੀ ਏਸ ਮੌਤ ਨਾਲ਼ ਹਿੰਦੋਸਤਾਨ ਇਕ ਬਹੁੰ ਅਨਮੁੱਲੀ ਗਾਇਕੀ ਤੋਂ ਵਾਂਜਿਆ ਗਿਆ ਏ।

ਖ਼ਾਨ ਸਾਹਿਬ ਦੇ ਦੋ ਪੁੱਤਰਾਂ ਵਿਚੋਂ ਇਕ ਪਾਕਿਸਤਾਨ ਹੁੰਦਾ ਏ, ਦੂਜਾ ਮਨੱਵਰ ਅਲੀ ਖ਼ਾਂ ਏਥੇ ਕਲਕੱਤੇ ਵਿਚ ਏ ਤੇ ਚੰਗਾ ਗਵੱਈਆ ਏ।

ਬੜੇ ਗ਼ੁਲਾਮ ਅਲੀ ਖ਼ਾਂ ਦੇ ਵਿਛੜਨ ਨਾਲ ਮੈਥੋਂ ਇਕ ਬਹੁਤ ਪਿਆਰੇ ਬੇਲੀ ਦਾ ਸਾਥ ਛੁੱਟ ਗਿਆ। ਏਨਾ ਅਫ਼ਸੋਸ ਮੈਨੂੰ ਆਪਣੇ ਭਰਾ ਦੇ ਵਿਛੋੜੇ ਦਾ ਵੀ ਨਹੀਂ ਸੀ ਹੋਣਾ।

ਅੱਜ ਵੀ ਜੇਹੜੇ ਵੇਲੇ ਖ਼ਾਨ ਸਾਹਿਬ ਚੇਤੇ ਆਉਂਦੇ ਨੇਂ ਮੈਂ ਉਹਨਾਂ ਦੇ ਗਰਾਮੋਫ਼ੋਨ ਰਿਕਾਰਡ ਲੈ ਕੇ ਇਕੱਲਿਆਂ ਬਹਿ ਜਾਨਾਂ।

ਸੰਪਰਕ : 89683-43252

## ਸੁਰ-ਸੰਗੀਤ ਦੇ ਹੀਰੇ-8

# ਖ਼ਾਨ ਸਾਹਿਬ ਬੜੇ ਗ਼ੁਲਾਮ ਅਲੀ ਖ਼ਾਂ

ਪ੍ਰੋ. ਬੀ ਆਰ ਦਿਓਧਰ
ਉਲੱਥਾਕਾਰ : ਮਕਸੂਦ ਸਾਕਿਬ
ਗੁਰਮੁਖੀ ਉਲੱਥਾਕਾਰ : ਜੋਗਿੰਦਰ ਪਾਲ ਮਾਨ

1945 ਈ. ਈ ਸੀ, ਖ਼ਾਨ ਸਾਹਿਬ ਤੇ ਮੈਂ ਚੌਪਾਟੀ ਦੀ ਰੇਤ ਤੇ ਬੈਠੇ ਸਾਂ। ਸੂਰਜ ਡੁੱਬਦਾ ਪਿਆ ਸੀ ਤੇ ਉਹਦੀਆਂ ਅੰਤਲੀਆਂ ਰਿਸ਼ਮਾਂ ਲਹਿੰਦੇ ਨੂੰ ਰੱਤੀਂ (ਰੱਤ, ਖ਼ੂਨ, ਲਹੂ) ਪਈਆਂ ਨਹਾਉਂਦੀਆਂ ਸਨ। ਸਾਰਾ ਨਕਸ਼ਾ ਅਰਬ ਸਾਗਰ ਦੇ ਚੁੱਪ ਪਾਣੀਆਂ ਵਿਚੋਂ ਵੀ ਪਿਆ ਨਜ਼ਰਦਾ ਸੀ। ਖ਼ਾਨ ਸਾਹਿਬ ਤੇ ਮੈਂ ਰੋਜ਼ ਏਥੇ ਆ ਕੇ ਸੂਰਜ ਡੁੱਬਦਾ ਵੇਖਦੇ ਸਾਂ। ਏਸ ਵੇਲੇ ਉਹ ਏਸ ਝਾਕੀ ਵਿਚ ਅਸਲੋਂ ਡੁੱਬੇ ਹੋਏ ਸਨ, ਅਚਨਚੇਤ ਮੇਰੇ ਵੱਲ ਮੂੰਹ ਭਵਾਂ ਕੇ ਕਹਿਣ ਲੱਗੇ, "ਦਿਓਧਰ ਜੀ, ਏਹ ਜੇ ਮਾਰਵੇ (ਇਕ ਰਾਗ 'ਮਾਰਵਾ') ਦਾ ਅਸਲ ਵੇਲਾ। ਵੱਡਿਆਂ ਦੇ ਵਾਰੇ-ਵਾਰੇ ਜਾਵੀਏ ਕੇਡੀ ਸੂਝ-ਸਮਝ ਨਾਲ਼ ਰੇਖਬ ਤੇ ਧੇਵਤ ਦਾ ਅਜੇਹਾ ਲਗਾਉ ਬੰਨ੍ਹਿਆ ਨੇਂ। ਏਹ ਵੇਲਾ ਬਹੁਤ ਮਨ ਛਿੱਕਵਾਂ ਹੁੰਦਾ ਏ। ਵਿਛੋੜੇ ਮਾਰਿਆਂ ਨੂੰ ਏਸ ਵੇਲੇ ਈ ਮੂੰਹ ਆਉਂਦੀ ਰਾਤ ਦਾ ਇਕਲਾਪਾ ਛਿੜਦਾ ਏ। ਫੇਰ ਉਹ ਲੋਕ ਜੇਹਨਾਂ ਕੋਲ਼ ਸਿਰ ਲੁਕਾਣ ਦੀ ਥਾਹਰ ਨਹੀਂ ਹੁੰਦੀ, ਚਿੰਤਾ ਵਿਚ ਪੈ ਜਾਂਦੇ ਨੇਂ ਪਈ ਦਿਨ ਤੇ ਜੀਵੇਂ-ਕੀਵੇਂ ਲੰਘ ਗਿਆ ਏ, ਰਾਤ ਦਾ ਕੀ ਬਣਸੀ? ਸਾਡੇ ਸੰਗੀਤ ਵਿਚ ਖਰਜ ਬੜਾ ਉਚੇਚਾ ਸੁਰ ਮੰਨਿਆ ਜਾਂਦਾ ਏ ਪਰ ਮਾਰਵੇ ਵਿਚ ਏਹੋ ਸੁਰ ਗ਼ਾਇਬ ਹੁੰਦਾ ਏ ਤੇ ਜਿੱਥੇ-ਕਿੱਥੇ ਅਸੀਂ ਏਹਨੂੰ ਮਾੜਾ ਜੇਹਾ ਛੁਹਾਵਨੇ ਆਂ, ਸਾਰੀ ਗੱਲ ਈ ਹੋਰ ਦੀ ਹੋਰ ਹੋ ਜਾਂਦੀ ਏ। ਮੈਨੂੰ ਲੱਗਦਾ ਏ, ਮਾਰਵਾ ਏਹੋ ਚਿੰਤਾ ਤੇ ਬੇਵਸਾਹੀ ਈ ਸਾਡੇ ਨਾਲ਼ ਸਾਂਝੀ ਕਰਦਾ ਏ।"

ਮੁਸਲਮਾਨ ਗਵੱਈਏ ਚੋਖਾ ਅਨਪੜ੍ਹ ਈ ਸਮਝੇ ਜਾਂਦੇ ਨੇਂ। ਵੈਲਾਂ ਪਾਰੋਂ ਲੋਕ ਉਹਨਾਂ ਨੂੰ ਘੱਟ ਈ ਵੁਕਅਤ ਦੇਂਦੇ ਨੇਂ। ਮਾਰਵੇ ਬਾਰੇ ਖ਼ਾਨ ਸਾਹਿਬ ਦੇ ਮੂੰਹੋਂ ਏਡੀਆ ਡੂੰਘੀਆਂ ਤੇ ਸੋਹਣੀਆਂ ਗੱਲਾਂ ਸੁਣੀਆਂ ਤੇ ਮੈਂ ਹਰਾਨ ਰਹਿ ਗਿਆ। ਏਹੋ ਜੇਹੀਆਂ ਗੱਲਾਂ ਤੇ ਕਦੀਂ ਕਿਸੇ ਆਲਮ ਤੇ ਪੜ੍ਹੇ ਲਿਖੇ ਬੰਦੇ ਨੂੰ ਵੀ ਨਹੀਂ ਔੜ੍ਹੀਆਂ। ਮੈਂ ਮਾਰਵਾ ਗਾਣ ਲਈ ਆਖਿਆ। ਮੰਨ ਗਏ ਤੇ ਫੇਰ ਉਹਨਾਂ ਮਾਰਵੇ ਦੇ ਕਈਂ ਸਰੂਪ ਗੌਂ ਸੁਣਾਏ। ਇੰਜ ਸੀ ਜੀਵੇਂ ਕੋਈ ਲੈਕਚਰ ਕਰਕੇ ਵਿਖਾਉਂਦੇ ਪਏ ਹੋਵਣ। ਜਦੋਂ ਵੀ ਕੋਈ ਨਵੀਂ ਗੋਂਦ ਛੋਹਣ ਲੱਗਦੇ, ਮੈਨੂੰ ਉਸ ਪਲ ਆਪਣੇ ਦਿਲ ਦਿਮਾਗ ਵਿਚ ਆਵਣ ਵਾਲ਼ੇ ਖ਼ਿਆਲਾਂ ਦੀ ਵੀ ਦੱਸ ਪਾ ਦੇਂਦੇ। ਉਸ ਦਿਨ ਖ਼ਾਨ ਸਾਹਿਬ ਨੇ ਜੀਵੇਂ ਦਾ ਮਾਰਵਾ ਗੌਂ ਛੱਡਿਆ, ਮੈਨੂੰ ਕਦੀਂ ਨਹੀਂ ਭੁੱਲ ਸਕਦਾ। ਹੋਰਨਾਂ ਲੋਕਾਂ ਹਾਰ ਉਦੋਂ ਮੈਂ ਵੀ ਮਾਰਵੇ ਨੂੰ ਇਕ ਰੁੱਖਾ ਜੇਹਾ ਰਾਗ ਈ ਮੰਨਦਾ ਸਾਂ। ਅਜੇਹਾ ਬੇ-ਚਸਾ (ਬੇਸਵਾਦਾ) ਰਾਗ, ਜੀਹਦੇ ਵਿਚ ਗਵੱਈਏ ਕੁਝ ਤਾਨ ਬਾਜ਼ੀ ਈ ਕਰ ਸਕਦਾ ਸੀ। ਉਸ ਦਿਨ ਖ਼ਾਨ ਸਾਹਿਬ ਨੇ ਮਾਰਵਾ ਗੌਂ ਕੇ ਮੇਰੀ ਸਾਰੀ ਸੋਚ ਈ ਬਦਲਕੇ ਧਰ ਦਿੱਤੀ। ਮਾਰਵਾ ਹੁਣ ਮੇਰੇ ਮਨਪਸੰਦ ਰਾਗਾਂ 'ਚੋਂ ਏ।

ਖ਼ਾਨ ਸਾਹਿਬ ਨੂੰ ਪਹਿਲੀ ਵਾਰੀ ਮੈਂ ਬੰਬੇ ਦੇ ਵਿਕਰਮ ਸੰਗੀਤ ਇਕੱਠ ਵਿਚ ਡਿੱਠਾ, ਏਹ 1944 ਈ. ਦੀ ਗੱਲ ਏ। ਲੰਮੇ-ਚੌੜੇ, ਸਿਰ ਤੇ ਡਿੰਗੀ ਟੋਪੀ, ਏਹ ਭਾਰੀਆਂ ਮੁੱਛਾਂ। ਮੈਨੂੰ ਉਹ ਕੁਝ ਜਚੇ ਨਾ। ਕੋਈ ਮਜ਼ਾਜੀ ਜੇਹੇ ਬੰਦੇ ਈ ਲੱਗੇ। ਇਕੱਠ ਵਿਚ ਉਹਨਾਂ ਦਾ ਪਹਿਲਾ ਗਾਇਨ ਵੀ ਨਰਮ ਰਹਿਆ। ਦੂਜੀ ਵਾਰੀ ਗਾਵਣ ਬੈਠੇ ਤਾਂ ਜੀਵੇਂ ਹਰ ਸ਼ੈ ਉਹਨਾਂ ਦੀ ਅੱਖਾਂ ਸਾਹਵੇਂ ਸੀ। ਉਹਨਾਂ ਮਾਰਵਾ ਛੁਹਿਆ ਤੇ ਏਹੋ ਜੇਹਾ ਮੁੱਢ ਬੰਨ੍ਹਿਆ ਮੇਰੇ ਅੰਦਰ ਵੀ ਤਾਂਘ ਜਗ ਪਈ। ਹਰ ਕਿਸੇ ਉਹਨਾਂ ਦੇ ਮਾਰਵੇ ਦੀ ਸਲਾਹੁਤਾ ਕੀਤੀ। ਹੁਣ ਹਰ ਕਿਸੇ ਨੂੰ ਲੱਗੀ ਹੋਈ ਸੀ ਪਈ ਵੇਖੋ, ਦੂਜਾ ਰਾਗ ਕੇਹੜਾ ਗਾਉਂਦੇ ਨੇਂ। ਉਹਨਾਂ ਪੂਰਿਆ ਛੁਹ ਲਿਆ। ਮੈਂ ਸਮਝ ਗਿਆ ਹੁਣ ਖ਼ਰਾਬ ਹੋਊ ਨੇਂ। ਮਾਰਵੇ ਤੇ ਪੂਰੀਏ ਦੇ ਸੁਰ ਘੱਟ-ਵੱਧ ਇਕੋ ਜੇਹੇ ਈ ਨੇਂ, ਏਹਨਾਂ ਨੂੰ ਉੱਤੋ-ੜੁਤੀ ਗਾਣਾ ਢੇਰ ਔਖਾ ਪੈਂਦਾ ਏ। ਸੁਣਨ ਵਾਲ਼ਿਆਂ ਜੇ ਕਿਸੇ ਗਵੱਈਏ ਨੇ ਅਜ਼ਮਾਣਾ ਹੋਵੇ ਤਾਂ ਉਹਨੂੰ ਏਹੋ ਜੇਹੇ ਰਾਗ ਈ ਉੱਤੇ-ਥੱਲੇ ਗਾਵਣ ਦੀ ਫ਼ਰਮੈਸ਼ ਪਾਉਂਦੇ ਨੇਂ। ਪਰ ਖ਼ਾਨ ਸਾਹਿਬ ਬੜੇ ਧਿਆਨ ਨਾਲ਼ ਟੁਰੇ ਤੇ ਪੰਜਾਂ ਮਿੰਟਾਂ ਵਿਚ ਉਹਨਾਂ ਮਾਰਵੇ ਦਾ ਨਾਂ ਨਿਸ਼ਾਨ ਵੀ ਨਾ ਰਹਿਣ ਦਿੱਤਾ, ਹਰ ਪਾਸੇ ਪੂਰਿਆ ਈ ਪੂਰਿਆ ਕਰ ਦਿੱਤਾ। ਏਹ ਰਾਗ ਵੀ ਉਹਨਾਂ ਬਹੁਤ ਸੋਹਣਾ ਗੰਵਿਆ। ਮੈਨੂੰ ਖ਼ਾਨ ਸਾਹਿਬ ਦੇ ਮਹਾ ਕਸਬੀ ਹੋਵਣ ਦਾ ਪੱਕ ਹੋ ਗਿਆ। ਏਹਦੇ ਮਗਰੋਂ ਉਹਨਾਂ ਪੰਜਾਬੀ ਅੰਗ ਦੀ ਪਹਾੜੀ ਛੁਹੀ ਤੇ ਏਹੋ ਏਹੋ ਜੇਹਾ ਵੰਨ-ਸਵੰਨ ਵਿਖਾਇਆ ਸਾਰਾ ਪਿੜ ਨਿਹਾਲ ਹੋ ਗਿਆ। ਹਰ ਕੋਈ ਖ਼ਾਨ ਸਾਹਿਬ ਦੇ ਸੁਰ ਉੱਤੇ ਪਹਿਰੇ ਨੂੰ ਮੰਨਦਾ ਪਿਆ ਸੀ। ਹਰ ਕਿਸੇ ਦਾ ਏਹੋ ਖ਼ਿਆਲ ਸੀ ਪੂਰੇ ਸੰਗੀਤ ਇਕੱਠ ਵਿਚੋਂ ਖ਼ਾਨ ਸਾਹਿਬ ਦਾ ਸਵਾਦ ਆਇਆ ਸੀ।

ਮਗਰੋਂ ਖ਼ਾਨ ਸਾਹਿਬ ਬੰਬੇ ਈ ਆਣ ਵਸੇ। ਉਹਨਾਂ ਦਾ ਇਕ ਸ਼ਾਗਿਰਦ ਤੁਲਸੀ ਦਾਸ ਸ਼ਰਮਾ ਮੇਰੇ ਸ਼ਾਗਿਰਦ ਕੁਮਾਰ ਗੰਧਰਵ ਦਾ ਜਾਣੂ ਸੀ। ਏਸ ਲਈ ਤੁਲਸੀ ਦਾਸ ਸਾਡੇ ਸਕੂਲ ਆਵਣ ਲੱਗ ਪਿਆ। ਕੁਮਾਰ ਮੈਨੂੰ ਅਛੋਪ ਰਾਗਾਂ ਦਾ ਪੁੱਛਦਾ ਰਹਿੰਦਾ ਸੀ। ਤੁਲਸੀ ਦਾਸ ਨੂੰ ਸਾਡੀਆਂ ਗੱਲਾਂ ਤੇ ਬੜੀ ਹਰਾਨੀ ਹੁੰਦੀ। ਉਹਨੇ ਖ਼ਾਨ ਸਾਹਿਬ ਨੂੰ ਸਾਡੇ ਕੋਲ਼ ਲਿਆਵਣ ਦੀ ਸੋਚ ਲਈ। ਇਕ ਵਾਰ ਕਿਧਰੇ ਖ਼ਾਨ ਸਾਹਿਬ ਨੇ ਤੁਲਸੀ ਦਾਸ ਨੂੰ ਹੋਰਨਾਂ ਗਵੱਈਆਂ ਦੇ ਘਾਟੇ-ਵਾਧੇ ਦੱਸਦਿਆਂ ਆਖਿਆ, "ਮੈਨੂੰ ਆਂਹਦੇ ਨੇਂ ਮੈਂ ਅਛੋਪ ਰਾਗ ਨਹੀਂ ਗਾਉਂਦਾ। ਮੈਂ ਸਿੱਖਣੇ ਵੀ ਚਾਹੇ ਸਨ ਪਰ ਜੇਹੜੇ ਲੋਕ ਅਜੇਹੇ ਰਾਗ ਗਾਉਂਦੇ ਨੇਂ ਉਹਨਾਂ ਨੂੰ ਚੋਖੀਆਂ ਬੰਦਸ਼ਾਂ ਈ ਆਉਂਦੀਆਂ ਨੇਂ ਗਾਉਣ ਦਾ ਢੰਗ-ਢਬ ਨਹੀਂ ਆਉਂਦਾ। ਮੈਂ ਸੋਚ ਲਿਆ ਗਵੱਈਏ ਉਹੋ ਈ ਨੇਂ ਜੇਹੜੇ ਨਿਰੀਆਂ ਚੀਜ਼ਾਂ ਨਹੀਂ ਸਗੋਂ ਉਹਨਾਂ ਨੂੰ ਗਾਉਣਾ ਵੀ ਜਾਣਦੇ ਨੇਂ। ਮੈਨੂੰ ਰਾਗਾਂ ਦਾ ਸੁੱਕਾ-ਫਿੱਕਾ (ਕਚਘਰੜ) ਇਲਮ ਨਹੀਂ ਚਾਹੀਦਾ। ਤੁਲਸੀ ਮੈਨੂੰ ਕੋਈ ਇਲਮਦਾਰ ਗਵੱਈਆ ਦੱਸ।" ਤੁਲਸੀ ਆਖਣ ਲੱਗਾ, "ਖ਼ਾਨ ਸਾਹਿਬ ਤੁਸੀਂ ਦਿਓਧਰ ਸਾਹਿਬ ਨੂੰ ਮਿਲ਼ੇ ਤਾਂ ਹੋਏ ਓ, ਕੁਮਾਰ ਗੰਧਰਵ ਦੇ ਉਸਤਾਦ ਨੇਂ। ਕਿਸੇ ਦਿਨ ਉਹਨਾਂ ਵਲ ਨਾ ਚੱਲ ਵੇਖੀਏ?" ਇੰਜ ਖ਼ਾਨ ਸਾਹਿਬ ਸਾਡੇ ਸਕੂਲ ਆਏ। ਅਸੀਂ ਕਈਂ ਰਾਗਾਂ ਬਾਰੇ ਵਿਚਾਰ-ਵਟਾਂਦਰਾ ਕਰਦੇ ਰਹੇ। ਏਥੋਂ ਟੁਰੀ ਵਾਕਫ਼ੀ ਹੌਲ਼ੀ-ਹੌਲ਼ੀ ਏਨੀ ਗੂੜ੍ਹੀ ਯਾਰੀ ਬਣੀ ਤੋੜ ਅੰਤਲੇ ਸਾਹਵਾਂ ਤਾਈਂ ਨਿਭੀ।

ਖ਼ਾਨ ਸਾਹਿਬ ਸਾਡੇ ਸਕੂਲ ਅਕਸਰ ਆਉਂਦੇ। ਮੇਰੇ ਸ਼ਾਗਿਰਦ ਬੜੇ ਢੰਗੀ ਸਨ। ਮੈਂ ਖ਼ਾਨ ਸਾਹਿਬ ਨੂੰ ਜੇਹੜੇ ਕਮਰੇ ਵਿਚ ਬਹਾਂਦਾ ਸਾਂ ਉਹਨਾਂ ਅਸਲੋਂ ਉਹਦੇ ਨਾਲ਼ ਦੇ ਕਮਰੇ ਵਿਚ ਤੰਬੂਰਿਆਂ ਦੀ ਜੋੜੀ ਸੋਹਣੀ ਸੁਰ ਕਰਕੇ ਰੱਖ ਛੱਡਣੀ। ਏਧਰੋਂ ਖ਼ਾਨ ਸਾਹਿਬ ਦੀ ਆਉਣੀ ਹੋਣੀ ਉਧਰੋਂ ਦੋ ਕੁ ਮੁੰਡਿਆਂ ਨੇ ਪੀਨਾ ਤੇ ਤੰਬੂਰੇ ਛੇੜ ਦੇਣੇ। ਖ਼ਾਨ ਸਾਹਿਬ ਦੇ ਕੰਨੀਂ ਆਵਾਜ਼ ਪੈਣੀ ਆਖਣਾ, "ਦਿਓਧਰ ਸਾਹਿਬ, ਤੁਹਾਡੀ ਤੰਬੂਰਿਆਂ ਦੀ ਜੋੜੀ ਬੜੀ ਵਧੀਆ ਏ! ਕੇਡੀ ਮਿਲ਼ੀ ਹੋਈ ਏ! ਚਲੋ ਉਧਰ ਈ ਚੱਲ ਬਹਿਨੇ ਆਂ!" ਉਸ ਕਮਰੇ ਵਿਚ ਅੱਪੜਨ ਦੀ ਦੇਰ ਹੁੰਦੀ ਤੇ ਖ਼ਾਨ ਸਾਹਿਬ ਗਾਵਣ ਲੱਗ ਪੈਂਦੇ। ਏਹ ਗਾਵਣ ਦੋ ਤਿੰਨ ਘੰਟੇ ਚੱਲਣਾ। ਅੱਠ ਮਹੀਨੇ ਏਹੋ ਕਾਰ ਹੁੰਦੀ ਰਹੀ। ਏਹ ਸਾਰਾ ਵੇਲਾ ਮੈਂ ਖ਼ਾਨ ਸਾਹਿਬ ਨੂੰ ਰੱਜਕੇ ਸੁਣਿਆ। ਏਦੋਂ ਪਿੱਛੇ ਮੈਨੂੰ ਪਤਾ ਲੱਗਾ ਰਾਤ ਨੂੰ ਕੁਝ ਸ਼ਾਗਿਰਦ ਆਪਣੇ ਕਮਰੇ ਵਿਚ ਨਹੀਂ ਹੁੰਦੇ। ਸੂੰਹ ਨਿਕਲ਼ੀ ਉਹ ਕੱਲੇ-ਕੱਲੇ ਤੇ ਟੁਕੜੀਆਂ ਵਿਚ ਖ਼ਾਨ ਸਾਹਿਬ ਨੂੰ ਸੁਣਨ ਉਹਨਾਂ ਦੇ ਘਰ ਟੁਰ ਜਾਂਦੇ ਸਨ। ਸਕੂਲੇ ਉਹ ਖ਼ਾਨ ਸਾਹਿਬ ਨੂੰ ਗਵਾਵਣ ਲਈ ਕਈਂ ਰੰਗਾਂ ਦੀਆਂ ਛੇੜਾਂ ਛੇੜੀ ਰੱਖਦੇ। ਹੁਣ ਖ਼ਬਰੇ ਛਹੁ (ਤਾਂਘ (ਦਿਲ), ਹਸਰਤ) ਨਹੀਂ ਸਨ ਨੇ ਭਰਦਾ ਜੇਹੜਾ ਖ਼ਾਨ ਸਾਹਿਬ ਨੂੰ ਤੰਗ ਕਰਨ ਉਹਨਾਂ ਦੇ ਘਰ ਜਾਣ ਲੱਗ ਪਏ ਸਨ। ਮੁੰਡਿਆਂ ਦੇ ਏਸ ਕਾਰਨੇ ਤੇ ਮੈਨੂੰ ਬੜੀ ਸ਼ਰਮ ਆਈ। ਮੈਂ ਸਾਰਿਆਂ ਨੂੰ ਕੱਠਿਆਂ ਕੀਤਾ ਤੇ ਮਾਫ਼ੀ ਮੰਗਾਣ ਖ਼ਾਨ ਸਾਹਿਬ ਕੋਲ਼ ਲੈ ਗਿਆ। ਮੈਂ ਖ਼ਾਨ ਸਾਹਿਬ ਨੂੰ ਕਹਿਆ, "ਮੈਨੂੰ ਪਤਾ ਏ ਏਹ ਉੱਲੂ ਦੇ ਕੰਨ ਤੁਹਾਨੂੰ ਤੰਗ ਕਰਦੇ ਨੇਂ। ਮੈਂ ਏਹਨਾਂ ਨੂੰ ਏਥੇ ਆਉਣ ਤੋਂ ਹਟਕ ਦਿੱਤਾ ਏ। ਤੁਸੀਂ ਵੀ ਏਹਨਾਂ ਨੂੰ ਹੱਲਾ ਸ਼ੇਰੀ ਨਾ ਦੇਵਿਆ ਕਰੋ।" ਮੇਰੀ ਗੱਲ ਸੁਣਕੇ ਖ਼ਾਨ ਸਾਹਿਬ ਕੁਝ ਘਾਬਰ ਜੇਹੇ ਗਏ। ਅਖੇ, "ਤੁਹਾਡੇ ਸ਼ਾਗਿਰਦ ਬੜੇ ਸੁੱਚੇ ਸੁਣਵੱਈਏ (ਸਰੋਤੇ) ਨੇਂ। ਤੁਸਾਂ ਏਹਨਾਂ ਨੂੰ ਬੜਾ ਸੁਚੱਜ ਦੱਸਿਆ ਹੋਇਆ ਏ, ਏਸ ਲਈ ਏਹ ਮੈਨੂੰ ਬੜੇ ਚੰਗੇ ਲੱਗਦੇ ਨੇਂ। ਵਿਚਾਰੇ ਕਦੀਂ-ਕਦਾਈਂ ਸੁਣਨ ਆ ਜਾਂਦੇ ਨੇਂ। ਤੁਸੀਂ ਨਾ ਹਟਕੋ ਏਹਨਾਂ ਨੂੰ। ਏਹਨਾਂ ਦੇ ਆਇਆਂ ਮੇਰਾ ਰਿਆਜ਼ ਹੋ ਜਾਂਦਾ ਏ। ਮੈਨੂੰ ਬਣੇ-ਬਣਾਏ ਸੁਣਵਈਏ ਲੱਭ ਜਾਂਦੇ ਨੇਂ। ਆਉਣ ਦਿਓ ਨੇਂ। ਮੇਰਾ ਕੀ ਲੈ ਜਾਂਦੇ ਨੇਂ।"

ਹੋਰ ਤੇ ਹੋਰ ਅਸਲੋਂ ਅਣਸੂੰਹਵੇਂ (ਨਾਵਾਕਫ਼) ਬੰਦੇ ਵੀ ਖ਼ਾਨ ਸਾਹਿਬ ਕੋਲ਼ ਆ ਕੇ ਗਾਣਾ ਸੁਣਨ ਦੀ ਖ਼ਾਹਿਸ਼ ਕਰ ਦੇਂਦੇ ਸਨ। ਖ਼ਾਨ ਸਾਹਿਬ ਏਹਨਾਂ ਲੋਕਾਂ ਨੂੰ ਵੀ ਕਦੀਂ ਨ੍ਹਾ ਨਹੀਂ ਸਨ ਕਰਦੇ। ਏਹ ਤੇ ਇਕ ਪਾਸੇ ਐਵੇਂ ਫੇਰੇ-ਟੋਰੇ ਵਾਲ਼ਿਆ ਬੰਦਿਆਂ ਨੂੰ ਵੀ ਖ਼ਾਨ ਸਾਹਿਬ ਘੱਟੋ-ਘੱਟ, ਪੰਦਰਾਂ ਮਿੰਟਾਂ ਦਾ ਤੇ ਗਾਣਾ ਸੁਣਾ ਈ ਦੇਂਦੇ ਸਨ। ਉੱਤੋਂ ਚਾਹ-ਪਾਣੀ ਤੇ ਸਿਗਰਟ-ਪਾਨ ਨਾਲ਼ ਵੱਖਰੀ ਸੇਵਾ ਪਈ ਕਰਨੀ।

ਖ਼ਾਨ ਸਾਹਿਬ ਸਾਰਾ ਵੇਲਾ ਮਿਹਨਤ ਈ ਕਰਦੇ ਰਹਿੰਦੇ ਸਨ। ਝੋਲ਼ੀ ਵਿਚ ਸੋਹਣਾ ਮਿਲ਼ਿਆ ਸੁਰ-ਮੰਡਲ ਧਰੀ ਤਾਨਾਂ ਦੇ ਸਕੇਲ ਪਕਾਉਂਦੇ ਰਹਿੰਦੇ।

ਇਕ ਵਾਰੀ ਬੜੇ ਚੰਗੇ ਰੌਂ ਵਿੱਚ ਮੈਨੂੰ ਆਖਣ ਲੱਗੇ, "ਦਿਓਧਰ ਸਾਹਿਬ, ਤੁਸੀਂ ਰਿਆਜ਼-ਪਾਣੀ ਲਈ ਵੇਲਾ ਨਹੀਂ ਜੇ ਕੱਢਦੇ। ਏਹ ਕੋਈ ਚੰਗੀ ਗੱਲ ਨਹੀਂ। ਮਾੜਾ-ਮੋਟਾ ਰਿਆਜ਼ ਕਰ ਲੌ ਫੇਰ ਮੈਂ ਤੇ ਤੁਸੀਂ ਸਾਰਾ ਮੁਲਕ ਫਿਰਾਂਗੇ।" ਮੈਂ ਦੱਸਿਆ, "ਖ਼ਾਨ ਸਾਹਿਬ ਮੁਕੱਦਰਾਂ ਵਾਲ਼ੇ ਓ, ਤੁਹਾਨੂੰ ਕੋਈ ਸਕੂਲ ਨਹੀਂ ਚਲਾਣਾ ਪੈਂਦਾ। ਤੁਸਾਂ ਵੇਖਿਆ ਈ ਏ ਮੈਨੂੰ ਕਿੰਨੀਆਂ ਸ਼ੈਵਾਂ ਕਰਨੀਆਂ ਪੈਂਦੀਆਂ ਨੇਂ। ਰਿਆਜ਼-ਪਾਣੀ ਤੇ ਗਿਆਨ-ਧਿਆਨ ਦਾ ਵੇਲਾ ਕਿੱਥੋਂ?" ਬੋਲੇ, "ਕੋਈ ਉਚੇਚਾ ਵੇਲਾ ਕੱਢਣ ਦੀ ਲੋੜ ਨਹੀਂ। ਮੈਂ ਜੀਵੇਂ ਆਹਨਾਂ ਉਵੇਂ ਅੱਧਾ ਕੁ ਘੰਟਾ ਵੀ ਲਾ ਛੱਡੋ ਤਾਂ ਬੜਾ ਏ। ਮੇਰਾ ਮਤਲਬ ਏ ਰਉਂਸ (ਰਸਤਾ, ਲਾਂਘਾ) ਵਿਚ ਖਲੋਤਿਆਂ, ਅੰਦਰ ਲੰਮਿਆਂ ਪਿਆਂ, ਟੁਰਦਿਆਂ-ਫਿਰਦਿਆਂ ਯਾ ਰੇਲ ਗੱਡੀ ਵਿਚ ਕਿਧਰੇ ਆਉਂਦਿਆਂ ਜਾਂਦਿਆਂ ਬੁਲ੍ਹਾਂ ਵਿੱਚ ਗਾਂਦੇ ਰਵੋ, ਅਸਥਾਈ ਅੰਤਰਿਆਂ ਤੇ ਧਿਆਨ ਕਰੋ। ਆਪਣੇ ਦਿਮਾਗ਼ ਵਿਚ ਤਾਨਾਂ ਦੁਹਰਾਂਦੇ ਰਵੋ। ਏਹਦੇ ਨਾਲ਼ ਬੜਾ ਫ਼ਾਇਦਾ ਹੋਜੇਗਾ। ਚੀਜ਼ਾਂ ਚੇਤੇ ਰੱਖਣ ਲਈ ਤਾਂ ਏਹ ਬੜਾ ਈ ਕਾਰੀ (ਅਸਰ ਕਰਨ ਵਾਲਾ, ਕਾਰਗਰ) ਨੁਸਖ਼ਾ ਜੇ।"

ਅਗਲੇ ਦਿਨ ਸਵੇਰੇ ਛੇ ਵਜੇ ਈ ਖ਼ਾਨ ਸਾਹਿਬ ਸਕੂਲੇ ਆ ਗਏ। 'ਅਖੇ, "ਚਲੋ ਦਿਓਧਰ ਸਾਹਿਬ ਤੰਬੂਰਾ ਫੜੋ, ਦੱਸਾਂ ਤੁਹਾਨੂੰ ਰਿਆਜ਼ ਕਿਵੇਂ ਕਰੀਦਾ ਏ।" ਖ਼ਾਨ ਸਾਹਿਬ ਦਿਲ ਦੇ ਖੁਲ੍ਹੇ ਬੰਦੇ ਸਨ ਪਰ ਉਸ ਦਿਨ ਉਹਨਾਂ ਸਾਰੇ ਬੂਹਿਆਂ ਨੂੰ ਅੰਦਰੋਂ ਕੁੰਡੀਆਂ ਲਵਾ ਦਿੱਤੀਆਂ। ਤੰਬੂਰਾ ਸੁਰ ਕਰਕੇ ਆਖਣ ਲੱਗੇ, "ਮੇਰੇ ਗੁਰੂ ਮੇਰੇ ਚਾਚੇ ਕਾਲੇ ਖ਼ਾਂ ਹੋਰਾਂ ਮੈਨੂੰ ਦੱਸਿਆ ਸੀ ਵਾਜ ਕਿਵੇਂ ਬਣਾਈਦੀ ਏ।" ਉਹਨਾਂ ਮੈਨੂੰ ਪੂਰਾ ਮੂੰਹ ਖੋਲ੍ਹਕੇ ਸਾ ਰੇ ਗਾ ਮਾ ਆਖਣ ਦਾ ਕਹਿਆ ਤੇ ਝਟ ਮਗਰੋਂ ਆਪ ਵੀ ਮੇਰੇ ਨਾਲ਼ ਰਲ਼ ਪਏ। ਉਹਨਾਂ ਏਡੇ ਭਰਵੇਂ ਢੰਗ ਨਾਲ਼ ਪੂਰਾ ਸਪਤਕ ਆਖਿਆ ਪੂਰੇ ਕਮਰੇ ਵਿਚ ਉਹਨਾਂ ਦਾ ਅਵਾਜ਼ ਗੂੰਜਣ ਲੱਗ ਪਿਆ। ਫੇਰ ਉਹਨਾਂ ਇਕ-ਇਕ ਸੁਰ ਦੇ ਕਣ ਨਾਲ਼ ਸਰਗਮ ਕੁਹਾਣੀ ਛੋਹੀ। ਅਸਾਂ ਦੋਹਾਂ ਆਰੋਹੀ ਅਮਰੋਹੀ ਕੀਤੀ। ਉਹ ਕਣ ਏਡੇ ਜ਼ੋਰ ਨਾਲ਼ ਉੱਘੇੜਕੇ ਪਏ ਲਾਂਦੇ ਸਨ ਜੀਵੇਂ ਸੁਰਾਂ ਨੂੰ ਹਥੌੜੇ ਪਏ ਵੱਜਦੇ ਹੋਵਣ। ਹੁਣ ਉਹਨਾਂ ਇਕ-ਇਕ ਸੁਰ ਛੱਡਕੇ ਕਣ ਦੇਣਾ ਸ਼ੁਰੂ ਕਰ ਦਿੱਤਾ। ਸਾ ਦੇ ਨਾਲ਼ ਰੇ ਦੇ ਕਣ ਦੀ ਥਾਂ ਗਾ ਦਾ ਕਣ ਲਾਉਣ ਲੱਗ ਪਏ। ਸਾਡੇ ਸੰਗੀਤ ਵਿਚ ਕਣ ਬੜੀ ਮੁੱਢਲੀ ਸ਼ੈ ਨੇਂ। ਸਾਡੀ ਸਾਰੀ ਗਾਇਕੀ ਵਾਜ ਦੇ ਘਾਟੇ ਦੂਰ ਕਰਨ ਉੱਤੇ ਏ। ਜੀਵੇਂ ਰੋਟੀ ਪਕਾਵਣ ਤੋਂ ਪਹਿਲਾਂ ਮੁੱਕੀ ਦੇ ਕੇ ਆਟੇ ਦੀ ਤੌਣ ਨਹੀਂ ਕਰੀਦੀ। ਏਥੇ ਇੰਜ ਈ ਵਾਜ ਨੂੰ ਹਰ ਵੰਨ ਦੀ ਵਰਤੋਂ ਲਈ ਕੂਲ਼ਾ ਕਰਨਾ ਪੈਂਦਾ ਏ। ਇਨਸਾਨੀ ਵਾਜ ਦਾ ਬਦਲਣ ਬੜਾ ਔਖਾ ਏ ਏਸ ਲਈ ਏਹਨੂੰ ਲੋੜ ਮੂਜਬ ਸੂਤ ਕਰਨ ਲਈ ਢੇਰ ਘਾਲਣਾ ਘਾਲਣੀ ਪੈਂਦੀ ਏ। ਖ਼ਾਨ ਸਾਹਿਬ ਹੁਣ ਪਲ਼ਟੇ ਛੱਡਕੇ ਬੈਠੀ ਲੈ (ਅ) ਵਿਚ ਪੂਰੇ ਗਲ਼ੇ ਨਾਲ਼ ਵਾਜ ਲਾਂਵਦੇ ਪਏ ਸਨ। ਹੌਲ਼ੀ-ਹੌਲ਼ੀ ਉਹਨਾਂ ਦਾ ਵਾਜ ਸੰਘਣਾ ਤੇ ਔਖਾ ਹੁੰਦਾ ਗਿਆ ਤੇ ਏਹਦੇ ਨਾਲ਼ ਨਾਲ਼ ਲੈ (ਅ) ਵੀ ਹੋਰ ਦੀ ਹੋਰ ਹੁੰਦੀ ਗਈ। ਪੰਜੀ ਤਰੀਹ ਮਿੰਟ ਏਹ ਰਿਆਜ਼ਤ ਹੋਈ। ਖ਼ਾਨ ਸਾਹਿਬ ਨੂੰ ਏਨਾ ਕੁ ਮੁੜ੍ਹਕਾ ਛੁੱਟਿਆ ਉਹਨਾਂ ਦਾ ਕੁੜਤਾ ਗਿੱਲਾ ਪਾਣੀ ਹੋ ਗਿਆ।

"ਤੁਹਾਡੇ ਲਈ ਇੰਜ ਦਾ ਰਿਆਜ਼ ਅੱਧਾ ਘੰਟਾ ਵੀ ਬੜਾ ਹੋਵੇਗਾ। ਵਾਜ ਤੁਹਾਡੇ ਆਖੇ ਵਿਚ ਆ ਜਾਵੇਗੀ। ਇਕ ਗੱਲ ਚੇਤੇ ਰੱਖਣਾ ਕਿਧਰੇ ਗਾਉਂਦਿਆਂ ਜ਼ੋਰ ਨਹੀਂ ਲਾਵਣਾ। ਇਕ ਘੰਟਾ ਵੀ ਨਹੀਂ ਕੱਢ ਸਕੋਗੇ। ਮਹਿਫ਼ਲ ਵਿਚ ਬਸ ਤਜਰਬੇ ਨਾਲ਼ ਸਿੱਖਿਆ ਈ ਕੰਮ ਆਂਵਦਾ ਏ। ਮੇਰੇ ਗੁਰੂ ਜੀ ਆਖਦੇ ਹੁੰਦੇ ਸਨ ਦਰਜਣ ਅਲਾਪਿਆਂ ਦਾ ਜ਼ੋਰ ਹੋਵੇ ਤਾਂ ਇਕ ਤਾਨ ਬਣਦੀ ਏ।"

ਸੁਰ ਦਾ ਸੁਥਰੱਪ (ਸੁਥਰਾਪਣ) ਖ਼ਾਨ ਸਾਹਿਬ ਦੇ ਧੁਰ ਅੰਦਰ ਲੱਥਾ ਹੋਇਆ ਸੀ ਪਰ ਉਹਨਾਂ ਮਿਹਨਤ ਤੇ ਧਿਆਨ ਨਾਲ਼ ਹੋਰ ਵੀ ਕਿੰਨੀਆਂ ਈ ਸ਼ੈਵਾਂ ਕਮਾਈਆਂ ਸਨ। ਇਕ ਦਿਨ ਦੁਪਹਿਰੀਂ ਆਏ ਤੇ ਤੰਬੂਰਾ ਫੜਕੇ ਮਾਲਸਰੀ ਛੁਹ ਦਿਤਿਉ ਨੇਂ (ਮਾਲਸਰੀ ਅਸਲੋਂ ਈ ਥੋੜੇ ਸੁਰਾਂ ਦਾ ਰਾਗ ਏ) ਪਰ ਏਸ ਛੋਟੇ ਜੇਹੇ ਬਰ ਵਾਲ਼ੇ ਰਾਗ ਵਿਚ ਵੀ ਖ਼ਾਨ ਸਾਹਿਬ ਏਡੇ ਤਰਿਖੇ ਪਏ ਫਿਰਦੇ ਸਨ ਜੀਵੇਂ 'ਯਮਨ' ਹੋਵੇ। ਖਰਜ ਤੋਂ ਉਤਲੇ ਸਪਤਕ ਦੇ ਅੱਧ ਤਾਈਂ ਤੇ ਫੇਰ ਵਾਪਸੀ (ਸਾ ਗਾ ਪਾ ਸਾ ਗਾ ਪਾ ਨੀ ਪਾ ਗਾ ਸਾ) ਕੀ ਮਜਾਲ ਏ ਜੇ ਇਕ ਸੁਰ ਵੀ ਦੁਹਰਾਇਆ ਹੋਨੇਂ ਤੇ ਇੰਜ ਸੀ ਜੀਵੇਂ ਬਿਜਲੀ ਪਈ ਲਿਸ਼ਕਦੀ ਹੋਵੇ। ਮਾਲਸਰੀ ਵਿਚ ਕਿਸੇ ਗਵੱਈਏ ਨੂੰ ਇੰਜ ਫਿਰਦਿਆਂ ਮੈਂ ਪਹਿਲੀ ਵਾਰੀ ਪਿਆ ਵੇਖਦਾ ਸਾਂ ਗਵੱਈਆਂ ਤੋਂ ਬੜੀ ਵਾਰੀ ਮਾਲਸਰੀ ਸੁਣਿਆ ਏ ਪਰ ਸਾਰੇ ਈ ਇਕ-ਇਕ ਸੁਰ ਦੁਹਰਾ ਕੇ ਵਧਦੇ ਸਨ ਜੀਵੇਂ (ਸਾ-ਗਾ-ਗਾ-ਪਾ-ਪਾ-ਸਾ-ਸਾ-ਪਾ ਪਾ-ਗਾ ਗਾ ਗਾ ਪਾ ਪਾ ਪਾ ਗਾ ਗਾ-ਗਾ-ਗਾ ਸਾ-) ਹੋ ਗਿਆ। ਮੈਂ ਉਹਨਾਂ ਨੂੰ ਪਰਖਣ ਲਈ ਆਪਣੇ ਕੋਲ਼ੋਂ ਪਲ਼ਟੇ ਦਿੱਤੇ। ਉਹਨਾਂ ਉਂਜੇ ਈ ਬਹੁਤ ਸੌਖ ਨਾਲ਼ ਸਿੱਧੇ ਸਾਹਵੇਂ ਤੇ ਸਗਵੇਂ ਗੌਂ ਦਿੱਤੇ। ਏਥੋਂ ਉਹਨਾਂ ਦੇ ਰੋਜ਼ ਦੇ ਰਿਆਜ਼ ਦਾ ਪਤਾ ਲੱਗਦਾ ਸੀ। ਅਖ਼ੀਰ ਉਹ ਬਾਰਾਂ ਸੁਰਾਂ ਦੇ ਪੂਰੇ ਸਕੇਲ ਵਿਚ ਸੁਰਤੀਆਂ ਸਣੇ ਫਿਰਨ ਲੱਗ ਪਏ। ਮੈਨੂੰ ਸਮਝ ਪਈ ਆਉਂਦੀ ਸੀ ਉਹਨਾਂ ਲਈ ਕੋਈ ਮਸ਼ਕ ਵੀ ਔਖੀ ਨਹੀਂ ਸੀ। ਏਹ ਸਾਰਾ ਵੇਲਾ ਇਕ ਵਾਰ ਵੀ ਨਾ ਤੇ ਉਹਨਾਂ ਦੇ ਵਾਜ ਵਿਚ ਈ ਫ਼ਰਕ ਪਿਆ ਤੇ ਨਾ ਈ ਉਹ ਕਿਸੇ ਸੁਰ ਤੋਂ ਮਾੜਾ ਜਿੰਨਾ ਘੁਸੇ। ਉਹਨਾਂ ਦੀ ਸਾਰੀ ਕਾਰਾਗਰੀ ਹਰਾਨ ਕਰ ਦੇਣ ਵਾਲ਼ੀ ਸੀ।

ਮੈਂ ਪੁੱਛਿਆ, "ਖ਼ਾਨ ਸਾਹਿਬ ਤੁਸੀਂ ਏਡੀਆਂ ਜ਼ਬਰਦਸਤ ਚੀਜ਼ਾਂ ਕਿਵੇਂ ਕਰ ਲੈਂਦੇ ਓ? ਏਹ ਸਾਰਾ ਗੁਣ ਤੁਹਾਡੇ ਵਿਚ ਕਿਥੋਂ ਆਇਆ?" ਆਖਣ ਲੱਗੇ, "ਅਸਲੋਂ ਸੜਕ ਕੰਢਿਉਂ। ਲਹੌਰ ਵਿਚ ਇਕ ਸੜਕ ਦੇ ਨਾਲ਼ ਬੜੀ ਈ ਵੱਡੀ ਮਸੀਤ (ਸ਼ਾਹੀ ਮਸੀਤ) ਏ। ਮੈਂ ਉਥੇ ਰਿਆਜ਼ ਕਰਦਾ ਹੁੰਦਾ ਸਾਂ।" ਫੇਰ ਉਹਨਾਂ ਵੇਰਵਾ ਕੀਤਾ ਉਹਨਾਂ ਤੋਂ ਕੁਝ ਤਾਨਾਂ ਨਹੀਂ ਸਨ ਲੱਗਦੀਆਂ ਹੁੰਦੀਆਂ। ਉਹਨਾਂ ਦੇ ਚਾਚੇ ਕਾਲੇ ਖ਼ਾਂ ਉਹਨਾਂ ਨੂੰ ਮਸੀਤੇ ਲੈ ਗਏ। ਉਥੇ ਕੰਧ ਕੋਲ਼ ਖਲ੍ਹਾਰ ਕੇ ਗਾਉਣ ਦਾ ਆਖਣ ਲੱਗੇ। ਉਹਨਾਂ ਦਾ ਵਾਜ ਕੰਧ ਨਾਲ਼ ਵੱਜਕੇ ਮੁੜਕੇ ਕੰਨੀਂ ਪੈਂਦਾ। ਕਾਲੇ ਖ਼ਾਂ ਵੀ ਤਾਨਾਂ ਮਾਰਨ ਲੱਗ ਪਏ ਤੇ ਵਿਚ-ਵਿਚ ਗ਼ੁਲਾਮ ਅਲੀ ਖ਼ਾਂ ਨੂੰ ਕੰਧ ਨਾਲ਼ ਵੱਜਕੇ ਆਉਂਦੀਆਂ ਅਵਾਜ਼ਾਂ ਸੁਣਨ ਲਈ ਆਖਦੇ। ਉਹਨਾਂ ਵੇਖਿਆ ਗੁਰੂ ਦਾ ਵਾਜ ਤੇ ਸੁਰ ਸਗਵਾਂ ਉਹੋ ਸੀ ਜੇਹੜਾ ਉਹ ਮੂੰਹੋਂ ਕੱਢਦੇ ਸਨ। ਮੁੜ ਜਦੋਂ ਉਹਨਾਂ ਆਪਣਾ ਵਾਜ ਸੁਣਿਆ ਤੇ ਉਹਦੇ ਵਿਚੋਂ ਏਹ ਦੋਵੇਂ ਸ਼ੈਵਾਂ ਖ਼ੁਰਦੀਆਂ ਸਨ। ਉਸ ਦਿਨ ਤੋਂ ਮਸੀਤ ਦੀ ਏਹ ਕੰਧ ਉਹਨਾਂ ਦੇ ਰਿਆਜ਼ ਦਾ ਅੱਡਾ ਬਣ ਗਈ। ਮਸੀਤ ਸ਼ਹਿਰੋਂ ਹਟਵੀਂ ਸੀ ਏਸ ਲਈ ਉਹਨਾਂ ਨੂੰ ਉਥੇ ਕਿਸੇ ਦੀ ਹਟਕ-ਹੋੜ ਵੀ ਨਹੀਂ ਸੀ ਪਰ ਉਹ ਸੜਕ ਬੜੀ ਵਗਦੀ ਸੀ। ਸਾਰੇ ਸ਼ਹਿਰ ਨੂੰ ਦਾਣਾ-ਫੱਕਾ ਤੇ ਸਬਜ਼ੀਆਂ ਗੱਡਾਂ ਤੇ ਲੱਦਕੇ ਏਹਦੇ ਤੋਂ ਈ ਅੱਪੜਦੀਆਂ ਸਨ। ਗੱਡਾਂ ਵਾਲ਼ੇ ਜੱਟ-ਬੂਟ ਅਕਸਰ ਰੋਟੀ ਖਾਣ ਤੇ ਸਾਹ ਲੈਣ ਉਸ ਕੰਧ ਦੀ ਛਾਵੇਂ ਈ ਬਹਿ ਜਾਂਦੇ। ਉਹਨਾਂ ਭਾਣੇ ਸੜਕ ਕੰਢੇ ਇੰਜ ਡੁੱਬਕੇ ਗਾਣਾ ਪਕਾਉਂਦੇ ਖ਼ਾਨ ਸਾਹਿਬ ਕੋਈ ਸ਼ੁਦਾਈ ਫ਼ਕੀਰ ਈ ਸਨ। ਏਸ ਲਈ ਉਹ ਖ਼ਾਨ ਸਾਹਿਬ ਨੂੰ ਬੁਲਾਂਦੇ-ਕਵਾਂਦੇ ਉੱਕਾ ਨਾ। ਇਕ ਵਾਰੀ ਕੀ ਹੋਇਆ ਕੁਝ ਸਿੱਖ ਗਾਡੀ ਸਾਹ ਲੈਣ ਉਥੇ ਆ ਬੈਠੇ ਤੇ ਖ਼ਾਨ ਸਾਹਿਬ ਨਾਲ਼ ਆਢਾ ਬੰਨ੍ਹਕੇ ਉੱਚੀ-ਉੱਚੀ ਬੋਲੀਆਂ ਪਾਵਣ ਲੱਗ ਪਏ। ਉਹ ਰੌਲ਼ਾ ਪਾਂਦੇ ਤਾਂ ਖ਼ਾਨ ਸਾਹਿਬ ਚੁੱਪ ਕਰ ਜਾਂਦੇ, ਉਹ ਸਾਹ ਲੈਣ ਲਈ ਖਲੋਂਦੇ ਤਾਂ ਏਹ ਮੁੜ ਆਪਣੀ ਰਿਆਜ਼ਤੇ ਜੁੱਟ ਪੌਂਦੇ। ਘੰਟਾ ਭੂੜ੍ਹ ਘੰਟਾ ਏਹੋ ਕਾਰ ਹੁੰਦੀ ਰਹੀ। ਓੜਕ ਸਿੱਖ ਗਾਡੀ ਭੈੜੇ ਪੈ ਕੇ ਆਪ ਈ ਖੈਹੜਾ ਛੱਡ ਗਏ।

ਖ਼ਾਨ ਸਾਹਿਬ ਆਖਦੇ ਹੁੰਦੇ ਸਨ, "ਦੁਨੀਆ ਸੋਹਣੀਆਂ ਸ਼ੈਵਾਂ ਨਾਲ਼ ਭਰੀ ਏ। ਮੈਨੂੰ ਜੋ ਕੁਝ ਵੀ ਸੋਹਣਾ ਲੱਗਦਾ ਏ ਮੈਂ ਉਹਨੂੰ ਆਪਣੇ ਗਾਣੇ ਵਿਚ ਉਤਾਰਨ ਦਾ ਜਤਨ ਕਰਨਾਂ। ਮੈਂ ਕਿਸੇ ਦਰਿਆ ਦੇ ਕੰਢੇ ਯਾ ਕਿਸੇ ਪਾਰਕ ਵਿਚ ਜਾਵਾਂ ਤਾਂ ਪਖਣੂਆਂ ਨੂੰ ਉਰਾਂਹ-ਪਰਾਂਹ ਉੱਡਦਿਆਂ ਵੇਖਨਾਂ। ਉਹ ਦੁਨੀਆਂ ਤੋਂ ਬੇਪ੍ਰਵਾਹ ਨੱਸ-ਭੱਜ ਰਹੇ ਹੁੰਦੇ ਨੇਂ। ਨੱਚ ਰਹੇ ਹੁੰਦੇ ਨੇਂ। ਫੇਰ ਅਚਨਚੇਤ ਉਡ ਪੈਂਦੇ ਨੇਂ ਤੇ ਇਕ ਖ਼ਾਸ ਉਚਿਆਈ ਤੋਂ ਆਪਣੇ ਆਲ੍ਹਣਿਆਂ ਵਲ ਚੁੱਭੀ ਮਾਰਦੇ ਨੇਂ। ਉਹਨਾਂ ਦੀਆਂ ਏਹ ਅਦਾਵਾਂ ਮੇਰੇ ਤੇ ਬੜਾ ਅਸਰ ਕਰਦੀਆਂ ਨੇਂ। ਮੈਂ ਉਹਨਾਂ ਦੀਆਂ ਏਹ ਮਨ ਠਾਰਵੀਆਂ ਗੱਲਾਂ ਗਾਣੇ ਵਿਚ ਉਲਥਣਾ ਚਾਹੁੰਨਾਂ। ਏਹ ਕੰਮ ਮੈਂ ਤਾਨ ਰਾਹੀਂ ਕਰਨਾਂ। ਜੀਵੇਂ ਇਕ ਤਾਨ ਖਰਜ ਤੋਂ ਤੀਜੇ ਸਪਤਕ ਦੇ ਸਾ ਤਾਈਂ ਤਰਿਖੀ ਜਾਂਦੀ ਏ ਤੇ ਫੇਰ ਪਖਣੂਆਂ ਵਾਕਣ ਫੇਰੀਆਂ ਲੈਂਦੀ ਮੰਦਰ ਸਪਤਕ ਦੇ ਸਾ ਤੇ ਆਣ ਪੂਰੀ ਹੁੰਦੀ ਏ।

ਇਕ ਦਿਨ ਖ਼ਾਨ ਸਾਹਿਬ ਨੇ ਰੇਡੀਓ ਤੋਂ ਇਕ ਵਜੇ ਗਾਉਣਾ ਸੀ। ਮੈਂ ਉਹਨੀਂ ਦਿਨੀਂ ਬੰਬੇ ਰੇਡੀਉ ਤੇ ਕੰਮ ਕਰਦਾ ਸਾਂ। ਉਹਨਾਂ ਦੇ ਗਾਣੇ ਵੇਲੇ ਮੈਂ ਵੀ ਉਥੇ ਈ ਸਾਂ। ਗਾਣਾ ਹੋ ਗਿਆ ਤਾਂ ਖ਼ਾਨ ਸਾਹਿਬ ਨੇ ਮੈਨੂੰ ਡੱਕ ਲਿਆ ਅਖੇ, ਟੈਕਸੀ ਮੰਗਵਾਈ ਏ। ਰਲ਼ਕੇ



ਚੱਲਨੇ ਆਂ। ਸਾਉਣ ਭਾਦੋਂ ਦੇ ਦਿਨ ਸਨ ਤੇ ਮੀਂਹ ਪਏ ਪੈਂਦੇ ਸਨ। ਮੈਨੂੰ ਡਾਢੀ ਭੁੱਖ ਲੱਗੀ ਸੀ ਪਰ ਮੈਂ ਖ਼ਾਨ ਸਾਹਿਬ ਨੂੰ ਨਾਹ ਨਹੀਂ ਸਾਂ ਕਰ ਸਕਦਾ। ਟੈਕਸੀ ਆਈ ਤੇ ਅਸੀਂ ਵਿਚ ਬਹਿ ਗਏ। ਖ਼ਾਨ ਸਾਹਿਬ ਪਾਣੀ ਵੇਖਕੇ ਬਹੁਤ ਰਾਜ਼ੀ ਹੁੰਦੇ ਸਨ ਤੇ ਮੀਂਹ ਦਾ ਪਾਣੀ ਤੇ ਉਹਨਾਂ ਲਈ ਸਭ ਤੋਂ ਵੱਡੀ ਨਿਆਮਤ ਸੀ। ਟੈਕਸੀ ਵਿਚ ਕਿਸੇ ਪਾਸਿਉਂ ਪਾਣੀ ਅੰਦਰ ਆ ਕੇ ਸਾਡੇ ਕੱਪੜੇ ਪਿਆ ਭਿਉਂਦਾ ਸੀ। ਪਰ ਖ਼ਾਨ ਸਾਹਿਬ ਢੇਰ ਰਾਜ਼ੀ ਸਨ। ਅਖੇ, "ਦਿਓਧਰ ਚਲੋ ਸਮੁੰਦਰ ਤੇ ਚੱਲੀਏ। ਏਸ ਵੇਲੇ ਤਾਂ ਬੜਾ ਵੇਖਣ ਵਾਲ਼ਾ ਹੋਵੇਗਾ।" ਮੈਂ ਆਖਿਆ, "ਇਕ ਤੇ ਮੈਨੂੰ ਭੁੱਖ ਲੱਗੀ ਏ ਦੂਜਾ ਮੇਰੇ ਕੱਪੜੇ ਭਿੱਜ ਗਏ ਨੇਂ, ਏਸ ਲਈ ਮੈਂ ਸਿੱਧਾ ਘਰ ਈ ਜਾਵਾਂਗਾ।" ਅਖ਼ੀਰ ਏਹ ਮੁੱਕੀ ਕਿ ਮੈਰੀਨ ਡਰਾਈਵ ਤੋਂ ਹੋ ਕੇ ਜਾਵਾਂਗੇ। ਉਥੇ ਅੱਪੜੇ ਤਾਂ ਖ਼ਾਨ ਸਾਹਿਬ ਨੇ ਸੀਮਿੰਟ ਕੰਕਰੀਟ ਵਾਲ਼ੀ ਥਾਵੇਂ ਟੈਕਸੀ ਰੁਕਾ ਲਈ। ਏਥੇ ਸਮੁੰਦਰ ਦੀਆਂ ਵਿਫਲੀਆਂ ਲੱਫਾਂ ਤੀਹ ਤੋਂ ਚਾਲ੍ਹੀ ਫੁੱਟ ਤਾਈਂ ਉੱਚੀਆਂ ਪਈਆਂ ਜਾਂਦੀਆਂ ਸਨ। ਅਖੇ, "ਦਿਓਧਰ ਸਾਹਿਬ ਰਿਆਜ਼ ਕਰਨ ਦਾ ਏਹੋ ਈ ਥਾਂ ਵੇਲਾ ਜੇ। ਲੌ ਸੁਣੋ।" ਤੇ ਉਹ ਗਾਣ ਲੱਗ ਪਏ। ਉਧਰੋਂ ਕੋਈ ਵੱਡੀ ਸਾਰੀ ਲੱਫ ਆ ਕੇ ਭਜਦੀ, ਪਾਣੀ ਉੱਡਦਾ ਏਧਰੋਂ ਖ਼ਾਨ ਸਾਹਿਬ ਦੀ ਤਾਨ ਉਗਰਦੀ ਤੇ ਫੇਰ ਪਾਣੀ ਦੇ ਨਾਲ਼ ਹੇਠਾਂ ਆਉਂਦੀ। ਉਸ ਵੇਲੇ ਰਾਗ ਮੀਆਂ ਦੀ ਮਲਹਾਰ ਛੇੜਿਆ ਹੋਇਆ ਸੀ। ਜੇਹੜੇ ਵੇਲੇ ਉਹਨਾਂ ਦਾ ਵਾਜ ਉਫਲ਼ਦੇ ਪਾਣੀ ਦਾ ਸਾਥ ਨਾ ਦੇ ਸਕਦਾ ਤਾਂ ਉਹ ਆਪਣੇ ਆਪ ਤੇ ਖਿਝਦੇ ਤੇ ਮੁੜਕੇ ਲੱਫਾਂ ਨਾਲ਼ ਸਾਵਾਂ ਚੜ੍ਹਨ ਦਾ ਆਹਰ ਕਰਦੇ। ਪੌਣਾ ਘੰਟਾ ਏਹ ਕੁਝ ਹੁੰਦਾ ਰਹਿਆ। ਮੈਨੂੰ ਏਹ ਵੇਖਦਿਆਂ ਆਪਣੀ ਭੁੱਖ ਪਿਆਸ ਦਾ ਵੀ ਚਿਤ-ਚੇਤਾ ਨਾ ਰਹਿਆ। ਖ਼ਾਨ ਸਾਹਿਬ ਦਾ ਪੁੱਤਰ ਵੀ ਨਾਲ਼ ਈ ਸੀ। ਓੜਕ ਆਖਣ ਲੱਗਾ, "ਚਲੋ ਹੁਣ ਚੱਲੀਏ-ਢਾਈ ਪਏ ਵੱਜਦੇ ਨੇਂ, ਉੱਤੋਂ ਭੁੱਖ ਵੀ ਲੱਗੀ ਏ।"

ਮੈਨੂੰ ਇਕ ਹੋਰ ਸਵਾਦੀ ਗੱਲ ਦਾ ਵੀ ਚੇਤਾ ਏ। ਇਕ ਸ਼ਾਮ ਖ਼ਾਨ ਸਾਹਿਬ ਨੇ ਮੈਨੂੰ ਜਤੀ-ਸਤੀ ਹੋਵਣ ਉੱਤੇ ਲੰਮਾ ਲੈਕਚਰ ਦਿੱਤਾ, ਖ਼ਾਸ ਕਰ ਗਵੱਈਆਂ ਦੇ ਲੰਗੋਟ ਦੇ ਪੱਕਿਆਂ ਹੋਵਣ ਉੱਤੇ। ਉਸਤੋਂ ਅਗਲੇ ਦਿਨ ਚੌਪਾਟੀ ਜਾਂਦਿਆਂ ਉਹ ਸਕੂਲ ਆਏ ਤੇ ਮੈਨੂੰ ਵੀ ਨਾਲ਼ ਚੱਲਣ ਲਈ ਆਖਿਆ। ਮੈਂ ਉਹਨਾਂ ਤੋਂ ਕੁਝ ਮਿੰਟ ਮੰਗੇ। ਉਹ ਸੜਕ ਤੇ ਈ ਖਲੋ ਕੇ ਉਡੀਕਣ ਲੱਗ ਪਏ। ਮੈਂ ਆਇਆ ਤਾਂ ਅੱਗੇ ਇਕ ਅਜੀਬ ਈ ਨਕਸ਼ਾ ਹੋਵੇ। ਅਠਾਰਾਂ ਕੁ ਵਰ੍ਹਿਆਂ ਦੀ ਇਕ ਰੱਜਕੇ ਸੋਹਣੀ ਪੰਜਾਬੀ ਕੁੜੀ ਚੌਪਾਟੀ ਨੂੰ ਪਈ ਜਾਂਦੀ ਸੀ ਤੇ ਖ਼ਾਨ ਸਾਹਿਬ ਐਵੇਂ ਕੁਝ ਕਦਮਾਂ ਦੀ ਵਿੱਥ ਤੇ ਉਹਦੇ ਮਗਰ ਨਾ ਪਏ ਜਾਂਦੇ ਹੋਵਣ। ਕੁੜੀ ਆਪਣੀ ਸ਼ਕਲ ਤੇ ਟੋਰ ਦੇ ਸੁਹਣਪ ਨਾਲ਼ ਹਰ ਆਉਂਦੇ ਜਾਂਦੇ ਦਾ ਧਿਆਨ ਪਈ ਛਿੱਕਦੀ ਸੀ। ਮੈਂ ਭੱਜਕੇ ਖ਼ਾਨ ਸਾਹਿਬ ਨੂੰ ਰਲ਼ਿਆ ਤੇ ਉਹਨਾਂ ਦੇ ਮੋਢੇ ਉੱਤੇ ਹੱਥ ਧਰਦਿਆਂ ਆਖਿਆ, "ਖ਼ਾਨ ਸਾਹਿਬ ਅਜੇ ਕੱਲ੍ਹ ਈ ਤੇ ਤੁਸੀਂ ਜਤੀ-ਸਤੀ ਹੋਵਣ ਦੀ ਸਿਫ਼ਤ ਪਏ ਕਰਦੇ ਸੋ? ਏਸ ਕੁੜੀ ਤੁਹਾਨੂੰ ਸਭ ਭੁਲਾ ਦਿੱਤਾ ਏ।" ਕਹਿਣ ਲੱਗੇ, "ਤੁਹਾਨੂੰ ਕੀ ਪਤਾ ਹੋਵੇ ਏਸ ਵੇਲੇ ਮੈਂ ਕੀ ਸੋਚ ਰਹਿਆਂ ਤੇ ਕੀ ਸਹੀ ਕਰ ਰਹਿਆਂ। ਵੇਖੋ ਏਹ ਕੁੜੀ ਕੁਦਰਤ ਦੀ ਕਾਰਾਗਰੀ ਦਾ ਕੈਸਾ ਵਧੀਆ ਨਮੂਨਾ ਏ! ਸਿਰਜਣਹਾਰੇ ਦੀ ਸੋਚ ਨੂੰ ਦਾਦ ਦਿਉ। ਹਰ ਕਿਸੇ ਦਾ ਧਿਆਨ ਪਈ ਛਿੱਕਦੀ ਏ ਪਰ ਉਹਨੂੰ ਆਪ ਨੂੰ ਜ਼ਰੀ ਵੀ ਪ੍ਰਵਾਹ ਨਹੀਂ। ਏਹਦੀ ਟੋਰ ਵੇਖੋ, ਬਾਹਵਾਂ ਤੇ ਧੌਣ ਦਾ ਹਿੱਲਣ ਤੱਕੋ। ਆਉ ਮੈਂ ਜੋ ਕੁਝ ਵੇਖਿਆ ਏ ਤੁਹਾਨੂੰ ਗੌਂ ਕੇ ਸੁਣਾਵਾਂ।" ਅਸੀਂ ਸਕੂਲੇ ਪਰਤ ਆਏ ਤੇ ਖ਼ਾਨ ਸਾਹਿਬ ਠੁਮਰੀ ਗਾਵਣ ਲੱਗ ਪਏ। ਸੁਰਾਂ ਨਾਲ਼ ਉਹਨਾਂ ਵੇਖਦਿਆਂ-ਵੇਖਦਿਆਂ ਉਹੋ ਮੂਰਤੀ ਵਾਹ ਧਰੀ ਜੇਹੜੀ ਅਸੀਂ ਕੁਝ ਚਿਰ ਪਹਿਲਾਂ ਵੇਖਦੇ ਪਏ ਸਾਂ।

ਖ਼ਾਨ ਸਾਹਿਬ ਦੇ ਗਾਣੇ ਵਿਚ ਅੰਤਾਂ ਦਾ ਸੋਹਣ ਤੇ ਵਾਸ਼ਨਾ ਸੀ। ਸੁਰੀਲੇ ਹੋਵਣ ਦੀ ਤਾਂ ਰੀਸ ਈ ਨਹੀਂ ਸੀ। ਖ਼ਿਆਲ ਹੋਵੇ ਯਾ ਠੁਮਰੀ ਤੇ ਭਾਵੇਂ ਕੋਈ ਲੋਕ ਗਾਵਣ ਬੜਾ ਚਸ ਤੇ ਸਵਾਦ ਲੈ ਲੈ ਕੇ ਗਾਉਂਦੇ। ਅੱਖ ਦੇ ਪਲਕਾਰੇ ਵਿਚ ਮਰੋੜੀ ਲੈ ਕੇ ਉਤਰਨਾ ਤੇ ਉਤਰਦਿਆਂ-ਉਤਰਦਿਆਂ ਚਰਖੜੀ ਵਾਕਣ ਫਿਰਦੀ ਸਾਫ਼ ਸ਼ੀਸ਼ਾ ਤਾਨ ਕਹਿ ਜਾਣਾ ਉਹਨਾਂ ਲਈ ਬਾਲਾਂ ਦੀ ਖੇਡ ਸੀ। ਉਹਨਾਂ ਦੀ ਬੜ੍ਹਤ ਵਿਚ ਸੁਰਾਂ ਦੇ ਸਿੱਧੇ ਜੁੱਟ ਹੁੰਦੇ। ਏਹਨਾਂ ਜੁੱਟਾਂ ਮਗਰ ਉਹਨਾਂ ਦੀ ਪੂਰੀ ਸੋਚ ਵਿਚਾਰ ਹੁੰਦੀ। ਏਸ ਲਈ ਸੁਣਨ ਵਾਲ਼ਿਆਂ ਨੂੰ ਹਰਾਨ ਕਰ ਦੇਂਦੇ। ਉਹਨਾਂ ਦੇ ਅਲਾਪ ਵਿਚ ਇੱਕਤਾ ਹੁੰਦੀ। ਉਹ ਆਪਣੇ ਅਲਾਪ ਰਾਹੀਂ ਲੋਕਾਂ ਦੇ ਮਨ ਵਿਚ ਤਾਂਘ ਜੇਹੀ ਲਾ ਦੇਂਦੇ ਤੇ ਪਾਣੀ ਦਾ ਵੈਹਣ ਜੇਹਾ ਵਗਦਾ ਟੁਰਿਆ ਜਾਂਦਾ। ਉਹਨਾਂ ਨੂੰ ਕੋਈ ਏਹ ਨਹੀਂ ਸੀ ਆਖ ਸਕਦਾ ਇੱਕੋ ਸ਼ੈ ਘੜੀ ਮੁੜੀ ਆਖੀ ਆਉਂਦੇ, "ਮੈਨੂੰ ਗਾਉਂਦਿਆਂ ਜੇ ਪਤਾ ਲੱਗ ਜਾਵੇ ਕੋਈ ਨਵੀਂ ਸ਼ੈ ਨਹੀਂ ਸੁਣਾਈ ਜਾ ਸਕਣੀ ਤਾਂ ਮੈਂ ਉਥੇ ਈ ਗਾਣਾ ਪੂਰਾ ਕਰ ਦੇਨਾਂ। ਤੁਹਾਡੇ ਸੁਣਨ ਵਾਲ਼ੇ ਉਬਾਸੀਆਂ ਲੈਂਦੇ ਪਏ ਹੋਣ ਯਾ ਇਕ ਦੂਜੇ ਨਾਲ਼ ਗੱਲੀਂ ਛਿੜ ਪੌਣ ਤਾਂ ਸਮਝੋ ਤੁਸੀਂ ਇਕੋ ਸ਼ੈ ਮੁੜ-ਘਿੜ ਆਖੀ ਆਉਂਦੇ ਓ। ਜਿੰਨਾ ਚਿਰ ਗਾਣੇ ਵਿਚ ਨਵੀਉਂ ਨਵੀਂ ਸ਼ੈ ਆਉਂਦੀ ਟੁਰੀ ਜਾਵੇ ਸੁਣਨ ਵਾਲ਼ੇ ਨੂੰ ਨਾਲ਼ਦੇ ਨਾਲ਼ ਗੱਲ ਕਰਨ ਦਾ ਖ਼ਿਆਲ ਨਹੀਂ ਆਉਂਦਾ। ਬਾਅਜ਼ੇ ਗਵੱਈਏ ਜੋ ਮਾੜਾ-ਮੋਟਾ ਜਾਣਦੇ ਨੇਂ ਉਸੇ ਦਾ ਖੈਹੜਾ ਕੀਤੀ ਰੱਖਦੇ ਨੇਂ ਤੇ ਸੁਣਵਈਏ ਅਸਲੋਂ ਸੌੜੇ ਪੈ ਕੇ ਆਖਦੇ ਜਾਪਦੇ ਨੇਂ, ਹੁਣ ਤੇ ਸਾਰਾ ਜ਼ਬਾਨੀ ਚੇਤੇ ਹੋ ਗਿਆ ਏ ਸਾਨੂੰ। ਮਿਹਰਬਾਨੀ ਕਰਕੇ ਕੁਝ ਅੱਗੇ ਵੀ ਤੇ ਆਖ ਛੱਡ। ਸਾਥੋਂ ਨਹੀਉਂ ਜਰਨ ਹੁੰਦਾ।

ਖ਼ਾਨ ਸਾਹਿਬ ਆਪਣੀ ਰੌਂ ਵਾਲ਼ੇ ਬੰਦੇ ਸਨ। ਜੇ ਤੇ ਮਜਮਾ ਉਹਨਾਂ ਦੀ ਮਰਜ਼ੀ ਦਾ ਹੁੰਦਾ। ਤਾਂ ਬੜਾ ਭਰਵਾਂ ਗਾਉਂਦੇ ਜੇ ਨਾ ਹੁੰਦਾ ਤਾਂ ਠੁਮਰੀਆਂ ਛੁਹ ਲੈਂਦੇ। 1945 ਈ. ਵਿਚ ਕੋਹਲਾਪੁਰ ਗਾਉਂਦਿਆਂ ਤਬਲਾ ਉਹਨਾਂ ਦੀ ਮਰਜ਼ੀ ਦਾ ਨਹੀਂ ਸੀ। ਉਹਨਾਂ ਮਸਾਂ ਚਾਲ੍ਹੀ ਪੰਜਤਾਲ੍ਹੀ ਮਿੰਟ ਰਾਗ ਗੰਵਿਆ ਤੇ ਫੇਰ ਠੁਮਰੀਆਂ ਗਾਉਣ ਲੱਗ ਪਏ। ਆਪਣੇ ਨਾ ਗਾ ਸਕਣ ਦੀ ਉਹਨਾਂ ਨੂੰ ਢੇਰ ਖਿਝ ਸੀ। ਢਾਈ ਵਜੇ ਆਪਣੇ ਡੇਰੇ ਦੇਵਲ ਕਲੱਬ ਮੁੜੇ ਤਾਂ ਪੰਜਾਹ ਸੱਠ ਬੰਦੇ ਨਾਲ਼ ਹੋਵਣ। ਖ਼ਾਨ ਸਾਹਿਬ ਆਖਣ ਲੱਗੇ, "ਏਥੇ ਬਰਾਂਡੇ ਵਿਚ ਬਹਿ ਜਾਵੋ। ਮੈਂ ਤੁਹਾਨੂੰ ਗਾਣਾ ਸੁਣਾਉਨਾਂ।" ਉਹਨਾਂ ਆਪਣੇ ਇਕ ਸ਼ਾਗਿਰਦ ਨੂੰ ਡੁੱਗੀ ਤੇ ਠੇਕਾ ਲਾਉਣ ਦਾ ਆਖਿਆ ਤੇ ਆਪਣਾ ਮਨ ਭਾਂਦਾ ਸਾਜ਼ ਸੁਰ ਮੰਡਲ ਲੈ ਕੇ ਗਾਣਾ ਛੁਹ ਦਿੱਤਾ। ਸਵੇਰ ਦੇ ਛੇ ਵਜੇ ਤਾਈਂ ਗਾਣਾ ਹੁੰਦਾ ਰਹਿਆ। ਥੇਟਰ ਵੇਖਕੇ ਪਰਤਦੇ ਲੋਕਾਂ ਉਹਨਾਂ ਦਾ ਵਾਜ ਸੁਣਿਆ ਤਾਂ ਉਹ ਵੀ ਅੰਦਰ ਲੰਘ ਆਏ ਤੇ ਉਦੋਂ ਤਾਈਂ ਬੈਠੇ ਸੁਣਦੇ ਰਹੇ ਜਦੋਂ ਤਾਈਂ ਖ਼ਾਨ ਸਾਹਿਬ ਨੇ ਆਪੂੰ ਬਸ ਨਾ ਕੀਤਾ। ਇੰਜ ਈ ਇਕ ਵਾਰੀ ਬਲੇਗਹਮ ਵਿਚ ਹੋਇਆ। ਏਥੇ ਵੀ ਉਹ ਮਰਜ਼ੀ ਦਾ ਗਾਇਨ ਨਾ ਕਰ ਸਕੇ। ਪੰਜ ਵਜੇ ਸਵੇਰੇ ਬੰਬੇ ਦੀ ਰੇਲ ਗੱਡੀ ਫੜਨੀ ਸਨ ਨੇਂ। ਟੇਸ਼ਣ ਨੂੰ ਟੁਰੇ, ਨਾਲ ਢੇਰ ਦੁਨੀਆ ਹੋਨੇਂ। ਥਿਰਕਵਾ ਸਾਹਿਬ ਵੀ ਨਾਲ਼ ਸਨ। ਪਲੇਟ ਫ਼ਾਰਮ ਤੇ ਹਰ ਕੋਈ ਟਿਕਕੇ ਬਹਿ ਗਿਆ ਤੇ ਖ਼ਾਨ ਸਾਹਿਬ ਨੇ ਗਾਣਾ ਸ਼ੁਰੂ ਕਰ ਦਿੱਤਾ। ਤਿੰਨ ਵਜੇ ਤੋਂ ਲੈ ਕੇ ਰੇਲ ਗੱਡੀ ਦੇ ਆਉਣ ਤਾਈਂ ਗਾਣਾ ਹੁੰਦਾ ਰਹਿਆ। ਗਾਣੇ ਦੇ ਅਖ਼ੀਰ ਤਾਈਂ ਕੋਈ ਦੋ ਢਾਈ ਸੌ ਬੰਦਾ ਕੱਠਾ ਹੋ ਗਿਆ ਹੋਇਆ ਸੀ। ਪੈਸੇ ਵਾਲ਼ੀ ਮਹਿਫ਼ਲ ਨਾਲੋਂ ਏਹ ਮਨ ਦੀ ਮੌਜ ਵਾਲ਼ੀ ਮਹਿਫ਼ਲ ਕਿਤੇ ਵਧੇਰੇ ਚੰਗੀ ਸੀ।

ਮੇਰੇ ਨਾਲ਼ ਖੁਲੀ-ਡੁਲ੍ਹੀ ਵਾਹ-ਵਾਰਤਣ ਸਨ ਨੇਂ। ਮਹਿਫ਼ਲਾਂ ਵਿਚ ਉਹਨਾਂ ਦੇ ਫ਼ਿਰਕੋ-ਫ਼ਿਰਕੀ ਗਾਣੇ ਬਾਰੇ ਪੁੱਛਦਿਆਂ ਮੈਨੂੰ ਕੋਈ ਝਾਕਾ ਨਹੀਂ ਸੀ, "ਖ਼ਾਨ ਸਾਹਿਬ ਤੁਹਾਡੀ ਖ਼ਿਆਲ ਗਾਇਕੀ ਵਿਚ ਇਕਸਾਰਤਾ ਨਹੀਂ। ਅਲਾਪ ਤੁਸੀਂ ਬਹੁਤ ਥੋੜਾ ਕਰਦੇ ਓ। ਸਰਗਮ ਕਰਦੇ ਓ ਤੇ ਅਜੇ ਸੁਣਨ ਵਾਲ਼ੇ ਸੰਭਲ਼ੇ ਨਹੀਂ ਹੁੰਦੇ ਤਾਨੀਂ ਕੱਢ ਡੜ੍ਹਦੇ ਓ। ਕੁਝ ਚਿਰ ਪੈਂਦਾ ਏ ਤਾਂ ਫੇਰ ਅਲਾਪ ਕਰਨ ਲੱਗ ਪੈਂਦੇ ਓ। ਏਸੇ ਕਰਕੇ ਬਾਅਜ਼ੇ ਗਵੱਈਏ ਤੁਹਾਡੀ ਗਾਇਕੀ ਨੂੰ ਘਰਾਣਾਬੰਦੀ ਤੋਂ ਬਾਹਰੀ ਆਖਦੇ ਨੇਂ।" ਖ਼ਾਨ ਸਾਹਿਬ ਨੇ ਚੁੱਪ ਕਰਕੇ ਮੇਰੀ ਸਾਰੀ ਗੱਲ ਸੁਣੀ ਫੇਰ ਆਖਿਉ ਨੇਂ, "ਤੁਹਾਡੀ ਗੱਲ ਦਾ ਜਵਾਬ ਮੈਂ ਗਾ ਕੇ ਈ ਦੇ ਸਕਨਾਂ। ਲਉ ਸੁਣੋ ਮੈਂ ਦਰਬਾਰੀ ਗਾਵਣ ਲੱਗਾਂ।" ਉਹਨਾਂ ਪੰਜਤਾਲ਼ੀ ਮਿੰਟ ਦਰਬਾਰੀ ਏਨਾ ਕੁ ਸੋਹਣਾ ਕਰਕੇ ਗੰਵਿਆ ਮਜਾਲ ਏ ਜੇ ਕਿਧਰੇ ਰਵਾਲ ਜਿੰਨਾ ਵੀ ਰੌਲ਼ਾ ਆਇਆ ਹੋਵੇ। ਪਹਿਲੇ ਪੰਜੀ ਮਿੰਟ ਤੇ ਉਹਨਾਂ ਏਡਾ ਬੰਨ੍ਹਕੇ ਅਲਾਪ ਕੀਤਾ ਸੁਣਨ ਵਾਲ਼ੇ ਹੁੰਦੇ ਤਾਂ ਉਹਨਾਂ ਸਮਝਣਾ ਸੀ ਜੀਵੇਂ ਖ਼ਾਨ ਸਾਹਿਬ ਨੂੰ ਤਾਨ ਆਉਂਦੀ ਈ ਨਾ ਹੋਵੇ। ਇਕ-ਇਕ ਸੁਰ ਨੂੰ ਉਹਨਾਂ ਬੜੇ ਸੁਖ ਤੇ ਧਿਆਨ ਨਾਲ਼ ਵਧਾਇਆ ਤੇ ਇਕ ਦੂਜੇ ਨਾਲ਼ ਮੇਲ਼ਿਆ। ਵਿਚ ਇਕ ਵੀ ਹਰਕਤ ਨਾ ਕੀਤਿਓ ਨੇਂ। ਏਸ ਤੋਂ ਬਾਦ ਬੋਲ ਅੰਗ ਵੀ ਏਡਾ ਈ ਸੋਹਣਾ ਸੀ। ਅਖ਼ੀਰ ਤੇ ਉਹਨਾਂ ਵਲ਼ਦਾਰ ਤਾਨਾਂ ਇੰਜ ਆਖੀਆਂ ਜੀਵੇਂ ਮਸ਼ੀਨ ਗੰਨ ਦਾ ਫ਼ਾਇਰ ਖੁਲ੍ਹਾ ਹੋਵੇ। ਮੈਂ ਪੁੱਛਿਆ, "ਤੁਸੀਂ ਏਹ ਸਾਰਾ ਗਾਣਾ ਕਿਉਂ ਨਹੀਂ ਜੇ ਗਾਉਂਦੇ?" ਉਹਨਾਂ ਅੱਗੋਂ ਬੜਾ ਲੰਮਾ ਚੌੜਾ ਵੇਰਵਾ ਕਰਕੇ ਜਵਾਬ ਦਿੱਤਾ।

"ਸਾਰੇ ਸੁਣਨ ਵਾਲ਼ੇ ਤੁਹਾਡੇ ਵਾਕਣ ਪੰਡਤ ਲੋਕ ਤੇ ਨਹੀਂ ਨਾ ਹੁੰਦੇ। ਮੈਂ ਪੰਜਾਬੀ ਆਂ ਤੇ ਲੋਕੀਂ ਮੈਨੂੰ ਪੰਜਾਬੀ ਅੰਗ ਦੀ ਹਰਕਤ ਬਾਜ਼ੀ ਤੇ ਪਲ਼ਟਿਆਂ ਦਾ ਵਜ਼ਰੀ ਗਵੱਈਆ ਸਮਝਦੇ ਨੇਂ। ਮੇਰੀ ਮਸ਼ਹੂਰੀ ਤਾਨਾਂ ਪਾਰੋਂ ਵੀ ਏ। ਏਹ ਜੀਵੇਂ ਮੈਂ ਹੁਣੇ ਅਲਾਪ ਕਰਕੇ ਵਿਖਾਇਆ ਏ ਇੰਜੇ ਈ ਮਹਿਫ਼ਲ ਵਿਚ ਕਰਨਾ ਸ਼ੁਰੂ ਕਰ ਦਿਆਂ ਤਾਂ ਮੇਰੇ ਸੁਣਨ ਵਾਲ਼ੇ ਰੁੱਸ ਜਾਣਗੇ। ਆਪਣੇ ਆਪ ਨੂੰ ਪੁੱਛਣਗੇ, ਅੱਜ ਗ਼ੁਲਾਮ ਅਲੀ ਨੂੰ ਕੇਹੀਆਂ ਬਣੀਆਂ ਨੇ। ਏਹ ਤੇ ਮੋਏ-ਮੁੱਕੇ ਗਵੱਈਆਂ ਵਾਕਣ ਪਿਆ ਗਾਉਂਦਾ ਏ। ਅਸੀਂ ਤੇ ਏਹਦੀਆਂ ਪੰਜਾਬੀ ਹਰਕਤਾਂ ਤੇ ਛੁਹਲ਼ੀਆਂ ਤਾਨਾਂ ਸੁਣਨ ਆਏ ਸਾਂ। ਐਵੇਂ ਅਲਾਪ ਕਰ ਕਰਕੇ ਵੇਲਾ ਪਿਆ ਵੰਜਾਦਾ ਏ ਏਹ ਤਾਂ। ਪਿੜ ਨੂੰ ਮੱਠਿਆਂ ਪੈਂਦਿਆਂ ਵੇਖਕੇ ਮੇਰਾ ਧਿਆਨ ਆਪਣੇ ਗਾਣੇ ਤੋਂ ਹਟ ਜਾਂਦਾ ਏ ਫੇਰ ਉਹ ਜੋ ਕੁਝ ਚਾਹੁੰਦੇ ਨੇਂ ਮੈਂ ਉਹਨਾਂ ਨੂੰ ਦੇਨਾਂ। ਦਿਓਧਰ ਸਾਹਿਬ ਤੁਸੀਂ ਜੋ ਆਂਹਦੇ ਓ, ਸੱਚਏ। ਮੈਨੂੰ ਵੀ ਬਾਅਜ਼ੇ ਵੇਲੇ ਆਪਣੇ ਗਾਣੇ ਤੇ ਹਿਰਖ ਆਉਂਦਾ ਏ। ਏਹ ਸੱਚੀ ਗੱਲ ਜੇ ਪਰ ਮੇਰਾ ਆਪਣੇ ਆਪ ਉੱਤੇ ਵੱਸ ਨਹੀਂ ਚੱਲਦਾ।"

30 ਅਪ੍ਰੈਲ ਤੇ 2 ਮਈ 1950 ਨੂੰ ਖ਼ਾਨ ਸਾਹਿਬ ਕਲਕੱਤਾ ਕਾਨਫ਼ਰੰਸ ਵਿਚ ਦੋ ਵਾਰ ਗੰਵੇਂ। ਦੋਵੇਂ ਵਾਰੀ ਮੈਂ ਵੀ ਉਥੇ ਈ ਸਾਂ। ਪਹਿਲੀ ਵਾਰੀ ਤੇ ਉਹਨਾਂ ਦਰਬਾਰੀ ਤੇ ਬਹਾਰ ਦੂਜੀ ਵਾਰੀ ਤੇ ਮਾਲਕੌਂਸ ਏਨਾ ਕੁ ਸੋਹਣਾ ਗੰਵਿਆ ਮਾੜੀ ਜੇਹੀ ਰੜਕ ਵੀ ਆਪਣੇ ਗਾਣੇ ਵਿਚ ਨਾ ਆਉਣ ਦਿੱਤੀ। ਅਲਾਪ, ਬੋਲ ਅੰਗ ਤੇ ਤਾਨਾਂ ਸਾਰਾ ਕੁਝ ਈ ਕਿਤਾਬਾਂ ਦੇ ਹਿਸਾਬ ਸਿਰ ਸੀ। ਸਰਗਮ ਉਹਨਾਂ ਨੇ ਤਿੰਨਾਂ ਰਾਗਾਂ ਦੇ ਅਖ਼ੀਰ ਤੇ ਕੀਤੀ ਪਰ ਬੜੀ ਗਿਣੀ-ਮਿਣੀ ਤੇ ਜਚਵੀਂ।

ਯਮਨ, ਭੂਪ, ਮਾਲਕੌਂਸ, ਬਿਹਾਗ, ਕੇਦਾਰ, ਕਾਮੋਦ, ਹਮੀਰ, ਛਾਯਾ ਨਟ ਜੇਹੇ ਆਮ ਰਾਗ ਤੇ ਉਹ ਬੜੇ ਚਸ ਨਾਲ਼ ਗਾਉਂਦੇ ਸਨ। ਏਹਨਾਂ ਘਰੋਕੇ ਰਾਗਾਂ ਵਿਚ ਵੀ ਉਹ ਨਿੱਤ ਨਵੀਆਂ ਉਪਜਾਂ ਕਰਦੇ ਰਹਿੰਦੇ। ਸੁਣਨ ਵਾਲ਼ੇ ਅਜੇ ਇਕ ਸ਼ੈ ਦਾ ਸਵਾਦ ਮਾਣਦੇ ਪਏ ਹੁੰਦੇ ਤਾਂ ਉਹ ਕੋਈ ਹੋਰ ਨਵੀਂ ਸ਼ੈ ਕਰ ਵਖਾਂਦੇ। ਆਪ ਉਹ ਆਪਣੇ ਗਾਣੇ ਵਿਚ ਅਜੇਹੇ ਗਵਾਚੇ ਹੁੰਦੇ ਸੁਣਨ ਵਾਲ਼ਿਆਂ ਨੂੰ ਲੱਗਦਾ ਜੀਵੇਂ ਉਹ ਆਪਣੇ ਆਪ ਲਈ ਈ ਗਾਉਂਦੇ ਪਏ ਹੋਵਣ। ਹਰ ਤਾਨ ਸਾਫ਼ ਸੁਥਰੀ ਤੇ ਹਰ ਬੋਲ ਉੱਘੜਵਾਂ ਹੁੰਦਾ। ਜਦੋਂ ਉਹ ਕੋਈ ਚੀਜ਼ ਤਿੰਨ ਤਾਲ ਯਾ ਇਕ ਤਾਲ ਵਿਚ ਗਾਉਂਦੇ ਤਾਂ ਇੰਜ ਲੱਗਦਾ ਜੀਵੇਂ ਤਲਵਾਰ ਬਾਜ਼ੀ ਪਈ ਹੁੰਦੀ ਹੋਵੇ। ਸੁਰ ਦੇ ਸੁਹਣਪ ਦੀ ਪਛਾਣ ਤੇ ਅੱਗੋਂ ਉਹਦੀ ਆਪਣੇ ਗਾਣੇ ਵਿਚ ਵਰਤੋਂ ਉਹਨਾਂ ਤੇ ਮੁੱਕੀ ਹੋਈ ਸੀ। ਉਹ ਕਿਸੇ ਫ਼ਕੀਰ ਯਾ ਚੱਕੀ ਪੀਂਹਦੀ ਕਿਸੇ ਜ਼ਨਾਨੀ ਦੇ ਗਾਣੇ ਵਿਚ ਕੋਈ ਸੋਹਣੀ ਥਾਂ ਵੇਖਦੇ ਤਾਂ ਉਥੇ ਈ ਖਲੋ ਜਾਂਦੇ। ਧਿਆਨ ਨਾਲ਼ ਸੁਣਦੇ ਤੇ ਆਪਣੀ ਥਾਉਂ ਉਦੋਂ ਈ ਹਿੱਲਦੇ ਜਦੋਂ ਉਹ ਚੀਜ਼ ਜ਼ਬਾਨੀ ਚੇਤੇ ਕਰ ਲੈਂਦੇ। ਉਹਨਾਂ ਨੂੰ ਢੇਰ ਸਾਰੇ ਸਿੰਧੀ, ਪੰਜਾਬੀ, ਪੂਰਬੀ ਤੇ ਕਸ਼ਮੀਰੀ ਲੋਕ ਗਾਵਣ ਆਉਂਦੇ ਸਨ। ਏਹ ਗਾਵਣ ਉਹ ਬੜੇ ਰਾਜ਼ੀ ਹੋ ਕੇ ਗਾਉਂਦੇ। ਉਹ ਕਈਂ ਕਈਂ ਘੰਟੇ ਰੇਡੀਉ ਤੋਂ ਈਰਾਨੀ ਅਰਬੀ ਗਾਵਣ ਸੁਣਦੇ ਰਹਿੰਦੇ। ਏਸ ਪਾਰੋਂ ਈ ਉਹਨਾਂ ਦੀਆਂ ਠੁਮਰੀਆਂ ਵਿਚ ਸੁਰ ਦੀ ਬਹੁਤ ਖਿਲਾਰਵੀਂ ਵਰਤੋਂ ਹੁੰਦੀ ਸੀ। ਉਹਨਾਂ ਨੂੰ ਸੈਂਕੜਿਆਂ ਬੱਧੀ ਠੁਮਰੀਆਂ ਚੇਤੇ ਸਨ।

ਬੜੇ-ਬੜੇ ਚੰਗੇ ਗਵੱਈਏ ਠੁਮਰੀ ਤੇ ਨੱਕ ਚਾੜ੍ਹਦੇ ਨੇਂ ਤੇ ਸੌ ਸੌ ਗੱਲਾਂ ਕਰਦੇ ਨੇਂ। ਪਰ ਠੁਮਰੀ ਦਾ ਗਾਉਣ ਜਿੰਨਾ ਸੌਖਾ ਜਾਪਦਾ ਏ ਉਤਨਾ ਸੌਖਾ ਹੈ ਨਹੀਂ। ਖ਼ਿਆਲ ਦਾ ਐਰਾ (ਨੀਂਹ) ਤਾਂ ਬੜਾ ਮਿੱਥਿਆ ਹੋਇਆ ਹੁੰਦਾ ਏ। ਗਵੱਈਏ ਨੇ ਬੱਧੇ-ਠਕੇ ਹਿਸਾਬ ਨਾਲ਼ ਈ ਗਾਣਾ ਹੁੰਦਾ ਏ। ਪਰ ਠੁਮਰੀ ਵਿਚ ਕੁਝ ਵੀ ਪਹਿਲੇ ਤੋਂ ਬੱਧਾ-ਠੁੱਕਾ ਨਹੀਂ ਹੁੰਦਾ। ਏਸ ਕਰਕੇ ਠੁਮਰੀ ਔਖੀ ਪੈਂਦੀ ਏ। ਲਫ਼ਜ਼ਾਂ ਤੇ ਕੈਫ਼ੀਅਤਾਂ ਵਲੋਂ ਵੀ ਹਰ ਠੁਮਰੀ ਦੂਜੀ ਨਾਲੋਂ ਵੱਖਰੀ ਹੁੰਦੀ ਏ। ਗਵੱਈਆ ਦੂਜਿਆਂ ਰਾਗਾਂ ਦੀਆਂ ਸੁਰਾਂ ਵਰਤਕੇ ਇਕ ਵੱਖਰਾ ਐਰਾ ਉਸਾਰਦਾ ਏ ਤੇ ਫੇਰ ਮੁਢਲੇ ਰਾਗ ਤੇ ਪਰਤ ਆਉਂਦਾ ਏ। ਚੰਗਾ ਵਜ਼ਰੀ ਗਵੱਈਆ ਈ ਏਹ ਸਾਰਾ ਕਸਬ ਵਖਾ ਸਕਦਾ ਏ।

ਖ਼ਾਨ ਸਾਹਿਬ ਪੰਜਾਬੀ ਹਰਕਤਾਂ ਨਾਲ਼ ਗਾਣੇ ਨੂੰ ਬੜਾ ਸਵਾਦੀ ਬਣਾ ਦੇਂਦੇ ਸਨ। ਪੰਜਾਬੀ ਹਰਕਤਾਂ ਤੋਂ ਮਤਲਬ ਏ ਨਿੱਕੀਆਂ ਨਿੱਕੀਆਂ ਤਾਨਾਂ। ਬਹੁਤ ਸਾਰੇ ਗਵੱਈਏ ਏਹਨਾਂ ਹਰਕਤਾਂ ਦੀ ਅੰਨ੍ਹੀ ਵਰਤੋਂ ਨਾਲ਼ ਪਿੜ ਨੂੰ ਅਵਾਜ਼ਾਰ ਕਰ ਦੇਂਦੇ ਨੇਂ। ਖ਼ਾਨ ਸਾਹਿਬ ਦਾ ਵਾਧਾ ਸੀ ਬੜੀ ਸੂਝ-ਸਮਝ ਨਾਲ਼ ਹਰਕਤਾਂ ਸਜਾਂਦੇ ਸਨ। ਉਹਨਾਂ ਦੇ ਗਾਣੇ ਦਾ ਸਵਾਦ ਨਹੀਂ ਸੀ ਵਿਗੜਦਾ।

ਖ਼ਾਨ ਸਾਹਿਬ ਦੀ ਠੁਮਰੀ ਤੇ ਖ਼ਾਸ ਕਰ ਪਹਾੜੀ ਠੁਮਰੀ ਗਾਉਣ ਵਿਚ ਬੜੀ ਧੁਮ ਸੀ। ਅਸਲੋਂ ਕੋਈ ਪੱਥਰ ਚਿੱਤ ਬੰਦਾ ਈ ਉਹਨਾਂ ਦੀ ਠੁਮਰੀ ਦੇ ਅਸਰ ਤੋਂ ਇਨਕਾਰੀ ਹੋ ਸਕਦਾ ਸੀ। ਖ਼ਾਨ ਸਾਹਿਬ ਅਸਥਾਈਆਂ ਅੰਤਰਿਆਂ ਦੀ ਚੋਣ ਬੜੇ ਧਿਆਨ ਨਾਲ਼ ਕਰਦੇ, ਇਕ-ਇਕ ਲਫ਼ਜ਼ ਉਘੇੜਕੇ ਆਖਦੇ। ਜੇ ਪਿੜ ਵਿਚੋਂ ਕੋਈ ਅਸਥਾਈ ਅੰਤਰੇ ਦੇ ਮਾਅਨੇ ਪੁੱਛਣਾ ਚਾਂਹਦਾ ਤਾਂ ਉਹ ਵੀ ਬੜੇ ਵੇਰਵੇ ਨਾਲ਼ ਦੱਸਦੇ। ਉਹਨਾਂ ਬਹੁਤ ਸਾਰੇ ਖ਼ਿਆਲਾਂ ਦੇ ਅਸਥਾਈ ਅੰਤਰੇ ਆਪੂੰ ਵੀ, "ਸਭ ਰੰਗ" ਦੇ ਨਾਂ ਤੋਂ ਲਿਖੇ।

ਖ਼ਾਨ ਸਾਹਿਬ ਪੰਜਾਬ ਦੇ ਸ਼ਹਿਰ ਕਸੂਰ ਤੋਂ ਸਨ। ਅਲੀ ਬਖ਼ਸ਼ ਬਾਪ ਤੇ ਕਾਲੇ ਖ਼ਾਂ ਉਹਨਾਂ ਦੇ ਚਾਚੇ ਸਨ। ਏਹ ਦੋਵੇਂ ਅਜੇ ਨਿੱਕੇ-ਨਿੱਕੇ ਈ ਸਨ ਏਹਨਾਂ ਦਾ ਪਿਉ (ਗ਼ੁਲਾਮ ਅਲੀ ਖ਼ਾਂ ਦਾ ਦਾਦਾ) ਗੁਜ਼ਰ ਗਿਆ। ਏਹਨਾਂ ਦੋਵਾਂ ਅਮਰਸਰ (ਅੰਮ੍ਰਿਤਸਰ) ਜਾ ਕੇ ਛੇ ਕੁ ਮਹੀਨੇ ਬੰਨੇ ਖ਼ਾਂ ਤੋਂ ਗਾਣਾ ਸਿੱਖਿਆ। ਬੰਨੇ ਖ਼ਾਂ ਦੇ ਹੈਦਰਾਬਾਦ ਦੱਖਣ ਟੁਰ ਜਾਣ ਮਗਰੋਂ ਏਹਨਾਂ ਦੀ ਰਾਗ ਵਿੱਦਿਆ ਵਿੱਚੇ ਈ ਰਹਿ ਗਈ। ਏਥੋਂ ਏਹਨਾਂ ਦਾ ਮਾਮਾ ਪੀਰ ਬਖ਼ਸ਼ ਏਹਨਾਂ ਨੂੰ ਪਟਿਆਲੇ ਲੈ ਗਿਆ। ਪੀਰ ਬਖ਼ਸ਼ ਨੇ ਏਹਨਾਂ ਨੂੰ ਅਲੀ ਬਖ਼ਸ਼ ਖ਼ਾਂ ਦੇ ਪਿਉ ਮੀਏਂ ਕਾਲੂ ਦਾ ਸ਼ਾਗਿਰਦ ਕਰਾ ਦਿੱਤਾ। (ਏਹ ਅਲੀ ਬਖ਼ਸ਼ ਮਸ਼ਹੂਰ ਗਾਇਕ ਜੋੜੀ ਅਲੀਆ ਫੱਤੂ ਵਾਲ਼ੇ ਨੇਂ, ਫ਼ਤਹਿ ਅਲੀ ਖ਼ਾਂ ਏਸੇ ਅਲੀ ਬਖ਼ਸ਼ ਦੇ ਸ਼ਾਗਿਰਦ ਸਨ) ਸਿੱਖ-ਪੁੱਛਕੇ ਅਲੀ ਬਖ਼ਸ਼, ਕਾਲੇ ਖ਼ਾਂ ਲਹੌਰ ਆ ਗਏ ਤੇ ਏਥੇ ਢੇਰ ਮਿਹਨਤ ਕਰਕੇ ਕਸਬੀ ਗਵੱਈਏ ਬਣ ਗਏ।

ਅਲੀ ਬਖ਼ਸ਼ ਦੇ ਦੋਵਾਂ ਪੁੱਤਰਾ ਵਿਚੋਂ ਗ਼ੁਲਾਮ ਅਲੀ ਵੱਡੇ ਸਨ। ਕਾਲੇ ਖ਼ਾਂ ਦਾ ਉਹਨਾਂ ਨਾਲ ਢੇਰ ਲਾਡ ਪਿਆਰ ਸੀ। ਕਾਲੇ ਖ਼ਾਂ ਸੈਲਾਨੀ ਬੰਦੇ ਸਨ। ਦੂਰ-ਦੂਰ ਦੇ ਇਲਾਕਿਆਂ ਵਿਚ ਫਿਰਦੇ ਰਹਿੰਦੇ ਸਨ। ਇਕ ਵਾਰੀ ਬੰਬੇ ਵਿਚ ਵਾਹਵਾ ਚਿਰ ਰਹੇ। ਉਹਨਾਂ ਦਾ ਕੁਝ ਵੇਲਾ ਪੂਨੇ ਵੀ ਗੁਜ਼ਰਿਆ। ਗ਼ੁਲਾਮ ਅਲੀ ਖ਼ਾਂ ਉਦੋਂ ਪੰਜਾਂ ਵਰ੍ਹਿਆਂ ਦੇ ਸਨ। ਖ਼ਾਨ ਸਾਹਿਬ ਕਾਲੇ ਖ਼ਾਂ ਉਹਨਾਂ ਨੂੰ ਵੀ ਨਾਲ਼ ਲੈ ਗਏ ਹੋਏ ਸਨ। ਤੇ ਸਾਰੇ ਫੇਰੇ ਟੋਰੇ ਵਿਚ ਗਾਣਾ ਸਿਖਾਉਂਦੇ ਰਹੇ। ਫੇਰ ਗ਼ੁਲਾਮ ਅਲੀ ਖ਼ਾਂ ਲਹੌਰ ਮੁੜ ਆਏ।

ਗ਼ੁਲਾਮ ਅਲੀ ਖ਼ਾਂ ਵੀਹਾਂ ਵਰ੍ਹਿਆਂ ਦੇ ਸਨ ਉਹਨਾਂ ਦੇ ਬਾਪ ਅਲੀ ਬਖ਼ਸ਼ ਖ਼ਾਂ ਨਾ ਦੂਜਾ ਵਿਆਹ ਕਰ ਲਿਆ। ਮਤਰੇਈ ਮਾਂ ਪਹਿਲੇ ਦਿਨ ਤੋਂ ਉਹਨਾਂ ਨਾਲ਼ ਭੈੜਾ ਵਰਤਣ ਲੱਗ ਪਈ। ਮਾਂ ਨੇ ਘਰ ਦਾ ਸਾਰਾ ਭਾਰ ਉਹਨਾਂ ਉੱਤੇ ਈ ਪਾ ਦਿੱਤਾ। ਮਾਈ ਹੋਰੀਂ ਆਖਦੇ, ਮੈਨੂੰ ਨਹੀਂ ਪਤਾ ਭਾਵੇਂ ਸਾਰੰਗੀ ਵਜਾ ਤੇ ਭਾਵੇਂ ਕੁਝ ਕਰ ਨਿੱਕੇ ਭਰਾ ਬਰਕਤ ਅਲੀ ਖ਼ਾਂ ਨੂੰ ਤੇ ਮੈਨੂੰ ਹੁਣ ਤੂੰ ਈ ਸਾਂਭਣਾ ਵੇਖਣਾ ਏ। ਗ਼ੁਲਾਮ ਅਲੀ ਸਾਰੰਗੀਏ ਬਣ ਗਏ ਤੇ ਬੰਬੇ ਆ ਗਏ। ਏਥੇ ਖ਼ਾਨ ਸਾਹਿਬ ਸਾਰੰਗੀ ਵਜਾਂਦੇ ਰਹੇ ਪਰ ਉਹਨਾਂ ਆਪਣੇ ਗਾਣੇ ਦਾ ਰਿਆਜ਼ ਨਾ ਛੱਡਿਆ। ਏਸ ਜ਼ਮਾਨੇ ਵਿਚ ਈ ਉਹਨਾਂ ਬਾਬੇ ਸੰਦੇ ਖ਼ਾਂ ਤੋਂ ਵੀ ਸਿੱਖਿਆ। ਮਗਰੋਂ ਉਹਨਾਂ ਦੀ ਆਪਣੇ ਬਾਪ ਨਾਲ਼ ਸੁਰ ਹੋ ਗਈ ਤੇ ਲਹੌਰ ਪਰਤ ਗਏ। ਅਲੀ ਬਖ਼ਸ਼ ਵਾਹਵਾ ਚਿਰ ਜੰਮੂ ਰਹੇ। ਏਸ ਕਰਕੇ ਖ਼ਾਨ ਸਾਹਿਬ ਜੰਮੂ ਤੇ ਕਸ਼ਮੀਰ ਦੇ ਵੀ ਜਾਣੂ ਹੋ ਗਏ ਹੋਏ ਸਨ। ਚੋਖਾ ਚਿਰ ਉਹਨਾਂ ਸਿੰਧ ਵਿਚ ਵੀ ਗੁਜ਼ਾਰਿਆ। ਮਹਿਫ਼ਲੀ ਗਵੱਈਏ ਪਾਰੋਂ ਗ਼ੁਲਾਮ ਅਲੀ ਦੀ ਧੁਮ ਪਹਿਲਾਂ-ਪਹਿਲਾਂ ਪੰਜਾਬ ਦੀ ਹੱਦ ਤਾਈਂ ਈ ਸੀ। ਪੂਰੇ ਮੁਲਕ ਵਿਚ ਖ਼ਾਨ ਸਾਹਿਬ ਦਾ ਨਾਂ ਉਦੋਂ ਵੱਜਿਆ ਜਦੋਂ ਉਹਨਾਂ ਕਲਕੱਤੇ ਮਿਊਜ਼ਕ ਕਾਨਫ਼ਰੰਸ ਵਿਚ ਗੰਵਿਆ। ਉਹਨਾਂ ਨੂੰ ਗਾਉਣ ਲਈ ਸਾਰੇ ਮੁਲਕ ਵਿੱਚੋਂ ਸੱਦੇ ਆਵਣ ਲੱਗ ਪਏ। ਬੰਬੇ ਉਹ ਪਹਿਲੀ ਵਾਰੀ 1945 ਈ ਵਿਚ ਗੰਵੇਂ। ਫ਼ਰਬਰੀ, 1946 ਈ. ਤਾਈਂ ਉਹ ਬੰਬੇ ਰਹੇ। ਵਿਚ-ਵਿਚ ਉਹ ਸੂਰਤ ਅਹਿਮਦਬਾਦ, ਕੋਹਲਾਪੁਰ, ਬੇਲਗਾਮ ਜੇਹੀਆਂ ਥਾਵਾਂ ਤੇ ਵੀ ਗਾਉਣ ਜਾਂਦੇ ਰਹੇ। ਬੰਬੇ ਉਹਨਾਂ ਬੜਾ ਗੰਵਿਆ। ਬੰਬੇ ਰੇਡੀਉ ਦੇ ਉਹ ਪੱਕੇ ਗਵੱਈਏ ਸਨ। ਉਹਨਾਂ ਦੀ ਗੁਣ ਚਰਚਾ ਸਾਰੇ ਮਹਾਰਾਸ਼ਟਰ ਵਿਚ ਹੋ ਗਈ।

ਖ਼ਾਨ ਸਾਹਿਬ ਬੜੇ ਹਸ-ਮੁਖ ਤੇ ਰੱਬ ਤੋਂ ਡਰਨ ਵਾਲ਼ੇ ਜੀ ਸਨ। ਕੋਈ ਮਾੜਾ-ਹੀਣਾ ਬੰਦਾ ਵੇਖਦੇ ਤਾਂ ਦੁਖੀ ਹੋ ਜਾਂਦੇ। ਰੋਜ਼ ਸੈਲ ਕਰਨ ਚੌਪਾਟੀ ਜਾਂਦਿਆਂ ਮੰਗਣ ਵਾਲ਼ਿਆਂ ਨੂੰ ਪੈਸੇ ਵੰਡਦੇ। ਉਹਨਾਂ ਦੀ ਆਦਤ ਸੀ ਬੋਝੇ ਵਿਚ ਹੱਥ ਪਾਉਂਦੇ ਤੇ ਜੋ ਹੱਥ ਆਉਂਦਾ ਸਵਾਲੀ ਨੂੰ ਦੇ ਦੇਂਦੇ। ਕਦੀਂ ਨਾ ਵੇਖਦੇ ਕਿੰਨੇ ਪੈਸੇ ਨੇ ਤੇ ਕਿੰਨੇ ਨਹੀਂ।

ਖ਼ਾਨ ਸਾਹਿਬ ਸਿੱਧਰੇ ਤੇ ਭੋਲ਼ੇ ਬੰਦੇ ਸਨ। ਝੂਠ ਯਾ ਧੋਖੇਬਾਜ਼ੀ ਛੁਹ ਕੇ ਨਹੀਂ ਸਨ ਨੇਂ ਲੰਘੀ ਹੋਈ। ਮੈਨੂੰ ਉਹਨਾਂ ਦੇ ਸਾਰੰਗੀਏ ਹੋਵਣ ਦਾ ਨਹੀਂ ਸੀ ਪਤਾ। ਇਕ ਦਿਨ ਸਾਡੇ ਸਕੂਲ ਵਿਚ ਸਾਰੰਗੀ ਪਈ ਵੇਖਿਉ ਨੇਂ ਤਾਂ ਝਟ ਵਜਾਉਣ ਲੱਗ ਪਏ ਤੇ ਸਾਰੰਗੀ ਨਾਲ਼ ਜੁੜੀ ਆਪਣੀ ਜੀਵਨ ਕਥਾ ਵੀ ਫੈਲ ਧਰਿਓ ਨੇਂ। ਉਹ ਨਿਸ਼ੰਗ ਹੋ ਕੇ ਆਪਣੇ ਥੁੜੋਂ ਵਾਲ਼ੇ ਵੇਲੇ ਦੀਆਂ ਗੱਲਾਂ ਦੱਸਦੇ ਰਹੇ।

ਅਸੀਂ ਚੌਪਾਟੀ ਦੀ ਰੇਤ ਉੱਤੇ ਬੈਠੇ ਹੁੰਦੇ ਤਾਂ ਸਾਡੇ ਆਲ਼-ਦਵਾਲ਼ੇ ਗਾਣੇ ਦੇ ਸ਼ੁਕੀਨਾਂ ਦਾ ਮਜਮਾ ਜੇਹਾ ਲੱਗ ਜਾਂਦਾ। ਇਕ ਦਿਨ ਖ਼ਾਨ ਸਾਹਿਬ ਉਥੇ ਬੈਠਿਆਂ ਈ ਗਾਉਣ ਲੱਗ ਪਏ ਤਾਂ ਵੇਖਦਿਆਂ-ਵੇਖਦਿਆਂ ਤਰੀਹ ਚਾਲ੍ਹੀ ਬੰਦੇ ਆਣ ਜੁੜੇ। ਏਨੇ ਵਿਚ ਖ਼ਾਨ ਸਾਹਿਬ ਨੇ ਇਕ ਪਾਨ ਵੇਚਣ ਵਾਲ਼ੇ ਨੂੰ ਵੇਖਿਆ। ਉਹ ਆਪਣਾ ਛਾਬਾ ਛੱਡਕੇ ਉਹਨਾਂ ਨੂੰ ਸੁਣਨ ਮਜਮੇ ਵਿਚ ਆ ਬੈਠਾ ਸੀ। ਖ਼ਾਨ ਸਾਹਿਬ ਕਹਿਣ ਲੱਗੇ, "ਏਹ ਜੇ ਗਾਣੇ ਦਾ ਜਾਦੂ, ਕਿਸੇ ਸ਼ੈ ਦਾ ਵੀ ਚੇਤਾ ਨਹੀਂ ਰਹਿ ਜਾਂਦਾ ਬੰਦੇ ਨੂੰ। ਏਸ ਪਾਨਾਂ ਵਾਲ਼ੇ ਨੂੰ ਆਪਣੀ ਦੇਹਾੜੀ ਵੀ ਭੁੱਲ ਗਈ ਏ। ਗਾਣਾ ਸੁਣਕੇ ਸਾਰਿਆ ਲੋਕਾਂ ਖਿੰਡ-ਪੁੰਡ ਜਾਣਾ ਏ ਤੇ ਏਹਦੇ ਕੋਲ ਸ਼ਾਮ ਦੀ ਰੋਟੀ ਜੋਗੀ ਆਮਦਨ ਵੀ ਨਹੀਂ ਹੋਣੀ।" ਖ਼ਾਨ ਸਾਹਿਬ ਨੇ ਪਾਨਾਂ ਵਾਲ਼ੇ ਨੂੰ ਸੱਦਕੇ ਸਾਰੇ ਲੋਕਾਂ ਨੂੰ ਇਕ-ਇਕ ਪਾਨ ਖਵਾਵਣ ਦਾ ਆਖਿਆ ਤੇ ਉਹਨਾਂ ਪਾਨਾਂ ਦੇ ਪੈਸੇ ਆਪਣੇ ਪੱਲਿਉਂ ਦਿੱਤੇ।

ਖ਼ਾਨ ਸਾਹਿਬ ਬੜੇ ਸੁਝਦੀ ਵਾਲ਼ੇ ਸਨ। 1945 ਈ. ਵਿਚ ਕੋਹਲਾਪੁਰ ਗਾਉਣ ਗਏ। ਮੈਂ ਵੀ ਨਾਲ਼ ਸਾਂ। ਸਾਡਾ ਡੇਰਾ ਦੇਵਲ ਕਲੱਬ ਸੀ। ਸਵੇਰ ਵੇਲੇ ਅਸਲੋਂ ਈ ਨਿੱਕੇ-ਨਿੱਕੇ ਕੱਪਾਂ ਵਿਚ ਚਾਹ ਆਈ। ਖ਼ਾਨ ਸਾਹਿਬ ਕੱਪ ਵੇਖਕੇ ਹੱਸ ਪਏ। ਮੈਨੂੰ ਆਖਣ ਲੱਗੇ, "ਏਨੀ ਚਾਹ ਨਾਲ਼ ਮੇਰੇ ਵਰਗੇ ਬੰਦੇ ਦਾ ਕੀ ਬਣਨਾ ਏ। ਏਹ ਸਾਰੀ ਚਾਹ ਤੇ ਅਸਲੋਂ ਮੇਰੀ ਇਕ ਸੁਰਕੀ ਦੀ ਮਾਰ ਏ।" ਅੰਦਰੋਂ ਚਾਹ ਦਾ ਪੂਰਾ ਦੇਗਚਾ ਮੰਗਵਾ ਲਿਉ ਨੇਂ। ਏਹ ਚਾਹ ਉਹਨਾਂ ਆਪ ਵੀ ਰੱਜਕੇ ਪੀਤੀ ਤੇ ਹੋਰਨਾਂ ਸਾਰੇ ਲੋਕਾਂ ਨੂੰ ਵੀ ਪਿਆਇਓ ਨੇਂ। ਮੁੜ ਬਾਜ਼ਾਰੋਂ ਕੁਝ ਬੁਨੈਣਾਂ ਲੈਣ ਦੀ ਸਲਾਹ ਬਣ ਗਈ। ਸਾਰੀਆਂ ਦੁਕਾਨਾਂ ਫਿਰ ਮਾਰੀਆਂ ਪਰ ਕਿਧਰੋਂ ਵੀ ਕੋਈ ਬੁਨੈਣ ਪੂਰੀ ਨਾ ਆਈ। ਆਖ਼ੀਰ ਇਕ ਦੁਕਾਨਦਾਰ ਨੂੰ ਆਖਣ ਲੱਗੇ, "ਬੜਾ ਸ਼ਹਿਰ ਲਈ ਫਿਰਦੇ ਓ, ਮੇਰੇ ਮੇਚੇ ਦੀ ਬੁਨੈਣ ਵੀ ਹੈ ਜੇ?" ਖ਼ਾਨ ਸਾਹਿਬ ਖ਼ਰਚ ਦੇ ਬਹੁਤ ਖੁਲ੍ਹੇ ਸਨ। ਕੋਲ਼ ਹੁੰਦਾ ਤੇ ਬੇਦਰੇਗ਼ ਲਾਈ ਆਉਂਦੇ ਕੁਝ ਲੋਕੀਂ ਉਹਨਾਂ ਦੀ ਸ਼ਾਹ ਖਰਚੀ ਨੂੰ ਵਰਤਦੇ ਪਰ ਖ਼ਾਨ ਸਾਹਿਬ ਪ੍ਰਵਾਹ ਨਾ ਕਰਦੇ ਏਨਾ ਈ ਆਖ ਛੱਡਦੇ, "ਜੋ ਨਸੀਬਾਂ ਵਿੱਚ ਨੇਂ ਲੈ ਜਾਂਦੇ ਨੇਂ।"

ਖ਼ਾਨ ਸਾਹਿਬ ਦੇ ਖ਼ਾਣ-ਪੀਣ ਦੀ ਢੇਰ ਮਸ਼ਹੂਰੀ ਸੀ। ਵਧੀਆ ਰੋਗ਼ਨੀ (ਉਹ ਚੀਜ਼ ਜਿਸ ਵਿੱਚ ਘਿਉ ਤੇਲ ਆਦਿ ਦੀ ਥੰਦਿਆਈ ਹੋਵੇ) ਖ਼ੁਰਾਕ ਨਾਲ਼ ਉਹਨਾਂ ਨੂੰ ਪਿਆਰ ਸੀ। ਭੁੱਖ ਨਾਲ਼ ਕਾਹਲ਼ੇ ਪੈ ਜਾਂਦੇ ਪਰ ਖਿਊਕ (ਵਾਧੂ ਖਾਣ ਵਾਲੇ, ਚਾਰੂ) ਨਹੀਂ ਸਨ। ਏਸ ਬਾਰੇ ਜਿੰਨੀਆਂ ਵੀ ਗੱਲਾਂ ਨੇਂ ਐਵੇਂ ਲੋਕਾਂ ਦੀਆਂ ਧੁਮਾਈਆਂ ਹੋਈਆਂ ਈ ਨੇਂ। ਏਹ ਚਾਰ ਚੂਚਿਆਂ ਤੇ ਪੰਜਾਹ ਰੋਟੀਆਂ ਵਾਲ਼ੀ ਗੱਲ ਤੇ ਅਸਲੋਂ ਈ ਝੂਠੀ ਏ। ਉਹਨਾਂ ਦੇ ਨਾਲ਼ ਵੇਹਲੇ ਡਟਿਆਂ (ਵੇਹਲੜਾਂ) ਦੀ ਇਕ ਫ਼ੌਜ ਹੁੰਦੀ ਸੀ ਜੇਹੜੀ ਉਹਨਾਂ ਦੇ ਖ਼ਰਚੇ ਉੱਤੇ ਰੋਟੀਆਂ ਤੋੜਦੀ ਸੀ ਤੇ ਹੱਥੋਂ ਉਹਨਾਂ ਦੇ ਖਿਊਕ ਹੋਵਣ ਦੀਆਂ ਗੱਲਾਂ ਉਡਾਈ ਰੱਖਦੀ ਸੀ।

ਖ਼ਾਨ ਸਾਹਿਬ ਪਾਕਿਸਤਾਨ ਦੇ ਵਾਸੀ ਸਨ। ਵੀਜ਼ੇ ਤੇ ਆਏ ਸਨ ਤੇ ਵੀਜ਼ਾ ਮੁੱਕਣ ਤੇ ਪਰਤਣਾ ਪੈਣਾ ਸਨ ਨੇਂ। ਹਿੰਦੋਸਤਾਨ ਵਿਚ ਢੇਰਾਂ ਦੁਨੀਆ ਉਹਨਾਂ ਦੀ ਆਸ਼ਕ ਸੀ। ਹਰ ਪਾਸਿਉਂ ਉਹਨਾਂ ਲਈ ਗਾਵਣ ਦੇ ਸੱਦੇ ਸਨ। ਏਹ ਵੇਖਕੇ ਉਹਨਾਂ ਹਿੰਦੋਸਤਾਨ ਈ ਰਹਿ ਜਾਣਾ ਚਾਹਿਆ ਪਰ ਏਹ ਕੋਈ ਸੌਖਾ ਕੰਮ ਨਹੀਂ ਸੀ। ਜੇਹੜੇ ਹਿੰਦੋਸਤਾਨੋਂ ਮਹਾਜਰ (ਸ਼ਰਨਾਰਥੀ, ਪਨਾਹਗੀਰ) ਹੋ ਕੇ ਪਾਕਿਸਤਾਨ ਗਏ ਸਨ ਉਹਨਾਂ ਲਈ ਮੁੜ ਆ ਕੇ ਵਸਣਾ ਤੇ ਸੌਖਾ ਸੀ ਪਰ ਜੇਹੜਾ ਬੰਦਾ ਰਹਿਣ ਵਾਲ਼ਾ ਈ ਪਾਕਿਸਤਾਨ ਦਾ ਸੀ ਉਹ ਹਿੰਦੋਸਤਾਨ ਦਾ ਵਾਸੀ ਕਿਵੇਂ ਹੋ ਸਕਦਾ ਸੀ।

ਇਕ ਵਾਰੀ ਖ਼ਾਨ ਸਾਹਿਬ ਬੰਬੇ ਦੇ ਵੱਡੇ ਵਜ਼ੀਰ ਮੁਰਾਰਜੀ ਡੇਸਾਈ ਦੇ ਘਰ ਗੰਵੇਂ। ਡੇਸਾਈ ਉਹਨਾਂ ਦੇ ਗਾਣੇ ਤੋਂ ਬੜੇ ਰਾਜ਼ੀ ਹੋਏ। ਖ਼ਾਨ ਸਾਹਿਬ ਨੇ ਉਹਨਾਂ ਨੂੰ ਆਖਿਆ, "ਮੈਨੂੰ ਹਿੰਦੋਸਤਾਨ ਬੜਾ ਚੰਗਾ ਲੱਗਦਾ ਏ। ਮੈਨੂੰ ਏਨੀ ਦੁਨੀਆ ਸੁਣਨ ਵਾਲੀ ਏ। ਮੇਰਾ ਦਿਲ ਕਰਦਾ ਏ ਏਥੇ ਈ ਰਹਿ ਪਵਾਂ। ਪਰ ਮੈਂ ਤੇ ਵੀਜ਼ੇ ਤੇ ਆਇਆ ਹੋਇਆਂ। ਵੀਜ਼ੇ ਦਾ ਵੇਲਾ ਪੂਰਾ ਹੋ ਗਿਆ ਤਾਂ ਮੈਨੂੰ ਪਿਛਾਂਹ ਜਾਣਾ ਪੈਣਾ ਏ।" ਡੇਸਾਈ ਪੁੱਛਣ ਲੱਗੇ, "ਏਹ ਦੱਸੋ ਤੁਸੀਂ ਸੱਚੀਂ-ਮੁੱਚੀਂ ਹਿੰਦੋਸਤਾਨ ਵਸਣਾ ਚਾਹੁੰਦੇ ਓ।" ਖ਼ਾਨ ਸਾਹਿਬ ਨੇ ਆਖਿਆ, "ਆਹੋ।" ਮੁਰਾਰਜੀ ਡੇਸਾਈ ਨੇ ਉਹਨਾਂ ਤੋਂ ਉਸੇ ਵੇਲੇ ਅਰਜ਼ੀ ਲਈ ਤੇ ਆਪਣੇ ਦਰਖ਼ਤਾਂ ਨਾਲ਼ ਉੱਤੇ ਦਿੱਲੀ ਘੱਲ ਦਿੱਤੀ। ਇੰਜ ਖ਼ਾਨ ਸਾਹਿਬ ਨੂੰ 1957 ਈ. ਵਿਚ ਹਿੰਦੋਸਤਾਨ ਦਾ ਵਸੇਬਾ ਮਿਲ਼ ਗਿਆ। ਜਨਵਰੀ, 1961 ਈ.

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ